PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

11th - 18th December 2025 • Issue No. 3110

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# 'ਸੇਵਿੰਗ ਪੰਜਾਬ' ਦੇ ਡਾਇਰੈਕਟਰ ਗੁਰਪ੍ਰੀਤ ਸਿੰਘ 'ਤੇ ਯੂ ਕੇ ਸਰਕਾਰ ਦੁਆਰਾ ਲਗਾਈਆਂ ਪਾਬੰਦੀਆਂ ਦੀ ਦੁਨੀਆ ਭਰ ਦੀਆਂ 200 ਤੋਂ ਵੱਧ ਸਿੱਖ ਜਥੇਬੰਦੀਆਂ ਵੱਲੋਂ ਨਿੰਦਾ ਅਤੇ ਸਿੱਖਾਂ ਦੇ ਅੰਤਰਰਾਸ਼ਟਰੀ ਦਮਨ 'ਤੇ ਜਤਾਈ ਗੰਭੀਰ ਚਿੰਤਾ



















ਉਪਰ ਤਸਵੀਰਾਂ 'ਚ ਨੌਜਵਾਨ ਗੁਰਪ੍ਰੀਤ ਸਿੰਘ ਕੌਮਾਂਤਰੀ ਪੱਧਰ ਦੇ ਵੱਖ-ਵੱਖ ਅਦਾਰਿਆਂ ਵਿਖੇ ਪੰਜਾਬ ਦੇ ਪਾਣੀਆਂ, ਡਰੱਗਜ਼ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਬਾਰੇ ਗੱਲਬਾਤ ਕਰਦੇ ਹੋਏ

ਦੁਨੀਆ ਭਰ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਯੂਕੇ ਦੇ ਖਜ਼ਾਨਾ ਵਿਭਾਗ ਦੁਆਰਾ ਗੁਰਪ੍ਰੀਤ ਸਿੰਘ ਖਿਲਾਫ ਕੀਤੀ ਗਈ ਮਨਮਰਜ਼ੀ ਵਾਲੀ ਕਾਰਵਾਈ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ । ਗੁਰਪ੍ਰੀਤ ਸਿੰਘ ਇੱਕ ਸਤਿਕਾਰਯੋਗ ਸਿੱਖ ਕਾਰਕੁੰਨ ਅਤੇ ਖੋਜਕਰਤਾ ਹਨ, ਜੋ 'ਸੇਵਿੰਗ ਪੰਜਾਬ' ਸੰਸਥਾ ਦੇ ਬਾਨੀ ਹਨ। ਇਹ ਯੂ ਕੇ-ਅਧਾਰਤ ਸੰਸਥਾ ਪੰਜਾਬ ਦੇ ਵਾਤਾਵਰਣ, ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਅਤੇ ਅੰਕੜਿਆਂ 'ਤੇ ਆਧਾਰਿਤ ਕੰਮ ਕਰਦੀ ਹੈ। ਇਹ ਕਾਰਵਾਈ ਨਾ ਸਿਰਫ ਮਨਮਾਨੀ ਹੈ, ਸਗੋਂ ਇਸ ਵਿੱਚ ਕਿਸੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਵੀ ਨਹੀਂ ਕੀਤੀ ਗਈ। ਅਜਿਹਾ ਲੱਗਦਾ ਹੈ ਕਿ ਇਹ ਕਦਮ ਭਾਰਤ ਨਾਲ ਵਪਾਰਕ ਸਮਝੌਤੇ ਦੇ ਪਿਛੋਕੜ ਵਿੱਚ ਚੁੱਕਿਆ ਗਿਆ ਹੈ, ਜਿਸ ਵਿੱਚ ਮਨੁੱਖੀ ਅਧਿਕਾਰਾਂ ਨਾਲ ਸਮਝੌਤਾ ਕੀਤਾ ਗਿਆ ਹੈ।

ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਖਜ਼ਾਨਾ ਵਿਭਾਗ ਨੇ ਬਿਨਾਂ ਕਿਸੇ ਸਬੂਤ ਦੇ ਗੁਰਪ੍ਰੀਤ ਸਿੰਘ 'ਤੇ ਦੋਸ਼ ਲਗਾਏ ਹਨ। ਬਹੁਤ ਸਾਰਿਆਂ ਨੂੰ ਇਹ ਜਾਪਦਾ ਹੈ ਕਿ ਯੂਕੇ ਦੇ ਅਧਿਕਾਰੀਆਂ ਨੇ ਭਾਰਤ ਨਾਲ ਮਿਲ ਕੇ, ਭਾਰਤ ਅੰਦਰ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੀਤੀ ਜਾ ਰਹੀ ਖੋਜ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਪਾਬੰਦੀਆਂ ਸ਼ਾਇਦ ਵਿਦੇਸ਼ੀ ਏਜੰਸੀਆਂ ਦੁਆਰਾ ਦਿੱਤੀ ਗਈ ਬਿਨਾਂ ਜਾਂਚੀ ਖੁਫੀਆ ਜਾਣਕਾਰੀ 'ਤੇ ਅਧਾਰਤ ਹਨ, ਜੋ ਗੁਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਕੰਮ ਨੂੰ ਚੁੱਪ ਕਰਵਾਉਣਾ ਚਾਹੁੰਦੇ ਹਨ। ਕਿਸੇ ਨਿਰਪੱਖ ਅਦਾਲਤੀ ਜਾਂਚ ਦੀ ਅਣਹੋਂਦ ਇਹ ਪ੍ਰਭਾਵ ਦਿੰਦੀ ਹੈ ਕਿ ਇੱਥੇ ਨਸਲੀ ਵਿਤਕਰਾ ਹੋ ਰਿਹਾ ਹੈ, ਜਿੱਥੇ ਸਿਆਸੀ ਏਜੰਡੇ ਨੂੰ ਇੱਕ ਘੱਟ ਗਿਣਤੀ ਭਾਈਚਾਰੇ ਦੇ ਨਾਗਰਿਕ ਹੱਕਾਂ ਤੋਂ ਉੱਪਰ ਰੱਖਿਆ ਗਿਆ ਹੈ।

ਬਾਕੀ ਪੰਨਾ 2 'ਤੇ

# ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੀ ਪੁਸਤਕ "ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ" ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਆਕਲ ਤਖ਼ਤ ਸਾਹਿਬ ਵਿਖੇ ਸੰਗਤ ਅਰਪਨ ਕੀਤੀ ਗਈ



# ਪੰਜਾਬ ਅਤੇ ਸਿੱਖਾਂ ਦੇ ਹੱਕਾਂ ਲਈ ਕੌਮਾਂਤਰੀ ਪੱਧਰ 'ਤੇ ਅਵਾਜ਼ ਬੁਲੰਦ ਕਰਨ ਕਰਕੇ ਗੁਰਪ੍ਰੀਤ ਸਿੰਘ ਉੱਤੇ ਯੂ ਕੇ ਸਰਕਾਰ ਨੇ ਲਾਈਆਂ ਪਾਬੰਦੀਆਂ ਅਤੇ ਜਾਇਦਾਦ ਜ਼ਬਤ

## ਗੁਰਪ੍ਰੀਤ ਸਿੰਘ ਦੇ ਖਿਲਾਫ ਚੁੱਕੇ ਇਹਨਾਂ ਸਖਤ ਕਦਮਾਂ ਬਾਰੇ ਯੂ ਕੇ ਸਰਕਾਰ ਅਦਾਲਤ ਵਿੱਚ ਸਬੂਤ ਪੇਸ਼ ਕਰੇ
















ਗੁਰਪ੍ਰੀਤ ਸਿੰਘ ਪੰਜਾਬ ਦੇ ਪਾਣੀਆਂ, ਨਸ਼ਿਆਂ ਦੁਆਰਾ ਪੰਜਾਬੀ ਨੌਜਵਾਨਾਂ ਦੇ ਕੀਤੇ ਜਾ ਰਹੇ ਘਾਣ ਅਤੇ ਮਨੁੱਖੀ ਹੱਕਾਂ ਬਾਰੇ ਡੂੰਘੀ ਖੋਜ ਕਰਕੇ ਕੌਮਾਂਤਰੀ ਪੱਧਰ 'ਤੇ ਦੁਨੀਆ ਸਾਹਮਣੇ ਲਿਆਉਂਦਾ ਹੈ

*ਮੁੱਖ ਪੰਨੇ ਦਾ ਬਾਕੀ ਹਿੱਸਾ*

ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਯੂਕੇ ਸਰਕਾਰ ਆਪਣੇ ਹੀ ਨਾਗਰਿਕਾਂ ਨੂੰ ਦਬਾਉਣ ਲਈ ਕਿਸੇ ਵਿਦੇਸ਼ੀ ਤਾਕਤ ਦੀ ਮੁਹਿੰਮ ਵਿੱਚ ਸਾਥ ਦੇ ਰਹੀ ਹੈ। ਇਹ ਸਾਰੀ ਕਾਰਵਾਈ ਭਾਰਤੀ ਹਕੂਮਤ ਨੂੰ ਖ਼ੁਸ਼ ਕਰਨ ਲਈ ਕੀਤੀ ਗਈ ਜਾਪਦੀ ਹੈ, ਜੋ ਅਕਸਰ ਆਪਣੇ ਵਿਰੋਧੀਆਂ ਅਤੇ ਹੱਕਾਂ ਲਈ ਲੜਨ ਵਾਲਿਆਂ ਨੂੰ 'ਅੱਤਵਾਦੀ' ਕਹਿ ਕੇ ਬਦਨਾਮ ਕਰਦੀ ਹੈ। ਭਾਵੇਂ ਉਹ ਪੰਜਾਬ ਵਿੱਚ ਮਨੁਖੀ ਅਧਿਕਾਰਾਂ ਦੀ ਗੱਲ ਕਰਨ, ਪੰਜਾਬ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਦੀ ਮੰਗ ਕਰਨ ਜਾਂ ਵੱਖਰੇ ਸਿੱਖ ਰਾਜ 'ਖਾਲਿਸਤਾਨ' ਦੀ ਵਕਾਲਤ ਕਰਨ।

ਗੁਰਪ੍ਰੀਤ ਸਿੰਘ ਨੇ ਸੰਯੁਕਤ ਰਾਸ਼ਟਰ ਦੀਆਂ ਕਾਨਫਰੰਸਾਂ ਵਿੱਚ ਪੰਜਾਬ ਦੇ ਪਾਣੀ ਦੀ ਸੁਰੱਖਿਆ, ਭਾਈਚਾਰਕ ਭਲਾਈ ਅਤੇ ਸਿੱਖ ਨਸਲਕੁਸ਼ੀ ਬਾਰੇ ਖੋਜ ਪੇਸ਼ ਕੀਤੀ ਹੈ। ਉਨ੍ਹਾਂ ਨੂੰ ਆਪਣੀ ਸਰਗਰਮੀ ਅਤੇ ਖੋਜ ਲਈ ਕਈ ਪੁਰਸਕਾਰ ਮਿਲ ਚੁੱਕੇ ਹਨ, ਜੋ ਸਾਬਤ ਕਰਦੇ ਹਨ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਦੇ ਖੇਤਰ ਵਿੱਚ ਇੱਕ ਸਤਿਕਾਰਯੋਗ ਆਵਾਜ਼ ਹਨ। ਉਨ੍ਹਾਂ ਦੀ ਸੇਵਾ ਸਿੱਖ ਪਰੰਪਰਾ ਦੇ ਉੱਚੇ ਆਦਰਸ਼ਾਂ ਤੋਂ ਪ੍ਰੇਰਿਤ ਹੈ ਅਤੇ ਉਹ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਨਕਸ਼ੇ ਕਦਮਾਂ 'ਤੇ ਚੱਲ ਰਹੇ ਹਨ, ਜਿਨ੍ਹਾਂ ਨੂੰ ਲਾਵਾਰਿਸ ਲਾਸ਼ਾਂ ਦਾ ਸੱਚ ਸਾਹਮਣੇ ਲਿਆਉਣ ਕਰਕੇ ਮਾਰ ਦਿੱਤਾ ਗਿਆ ਸੀ। ਗੁਰਪ੍ਰੀਤ ਸਿੰਘ ਦੁਨੀਆ ਭਰ (ਯੂਰਪ, ਕੈਨੇਡਾ, ਆਸਟ੍ਰੇਲੀਆ, ਅਮਰੀਕਾ) ਵਿੱਚ ਪੰਜਾਬ ਦੇ ਸੰਕਟ 'ਤੇ ਸੈਮੀਨਾਰ ਕਰਦੇ ਰਹੇ ਹਨ ਅਤੇ ਮੋਰਕੈਮ ਫੁੱਟਬਾਲ ਕਲੱਬ ਦੀ ਸਿੱਖ ਮਾਲਕੀ ਦੌਰਾਨ ਵੀ ਮੀਡੀਆ ਵਿੱਚ ਚਰਚਾ ਵਿੱਚ ਰਹੇ, ਸ਼ਾਇਦ ਇਸੇ ਕਰਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਗੁਰਪ੍ਰੀਤ ਸਿੰਘ ਨੂੰ ਆਪਣੇ ਕੰਮ ਕਰਕੇ ਧਮਕੀਆਂ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਵਿਦੇਸ਼ ਜਾਣ ਵੇਲੇ ਵੀ ਯੂ ਕੇ ਦੇ ਅਧਿਕਾਰੀਆਂ ਨੇ ਪੰਜਾਬ ਦੇ ਮਸਲੇ ਚੁੱਕਣ ਕਰਕੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾਂਦਾ ਰਿਹਾ ਹੈ। ਖ਼ਜ਼ਾਨਾ ਵਿਭਾਗ ਦੇ ਦੋਸ਼ਾਂ ਤੋਂ ਬਾਅਦ, ਭਾਰਤ ਤੋਂ ਆ ਰਹੀਆਂ ਆਨਲਾਈਨ ਟਿੱਪਣੀਆਂ ਵਿੱਚ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜੋ ਗੁਰਪ੍ਰੀਤ ਸਿੰਘ ਦੀ ਸੁਰੱਖਿਆ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਗੁਰਪ੍ਰੀਤ ਸਿੰਘ ਭਾਰਤ ਦੀ ਉਸ ਮੁਹਿੰਮ ਦਾ ਤਾਜ਼ਾ ਸ਼ਿਕਾਰ ਹਨ ਜਿਸ ਤਹਿਤ ਯੂਕੇ ਵਿੱਚ ਵੱਸਦੇ ਸਿੱਖਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਸਾਨੂੰ ਲੱਗਦਾ ਹੈ ਕਿ ਯੂ ਕੇ ਸਰਕਾਰ ਵਪਾਰਕ ਸਮਝੌਤੇ ਨੂੰ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਦੇ ਮੁਕਾਬਲਤਨ ਪਹਿਲ ਦੇ ਰਹੀ ਹੈ। ਇਹ ਭਾਰਤੀ ਹਕੂਮਤ ਦਾ ਪੁਰਾਣਾ ਤਰੀਕਾ ਹੈ ਕਿ ਬਿਨਾਂ ਕਿਸੇ ਸਬੂਤ ਅਤੇ ਕਾਨੂੰਨੀ ਕਾਰਵਾਈ ਦੇ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਨੂੰ ਅੱਤਵਾਦ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੀ ਸਾਖ ਖਤਮ ਕੀਤੀ ਜਾ ਸਕੇ ਅਤੇ ਉਹ ਕੋਈ ਖੋਜ ਨਾ ਕਰ ਸਕਣ। ਜਿਹੜਾ ਵਿਅਕਤੀ ਆਪਣੇ ਕੌਮੀ ਹੱਕਾਂ ਦੀ ਬੇਸ਼ੱਕ ਸ਼ਾਂਤਮਈ ਢੰਗ ਨਾਲ ਹੀ ਗੱਲ ਕਰਦਾ ਹੈ, ਉਸ ਨੂੰ ਹਰ ਹੀਲੇ ਖਤਮ ਕਰਨ ਦੇ ਮਨਸੂਬੇ ਬਣਾਉਂਦੀ ਹੈ। ਭਾਰਤ ਸਰਕਾਰ ਨਹੀਂ ਚਾਹੁੰਦੀ ਕਿ ਉਸ ਦਾ ਘਿਨਾਉਣਾ ਸੱਚ ਦੁਨੀਆ ਦੇ ਸਾਹਮਣੇ ਆਵੇ ਤੇ ਉਸ ਦੀ ਬਦਨਾਮੀ ਹੋਵੇ।

ਗੁਰਪ੍ਰੀਤ ਸਿੰਘ ਵਿਰੁੱਧ ਪਾਬੰਦੀਆਂ ਉਨ੍ਹਾਂ ਸਾਰੇ ਲੋਕਾਂ ਲਈ ਇੱਕ ਚੇਤਾਵਨੀ ਵਾਂਗ ਹਨ ਜੋ ਭਾਰਤ ਸਰਕਾਰ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ 'ਤੇ ਸਵਾਲ ਚੁੱਕ ਕੇ ਵਪਾਰਕ ਸਮਝੌਤੇ ਲਈ ਖਤਰਾ ਬਣਦੇ ਹਨ। ਇਹ ਪਾਬੰਦੀਆਂ 'ਸੇਵਿੰਗ ਪੰਜਾਬ' ਤੱਕ ਵੀ ਵਧਾ ਦਿੱਤੀਆਂ ਗਈਆਂ ਹਨ, ਗੁਰਪ੍ਰੀਤ ਸਿੰਘ ਨੂੰ ਡਾਇਰੈਕਟਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਜਾਇਦਾਦ ਜ਼ਬਤ ਕਰ ਲਈ ਗਈ ਹੈ, ਤਾਂ ਜੋ ਸੰਸਥਾ ਦੇ ਖੋਜ ਕਾਰਜਾਂ ਨੂੰ ਰੋਕਿਆ ਜਾ ਸਕੇ।

ਮੀਡੀਆ ਵਿੱਚ ਚੱਲ ਰਹੀ ਮੁਹਿੰਮ, ਜਿਸ ਵਿੱਚ ਯੂਕੇ ਅਤੇ ਅਮਰੀਕਾ ਦੇ ਕੁਝ ਖਾਸ ਮੀਡੀਆ ਅਦਾਰਿਆਂ ਨੂੰ ਵਿਸ਼ੇਸ਼ ਕਵਰੇਜ ਦਿੱਤੀ ਗਈ ਅਤੇ ਫਿਰ ਭਾਰਤੀ ਮੀਡੀਆ ਵਿੱਚ ਸਨਸਨੀਖੇਜ਼ ਸੁਰਖੀਆਂ ਲੱਗੀਆਂ, ਇਹ ਸਾਬਤ ਕਰਦੀਆਂ ਹਨ ਕਿ ਇਹ ਸਭ ਇਤਫ਼ਾਕ ਨਹੀਂ ਹੈ। ਇਹ ਗੁਰਪ੍ਰੀਤ ਸਿੰਘ ਵੱਲੋਂ ਕੌਮਾਂਤਰੀ ਪੱਧਰ 'ਤੇ ਆਵਾਜ਼ ਚੁੱਕਣ ਦਾ ਨਤੀਜਾ ਹੈ, ਜਿਸ ਨੇ ਭਾਰਤੀ ਹਕੂਮਤ ਨੂੰ ਸ਼ਰਮਿੰਦਾ ਕੀਤਾ। ਲੱਗਦਾ ਹੈ ਕਿ ਯੂਕੇ ਸਰਕਾਰ ਆਪਣੇ ਹੀ ਨਾਗਰਿਕਾਂ ਨੂੰ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਪਰਦਾਫਾਸ਼ ਕਰਨ ਦੇ ਮੌਲਿਕ ਅਧਿਕਾਰ ਦੀ ਵਰਤੋਂ ਕਰਨ ਦੀ ਸਜ਼ਾ ਦੇ ਰਹੀ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਯੂ ਕੇ ਸਰਕਾਰ ਗੁਰਪ੍ਰੀਤ ਸਿੰਘ ਵਿਰੁੱਧ ਚੁੱਕੇ ਗਏ ਇਨ੍ਹਾਂ ਸਖ਼ਤ ਕਦਮਾਂ ਲਈ ਠੋਸ ਸਬੂਤ ਪੇਸ਼ ਕਰਨੇ ਚਾਹੀਦੇ ਹਨ ਜੋ ਅਦਾਲਤ ਵਿੱਚ ਸਾਬਤ ਹੋ ਸਕਣ, ਜਾਂ ਫਿਰ ਸਰਕਾਰ ਮੰਨ ਲਵੇ ਕਿ ਇਹ ਸਭ ਭਾਰਤ ਨੂੰ ਖ਼ੁਸ਼ ਕਰਕੇ ਵਪਾਰਕ ਸਮਝੌਤਾ ਸਿਰੇ ਚਾੜ੍ਹਨ ਲਈ ਕੀਤਾ ਗਿਆ ਇੱਕ ਹੋਰ ਕਦਮ ਹੈ।

ਗੁਰਪ੍ਰੀਤ ਸਿੰਘ ਦਾ ਸਮਰਥਨ ਕਰਨ ਵਾਲੀਆਂ ਸੰਸਥਾਵਾਂ ਦੇ ਨਾਂ 47 ਪੰਨੇ 'ਤੇ ਦੇਖੋ:

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ 2024 'ਚ ਨਿਯੁਕਤ 11 ਟਰੱਸਟੀ ਅਹੁਦੇ ਤੋਂ ਹਟਾਏ, 2010 ਵਾਲਾ ਸੰਵਿਧਾਨ ਕੀਤਾ ਲਾਗੂ

## ਸਿੰਘ ਸਭਾ ਸੰਗਤਾਂ ਦੀ ਹੈ ਕਿਸੇ ਨਿੱਜੀ ਪ੍ਰੀਵਾਰ ਦੀ ਨਹੀਂ – ਗੁਰਮੇਲ ਸਿੰਘ ਮੱਲੀ



In Reaching This Resolution, the Executive Committee Considered the Following:

1. The Constitution of Sri Guru Singh Sabha Southall, dated 7 March 2010.
2. The Notice of the Extraordinary General Meeting dated 4 February 2024 and the two resolutions purportedly passed thereat.
3. The Letter from the Charity Commission for England and Wales, dated 24 April 2025, addressed to the Executive Committee (Managing Trustees).

Adopted by the Executive Committee of Sri Guru Singh Sabha Southall at its meeting held on October 2025.

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤਾ ਮਤਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨੀ ਇੱਕ ਅਹਿਮ ਫੈਸਲਾ ਲੈਂਦਿਆਂ ਫਰਵਰੀ 2024 ਦੀ ਈ ਜੀ ਐਮ ਵਿੱਚ ਬਣਾਏ ਗਏ ਨਵੇਂ 11 ਟਰੱਸਟੀਆਂ ਅਤੇ ਸੰਵਿਧਾਨ ਵਿੱਚ ਕੁਝ ਤਬਦੀਲੀਆਂ ਕਰਨ ਤੋਂ ਬਾਅਦ ਜਾਰੀ ਕੀਤੇ ਸੰਵਿਧਾਨ ਨੂੰ ਰੱਦ ਕਰ ਦਿੱਤਾ ਹੈ।**

ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਫਰਵਰੀ 2024 ਨੂੰ ਸਾਬਕਾ ਪ੍ਰਬੰਧਕ ਕਮੇਟੀ ਵੱਲੋਂ ਈ ਜੀ ਐਮ ਵਿੱਚ ਗ਼ੈਰਸੰਵਿਧਾਨਿਕ ਤੌਰ ਤੇ ਪਾਸ ਕੀਤੇ ਦੋ ਅਹਿਮ ਮਤਿਆਂ ਨੂੰ ਰੱਦ ਕਰ ਦਿੱਤਾ ਹੈ, ਜਿਸ ਤਹਿਤ ਚੁਣੇ ਗਏ 11 ਟਰੱਸਟੀਆਂ ਦੀ ਚੋਣ ਨੂੰ ਗੈਰ ਸੰਵਿਧਾਨਿਕ ਕਰਾਰ ਦਿੰਦਿਆਂ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਦੇ ਨਾਲ ਹੀ 18 ਫਰਵਰੀ 2024 ਨੂੰ ਸੰਵਿਧਾਨ ਵਿੱਚ ਕੀਤੀਆਂ ਸੋਧਾਂ ਤੋਂ ਬਾਅਦ ਲਾਗੂ ਕੀਤਾ ਗਿਆ ਸੰਵਿਧਾਨ ਵੀ ਰੱਦ ਕਰ ਦਿੱਤਾ ਹੈ। ਉਹਨਾਂ ਦੱਸਿਆ ਕਿ ਪ੍ਰਬੰਧਕ ਕਮੇਟੀ ਵੱਲੋਂ 27 ਅਕਤੂਬਰ 2025 ਨੂੰ ਮਤਾ ਪਾਸ ਕਰਕੇ ਇਹ ਫੈਸਲਾ ਲਿਆ ਗਿਆ ਸੀ, ਜਿਸ ਨੂੰ ਬਾਅਦ ਵਿੱਚ ਚੈਰਿਟੀ ਕਮਿਸ਼ਨ ਨੂੰ ਭੇਜਿਆ ਗਿਆ। ਪ੍ਰਬੰਧਕ ਕਮੇਟੀ ਮੁਤਾਬਿਕ 2024 ਨੂੰ ਲਏ ਗਏ ਇਹ ਦੋਵੇਂ ਫੈਸਲੇ ਗੈਰ ਸੰਵਿਧਾਨਿਕ ਸਨ ਉਸ ਸਮੇਂ ਵੀ ਬਹੁਤ ਸਾਰੀਆਂ ਸੰਗਤਾਂ ਨੇ ਇਤਰਾਜ਼ ਪ੍ਰਗਟ ਕੀਤੇ ਸਨ, ਕਿਉਂਕਿ ਟਰੱਸਟੀਆਂ ਦੀ ਚੋਣ ਅਤੇ ਸੰਵਿਧਾਨ ਵਿੱਚ ਸੋਧ ਲਈ ਬੈਲਟ ਪੇਪਰਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਹੱਕ ਜਾਂ ਵਿਰੋਧ ਕਰਨ ਵਾਲੇ ਮੈਂਬਰਾਂ ਦੀ ਹੀ ਗਿਣਤੀ ਕੀਤੀ ਗਈ ਸੀ।

ਇਹ ਮਾਮਲਾ ਬਾਅਦ ਵਿੱਚ ਚੈਰਿਟੀ ਕਮਿਸ਼ਨ ਕੋਲ ਵੀ ਪੁੱਜਾ, ਚੈਰਿਟੀ ਕਮਿਸ਼ਨ ਨੇ ਉਸ ਵੇਲੇ ਦੀ ਪ੍ਰਬੰਧਕ ਕਮੇਟੀ (ਹਿੰਮਤ ਸਿੰਘ ਸੋਹੀ ਪ੍ਰਧਾਨ, ਹਰਮੀਤ ਸਿੰਘ ਗਿੱਲ ਜਨਰਲ ਸਕੱਤਰ) ਨੂੰ ਪੱਤਰ ਲਿਖ ਕੇ ਮਾਮਲੇ ਨੂੰ ਸੁਲਝਾਉਣ ਦੀ ਸਲਾਹ ਵੀ ਦਿੱਤੀ ਸੀ। ਜਿਸ ਨੂੰ ਲੈ ਕੇ ਸ਼ਿਕਾਇਤ ਕਰਨ ਵਾਲੇ ਸੱਜਣਾਂ ਅਤੇ ਪ੍ਰਬੰਧਕ ਕਮੇਟੀ ਕਿਸੇ ਨਤੀਜੇ ਤੇ ਨਹੀਂ ਪਹੁੰਚੀਆਂ। ਦੋਵੇਂ ਧਿਰਾਂ ਆਪੋ ਆਪਣੇ ਫੈਸਲੇ ਤੇ ਅੜੀਆਂ ਰਹੀਆਂ। ਕੁੱਝ ਟਰੱਸਟੀ ਅਤੇ ਉਸ ਸਮੇਂ ਦੀ ਪ੍ਰਬੰਧਕ ਕਮੇਟੀ ਦੇ ਕਈ ਮੈਂਬਰਾਂ ਦੇ ਪ੍ਰੀਵਾਰਿਕ ਰਿਸ਼ਤੇ ਹੋਣ ਕਰਕੇ ਚੋਣਾਂ ਵਿੱਚ ਵੀ ਇਹ ਮਾਮਲਾ ਪੂਰੀ ਤਰ੍ਹਾਂ ਭਖਿਆ।

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਟਰੱਸਟੀਆਂ ਨੂੰ ਹਟਾਉਣ ਅਤੇ ਸੰਵਿਧਾਨ ਰੱਦ ਕਰਨ ਵਾਲੇ ਹੁਣ ਇਹ ਫੈਸਲੇ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਤੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਲਏ ਗਏ ਹਨ। ਹੁਣ 2010 ਵਾਲਾ ਸੰਵਿਧਾਨ ਲਾਗੂ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਭਾ ਦੇ ਇੱਕ ਹੀ ਟਰੱਸਟੀ ਅਮਰਜੀਤ ਸਿੰਘ ਦਾਸਨ ਹਨ, ਭਵਿੱਖ ਵਿੱਚ ਜੋ ਵੀ ਫੈਸਲਾ ਹੋਇਆ ਸੰਗਤਾਂ ਨਾਲ ਵਿਚਾਰਾਂ ਕਰਨ ਤੋਂ ਬਾਅਦ ਹੀ ਲਿਆ ਜਾਵੇਗਾ। ਪ੍ਰਬੰਧਕ ਕਮੇਟੀ ਅਨੁਸਾਰ ਸੰਵਿਧਾਨ ਵਿੱਚ ਸੋਧ ਕਰਨ ਲਈ ਸੰਗਤਾਂ ਤੋਂ ਮਸ਼ਵਰਾ ਲਿਆ ਜਾਵੇਗਾ ਅਤੇ ਨਵੇਂ ਟਰੱਸਟੀਆਂ ਦੀ ਚੋਣ ਸਹੀ ਢੰਗ ਨਾਲ ਕੀਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਸਿੰਘ ਸਭਾ ਸੰਗਤਾਂ ਦੀ ਸੰਸਥਾ ਹੈ ਇਹ ਕਿਸੇ ਪ੍ਰਿਵਾਰ ਦੀ ਨਿੱਜੀ ਨਹੀਂ ਹੈ। ਅਸੀਂ ਸਭ ਸੰਗਤਾਂ ਨਾਲ ਸਲਾਹ ਕਰਕੇ ਹੀ ਅਗਲੇ ਫੈਸਲੇ ਲਵਾਂਗੇ। ਚੈਰਿਟੀ ਕਮਿਸ਼ਨ ਨੇ ਵੀ ਪ੍ਰਾਪਰਟੀ ਲਈ 4 ਟਰੱਸਟੀ ਹੋਣ ਦੀ ਲੋੜ ਬਾਰੇ ਜ਼ਿਕਰ ਕੀਤਾ ਸੀ।

ਦੂਜੇ ਪਾਸੇ ਹਟਾਏ ਗਏ ਟਰੱਸਟੀਆਂ ਸਬੰਧੀ ਟਰੱਸਟ ਦੇ ਸਾਬਕਾ ਜਨਰਲ ਸਕੱਤਰ ਮਨਜੀਤ ਸਿੰਘ ਬੁੱਟਰ ਨੇ ਕਿਹਾ ਕਿ ਕਿਸੇ ਵੀ ਟਰੱਸਟੀ ਨੂੰ ਹਟਾਉਣ ਦਾ ਅਧਿਕਾਰ ਸਿਰਫ ਏ ਜੀ ਐਮ ਜਾਂ ਈ ਜੀ ਐਮ ਕੋਲ ਹੁੰਦਾ ਹੈ। ਪ੍ਰਬੰਧਕ ਕਮੇਟੀ ਇਸ ਤਰ੍ਹਾਂ ਦਾ ਕੋਈ ਫੈਸਲਾ ਨਹੀਂ ਲੈ ਸਕਦੀ। ਇਸ ਦੇ ਨਾਲ ਹੀ ਸ਼ਰਨਬੀਰ ਸਿੰਘ ਸੰਘਾ ਨੇ ਚੈਰਿਟੀ ਕਮਿਸ਼ਨ ਵੱਲੋਂ ਭੇਜੇ ਗਏ ਪੱਤਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਚੈਰਿਟੀ ਕਮਿਸ਼ਨ ਦੇ ਪੱਤਰ ਵਿੱਚ ਸ਼ਪਸ਼ਟ ਲਿਖਿਆ ਹੈ ਕਿ ਜਿਸ ਮੁਤਾਬਿਕ ਹੀ ਪ੍ਰਬੰਧਕ ਕਮੇਟੀ ਇਹ ਫੈਸਲਾ ਲਿਆ ਹੈ।

ਟਰੱਸਟ ਚੋਂ ਹਟਾਏ ਗਏ 11 ਮੈਂਬਰਾਂ ਵਿੱਚ ਮਨਜੀਤ ਸਿੰਘ ਬੁੱਟਰ, ਸੁਰਜੀਤ ਸਿੰਘ ਜੌਹਲ, ਗੁਰਦੇਵ ਸਿੰਘ ਬਰਾੜ, ਪ੍ਰਸ਼ੋਤਮ ਸਿੰਘ ਸੋਹੀ, ਗੁਰਪ੍ਰਤਾਪ ਸਿੰਘ ਢਿਲੋਂ, ਅਮਰਦੀਪ ਸਿੰਘ ਦੁਸਾਂਝ, ਮਲਕੀਤ ਸਿੰਘ ਗਰੇਵਾਲ, ਅਰਮਿੰਦਰ ਸਿੰਘ ਖੰਗੂੜਾ, ਪ੍ਰੋ: ਜਸਪਾਲ ਸਿੰਘ ਕੂਨਰ, ਦੀਦਾਰ ਸਿੰਘ ਰੰਧਾਵਾ, ਮਨਦੀਪ ਸਿੰਘ ਥਿੰਦ ਸ਼ਾਮਿਲ ਹਨ।

## ਧਾਮੀ ਨੂੰ ਸੱਚ ਲੁਕਾਉਣਾ ਨਹੀਂ ਚਾਹੀਦਾ

### ✪ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਸਰੂਪਾਂ ਦੇ ਮਾਮਲੇ ਵਿਚ ਦਰਜ ਹੋਈ fir ਬਾਰੇ ਬੋਲੇ ਗਿਆਨੀ ਰਘੁਬੀਰ ਸਿੰਘ



**ਅੰਮ੍ਰਿਤਸਰ-ਗਿਆਨੀ ਰਘੁਬੀਰ ਸਿੰਘ ਨੇ ਗਾਇਬ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਮਾਮਲੇ 'ਚ ਦਰਜ ਹੋਈ fir ਬਾਰੇ ਬੋਲਦਿਆਂ ਕਿਹਾ ਕਿ ਇਹ ਮਸਲਾ ਸਿੱਖਾਂ ਦੀ ਪਵਿੱਤਰ ਮਰਿਆਦਾ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਸਿੱਧਾ ਜੁੜਿਆ ਹੋਇਆ ਹੈ। ਇਸ ਲਈ ਕਿਸੇ ਵੀ ਧਿਰ ਨੂੰ ਇਸ ਮੌਕੇ ਰਾਜਨੀਤੀ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਸਰਕਾਰ ਨੂੰ ਕੇਸ ਦੀ ਪੂਰੀ ਤਰ੍ਹਾਂ ਨਿਰਪੱਖ ਜਾਂਚ ਕਰਨੀ ਚਾਹੀਦੀ ਹੈ। ਪੂਰਾ ਸੱਚ ਸੰਗਤ ਦੇ ਸਾਮ੍ਹਣੇ ਆਉਣਾ ਚਾਹੀਦਾ ਹੈ ਅਤੇ ਜੇ ਕੋਈ ਦੋਸ਼ੀ ਹੈ ਤਾਂ ਉਸ ਨੂੰ ਸੰਗਤ ਸਾਹਮਣੇ ਪੇਸ਼ ਕੀਤਾ ਜਾਵੇ। ਉਹਨਾਂ ਦੱਸਿਆ ਕਿ ਇਸ ਮਸਲੇ ਦੀ ਜਾਂਚ ਸ਼੍ਰੋਮਣੀ ਕਮੇਟੀ ਨੇ ਵੀ ਕੀਤੀ ਸੀ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਜਾਂਚ ਹੋਈ ਸੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਜਾਂਚ ਵਿੱਚ 328 ਗਾਇਬ ਸਰੂਪ ਮਿਲੇ ਸਨ। ਇਹ ਜਾਂਚ ਅੱਗੇ ਵਧਾਉਣੀ ਚਾਹੀਦੀ ਹੈ ਤੇ ਸੱਚ ਨੂੰ ਲੁਕਾਇਆ ਨਹੀਂ ਜਾਣਾ ਚਾਹੀਦਾ।**

## ਟਰੰਪ ਪ੍ਰਸ਼ਾਸਨ ਨੇ 11 ਮਹੀਨਿਆਂ ਵਿੱਚ 85 ਹਜਾਰ ਵੀਜੇ ਰੱਦ ਕੀਤੇ

**ਸੈਕਰਾਮੈਂਟੋ (ਕੈਲੀਫੋਰਨੀਆ)– ਟਰੰਪ ਪ੍ਰਸ਼ਾਸਨ ਨੇ ਇਸ ਸਾਲ ਜਨਵਰੀ ਤੋਂ ਲੈ ਕੇ ਅੱਜ ਤੱਕ 85000 ਵੀਜੇ ਰੱਦ ਕੀਤੇ ਹਨ ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿੱਚ ਦੁੱਗਣੇ ਹਨ। ਵਿਦੇਸ਼ ਵਿਭਾਗ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਰੱਦ ਕੀਤੇ ਵੀਜਿਆਂ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਵੀਜੇ ਸ਼ਾਮਿਲ ਹਨ। ਇਨਾਂ ਵਿੱਚ 8000 ਤੋਂ ਵਧ ਵੀਜੇ ਵਿਦਿਆਰਥੀਆਂ ਦੇ ਹਨ ਜਿਨਾਂ ਨੂੰ ਰੱਦ ਕੀਤਾ ਗਿਆ ਹੈ। ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਜਿਨਾਂ ਲੋਕਾਂ ਦੇ ਵੀਜੇ ਰੱਦ ਕੀਤੇ ਗਏ ਹਨ , ਉਨਾਂ ਵਿਚੋਂ ਅੱਧੇ ਤੋਂ ਵਧ ਸ਼ਰਾਬ ਪੀ ਕੇ ਗੱਡੀ ਚਲਾਉਣ, ਹਮਲਾ ਕਰਨ ਤੇ ਚੋਰੀ ਕਰਨ ਵਰਗੇ ਅਪਰਾਧਾਂ ਵਿੱਚ ਸ਼ਾਮਿਲ ਸਨ। ਵਿਭਾਗ ਨੇ ਬਾਕੀ ਅੱਧੇ ਲੋਕਾਂ ਦੇ ਵੀਜੇ ਰੱਦ ਕਰਨ ਦਾ ਕਾਰਨ ਨਹੀਂ ਦੱਸਿਆ ਹੈ ਪਰੰਤੂ ਸਮਝਿਆ ਜਾਂਦਾ ਹੈ ਕਿ ਜਿਨਾਂ ਲੋਕਾਂ ਨੇ ਗਾਜ਼ਾ ਵਿੱਚ ਨਸਲਘਾਤ ਵਿਰੁੱਧ ਆਵਾਜ ਉਠਾਈ ਸੀ, ਉਨਾਂ ਦੇ ਵੀਜੇ ਵੀ ਰੱਦ ਕੀਤੇ ਗਏ ਹਨ। ਇਨਾਂ ਵਿੱਚ ਜਿਆਦਾਤਰ ਯੁਨੀਵਰਸਿਟੀਆਂ ਤੇ ਕਾਲਜਾਂ ਦੇ ਵਿਦਿਆਰਥੀ ਸ਼ਾਮਿਲ ਹਨ। ਇਸ ਤੋਂ ਇਲਾਵਾ ਵਿਦੇਸ਼ ਵਿਭਾਗ ਨੇ ਅਕਤੂਬਰ ਵਿੱਚ ਕਿਹਾ ਸੀ ਕਿ ਉਸ ਨੇ ਉਨਾਂ ਲੋਕਾਂ ਦੇ ਵੀਜੇ ਵੀ ਰੱਦ ਕੀਤੇ ਹਨ ਜਿਨਾਂ ਨੇ ਰਾਸ਼ਟਰਪਤੀ ਟਰੰਪ ਦੇ ਚਹੇਤੇ ਚਾਰਲੀ ਕ੍ਰਿਕ ਦੀ ਹੱਤਿਆ 'ਤੇ ਖੁਸ਼ੀ ਮਨਾਈ ਸੀ। ਜਿਕਰਯੋਗ ਹੈ ਕਿ ਅਗਸਤ ਵਿੱਚ ਵਿਦੇਸ਼ ਵਿਭਾਗ ਨੇ ਕਿਹਾ ਸੀ ਕਿ ਏਜੰਸੀ ਸਾਢੇ 5 ਕਰੋੜ ਵਿਦੇਸ਼ੀਆਂ ਨੂੰ ਜਾਰੀ ਕੀਤੇ ਵੀਜਿਆਂ ਦੀ ਨਵੇਂ ਸਿਰੇ ਤੋਂ ਜਾਂਚ ਪੜਤਾਲ ਕਰੇਗੀ। ਏਜੰਸੀ ਨੇ ਕਿਹਾ ਹੈ ਕਿ ਇਹ ਜਾਂਚ ਪੜਤਾਲ ਅਜੇ ਵੀ ਜਾਰੀ ਹੈ।**


## ਕ੍ਰਿਸਮਿਸ ਤੇ ਨਵਾਂ ਸਾਲ ਵਿਸ਼ੇਸ਼ ਅੰਕ 17 ਦਸੰਬਰ ਨੂੰ

**ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਵਾਂਗ ਸਾਲ ਦੇ ਅਖੀਰ ਵਿਚ ਸਾਲਾਨਾ ਕ੍ਰਿਸਮਿਸ ਤੇ ਨਵਾਂ ਸਾਲ ਵਿਸ਼ੇਸ਼ ਅੰਕ 17 ਦਸੰਬਰ ਬੁੱਧਵਾਰ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੇਖਕਾਂ ਇਤਿਹਾਸਕਾਰਾਂ, ਕਹਾਣੀਕਾਰਾਂ ਤੇ ਕਵੀਆਂ ਦੀਆਂ ਨਵੀਆਂ ਰਚਨਾਵਾਂ ਛਾਪੀਆਂ ਜਾ ਰਹੀਆਂ ਹਨ ਕ੍ਰਿਸਮਿਸ ਵਿਸ਼ੇਸ਼ ਅੰਕ ਨੂੰ ਪਾਠਕ ਲੰਮਾ ਸਮਾਂ ਸੰਭਾਲ ਕੇ ਰੱਖਦੇ ਹਨ, ਕਿਉਂਕਿ ਇਹ ਅੰਕ ਦੋ ਹਫ਼ਤਿਆਂ ਲਈ ਹੁੰਦਾ ਹੈ। ਜਿਸ ਨਾਲ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਨੂੰ ਲਾਭ ਹੋ ਸਕਦਾ ਹੈ, ਵਪਾਰਕ ਅਦਾਰਿਆਂ ਲਈ ਇਹ ਸੁਨਹਿਰੀ ਮੌਕਾ ਹੈ ਕਿ ਉਹ ਇਸ਼ਤਿਹਾਰ ਦੇਣ ਲਈ ਆਪਣੀ ਥਾਂ ਬੁੱਕ ਕਰਵਾ ਲੈਣ, ਕਿਉਂਕਿ ਰੰਗਦਾਰ ਪੰਨੇ ਸੀਮਿਤ ਹੁੰਦੇ ਹਨ, ਦੇਰ ਨਾਲ ਮਿਲਣ ਵਾਲਾ ਮੈਟਰ ਸ਼ਾਮਿਲ ਕਰਨਾ ਔਖਾ ਹੁੰਦਾ ਹੈ। ਪ੍ਰਿੰਟ ਪੇਪਰ ਦੇ ਇਲਾਵਾ ਸਾਰੇ ਹਫ਼ਤੇ ਦੇ ਔਨਲਾਈਨ ਐਡੀਸ਼ਨਾਂ ਵਿੱਚ ਇਸ਼ਤਿਹਾਰ ਉਸੇ ਇਕੋ ਕੀਮਤ ਵਿੱਚ ਲਗਾਏ ਜਾਂਦੇ ਹਨ। ਇਹ ਅੰਕ ਦੋ ਹਫ਼ਤਿਆਂ ਲਈ ਹੋਵੇਗਾ ਤੇ ਦੋ ਹਫ਼ਤੇ ਦਫ਼ਤਰ ਬੰਦ ਰਹੇਗਾ। ਅਗਲਾ ਅੰਕ ਨਵੇਂ ਸਾਲ 'ਚ 7 ਜਨਵਰੀ 2026 ਨੂੰ ਛਪੇਗਾ।**

**ਫ਼ੋਨ: 0044+(0)1332-373851 WhatsApp Phone: 07966 388 388**
**ਈਮੇਲ: panjabtimes@aol.com Web:www.panjabtimes.uk**

## -ਮਾਮਲਾ ਕੈਨੇਡਾ ਵਿੱਚ ਵਧ ਰਹੀਆਂ ਫਿਰੌਤੀਆਂ ਤੇ ਗੈਂਗਸਟਰ ਹਿੰਸਾ ਦਾ-

# ਸਿੱਖ ਜਥੇਬੰਦੀਆਂ ਨੇ ਸਰਕਾਰ ਖਿਲਾਫ ਵੱਡੀ ਮੁਹਿੰਮ ਛੇੜੀ, ਸਰਕਾਰਾਂ ਨੂੰ ਲਲਕਾਰਿਆ

**ਖਾਸ ਰਿਪੋਟ** ✪ **ਗੈਂਗਸਟਰ ਹਿੰਸਾ ਤੇ ਲੁਟ ਦੇ 2024 ਵਿੱਚ 490 ਮਾਮਲੇ ਵਾਪਰੇ ਅਤੇ 2023 ਵਿੱਚ 319**

ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਖਾਸ ਕਰਕੇ ਟੋਰਾਂਟੋ ਖੇਤਰ ਵਿੱਚ ਪਿਛਲੇ ਕੁਝ ਸਾਲਾਂ ਤੋਂ ਗੈਂਗਸਟਰਾਂ ਵੱਲੋਂ ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਫਿਰੌਤੀਆਂ ਮੰਗਣਾ, ਧਮਕੀਆਂ ਦੇਣਾ, ਘਰਾਂ ਅਤੇ ਕਾਰੋਬਾਰਾਂ ਉੱਤੇ ਗੋਲੀਆਂ ਚਲਾਉਣਾ ਅਤੇ ਇੱਥੋਂ ਤੱਕ ਕਿ ਕਤਲ ਕਰਨ ਵਰਗੀਆਂ ਵਾਰਦਾਤਾਂ ਨੇ ਪੰਜਾਬੀ ਅਤੇ ਸਿੱਖ ਭਾਈਚਾਰੇ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਇਸ ਸਮੱਸਿਆ ਨੂੰ ਵੇਖਦੇ ਹੋਏ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ (ਡਬਲਿਊਐੱਸਓ), ਉਂਟਾਰੀਓ ਗੁਰਦੁਆਰਾ ਕਮੇਟੀ ਅਤੇ ਸਿੱਖ ਫੈਡਰੇਸ਼ਨ ਬੀਸੀ ਨੇ ਸਾਂਝੇ ਤੌਰ ਤੇ ਵਿਸ਼ੇਸ਼ ਮੀਟਿੰਗਾਂ ਦਾ ਆਯੋਜਨ ਕੀਤਾ ਹੈ। ਇਹ ਮੀਟਿੰਗਾਂ ਪੰਜਾਬੀ ਭਾਈਚਾਰੇ ਨੂੰ ਇੱਕਜੁੱਟ ਕਰਨ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਲਈ ਕੀਤੀਆਂ ਜਾ ਰਹੀਆਂ ਹਨ। ਪਹਿਲੀ ਅਜਿਹੀ ਮੀਟਿੰਗ ਬੀਤੇ ਦਿਨੀਂ ਬਰੈਂਪਟਨ ਵਿੱਚ ਹੋਈ, ਜਿੱਥੇ ਪੁਲਿਸ ਅਧਿਕਾਰੀਆਂ, ਰਾਜਨੀਤਕ ਆਗੂਆਂ ਅਤੇ ਭਾਈਚਾਰੇ ਦੇ ਲੋਕਾਂ ਨੇ ਭਾਗ ਲਿਆ।

ਇਸ ਮੀਟਿੰਗ ਦਾ ਨਾਂ ਸੀ "ਕਨਫਰੰਟਿੰਗ ਦ ਥਰੈਟ: ਇੰਡੀਆ-ਲਿੰਕਡ ਐਕਸਟੌਰਸ਼ਨ ਐਂਡ ਸਿੱਖ ਕਮਿਊਨਿਟੀ ਸੇਫਟੀ"। ਇਹ ਬਰੈਂਪਟਨ ਦੇ ਕੈਨੇਡੀਅਨ ਕਨਵੈਨਸ਼ਨ ਸੈਂਟਰ ਵਿੱਚ ਹੋਈ। ਬਲਪ੍ਰੀਤ ਸਿੰਘ, ਜੋ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਵਕੀਲ ਅਤੇ ਬੁਲਾਰੇ ਹਨ, ਨੇ ਕਿਹਾ ਕਿ ਇਹ ਘਟਨਾਵਾਂ ਭਾਰਤ ਨਾਲ ਜੁੜੀਆਂ ਹਨ ਅਤੇ ਇਹ ਟਰਾਂਸਨੈਸ਼ਨਲ ਅੱਤਿਆਚਾਰ ਦਾ ਰੂਪ ਹਨ। ਉਨ੍ਹਾਂ ਨੇ ਕਿਹਾ, "'ਸਾਡੇ ਭਾਈਚਾਰੇ ਦੇ ਲੋਕਾਂ ਨੂੰ ਫਿਰੌਤੀਆਂ, ਗੋਲੀਬਾਰੀ ਅਤੇ ਧਮਕੀਆਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਸਭ ਭਾਰਤ ਤੋਂ ਆ ਰਹੀਆਂ ਹਨ ਅਤੇ ਕੈਨੇਡਾ ਸਰਕਾਰ ਇਸ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ।"

ਬਲਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਲੋਕ ਪੁਲਿਸ ਅਤੇ ਸਰਕਾਰ ਉੱਤੇ ਵਿਸ਼ਵਾਸ ਨਹੀਂ ਕਰ ਰਹੇ, ਜਿਸ ਕਾਰਨ ਕਈ ਲੋਕ ਫਿਰੌਤੀਆਂ ਅਦਾ ਕਰ ਰਹੇ ਹਨ ਤਾਂ ਜੋ ਆਪਣੇ ਪਰਿਵਾਰ ਨੂੰ ਬਚਾਇਆ ਜਾ ਸਕੇ।

ਮੀਟਿੰਗ ਵਿੱਚ ਪੀਲ ਰੀਜਨਲ ਪੁਲਿਸ ਦੇ ਮੁਖੀ ਨਿਸ਼ਾਨ ਦੁਰਾਈਅੱਪਾ ਨੇ ਵੀ ਭਾਗ ਲਿਆ। ਉਨ੍ਹਾਂ ਨੇ ਦੱਸਿਆ ਕਿ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਇਸ ਸਾਲ ਹੁਣ ਤੱਕ 436 ਫਿਰੌਤੀਆਂ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 172 ਕਾਰੋਬਾਰਾਂ ਨਾਲ ਜੁੜੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ 2024 ਵਿੱਚ 490 ਮਾਮਲੇ ਵਾਪਰੇ ਸਨ ਅਤੇ 2023 ਵਿੱਚ 319। ਇਹ ਅੰਕੜੇ ਦਿਖਾਉਂਦੇ ਹਨ ਕਿ ਸਮੱਸਿਆ ਵਧ ਰਹੀ ਹੈ। ਪੁਲਿਸ ਮੁਖੀ



ਨੇ ਕਿਹਾ ਕਿ ਉਨ੍ਹਾਂ ਨੇ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਈ ਹੈ ਜਿਸ ਵਿੱਚ 20 ਅਫਸਰ ਹਨ। ਇਹ ਟੀਮ ਹਰ ਮਾਮਲੇ ਨੂੰ ਗੰਭੀਰਤਾ ਨਾਲ ਵੇਖ ਰਹੀ ਹੈ ਅਤੇ ਫੈਡਰਲ ਸਰਕਾਰ ਨੂੰ ਵੀ ਵਧੇਰੇ ਸਹਾਇਤਾ ਲਈ ਕਿਹਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਧਮਕੀਆਂ ਮਿਲਣ ਤੇ ਪੁਲਿਸ ਨੂੰ ਦੱਸਣ ਅਤੇ ਫਿਰੌਤੀ ਨਾ ਅਦਾ ਕਰਨ। ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਨੂੰ ਰੋਕਣ ਲਈ ਪੂਰੀ ਤਾਕਤ ਨਾਲ ਕੰਮ ਕਰ ਰਹੇ ਹਾਂ।"

ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਭਾਈਚਾਰੇ ਨੂੰ ਇੱਕਜੁੱਟ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੁਲਿਸ ਨਾਲ ਮਿਲ ਕੇ ਇਸ ਸਮੱਸਿਆ ਨੂੰ ਹੱਲ ਕੀਤਾ ਜਾਵੇਗਾ। ਉਂਟਾਰੀਓ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਆਗੂ ਮੈਰੀਟ ਸਟਾਈਲਜ਼ ਨੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਕਿਹਾ ਕਿ ਸੂਬਾਈ ਸਰਕਾਰ ਨੂੰ ਵਧੇਰੇ ਪੁਲਿਸ ਅਫਸਰ ਭਰਤੀ ਕਰਨ ਅਤੇ ਕਾਨੂੰਨਾਂ ਨੂੰ ਸਖ਼ਤ ਬਣਾਉਣ ਦੀ ਲੋੜ ਹੈ।

ਸੰਸਦ ਮੈਂਬਰ ਅਮਨਦੀਪ ਸਿੰਘ ਸੋਢੀ, ਸੋਨੀਆ ਸਿੱਧੂ ਅਤੇ ਸੈਕ੍ਰੇਟਰੀ ਆਫ ਸਟੇਟ ਰੂਬੀ ਸਹੋਤਾ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ। ਰੂਬੀ ਸਹੋਤਾ ਨੇ ਕੈਨੇਡਾ ਸਰਕਾਰ ਦਾ ਪੱਖ ਰੱਖਿਆ ਅਤੇ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਸਾਵਧਾਨ ਹਾਂ। ਉਨ੍ਹਾਂ ਨੇ ਦੱਸਿਆ ਕਿ ਕ੍ਰਿਮੀਨਲ ਕੋਡ ਵਿੱਚ 80 ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਬਿੱਲ ਸੀ-2, ਸੀ-12 ਅਤੇ ਸੀ-14 ਸੰਸਦ ਵਿੱਚ ਪੇਸ਼ ਹਨ। ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਲਈ ਵਿਰੋਧੀ ਧਿਰ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਧੇਰੇ ਪੁਲਿਸ ਅਫਸਰ ਭਰਤੀ ਕੀਤੇ ਜਾ ਰਹੇ ਹਨ ਅਤੇ ਜਾਂਚ ਵਿੱਚ ਸਾਰੀ ਜਾਣਕਾਰੀ ਜਨਤਕ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਨੀਤੀ ਘੜਨ ਵਾਲੇ ਅਤੇ ਜਾਂਚ ਅਧਿਕਾਰੀ ਵੱਖਰੇ ਹੁੰਦੇ ਹਨ ਪ੍ਰਬੀ ਦੇ ਵਿਚਾਰ ਤੋਂ ਕਈ ਲੋਕ ਨਿਰਾਸ਼ ਹੋਏ।

ਮੀਟਿੰਗ ਵਿੱਚ ਧਮਕੀਆਂ ਦਾ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰ ਵੀ ਹਾਜ਼ਰ ਸਨ। ਇੱਕ ਅਜਿਹੀ ਵਿਅਕਤੀ ਸੀ ਗੁਰਲੀਨ ਧੱਦਾ, ਜਿਨ੍ਹਾਂ ਦੇ ਪਿਤਾ ਹਰਜੀਤ ਸਿੰਘ ਧੱਦਾ ਨੂੰ ਇਸ ਸਾਲ ਫਿਰੌਤੀ ਨਾ ਅਦਾ ਕਰਨ ਕਾਰਨ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਗੁਰਲੀਨ ਨੇ ਕਿਹਾ, "ਸਾਡੇ ਪਿਤਾ ਦੇ ਕੇਸ ਵਿੱਚ ਅਜੇ ਵੀ ਇਹ ਨਹੀਂ ਪਤਾ ਲੱਗਾ ਕਿ ਕਿਸ ਨੇ ਹੁਕਮ ਦਿੱਤੇ ਸਨ। ਸਿਰਫ਼ ਸਤਹੀ ਲੋਕਾਂ ਨੂੰ ਗ੍ਰਿਫ਼ਤਾਰ ਕਰਨਾ ਕਾਫ਼ੀ ਨਹੀਂ, ਅਸੀਂ ਚਾਹੁੰਦੇ ਹਾਂ ਕਿ ਹਰ ਉਸ ਵਿਅਕਤੀ ਨੂੰ ਸਜ਼ਾ ਮਿਲੇ ਜੋ ਇਸ ਵਿੱਚ ਸ਼ਾਮਲ ਸੀ।" ਉਨ੍ਹਾਂ ਨੇ ਕਿਹਾ ਕਿ ਕੋਈ ਵੀ ਭਾਈਚਾਰਾ ਡਰ ਵਿੱਚ ਨਹੀਂ ਜੀਉਣਾ ਚਾਹੀਦਾ ਅਤੇ ਅਸੀਂ ਸਿਰਫ਼ ਨਿਆਂ ਅਤੇ ਸੁਰੱਖਿਆ ਮੰਗ ਰਹੇ ਹਾਂ। ਗੁਰਲੀਨ ਦੀ ਗੱਲ ਨੇ ਸਭ ਨੂੰ ਭਾਵੁਕ ਕਰ ਦਿੱਤਾ ਅਤੇ ਇਹ ਦਿਖਾਇਆ ਕਿ ਇਹ ਸਮੱਸਿਆ ਕਿੰਨੀ ਗੰਭੀਰ ਹੈ।

ਚਰਚਾ ਦੌਰਾਨ ਭਾਰਤ ਸਰਕਾਰ, ਕੈਨੇਡਾ ਸਰਕਾਰ ਅਤੇ ਬਿਸ਼ਨੋਈ ਗੈਂਗ ਦਾ ਵਾਰ-ਵਾਰ ਜ਼ਿਕਰ ਹੋਇਆ। ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਕੈਨੇਡਾ ਸਰਕਾਰ ਨੂੰ ਨਿਰਾਸ਼ਾ ਨਾਲ ਵੇਖਿਆ ਅਤੇ ਕਿਹਾ ਕਿ ਉਹ ਭਾਰਤ ਅੱਗੇ ਝੁਕ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਵਪਾਰ ਨੂੰ ਵੱਧ ਮਹੱਤਵ ਦਿੱਤਾ ਜਾ ਰਿਹਾ ਹੈ ਅਤੇ ਲੋਕਾਂ ਦੀ ਸੁਰੱਖਿਆ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਬਿਸ਼ਨੋਈ ਗੈਂਗ, ਜੋ ਲਾਰੈਂਸ ਬਿਸ਼ਨੋਈ ਵੱਲੋਂ ਭਾਰਤ ਦੀ ਜੇਲ੍ਹ ਵਿੱਚੋਂ ਚਲਾਇਆ ਜਾਂਦਾ ਹੈ, ਨੂੰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਸਤੰਬਰ ਵਿੱਚ ਕੈਨੇਡਾ ਸਰਕਾਰ ਨੇ ਇਸ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨ ਕੀਤਾ ਸੀ, ਜਿਸ ਨੂੰ ਪੀਲ ਪੁਲਿਸ ਅਤੇ ਮੇਅਰ ਬਰਾਊਨ ਨੇ ਸਵਾਗਤ ਕੀਤਾ ਸੀ। ਪਰ ਭਾਈਚਾਰੇ ਵਿੱਚ ਇਹ ਭਾਵਨਾ ਹੈ ਕਿ ਇਹ ਕਾਫ਼ੀ ਨਹੀਂ ਅਤੇ ਵਧੇਰੇ ਕਾਰਵਾਈ ਦੀ ਲੋੜ ਹੈ।

ਇਸ ਮੀਟਿੰਗ ਨੂੰ ਵੇਖਦੇ ਹੋਏ ਇਹ ਸਪੱਸ਼ਟ ਹੈ ਕਿ ਅਮਨ-ਕਾਨੂੰਨ ਦੀ ਸਥਿਤੀ ਵਿਗੜ ਰਹੀ ਹੈ ਕਿਉਂਕਿ ਗੈਂਗਸਟਰਾਂ ਨੂੰ ਰੋਕਣ ਵਿੱਚ ਸਰਕਾਰਾਂ ਨਾਕਾਮ ਰਹੀਆਂ ਹਨ। ਪੰਜਾਬੀ ਅਤੇ ਪੰਥਕ ਜਥੇਬੰਦੀਆਂ ਦੀ ਨੀਤੀ ਹੈ ਕਿ ਉਹ ਭਾਈਚਾਰੇ ਨੂੰ ਇੱਕਜੁੱਟ ਕਰਨ ਅਤੇ ਸਰਕਾਰਾਂ ਨੂੰ ਦਬਾਅ ਪਾ ਕੇ ਕਾਰਵਾਈ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਬਰੈਂਪਟਨ ਤੱਕ ਨਹੀਂ, ਸਗੋਂ ਪੂਰੇ ਕੈਨੇਡਾ ਵਿੱਚ ਫੈਲੀ ਹੈ। ਪੰਜਾਬੀ ਡਰ ਵਿੱਚ ਜੀ ਰਹੇ ਹਨ ਅਤੇ ਕਈ ਵਾਰ ਰਿਪੋਰਟ ਵੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੁਝ ਨਹੀਂ ਹੋਵੇਗਾ।

ਪੰਥਕ ਜਥੇਬੰਦੀਆਂ ਨੇ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੈਨੇਡਾ ਸਰਕਾਰ ਭਾਰਤ ਨਾਲ ਵਪਾਰਕ ਸਬੰਧਾਂ ਕਾਰਨ ਚੁੱਪ ਹੈ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਨੂੰ ਇਸ ਨੂੰ ਰੋਕਣ ਲਈ ਡਿਪਲੋਮੈਟਿਕ ਕਦਮ ਚੁੱਕਣੇ ਚਾਹੀਦੇ ਹਨ। ਅਮਨ-ਕਾਨੂੰਨ ਵਿਗੜਨ ਦੇ ਕਾਰਨਾਂ ਵਿੱਚ ਗੈਂਗਾਂ ਦੀ ਵਧਦੀ ਤਾਕਤ, ਪੁਲਿਸ ਦੀ ਕਮੀ ਅਤੇ ਸਰਕਾਰੀ ਨੀਤੀਆਂ ਦੀ ਢਿੱਲ ਹਨ। ਜਥੇਬੰਦੀਆਂ ਦੀ ਨੀਤੀ ਹੈ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਅਤੇ ਸਹਾਇਤਾ ਪ੍ਰਦਾਨ ਕਰਨ। ਉਨ੍ਹਾਂ ਨੇ ਅਪੀਲ ਕੀਤੀ ਕਿ ਲੋਕ ਰਿਪੋਰਟ ਕਰਨ ਅਤੇ ਇੱਕ ਦੂਜੇ ਨੂੰ ਮਦਦ ਕਰਨ।

ਹੁਣ ਇਸ ਲੜੀ ਵਿੱਚ ਅਗਲੀਆਂ ਮੀਟਿੰਗਾਂ 13 ਦਸੰਬਰ ਨੂੰ ਕੈਲਗਰੀ ਅਤੇ 14 ਨੂੰ ਸਰੀ ਬੀਸੀ ਵਿੱਚ ਹੋਣਗੀਆਂ। ਇਨ੍ਹਾਂ ਵਿੱਚ ਵੀ ਰਾਜਨੀਤਕ ਆਗੂ ਅਤੇ ਪੁਲਿਸ ਸ਼ਾਮਲ ਹੋਣਗੇ। ਜਥੇਬੰਦੀਆਂ ਨੇ ਕਿਹਾ ਕਿ ਇਹ ਲੜਾਈ ਜਾਰੀ ਰਹੇਗੀ ਜਦੋਂ ਤੱਕ ਪੂਰੀ ਸੁਰੱਖਿਆ ਨਹੀਂ ਮਿਲ ਜਾਂਦੀ। ਇਹ ਸਭ ਵੇਖ ਕੇ ਲੱਗਦਾ ਹੈ ਕਿ ਪੰਜਾਬੀ ਭਾਈਚਾਰਾ ਹੁਣ ਚੁੱਪ ਨਹੀਂ ਰਹੇਗਾ ਅਤੇ ਆਪਣੇ ਹੱਕਾਂ ਲਈ ਲੜੇਗਾ।

ਇਸ ਸਮੱਸਿਆ ਦੀ ਜੜ੍ਹ ਵਿੱਚ ਭਾਰਤੀ ਗੈਂਗਾਂ ਦੀ ਵਧਦੀ ਪਹੁੰਚ ਹੈ। ਬਿਸ਼ਨੋਈ ਗੈਂਗ ਨੇ ਕੈਨੇਡਾ ਵਿੱਚ ਸਾਊਥ ਏਸ਼ੀਅਨ ਡਾਇਸਪੋਰਾ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਨੇ ਕਤਲ, ਫਿਰੌਤੀਆਂ ਅਤੇ ਧਮਕੀਆਂ ਨਾਲ ਪੰਜਾਬੀਆਂ ਨੂੰ ਡਰਾਇਆ ਹੈ ਚਾਹੇ ਹਿੰਦੂ ਹਨ ਜਾਂ ਸਿੱਖ।

ਕੈਨੇਡਾ ਵਿੱਚ ਰਹਿੰਦੇ ਪੰਜਾਬੀ ਕਾਰੋਬਾਰੀ ਖਾਸ ਨਿਸ਼ਾਨੇ ਤੇ ਹਨ ਕਿਉਂਕਿ ਉਨ੍ਹਾਂ ਕੋਲ ਪੈਸੇ ਹਨ ਅਤੇ ਉਹ ਆਸਾਨ ਨਿਸ਼ਾਨੇ ਬਣ ਜਾਂਦੇ ਹਨ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ 2023 ਤੋਂ ਬਾਅਦ 267 ਚਾਰਜਸ਼ੀਟਾਂ ਫਾਈਲ ਕੀਤੀਆਂ ਹਨ ਪਰ ਅਜੇ ਵੀ ਕਈ ਮਾਮਲੇ ਜਾਂਚ ਅਧੀਨ ਹਨ।

ਅਮਨ-ਕਾਨੂੰਨ ਵਿਗੜਨ ਦੇ ਕਈ ਕਾਰਨ ਹਨ। ਪਹਿਲਾ, ਗੈਂਗਾਂ ਨੂੰ ਰੋਕਣ ਲਈ ਕਾਫ਼ੀ ਪੁਲਿਸ ਨਹੀਂ ਹੈ। ਦੂਜਾ, ਸਰਕਾਰਾਂ ਵਿਚਕਾਰ ਰਾਜਨੀਤਕ ਮਸਲੇ ਹਨ ਜੋ ਕਾਰਵਾਈ ਵਿੱਚ ਰੁਕਾਵਟ ਪਾਉਂਦੇ ਹਨ। ਤੀਜਾ, ਲੋਕ ਡਰ ਕਾਰਨ ਰਿਪੋਰਟ ਨਹੀਂ ਕਰਦੇ। ਜਥੇਬੰਦੀਆਂ ਨੇ ਇਸ ਗੈਂਗਸਟਰਾਂ ਦੀ ਲੁਟਮਾਰ ਕਾਰਣ ਸਰਕਾਰ ਵਿਰੁਧ ਮੁਹਿੰਮ ਛੇੜ ਦਿਤੀ ਹੈ। ਉਨ੍ਹਾਂ ਦੀ ਨੀਤੀ ਹੈ ਕਿ ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਬਣਾਇਆ ਜਾਵੇ ਅਤੇ ਸਰਕਾਰ ਨੂੰ ਜਵਾਬਦੇਹ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਇਹ ਮੀਟਿੰਗਾਂ ਇੱਕ ਸ਼ੁਰੂਆਤ ਹਨ ਅਤੇ ਅੱਗੇ ਵੀ ਅਜਿਹੇ ਈਵੈਂਟ ਕੀਤੇ ਜਾਣਗੇ।

# ਪੰਜ ਸਿੰਘ ਸਾਹਿਬਾਨ ਨੇ ਅਕਾਲ ਤਖ਼ਤ ਤੋਂ ਧਾਰਮਿਕ ਫ਼ੈਸਲੇ ਸੁਣਾਏ

## ✪ ਵਲਟੋਹਾ ਦੀ ਸਜ਼ਾ ਮੁਆਫ਼, ਸਾਬਕਾ ਜਥੇਦਾਰ ਗੁਰਬਚਨ ਸਿੰਘ ਨੂੰ ਵੀ ਹਲਕੀ ਸਜ਼ਾ, ਗੁਰਪੁਰਬ ਮਿਤੀ ਵਿਚ ਕੋਈ ਬਦਲਾਅ ਨਹੀਂ





ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨਾਂ ਦੀ ਅਹਿਮ ਇਕੱਤਰਤਾ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋਈ। ਇਸ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਤੇ ਅਕਾਲ ਤਖ਼ਤ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਲ ਸਨ। ਇਕੱਤਰਤਾ ਮਗਰੋਂ ਅਕਾਲ ਤਖ਼ਤ ਦੀ ਫ਼ਸੀਲ ਤੋਂ ਜਾਰੀ ਹੁਕਮਨਾਮਿਆਂ ਵਿੱਚ ਕਈ ਵਿਵਾਦਿਤ ਮਸਲਿਆਂ ’ਤੇ ਫ਼ੈਸਲੇ ਸੁਣਾਏ ਗਏ, ਜਿਨ੍ਹਾਂ ਨੂੰ ਲੈ ਕੇ ਪੰਥਕ ਹਲਕਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ।

### ਵਿਰਸਾ ਸਿੰਘ ਵਲਟੋਹਾ ਦੀ 10 ਸਾਲ ਦੀ ਪਾਬੰਦੀ ਹਟੀ

ਸਾਬਕਾ ਮੰਤਰੀ ਤੇ ਅਕਾਲੀ ਆਗੂ ਪ੍ਰੋ. ਵਿਰਸਾ ਸਿੰਘ ਵਲਟੋਹਾ ਨੂੰ 15 ਅਕਤੂਬਰ 2024 ਨੂੰ ਸਿੰਘ ਸਾਹਿਬਾਨ ਵਿਰੁੱਧ ਬਿਆਨਬਾਜ਼ੀ ਤੇ ਰਿਕਾਰਡਿੰਗ ਕਰਨ ਦੇ ਦੋਸ਼ ਹੇਠ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢਿਆ ਗਿਆ ਸੀ। ਵਲਟੋਹਾ ਦੀ ਖਿਮਾ ਯਾਚਨਾ ਸਵੀਕਾਰ ਕਰਦਿਆਂ ਉਹ ਪਾਬੰਦੀ ਹਟਾ ਦਿੱਤੀ ਗਈ। ਹੁਣ ਉਹ ਪਾਰਟੀ ਵਿੱਚ ਵਾਪਸ ਆ ਸਕਦੇ ਨੇ।

ਸਜ਼ਾ ਵਜੋਂ ਉਨ੍ਹਾਂ ਨੂੰ ਕਿਹਾ ਗਿਆ ਕਿ:

- ਤਿੰਨ ਦਿਨ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਵਿੱਚ ਇੱਕ-ਇੱਕ ਘੰਟਾ ਜੂਠੇ ਭਾਂਡੇ ਮਾਂਜਣ ਤੇ ਜੋੜੇ ਝਾੜਨੇ ਹਨ
- ਦੋ ਦਿਨ ਤਰਨਤਾਰਨ, ਇਕ ਦਿਨ ਦਮਦਮਾ ਸਾਹਿਬ, ਇਕ ਦਿਨ ਅਨੰਦਪੁਰ ਸਾਹਿਬ ਵਿੱਚ ਵੀ ਇੱਕੋ ਜਿਹੀ ਸੇਵਾ ਨਿਭਾਉਣੀ ਹੈ
- ਗਿਆਰਾਂ ਦਿਨ ਰੋਜ਼ ਨਿਤਨੇਮ ਤੋਂ ਇਲਾਵਾ ਇੱਕ-ਇੱਕ ਪਾਠ
- ਅੰਤ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾ ਕੇ ਅਰਦਾਸ ਕਰਵਾਉਣੀ

ਇਥੇ ਜ਼ਿਕਰਯੋਗ ਹੈ ਕਿ ਜਥੇਦਾਰ ਵਲਟੋਹਾ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਪਹੁੰਚ ਕੇ ਭਾਂਡੇ ਮਾਂਜਣ ਤੇ ਜੋੜੇ ਝਾੜਨ ਦੀ ਸੇਵਾ ਸ਼ੁਰੂ ਕਰ ਚੁੱਕੇ ਹਨ।

### ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 27 ਦਸੰਬਰ ਹੀ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਦਸਵੇਂ ਗੁਰੂ ਜੀ ਦਾ ਪ੍ਰਕਾਸ਼ ਪੁਰਬ ਇੱਕੋ ਦਿਨ 27 ਦਸੰਬਰ ਨੂੰ ਪੈਣ ਕਾਰਨ ਸੰਗਤਾਂ ਵੱਲੋਂ ਹਜ਼ਾਰਾਂ ਪੱਤਰ ਆਏ ਸਨ। ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਿਤੀ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ। ਸੰਗਤ ਆਪਣੀ ਸਹੂਲਤ ਅਨੁਸਾਰ ਕੁਝ ਦਿਨ ਪਹਿਲਾਂ ਜਾਂ ਮਗਰੋਂ ਵੀ ਸਮਾਗਮ ਕਰ ਸਕਦੀ ਹੈ, ਪਰ ਅਸਲ ਮਿਤੀ 27 ਦਸੰਬਰ ਹੀ ਮਨਾਈ ਜਾਵੇਗੀ। ਗੁਰਪੁਰਬ ਵਾਲੇ ਫ਼ੈਸਲੇ ’ਤੇ ਵੀ ਕਈ ਸੰਗਤਾਂ ਨਿਰਾਸ਼ ਨੇ। ਉਹ ਕਹਿੰਦੇ ਨੇ ਕਿ ਸ਼ਹੀਦੀ ਦਿਹਾੜੇ ਦੇ ਮਾਤਮ ਵਾਲੇ ਮਾਹੌਲ ਵਿੱਚ ਖੁਸ਼ੀ ਕਿਵੇਂ ਮਨਾਈ ਜਾਵੇ? ਕਈ ਜਥੇਬੰਦੀਆਂ ਨੇ ਪਹਿਲਾਂ ਵੀ ਮੰਗ ਕੀਤੀ ਸੀ ਕਿ ਦਸ਼ਮੇਸ਼ ਪਾਤਸ਼ਾਹ ਦੇ ਗੁਰਪੁਰਬ ਮਿਤੀ ਬਦਲ ਕੇ 5 ਜਨਵਰੀ ਕਰ ਦਿੱਤੀ ਜਾਵੇ, ਪਰ ਅਕਾਲ ਤਖ਼ਤ ਨੇ ਇਨਕਾਰ ਕਰ ਦਿੱਤਾ। ਇਸ ਫ਼ੈਸਲੇ ਬਾਰੇ ਇੱਕ ਪਾਸੇ ਜਿੱਥੇ ਕਈ ਲੋਕਾਂ ਨੂੰ ਰਾਹਤ ਦੇ ਰਹੇ ਨੇ, ਉੱਥੇ ਕਈ ਪੰਥਕ ਹਲਕੇ ਇਨ੍ਹਾਂ ਨੂੰ “ਨਰਮ” ਕਾਰਵਾਈ” ਕਹਿ ਕੇ ਸਵਾਲ ਚੁੱਕ ਰਹੇ ਨੇ।

### ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਿਰਫ਼ ਦੋ ਦਿਨ ਦੀ ਸੇਵਾ

2015 ਵਿੱਚ ਡੇਰਾ ਸਿ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀਨਾਮਾ ਦੇਣ ਵਾਲੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਪਣੀ “ਭੁੱਲ” ਮੰਨੀ ਤੇ ਮੁਆਫ਼ੀ ਮੰਗੀ। ਪੰਜ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਸਿਰਫ਼ ਦੋ ਦਿਨ ਸ੍ਰੀ ਦਰਬਾਰ ਸਾਹਿਬ ਵਿੱਚ ਭਾਂਡੇ ਮਾਂਜਣ ਤੇ ਦੋ ਦਿਨ ਵਾਧੂ ਪਾਠ ਕਰਨ ਦੀ ਸਜ਼ਾ ਸੁਣਾਈ। ਇਸ ਫ਼ੈਸਲੇ ਨਾਲ ਪੰਥਕ ਜਥੇਬੰਦੀਆਂ ਤੇ ਬੁਧੀਜੀਵੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕ ਕਹਿ ਰਹੇ ਨੇ ਕਿ ਜਿਸ “ਗੁਨਾਹ” ਕਰਕੇ ਪੰਥ ਨੂੰ ਸਾਲਾਂ ਤੱਕ ਜ਼ਖ਼ਮ ਲੱਗੇ, ਉਸ ਦੀ ਸਜ਼ਾ ਸਿਰਫ਼ ਦੋ ਦਿਨ ਦੀ ਸੇਵਾ? ਉਹ ਵੀ ਰਿਟਾਇਰਮੈਂਟ ਮਗਰੋਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੂਰੀਆਂ ਸਹੂਲਤਾਂ ਲੈ ਰਹੇ ਨੇ। ਦਲ ਖ਼ਾਲਸਾ, ਸਿੱਖ ਯੂਥ ਫੈਡਰੇਸ਼ਨ, ਪੰਥਕ ਸੇਵਾ ਲਹਿਰ ਤੇ ਕਈ ਬੁਧੀਜੀਵੀਆਂ ਨੇ ਕਿਹਾ ਕਿ 2015 ਵਿੱਚ ਜੋ ਗੁਨਾਹ ਸੌਦਾ ਸਾਧ ਨੂੰ ਮਾਫ ਕਰਕੇ ਹੋਇਆ, ਉਹ ਸਿਰਫ਼ “ਭੁੱਲ” ਨਹੀਂ, ਸਗੋਂ ਸਿੱਖ ਸਿਧਾਂਤਾਂ ਨਾਲ ਖਿਲਵਾੜ ਸੀ। ਉਸ ਦੀ ਸਜ਼ਾ ਸਿਰਫ਼ ਦੋ ਦਿਨ ਦੀ ਸੇਵਾ ਤੇ ਕੁਝ ਪਾਠ? ਇਹ ਪੰਥ ਦੇ ਵਾਜੂਦ ਨਾਲ ਧੋਖਾ ਹੈ।

### ਹੋਰ ਤਨਖ਼ਾਹੀਏ

ਪੰਜਾਬ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ - ਆਰ. ਐਸ. ਐਸ. ਮੁਖੀ ਨਾਲ ਮੰਚ ਸਾਂਝਾ ਕਰਨ ਤੇ ਸਿੱਖ ਵਿਲੱਖਣਤਾ ਵਿਰੁੱਧ ਬੋਲਣ ਦੇ ਦੋਸ਼ ਵਿੱਚ ਦੋ ਦਿਨ ਸੇਵਾ, ਪੰਜ ਦਿਨ ਵਾਧੂ ਪਾਠ ਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ “ਹਮ ਹਿੰਦੂ ਨਹੀਂ” ਦੀਆਂ 5 ਕਾਪੀਆਂ ਵੰਡਣੀਆਂ।

ਭਾਸ਼ਾ ਵਿਭਾਗ ਡਾਇਰੈਕਟਰ ਜਸਵੰਤ ਸਿੰਘ ਜ਼ਫਰ - ਸ੍ਰੀਨਗਰ ਵਿੱਚ 350ਵੀਂ ਸ਼ਹੀਦੀ ਸਮਾਗਮ ਵਿੱਚ ਨਾਚ-ਗਾਣਾ ਕਰਵਾਉਣ ਦੇ ਦੋਸ਼ ਵਿੱਚ ਸੇਵਾ ਤੇ ਪਿੰ. ਸਤਬੀਰ ਸਿੰਘ ਦੀ ਕਿਤਾਬ ਦੀਆਂ 100 ਕਾਪੀਆਂ ਵੰਡਣੀਆਂ। ਯੂ.ਕੇ. ਪ੍ਰਚਾਰਕ ਹਰਿੰਦਰ ਸਿੰਘ - ਪੁਰਾਣੀਆਂ ਗਲਤ ਬਿਆਨੀਆਂ ਦੀ ਮੁਆਫ਼ੀ ਮਗਰੋਂ ਪ੍ਰਚਾਰ ’ਤੇ ਲੱਗੀ ਰੋਕ ਹਟੀ, ਦੋ ਦਿਨ ਸੇਵਾ।

### ਰਾਗੀ ਸਿੰਘਾਂ ਨੂੰ ਸਖ਼ਤ ਹਦਾਇਤ

ਭਾਈ ਕੁਲਵਿੰਦਰ ਸਿੰਘ ਖਰੜ ਤੇ ਭਾਈ ਮਹਿਤਾਬ ਸਿੰਘ ਜਲੰਧਰ ਵਿਰੁੱਧ ਸ਼ਿਕਾਇਤਾਂ ਸਨ ਕਿ ਉਹ ਅਜ਼ਾਨ ਨਮਾਜ਼ ਦੀ ਟੋਨ ਵਰਗੀ ਉੱਚੀ ਆਵਾਜ਼ ਵਿੱਚ ਕੀਰਤਨ ਕਰਦੇ ਨੇ। ਪੰਜ ਸਿੰਘ ਸਾਹਿਬਾਨ ਨੇ ਸਾਰੇ ਰਾਗੀ ਜਥਿਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਸਿਰਫ਼ ਨਿਰਧਾਰਤ ਰਾਗਾਂ ਅਨੁਸਾਰ ਹੀ ਗੁਰਬਾਣੀ ਗਾਇਨ ਕਰਨ।

## ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੀ ਪੁਸਤਕ ‘ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ’ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਐਡਵੋਕੇਟ ਧਾਮੀ ਵੱਲੋਂ ਸੰਗਤ ਅਰਪਨ



ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦੀ ਕਿਤਾਬ ਜਾਰੀ ਕਰਨ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਹਿਮ ਸ਼ਖ਼ਸੀਅਤਾਂ

ਅੰਮ੍ਰਿਤਸਰ (ਪੰਜਾਬ ਟਾਈਮਜ਼) – ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੰਥ ਦੇ ਉਘੇ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੁਆਰਾ ਲਿਖਤ ਪੁਸਤਕ “ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ” ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਐਡਵੋਕੇਟ ਦੁਆਰਾ ਸੰਗਤ ਅਰਪਨ ਕੀਤੀ ਗਈ । ਇਸ ਮੌਕੇ ਪੰਥ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ । ਇਹ ਪੁਸਤਕ ਖਾਲਸਾ ਪ੍ਰਚਾਰਕ ਜਥਾ ਯੂ ਕੇ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਕਥਾ ਰਾਹੀਂ ਸੰਗਤਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਦੇ ਨਾਲ-ਨਾਲ ਆਪਣੀਆਂ ਲਿਖਤਾਂ ਨਾਲ ਵੀ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਵੱਡੀਆਂ ਸੇਵਾਵਾਂ ਨਿਭਾਅ ਰਹੇ ਹਨ। ਇਹਨਾਂ ਵੱਲੋਂ ਲਿਖੀਆਂ ਹੋਰ ਪੁਸਤਕਾਂ ਵਿੱਚ ‘ਦਰਪਣ ਸਿੱਖ ਰਹਿਤ ਮਰਯਾਦਾ’, ‘ਬਾਦਸ਼ਾਹ ਦਰਵੇਸ਼’, ‘ਗੁਰੂ ਨਾਨਕ ਉਦਾਸੀ ਦਰਪਣ’, ‘ਜ਼ਫ਼ਰਨਾਮਾ ਦਰਪਣ’ ਸਮੇਤ ਹੋਰ ਪੁਸਤਕਾਂ ਵੀ ਸ਼ਾਮਿਲ ਹਨ । ਉਹਨਾਂ ਕਿਹਾ ਗਿਆਨੀ ਜੀ ਦੀ ਲੇਖਣੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਅਤੇ ਗੁਰਮਤਿ ਸਿਧਾਂਤਾਂ ਨੂੰ ਪ੍ਰਣਾਈ ਹੋਈ ਹੈ । ਐਡਵੋਕੇਟ ਧਾਮੀ ਨੇ ਕਿਹਾ ਕਿ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਵੱਲੋਂ ਲਿਖੀ ਗਈ ਇਹ ਪੁਸਤਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਦਾ ਵੱਡਾ ਉਪਰਾਲਾ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ । ਇਸ ਮੌਕੇ ਗਿਆਨੀ ਗੁਰਬਖਸ਼ ਸਿੰਘ ਗੁਲਸਨ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਅਤੇ ਸੰਗਤਾਂ ਦੀ ਪ੍ਰੇਰਨਾ ਸਦਕਾ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਲਿਖਣ ਦਾ ਯਤਨ ਕਰ ਰਹੇ ਹਾਂ, ਜਿਸ ਨੂੰ ਸੰਗਤਾਂ ਵੱਲੋਂ ਮਾਣ ਦਿੱਤਾ ਜਾ ਰਿਹਾ ਹੈ । ਉਹਨਾਂ ਪੁਸਤਕ ਜਾਰੀ ਕਰਨ ਲਈ ਪੁੱਜੇ ਸ਼੍ਰੋ: ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ । ਇਸ ਮੌਕੇ ਗਿਆਨੀ ਜੀ ਨੇ ਖ਼ਾਲਸਾ ਪ੍ਰਚਾਰਕ ਜਥੇ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ 1500 ਡਾਲਰ ਸ਼੍ਰੋਮਣੀ ਕਮਟਿੀ ਦੇ ਪ੍ਰਧਾਨ ਨੂੰ ਸੌਂਪੇ । ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੂੰ ਸਿਰੋਪਾਓ, ਲੋਈ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ ।

# ਵੱਡੇ ਬਾਦਲ ਦੀ ਸਿਆਸੀ ਵਿਰਾਸਤ ਨੂੰ ਜਾਰੀ ਰਖਣਗੇ ਸੁਖਬੀਰ ਸਿੰਘ ਬਾਦਲ

## ✪ ਗਿੱਦੜਬਾਹਾ ਤੋਂ ਚੋਣ ਲੜਨ ਦਾ ਸੰਕੇਤ ਦਿੱਤਾ, ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦਾ 'ਸਭ ਤੋਂ ਵੱਡਾ ਵਿਕਾਸ ਪੁਰਖ' ਦੱਸਿਆ ✪ ਕਿਹਾ ਕਿ ਜੇ ਉਹ ਸਿਆਸਤ ਵਿਚ ਨਾ ਆਉਂਦੇ ਤਾਂ ਪੰਜਾਬ ਤਬਾਹ ਹੋ ਜਾਣਾ ਸੀ


ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗਿੱਦੜਬਾਹਾ ਹਲਕੇ ਵਿੱਚ ਪਾਰਟੀ ਦਫ਼ਤਰ ਖੋਲ੍ਹਦਿਆਂ ਵੱਡਾ ਸਿਆਸੀ ਸੰਕੇਤ ਦਿੱਤਾ ਹੈ। ਉਨ੍ਹਾਂ ਕਿਹਾ ਕਿ "ਗਿੱਦੜਬਾਹਾ ਦੇ ਲੋਕ ਆਪਣੇ ਆਪ ਨੂੰ ਲਾਵਾਰਸ ਨਾ ਸਮਝਣ, ਬਾਦਲ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਜ਼ਰੂਰ ਇੱਥੋਂ ਚੋਣ ਲੜੇਗਾ।" ਸੁਖਬੀਰ ਨੇ ਇਹ ਵੀ ਇਸ਼ਾਰਾ ਕੀਤਾ ਕਿ ਉਹ ਖੁਦ ਗਿੱਦੜਬਾਹਾ ਤੋਂ ਚੋਣ ਲੜ ਸਕਦੇ ਹਨ, ਪਰ ਪੰਜਾਬ ਭਰਾਜ ਭਰ ਵਿੱਚ ਪ੍ਰਚਾਰ ਕਰਨ ਕਾਰਨ ਪਾਰਟੀ ਵਰਕਰਾਂ ਨੂੰ ਹੀ ਹਲਕੇ ਦੀ ਵਾਗਡੋਰ ਸੰਭਾਲਣੀ ਪਵੇਗੀ।

ਇਸੇ ਹਫ਼ਤੇ ਪਿੰਡ ਬਾਦਲ ਵਿੱਚ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੇ 98ਵੇਂ ਜਨਮ ਦਿਨ ਮੌਕੇ 70 ਫੁੱਟ ਉੱਚਾ ਬੁੱਤ ਵੀ ਉਦਘਾਟਨ ਕੀਤਾ ਗਿਆ ਸੀ। ਇਸ ਮੌਕੇ ਸੁਖਬੀਰ ਬਾਦਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਜੇਕਰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਨਾ ਬਣਦੇ, ਸਿਆਸਤ ਵਿਚ ਨਾ ਹੁੰਦੇ ਤਾਂ ਅੱਜ ਪੰਜਾਬ ਦਾ ਬਹੁਤ ਬੁਰਾ ਹਾਲ ਹੁੰਦਾ। ਪਿੰਡਾਂ ਦੀਆਂ ਸੜਕਾਂ-ਨਾਲੀਆਂ, ਦਾਣਾ ਮੰਡੀਆਂ, ਟਿਊਬਵੈਲ ਕੁਨੈਕਸ਼ਨ, ਆਟਾ-ਦਾਲ ਸਕੀਮ, ਬੁਢਾਪਾ ਪੈਨਸ਼ਨ, ਆਦਰਸ਼ ਸਕੂਲ, ਯੂਨੀਵਰਸਿਟੀਆਂ - ਸਭ ਕੁਝ ਬਾਦਲ ਸਾਹਿਬ ਦੀਆਂ ਸਰਕਾਰਾਂ ਦੀ ਦੇਣ ਹੈ।"

ਸੁਖਬੀਰ ਨੇ ਸਪੱਸ਼ਟ ਕੀਤਾ ਕਿ ਜਿਹੜੇ ਅਕਾਲੀ ਲੀਡਰ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਜਾਂ ਕਾਂਗਰਸ ਵਿੱਚ ਗਏ ਸਨ, ਉਹ ਵਾਪਸ ਆਉਣ ਦੀਆਂ ਗੱਲਾਂ ਕਰ ਰਹੇ ਹਨ ਪਰ "ਜਿਹੜਾ ਇੱਕ ਵਾਰ ਪਾਰਟੀ ਛੱਡ ਗਿਆ, ਉਹ ਵਾਪਸ ਨਹੀਂ ਆ ਸਕਦਾ।" ਇਸ ਨਾਲ ਪਾਰਟੀ ਵਿੱਚ ਵਾਪਸੀ ਦੀਆਂ ਅਫਵਾਹਾਂ ਤੇ ਪੂਰਾ ਵਿਰਾਮ ਲੱਗ ਗਿਆ।

### ਗਿੱਦੜਬਾਹਾ ਤੋਂ ਸੁਖਬੀਰ ਖੁਦ ਲੜਨ ਦੀ ਸੰਭਾਵਨਾ

ਗਿੱਦੜਬਾਹਾ ਹਲਕਾ ਪ੍ਰਕਾਸ਼ ਸਿੰਘ ਬਾਦਲ ਦਾ ਪੁਰਾਣਾ ਗੜ੍ਹ ਰਿਹਾ ਹੈ। 2022 ਵਿੱਚ ਪਹਿਲੀ ਵਾਰ ਇੱਥੋਂ ਅਕਾਲੀ ਉਮੀਦਵਾਰ ਹਾਰਿਆ ਸੀ। ਸੁਖਬੀਰ ਨੇ ਕਿਹਾ, "ਇਹ ਹਲਕਾ ਵੱਡੇ ਬਾਦਲ ਸਾਹਿਬ ਦਾ ਸੀ, ਹੈ ਤੇ ਰਹੇਗਾ।" ਜਦੋਂ ਲੋਕਾਂ ਨੇ ਹੱਥ ਉੱਚੇ ਕਰਕੇ ਸਮਰਥਨ ਦਿੱਤਾ ਤਾਂ ਸੁਖਬੀਰ ਨੇ ਮੁਸਕਰਾਉਂਦਿਆਂ ਕਿਹਾ, "ਫੈਸਲਾ ਪੱਕਾ ਮੰਨ ਲਓ, ਪਰ ਪੰਜਾਬ ਭਰ ਦਾ ਪ੍ਰਚਾਰ ਵੀ ਕਰਨਾ ਪੈਣਾ ਏ, ਇਸ ਲਈ ਵਰਕਰਾਂ ਨੂੰ ਤਿਆਰ ਰਹਿਣਾ ਪਵੇਗਾ।" ਇਸ ਨਾਲ ਸਵਾਲ ਉੱਠ ਰਿਹਾ ਹੈ ਕਿ ਕੀ ਸੁਖਬੀਰ ਆਪਣੀ ਪੁਰਾਣੀ ਸੀਟ ਜਲਾਲਾਬਾਦ (ਜਾਂ ਹੁਣ ਫ਼ਿਰੋਜ਼ਪੁਰ ਲੋਕ ਸਭਾ) ਛੱਡ ਕੇ ਗਿੱਦੜਬਾਹਾ ਆਉਣਗੇ? ਜਾਂ ਫਿਰ ਪਰਿਵਾਰ ਦਾ ਕੋਈ ਹੋਰ ਮੈਂਬਰ (ਜਿਵੇਂ ਧੀ ਹਰਸਿਮਰਤ ਕੌਰ ਬਾਦਲ ਜਾਂ ਪੁੱਤਰ ਅਨੰਤਵੀਰ ਸਿੰਘ) ਇੱਥੋਂ ਲੜੇਗਾ? ਸੂਤਰ ਦੱਸਦੇ ਹਨ ਕਿ ਸੁਖਬੀਰ ਖੁਦ ਗਿੱਦੜਬਾਹਾ ਲੜਨ ਦੇ ਹੱਕ ਵਿੱਚ ਹਨ ਤਾਂ ਜੋ ਪਿਤਾ ਦੀ ਪੁਰਾਣੀ ਸੀਟ ਨੂੰ ਮੁੜ ਜਿੱਤਿਆ ਜਾ ਸਕੇ।



### 70 ਫੁੱਟ ਵੱਡੇ ਬਾਦਲ ਦਾ ਬੁੱਤ ਤੇ ਸਦਭਾਵਨਾ ਦਿਵਸ

ਪਿੰਡ ਬਾਦਲ ਵਿੱਚ 8 ਦਸੰਬਰ ਨੂੰ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦਾ 98ਵਾਂ ਜਨਮ ਦਿਨ "ਸਦਭਾਵਨਾ ਦਿਵਸ" ਵਜੋਂ ਮਨਾਇਆ ਗਿਆ। ਸੁਖਬੀਰ ਬਾਦਲ, ਹਰਸਿਮਰਤ ਕੌਰ ਬਾਦਲ, ਮਨਪ੍ਰੀਤ ਬਾਦਲ, ਪ੍ਰਨੀਤ ਕੌਰ, ਅਭੈ ਚੌਟਾਲਾ, ਬਲਵਿੰਦਰ ਸਿੰਘ ਭੂੰਦੜ, ਹਰਜਿੰਦਰ ਸਿੰਘ ਧਾਮੀ ਸਣੇ ਸੈਂਕੜੇ ਆਗੂ ਮੌਜੂਦ ਸਨ। ਸੁਖਬੀਰ ਨੇ ਕਿਹਾ, "ਮੈਂ ਬਹੁਤ ਖੁਸ਼ਕਿਸਮਤ ਹਾਂ ਜੋ ਮਹਾਨ ਪ੍ਰਕਾਸ਼ ਸਿੰਘ ਬਾਦਲ ਦਾ ਪੁੱਤਰ ਹਾਂ। ਉਨ੍ਹਾਂ ਵਾਂਗ ਪੰਥ ਤੇ ਪੰਜਾਬ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਾਂ।" ਇਸ ਮੌਕੇ 70 ਫੁੱਟ ਉੱਚਾ ਬੁੱਤ ਵੀ ਉਦਘਾਟਨ ਕੀ ਕੀਤਾ ਗਿਆ ਜਿਸ ਨੂੰ ਬਾਦਲ ਪਰਿਵਾਰ ਨੇ ਆਪਣੇ ਖ਼ਰਚੇ ਤੇ ਬਣਵਾਇਆ ਹੈ।

## ਸੁਖਬੀਰ ਵੱਡੇ ਬਾਦਲ ਨੂੰ ਰੋਲ ਮਾਡਲ ਵਜੋ ਅਪਨਾਕੇ ਉਤਰਨਗੇ ਚੋਣਾਂ ਵਿਚ

ਸੁਖਬੀਰ ਬਾਦਲ ਦੀਆਂ ਤਾਜ਼ਾ ਗੱਲਾਂ ਤੋਂ ਸਾਫ਼ ਹੈ ਕਿ ਅਕਾਲੀ ਦਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪੁਰਾਣੀਆਂ ਸੀਟਾਂ ਤੇ ਪੁਰਾਣੇ ਨਾਅਰਿਆਂ ਨਾਲ ਮੁੜ ਮੈਦਾਨ ਵਿੱਚ ਉਤਰਨਾ ਚਾਹੁੰਦਾ ਹੈ। "ਪੰਜਾਬ ਦਾ ਵਿਕਾਸ ਸਿਰਫ਼ ਅਕਾਲੀ-ਭਾਜਪਾ ਸਰਕਾਰਾਂ ਨੇ ਕੀਤਾ" ਵਾਲਾ ਨਾਅਰਾ ਮੁੜ ਗੂੰਜ ਰਿਹਾ ਹੈ।

ਗਿੱਦੜਬਾਹਾ ਦੇ ਲੋਕਾਂ ਨੇ ਹੱਥ ਉੱਚੇ ਕਰਕੇ ਵਾਅਦਾ ਕੀਤਾ ਕਿ "ਜਦੋਂ ਵੀ ਬਾਦਲ ਪਰਿਵਾਰ ਦਾ ਉਮੀਦਵਾਰ ਆਵੇਗਾ, ਅਸੀਂ ਪੂਰਾ ਜ਼ੋਰ ਲਾਵਾਂਗੇ।" ਕੀ ਇਸ ਨਾਲ 2027 ਦੀਆਂ ਚੋਣਾਂ ਵਿੱਚ ਬਾਦਲ ਪਰਿਵਾਰ ਦੀ ਵਾਪਸੀ ਦਾ ਸਿਲਸਿਲਾ ਫਿਰ ਸ਼ੁਰੂ ਹੋਣ ਵਾਲਾ ਜਾਪਦਾ ਹੈ। ਇਹ ਅਹਿਮ ਸੁਆਲ ਸਮੇਂ ਦੇ ਗਰਭ ਵਿਚ ਲੁਕਿਆ ਹੈ।

## ਵੱਡੇ ਬਾਦਲ ਦੇ ਸਿਆਸੀ ਜੀਵਨ ਉਪਰ ਝਾਤ

### ✪ ਵਿਵਾਦਾਂ ਵਾਲਾ ਵੀ ਸਿਆਸੀ ਜੀਵਨ ਰਿਹਾ

* ਪ੍ਰਕਾਸ਼ ਸਿੰਘ ਬਾਦਲ - ਪੰਜਾਬ ਦੇ ਸਭ ਤੋਂ ਲੰਬੇ ਸਮੇਂ ਤੱਕ 5 ਵਾਰ ਮੁੱਖ ਮੰਤਰੀ (1970-71, 1977-80, 1997-2002, 2007-12, 2012-17)

* 43 ਸਾਲ ਦੀ ਉਮਰ ਵਿੱਚ ਭਾਰਤ ਦੇ ਸਭ ਤੋਂ ਨੌਜਵਾਨ ਮੁੱਖ ਮੰਤਰੀ ਤੇ 90 ਸਾਲ ਦੀ ਉਮਰ ਵਿੱਚ ਸਭ ਤੋਂ ਬਜ਼ੁਰਗ ਮੁੱਖ ਮੰਤਰੀ

* 1969 ਤੋਂ 2017 ਤੱਕ ਲੰਬੀ ਸੀਟ ਤੋਂ ਕਦੇ ਨਹੀਂ ਹਾਰੇ (2022 ਵਿੱਚ ਹਾਰੇ)

* ਅਕਾਲੀ ਦਲ-ਭਾਜਪਾ ਗਠਜੋੜ ਨੂੰ 1997 ਤੋਂ 2017 ਤੱਕ ਸੱਤਾ ਵਿੱਚ ਰੱਖਿਆ

* ਪੰਜਾਬ ਵਿੱਚ ਸੜਕਾਂ, ਸਕੂਲ, ਪੈਨਸ਼ਨ, ਤੇ ਆਟਾ-ਦਾਲ ਸਕੀਮਾਂ ਦੇ ਜਨਕ ਮੰਨੇ ਜਾਂਦੇ ਹਨ ਪਰ ਉਨ੍ਹਾਂ ਦੀ ਵਿਰਾਸਤ ਤੇ ਵਿਵਾਦ ਵੀ ਰਹੇ। 2015 ਦੀਆਂ ਬੇਅਦਬੀ ਘਟਨਾਵਾਂ ਤੇ ਪੁਲਿਸ ਗੋਲੀਕਾਂਡ ਕਾਰਨ ਅਕਾਲ ਤਖ਼ਤ ਨੇ ਦਸੰਬਰ 2024 ਵਿੱਚ ਉਨ੍ਹਾਂ ਨੂੰ ਦਿੱਤਾ "ਫ਼ਖ਼ਰ-ਏ-ਕੌਮ" ਖ਼ਿਤਾਬ ਵਾਪਸ ਲੈ ਲਿਆ ਸੀ। ਫਿਰ ਵੀ ਬਾਦਲ ਪਰਿਵਾਰ ਲਈ ਉਹ ਅੱਜ ਵੀ "ਪੰਜਾਬ ਦੇ ਸਿਆਸੀ ਬਿਲਡਰ" ਹਨ।

## 'ਵੀਰ ਬਾਲ ਦਿਵਸ' ਦਾ ਨਾਮ ਬਦਲਵਾਉਣ 'ਤੇ ਜਥੇਦਾਰ ਗੜਗਜ ਵਲੋਂ ਸਿੱਖ ਸੰਸਦ ਮੈਂਬਰਾਂ ਨੂੰ ਅਪੀਲ

ਅੰਮ੍ਰਿਤਸਰ-ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਅਕਾਲ ਤਖ਼ਤ ਦੇ ਸਕੱਤਰੇਤ ਨੇ ਸਿੱਖ ਸੰਸਦ ਮੈਂਬਰਾਂ ਨੂੰ ਵਿਸ਼ੇਸ਼ ਪੱਤਰ ਲਿਖ ਕੇ ਕੇਂਦਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਮਨਾਏ ਜਾਂਦੇ ਸ਼ਹੀਦੀ ਦਿਹਾੜੇ ਦੇ ਨਾਮ ਨੂੰ 'ਵੀਰ ਬਾਲ ਦਿਵਸ' ਦੀ ਥਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਅਧਿਕਾਰਿਤ ਤੌਰ 'ਤੇ ਬਦਲਵਾਉਣ ਲਈ ਆਖਿਆ ਹੈ। ਇਹ ਸਾਂਝਾ ਪੱਤਰ ਲੋਕ ਸਭਾ ਮੈਂਬਰ ਡਾ. ਅਮਰ ਸਿੰਘ, ਗੁਰਜੀਤ ਸਿੰਘ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਰਾਜ ਸਭਾ ਮੈਂਬਰ ਹਰਭਜਨ ਸਿੰਘ, ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ, ਮਲਵਿੰਦਰ ਸਿੰਘ, ਸੁਖਜਿੰਦਰ ਸਿੰਘ, ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ, ਲੋਕ ਸਭਾ ਮੈਂਬਰ ਗੁਰਮੀਤ ਸਿੰਘ, ਸ਼ੇਰ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਅਮਰਿੰਦਰ ਸਿੰਘ ਨੂੰ ਲਿਖਿਆ ਗਿਆ ਹੈ।

## ਮੁਹਾਲੀ ਵਿੱਚ ਭਾਜਪਾ ਆਗੂ ਦੀ ਥਾਰ 'ਤੇ ਗੋਲੀਆਂ ਚਲੀਆਂ

### ✪ ਸਕਾਰਪਿਓ ਵਿੱਚ ਆਏ ਸਨ ਹਮਲਾਵਰ; ਸੱਤ ਗੋਲੀਆਂ ਚੱਲੀਆਂ

ਮੁਹਾਲੀ-ਮੁਹਾਲੀ ਵਿਚ ਭਾਜਪਾ ਆਗੂ ਦੇ ਫੇਜ਼-1 ਦੇ ਘਰ ਦੇ ਬਾਹਰ ਖੜ੍ਹੀ ਥਾਰ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਤਲਵਾਰਾਂ ਤੇ ਰਾਡਾਂ ਨਾਲ ਗੱਡੀ ਦੀ ਭੰਨਤੋੜ ਕੀਤੀ ਗਈ। ਇਹ ਗੋਲੀਆਂ ਬੀਤੀ ਦੇਰ ਰਾਤ ਚਲਾਈਆਂ ਗਈਆਂ। ਇਸ ਘਟਨਾ ਸਬੰਧੀ ਭਾਜਪਾ ਆਗੂ ਗੁਰਦੀਪ ਸਿੰਘ ਨੂੰ ਉਦੋਂ ਪਤਾ ਚੱਲਿਆ ਜਦੋਂ ਉਹ ਅੱਜ ਸਵੇਰੇ ਜਿਮ ਜਾਣ ਲੱਗਿਆ। ਪੇਇੰਗ ਗੈਸਟ ਰਿਹਾਇਸ਼ ਦੇ ਮਾਲਕ ਨੇ ਕਿਹਾ ਕਿ ਪਹਿਲਾਂ ਤਾਂ ਉਸ ਨੂੰ ਲੱਗਿਆ ਕਿ ਕਿਸੇ ਨੇ ਗੱਡੀ 'ਤੇ ਪੱਥਰ ਮਾਰੇ ਹਨ ਪਰ ਜਾਂਚ ਕਰਨ 'ਤੇ ਗੱਡੀ ਦੇ ਅੰਦਰੋਂ ਇੱਕ ਗੋਲੀ ਦਾ ਖੋਲ ਮਿਲਿਆ। ਸੀ ਸੀ ਟੀ ਵੀ ਫੁਟੇਜ ਦੇਖਣ 'ਤੇ ਪਤਾ ਲੱਗਿਆ ਸਕਾਰਪਿਓ ਵਿਚ ਸਵਾਰ ਅਣਪਛਾਤੇ ਵਿਅਕਤੀਆਂ ਨੇ ਗੱਡੀ 'ਤੇ ਗੋਲੀ ਚਲਾਈ ਅਤੇ ਫਿਰ ਬੋਨਟ 'ਤੇ ਤਲਵਾਰਾਂ ਮਾਰ ਕੇ ਭੰਨ-ਤੋੜ ਕੀਤੀ। ਉਨ੍ਹਾਂ ਮਾਮਲੇ ਬਾਰੇ ਤੁਰੰਤ ਪਹਿਲਾ ਫੇਜ਼ ਥਾਣੇ ਦੀ ਪੁਲੀਸ ਨੂੰ ਸੂਚਿਤ ਕੀਤਾ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਰਾਜਾ ਵੜਿੰਗ ਨੇ ਨਵਜੋਤ ਕੌਰ ਸਿੱਧੂ ਨੂੰ ਕਾਂਗਰਸ ਤੋਂ ਕੀਤਾ ਮੁਅੱਤਲ

## ✪ 500 ਕਰੋੜ ਦੇ ਸੂਟਕੇਸ ਵਾਲੇ ਬਿਆਨ ਤੋਂ ਬਾਅਦ ਪੰਜਾਬ ਕਾਂਗਰਸ ਵਿਚ ਭੂਚਾਲ ✪ ਨਵਜੋਤ ਕੌਰ ਦਾ ਵੱਡਾ ਦਾਅਵਾ: '70% ਪੰਜਾਬ ਕਾਂਗਰਸੀ ਮੇਰੇ ਨਾਲ' ✪ ਸੁਖਜਿੰਦਰ ਰੰਧਾਵਾ ਨੇ ਭੇਜਿਆ ਕਾਨੂੰਨੀ ਨੋਟਿਸ, ਸਿੱਧੂ ਜੋੜੇ 'ਤੇ ਨਵੇਂ ਇਲਜ਼ਾਮ

**ਵਿਸ਼ੇਸ਼ ਖ਼ਬਰ** ਪੰਜਾਬ ਕਾਂਗਰਸ ਵਿੱਚ ਚੱਲ ਰਹੀ ਅੰਦਰੂਨੀ ਲੜਾਈ ਹੁਣ ਸਿਖਰ ਤੇ ਪਹੁੰਚ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਦੀ ਮੂਲ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਫੈਸਲਾ ਬੀਤੇ ਸੋਮਵਾਰ ਨੂੰ ਲਿਆ ਗਿਆ ਸੀ ਅਤੇ ਇਸ ਨੇ ਪੂਰੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਮਚਾ ਦਿੱਤੀ ਹੈ। ਨਵਜੋਤ ਕੌਰ ਨੇ ਪਹਿਲਾਂ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਦੇ ਬਿਆਨ ਨਾਲ ਵਿਵਾਦ ਖੜ੍ਹਾ ਕੀਤਾ ਸੀ ਅਤੇ ਫਿਰ ਰਾਜਾ ਵੜਿੰਗ ਤੇ 5 ਕਰੋੜ ਵਿੱਚ ਕੌਂਸਲਰ ਦੀ ਟਿਕਟ ਵੇਚਣ ਦਾ ਇਲਜ਼ਾਮ ਲਾਇਆ। ਇਸ ਨਾਲ ਪਾਰਟੀ ਵਿੱਚ ਭੂਚਾਲ ਆ ਗਿਆ ਅਤੇ ਵਿਰੋਧੀ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ (ਆਪ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਇਸ ਦਾ ਫਾਇਦਾ ਚੁੱਕ ਰਹੀਆਂ ਹਨ।

ਨਵਜੋਤ ਕੌਰ ਸਿੱਧੂ, ਜੋ ਕਿ ਡਾਕਟਰ ਹਨ ਅਤੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਸਾਬਕਾ ਵਿਧਾਇਕ ਰਹੀਆਂ ਹਨ, ਨੇ ਹਾਲ ਹੀ ਵਿੱਚ ਕਈ ਵਿਵਾਦਤ ਬਿਆਨ ਦਿੱਤੇ ਹਨ। ਉਨ੍ਹਾਂ ਨੇ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਪੰਜਾਬ ਵਿੱਚ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਦਾ ਸੂਟਕੇਸ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਕਾਂਗਰਸ ਵਿੱਚ ਵਾਪਸ ਆ ਸਕਦੇ ਹਨ ਜੇਕਰ ਪਾਰਟੀ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਏ, ਪਰ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ। ਇਸ ਬਿਆਨ ਨੇ ਪਹਿਲਾਂ ਹੀ ਪਾਰਟੀ ਵਿੱਚ ਹੜਕੰਪ ਮਚਾ ਦਿੱਤਾ ਸੀ। ਫਿਰ ਸੋਮਵਾਰ ਨੂੰ ਇੱਕ ਮੀਡੀਆ ਚੈਨਲ ਤੇ ਉਨ੍ਹਾਂ ਨੇ ਰਾਜਾ ਵੜਿੰਗ ਤੇ 5 ਕਰੋੜ ਵਿੱਚ ਕੌਂਸਲਰ ਦੀ ਟਿਕਟ ਵੇਚਣ ਦਾ ਇਲਜ਼ਾਮ ਲਾਇਆ। ਨਾਲ ਹੀ ਉਨ੍ਹਾਂ ਨੇ ਅਮਰਿੰਦਰ ਰਾਜਾ ਵੜਿੰਗ, ਚਰਨਜੀਤ ਚੰਨੀ, ਸੁਖਜਿੰਦਰ ਰੰਧਾਵਾ ਅਤੇ ਪ੍ਰਤਾਪ ਸਿੰਘ ਬਾਜਵਾ ਵਰਗੇ ਨੇਤਾਵਾਂ ਤੇ ਇਲਜ਼ਾਮ ਲਾਇਆ ਕਿ ਉਹ ਮੁੱਲ ਕੇ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ ਅਤੇ ਇਸ ਕਰਕੇ ਕਾਂਗਰਸ ਨੂੰ ਖਤਮ ਕਰਨ ਵਿੱਚ ਲੱਗੇ ਹੋਏ ਹਨ।

ਇਸ ਬਿਆਨਬਾਜ਼ੀ ਤੋਂ ਬਾਅਦ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਲਿਆ। ਮੁਅੱਤਲੀ ਤੋਂ ਬਾਅਦ ਵੀ ਨਵਜੋਤ ਕੌਰ ਨੇ ਆਪਣਾ ਹਮਲਾਵਰ ਰੁਖ ਜਾਰੀ ਰੱਖਿਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ ਤੇ ਪੋਸਟ ਪਾ ਕੇ ਰਾਜਾ ਵੜਿੰਗ ਤੇ ਪੰਜਾਬ ਕਾਂਗਰਸ ਨੂੰ ਤੋੜਨ ਅਤੇ ਆਪਣੇ ਆਪ ਨੂੰ ਬਚਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਚਾਪਲੂਸੀ ਕਰਨ ਦਾ ਇਲਜ਼ਾਮ ਲਾਇਆ। ਉਨ੍ਹਾਂ ਨੇ ਇਹ ਵੀ ਕਿਹਾ



**ਪੰਜਾਬ ਟਾਈਮਜ਼ ਅਨੁਸਾਰ ਇਸ ਸਭ ਨਾਲ ਸਵਾਲ ਖੜ੍ਹੇ ਹੋ ਰਹੇ ਹਨ ਕਿ ਕੀ ਨਵਜੋਤ ਕੌਰ ਸਿੱਧੂ ਅਤੇ ਨਵਜੋਤ ਸਿੰਘ ਸਿੱਧੂ ਦਾ ਕਾਂਗਰਸ ਵਿੱਚ ਭਵਿੱਖ ਹੈ? ਕੀ ਉਹ ਨਵੀਂ ਪਾਰਟੀ ਬਣਾਉਣਗੇ? ਪੰਜਾਬ ਕਾਂਗਰਸ ਵਿੱਚ ਕਈ ਖੇਮੇ ਹਨ ਅਤੇ ਇਹ ਕਲੇਸ਼ 2027 ਚੋਣਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪਾਰਟੀ ਨੂੰ ਇਸ ਨੂੰ ਜਲਦੀ ਹੱਲ ਕਰਨਾ ਚਾਹੀਦਾ ਹੈ ਨਹੀਂ ਤਾਂ ਵਿਰੋਧੀਆਂ ਨੂੰ ਫਾਇਦਾ ਮਿਲੇਗਾ। ਇਹ ਵਿਵਾਦ ਪੰਜਾਬ ਦੀ ਸਿਆਸਤ ਨੂੰ ਨਵਾਂ ਮੋੜ ਦੇ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵਧ ਸਕਦਾ ਹੈ।**

ਕਿ ਉਹ ਰਾਜਾ ਵੜਿੰਗ ਨੂੰ ਪ੍ਰਧਾਨ ਮੰਨਦੀ ਹੀ ਨਹੀਂ ਹਨ। ਹਾਲਾਂਕਿ ਰਾਜਾ ਵੜਿੰਗ ਇਸ ਮਾਮਲੇ ਤੇ ਚੁੱਪ ਹਨ। ਇਸ ਤੋਂ ਇਲਾਵਾ ਨਵਜੋਤ ਕੌਰ ਨੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਤੇ ਵੀ ਵੱਡੇ ਇਲਜ਼ਾਮ ਲਾਏ ਹਨ। ਉਨ੍ਹਾਂ ਨੇ ਕਿਹਾ ਕਿ ਰੰਧਾਵਾ ਦੇ ਤਸਕਰਾਂ ਨਾਲ ਲਿੰਕ ਹਨ ਅਤੇ ਉਨ੍ਹਾਂ ਦੀ ਜ਼ਮੀਨ ਜਾਇਦਾਦ ਤੇ ਸਵਾਲ ਖੜ੍ਹੇ ਕੀਤੇ ਕਿ ਐਨਾ ਪੈਸਾ ਕਿੱਥੋਂ ਆਇਆ। ਨਾਲ ਹੀ ਉਨ੍ਹਾਂ ਨੇ ਰਾਜਸਥਾਨ ਚੋਣਾਂ ਵਿੱਚ ਪੈਸੇ ਲੈ ਕੇ ਟਿਕਟਾਂ ਵੰਡਣ ਦਾ ਇਲਜ਼ਾਮ ਲਾਇਆ ਅਤੇ ਕਿਹਾ ਕਿ ਉਨ੍ਹਾਂ ਕੋਲ ਸਬੂਤ ਹਨ।

ਸੁਖਜਿੰਦਰ ਰੰਧਾਵਾ ਨੇ ਇਸ ਦਾ ਤਿੱਖਾ ਜਵਾਬ ਦਿੱਤਾ ਹੈ। ਉਨ੍ਹਾਂ ਨੇ ਨਵਜੋਤ ਕੌਰ ਨੂੰ ਸਵਾਲ ਕੀਤਾ ਕਿ ਤੁਹਾਡੇ ਪਤੀ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਸਰਕਾਰ ਵਿੱਚ ਨੰਬਰ ਦੋ ਦਾ ਮੰਤਰੀ ਬਣਨ ਲਈ ਕਿੰਨੇ ਰੁਪਏ ਦਿੱਤੇ ਸਨ? ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਲਈ ਕਿੰਨੇ ਰੁਪਏ ਦਿੱਤੇ? ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿੱਧੂ ਦੇ ਪਿਤਾ ਵੀ ਐਡਵੋਕੇਟ ਜਨਰਲ ਬਣੇ ਸਨ, ਕੀ ਉਹ ਵੀ ਪੈਸੇ ਦੇ ਕੇ ਬਣੇ ਸਨ? ਰੰਧਾਵਾ ਨੇ ਕਿਹਾ ਕਿ ਕਾਂਗਰਸ ਨੂੰ ਵਿਰੋਧੀਆਂ ਤੋਂ ਨਹੀਂ ਬਲਕਿ ਅਜਿਹੇ ਲੋਕਾਂ ਤੋਂ ਖਤਰਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਢੇ ਤਿੰਨ ਸਾਲ ਵਰਕਰ ਡੰਡੇ ਖਾਂਦੇ ਰਹੇ ਪਰ ਚੋਣਾਂ ਨੇੜੇ ਆਈਆਂ ਤਾਂ ਅਜਿਹੇ ਲੋਕ ਫੁਟ ਪਾਉਣ ਲੱਗ ਪਏ ਹਨ। ਹੁਣ ਰੰਧਾਵਾ ਨੇ ਨਵਜੋਤ ਕੌਰ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਉਹ ਹਫ਼ਤੇ ਵਿੱਚ ਜਨਤਕ ਮੁਆਫ਼ੀ ਨਾ ਮੰਗੀ ਤਾਂ ਮਾਣਹਾਨੀ ਦਾ ਕੇਸ ਕੀਤਾ ਜਾਵੇਗਾ। ਨਵਜੋਤ ਕੌਰ ਨੇ ਕਿਹਾ ਕਿ ਉਹ ਸਬੂਤਾਂ ਨਾਲ ਜਵਾਬ ਦੇਣਗੇ।

ਵਿਰੋਧੀ ਪਾਰਟੀਆਂ ਇਸ ਅੰਦਰੂਨੀ ਕਲੇਸ਼ ਦਾ ਪੂਰਾ ਫਾਇਦਾ ਚੁੱਕ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨਵਜੋਤ ਕੌਰ ਨੇ ਕਾਂਗਰਸ ਵਿੱਚ ਅਹੁਦਿਆਂ ਦੇ ਰੇਟ ਤੈਅ ਹੋਣ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਰਾਜਾ ਵੜਿੰਗ ਅਤੇ ਪ੍ਰਤਾਪ ਬਾਜਵਾ ਇਨ੍ਹਾਂ ਇਲਜ਼ਾਮਾਂ ਦਾ ਜਵਾਬ ਕਿਉਂ ਨਹੀਂ ਦਿੰਦੇ? ਚੀਮਾ ਨੇ ਇਹ ਵੀ ਕਿਹਾ ਕਿ ਇਹ ਵੱਡੇ ਇਲਜ਼ਾਮ ਹਨ ਅਤੇ ਹਾਈਕਮਾਂਡ ਨੂੰ ਵੀ ਜਵਾਬ ਦੇਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਨੇ ਭਾਜਪਾ ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਜਿਹੇ ਨੇਤਾ ਜਿਨ੍ਹਾਂ ਨੇ ਪੈਸੇ ਦੇ ਕੇ ਅਹੁਦੇ ਹਾਸਲ ਕੀਤੇ ਸਨ, ਹੁਣ ਭਾਜਪਾ ਵਿੱਚ ਹਨ। ਭਾਜਪਾ ਨੂੰ ਦੱਸਣਾ ਚਾਹੀਦਾ ਕਿ ਉਹ ਅਜਿਹੇ ਲੀਡਰਾਂ ਨੂੰ ਕਿਉਂ ਨਹੀਂ ਕੱਢ ਰਹੀ। ਭਾਜਪਾ ਨੇ ਵੀ ਇਲਜ਼ਾਮ ਲਾਇਆ ਕਿ ਇਸ ਨਾਲ ਕਾਂਗਰਸ ਵਿੱਚ ਭ੍ਰਿਸ਼ਟਾਚਾਰ ਸਾਹਮਣੇ ਆ ਗਿਆ ਹੈ।

ਨਵਜੋਤ ਕੌਰ ਸਿੱਧੂ ਨਾਲ ਜੁੜੇ ਅਤੀਤ ਦੇ ਪੰਜ ਵੱਡੇ ਵਿਵਾਦ ਵੀ ਇਸ ਮੌਕੇ ਚਰਚਾ ਵਿੱਚ ਹਨ। ਪਹਿਲਾ ਵਿਵਾਦ ਅਕਾਲੀ ਸਰਕਾਰ ਖਿਲਾਫ ਮੋਰਚਾ ਹੈ। 2012 ਵਿੱਚ ਉਨ੍ਹਾਂ ਨੇ ਭਾਜਪਾ ਦੀ ਟਿਕਟ ਤੇ ਅੰਮ੍ਰਿਤਸਰ ਪੂਰਬੀ ਤੋਂ ਚੋਣ ਜਿੱਤੀ ਅਤੇ ਅਕਾਲੀ-ਭਾਜਪਾ ਸਰਕਾਰ ਵਿੱਚ ਚੀਫ ਪਾਰਲੀਮੈਂਟਰੀ ਸੈਕਟਰੀ ਬਣੀਆਂ। ਪਰ ਉਨ੍ਹਾਂ ਨੇ ਅਕਾਲੀ ਨੇਤਾਵਾਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਖਿਲਾਫ ਵਿਰੋਧ ਕੀਤਾ ਅਤੇ ਵਿਕਾਸ ਫੰਡ ਵਿੱਚ ਭੇਦਭਾਵ ਦੇ ਇਲਜ਼ਾਮ ਲਾਏ। ਦੂਜਾ ਵਿਵਾਦ ਮਾਫੀਆ ਰਾਜ ਦਾ ਹੈ। ਉਨ੍ਹਾਂ ਨੇ ਸੁਖਬੀਰ ਬਾਦਲ ਅਤੇ ਬਿਕਰਮ ਮਜੀਠੀਆ ਤੇ ਮਾਫੀਆ ਦੀ ਸਰਪ੍ਰਸਤੀ ਦੇ ਇਲਜ਼ਾਮ ਲਾਏ ਅਤੇ ਇਸ ਨੇ ਗੱਠਜੋੜ ਵਿੱਚ ਭੂਚਾਲ ਲਿਆ ਦਿੱਤਾ। ਤੀਜਾ ਵਿਵਾਦ ਕਾਂਗਰਸ ਵਿੱਚ ਸ਼ਾਮਲ ਹੋਣ ਅਤੇ ਲੀਡਰਸ਼ਿਪ ਦੀ ਅਲੋਚਨਾ ਹੈ। 2017 ਵਿੱਚ ਉਹ ਕਾਂਗਰਸ ਵਿੱਚ ਸ਼ਾਮਲ ਹੋਈਆਂ ਅਤੇ ਕੈਪਟਨ ਅਮਰਿੰਦਰ ਸਿੰਘ ਖਿਲਾਫ ਬਗਾਵਤ ਕੀਤੀ। 2019 ਵਿੱਚ ਉਨ੍ਹਾਂ ਨੂੰ ਚੰਡੀਗੜ੍ਹ ਤੋਂ ਟਿਕਟ ਨਾ ਮਿਲਣ ਤੇ ਉਨ੍ਹਾਂ ਨੇ ਕੈਪਟਨ ਅਤੇ ਆਸ਼ਾ ਕੁਮਾਰੀ ਤੇ ਇਲਜ਼ਾਮ ਲਾਏ। ਚੌਥਾ ਵਿਵਾਦ ਟਿਕਟਾਂ ਵੇਚਣ ਦਾ ਹੈ। ਉਨ੍ਹਾਂ ਨੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਪੈਸੇ ਲੈ ਕੇ ਟਿਕਟ ਦੇਣ ਦੇ ਇਲਜ਼ਾਮ ਲਾਏ ਪਰ ਉਮੀਦਵਾਰ ਨੇ ਇਨਕਾਰ ਕੀਤਾ। ਪੰਜਵਾਂ ਵਿਵਾਦ ਕੈਂਸਰ ਇਲਾਜ ਵਾਲਾ ਹੈ। 2022 ਵਿੱਚ ਉਨ੍ਹਾਂ ਨੂੰ ਕੈਂਸਰ ਹੋਇਆ ਅਤੇ ਨਵਜੋਤ ਸਿੰਘ ਨੇ ਦਾਅਵਾ ਕੀਤਾ ਕਿ ਆਯੁਰਵੇਦ ਨਾਲ ਠੀਕ ਹੋ ਗਈ ਪਰ ਇਸ ਨੇ ਮੈਡੀਕਲ ਕਮਿਊਨਿਟੀ ਵਿੱਚ ਵਿਵਾਦ ਖੜ੍ਹਾ ਕੀਤਾ ਅਤੇ ਉਨ੍ਹਾਂ ਨੂੰ 850 ਕਰੋੜ ਦਾ ਨੋਟਿਸ ਮਿਲਿਆ।

ਹਾਲ ਹੀ ਵਿੱਚ ਨਵਜੋਤ ਕੌਰ ਨੇ ਆਪਣੇ ਜੱਦੀ ਘਰ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਦਾਅਵਾ ਕੀਤਾ ਕਿ ਪੰਜਾਬ ਦੇ 70 ਫੀਸਦੀ ਕਾਂਗਰਸੀ ਅਤੇ ਕੇਂਦਰੀ ਲੀਡਰਸ਼ਿਪ ਦੇ 90 ਫੀਸਦੀ ਆਗੂ ਉਨ੍ਹਾਂ ਨਾਲ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਫੋਨ ਆਏ ਪਰ ਉਹ ਨਹੀਂ ਰੁਕਣਗੇ। ਉਨ੍ਹਾਂ ਨੇ ਟਿਕਟਾਂ ਵੇਚਣ ਵਾਲਿਆਂ ਨੂੰ ਚੁੱਪ ਕਰਾਉਣ ਦੀ ਗੱਲ ਕੀਤੀ ਅਤੇ ਰਾਜਾ ਵੜਿੰਗ ਨੂੰ ਵਿਵਾਦਤ ਦੱਸਿਆ। ਨਾਲ ਹੀ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਜ਼ਮੀਨ ਕਬਜ਼ੇ ਦੇ ਇਲਜ਼ਾਮ ਲਾਏ ਅਤੇ ਅਮਨ ਕਾਨੂੰਨ ਦੀ ਹਾਲਤ ਨਾਜ਼ੁਕ ਦੱਸੀ। ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਨਹੀਂ ਹੋਈ ਤਾਂ ਰਾਜਪਾਲ ਕੋਲ ਗਏ। ਉਨ੍ਹਾਂ ਨੇ ਰੰਧਾਵਾ ਤੇ ਮੁੜ ਰਾਜਸਥਾਨ ਵਿੱਚ ਟਿਕਟਾਂ ਵੇਚਣ ਦਾ ਇਲਜ਼ਾਮ ਲਾਇਆ ਅਤੇ ਕਿਹਾ ਕਿ ਕਾਂਗਰਸ 2027 ਵਿੱਚ ਸਰਕਾਰ ਬਣਾਏਗੀ। ਉਨ੍ਹਾਂ ਨੇ ਅਨਿਲ ਜੋਸ਼ੀ ਤੇ ਵੀ ਪੈਸੇ ਦੇ ਕੇ ਕਾਂਗਰਸ ਵਿੱਚ ਆਉਣ ਅਤੇ ਹੁਣ ਅਕਾਲੀ ਵਿੱਚ ਜਾਣ ਦਾ ਇਲਜ਼ਾਮ ਲਾਇਆ। ਉਨ੍ਹਾਂ ਨੇ ਆਪਣੇ ਪਤੀ ਨੂੰ ਵੀ ਸਿਆਸਤ ਵਿੱਚ ਸਰਗਰਮ ਹੋਣ ਲਈ ਕਿਹਾ।

ਸਿਆਸੀ ਮਾਹਿਰਾਂ ਦੇ ਅਨੁਸਾਰ, ਨਵਜੋਤ ਕੌਰ ਅਤੇ ਨਵਜੋਤ ਸਿੰਘ ਸਿੱਧੂ ਜੋੜਾ ਦਬਾਅ ਦੀ ਰਾਜਨੀਤੀ ਕਰਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਤਨਾਮ ਸਿੰਘ ਦਿਓਲ ਨੇ ਕਿਹਾ ਕਿ ਇਹ ਬਿਆਨਬਾਜ਼ੀ ਦਬਾਅ ਬਣਾਉਣ ਲਈ ਹੈ ਅਤੇ 2027 ਚੋਣਾਂ ਤੋਂ ਪਹਿਲਾਂ ਵੱਡੀ ਜ਼ਿੰਮੇਵਾਰੀ ਚਾਹੁੰਦੇ ਹਨ। ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਮੁਹੰਮਦ ਖਾਲਿਦ ਨੇ ਕਿਹਾ ਕਿ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕੀਤਾ ਜਾ ਸਕਦਾ ਸੀ ਅਤੇ ਉਨ੍ਹਾਂ ਦੀ ਗਰਾਊਂਡ ਗਤੀਵਿਧੀਆਂ ਘੱਟ ਹਨ ਤਾਂ ਵਿਕਲਪ ਘੱਟ ਹਨ। ਉਨ੍ਹਾਂ ਨੇ ਕਿਹਾ ਕਿ ਅਤੀਤ ਵਿੱਚ ਵੀ ਉਨ੍ਹਾਂ ਨੇ ਬਿਆਨਬਾਜ਼ੀ ਹੀ ਕੀਤੀ ਅਤੇ ਕਰਤਾਰਪੁਰ ਲਾਂਘੇ ਵਿੱਚ ਯੋਗਦਾਨ ਨਾਲ ਪ੍ਰਸਿੱਧੀ ਮਿਲੀ ਪਰ ਹੁਣ ਕੁਝ ਨਹੀਂ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** **ਸਿੱਖਿਆ ਉਹੀ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਆਪੇ ਦੀ ਪਹਿਚਾਣ ਹੋਵੇ ।**

# ਭਾਰਤ: ਤਿੰਨ ਮਹਾਂਸ਼ਕਤੀਆਂ ਦੀ ਸਾਂਝੀ ਮੰਡੀ, ਫਿਰ ਕੋਈ ਮਿੱਤਰ ਕੌਣ ਰਹਿ ਗਿਆ ?

ਵਿਸ਼ਵ ਰਾਜਨੀਤੀ ਦੇ ਮੰਚ 'ਤੇ ਅੱਜ ਜਦੋਂ ਵੀ ਭਾਰਤ ਦਾ ਨਾਂ ਆਉਂਦਾ ਹੈ ਤਾਂ ਤਿੰਨ ਵੱਡੇ ਨਾਂ ਆਪਣੇ-ਆਪ ਉੱਭਰ ਕੇ ਸਾਹਮਣੇ ਆ ਜਾਂਦੇ ਹਨ - ਰੂਸ, ਅਮਰੀਕਾ ਤੇ ਚੀਨ। ਦਸੰਬਰ 2025 ਵਿੱਚ ਪੁਤਿਨ ਭਾਰਤ ਆਏ ਸਨ, ਜਨਵਰੀ-ਫਰਵਰੀ ਵਿੱਚ ਸ਼ਾਇਦ ਟਰੰਪ ਆਉਣਗੇ ਤੇ ਉਸ ਤੋਂ ਬਾਅਦ ਸ਼ੀ ਜਿਨਪਿੰਗ ਵੀ ਗਲਵੱਕੜੀਆਂ ਪਾਉਣ ਆਵੇਗਾ। ਇਹ ਕਥਾ ਬੜੀ ਖੂਬਸੂਰਤ ਲੱਗਦੀ ਹੈ - ਇੱਕ ਭਾਰਤ ਜੋ ਤਿੰਨ ਮਹਾਂਸ਼ਕਤੀਆਂ ਨਾਲ ਇੱਕੋ ਜਿਹੀ ਨੇੜਤਾ ਰੱਖਦਾ ਹੈ। ਪਰ ਸੱਚਾਈ ਇਸ ਤੋਂ ਕਿਤੇ ਵੱਖਰੀ ਤੇ ਕਰੜੀ ਹੈ। ਇਹ ਤਿੰਨੇ ਮੁਲਕ ਭਾਰਤ ਨੂੰ ਆਪਣੀ ਸਭ ਤੋਂ ਵੱਡੀ ਵਪਾਰਕ ਮੰਡੀ ਮੰਨਦੇ ਹਨ। ਭਾਰਤ ਉਨ੍ਹਾਂ ਲਈ ਉਹ ਗਾਹਕ ਹੈ ਜੋ ਮਹਿੰਗੇ ਤੇ ਘਟੀਆ ਦੋਵੇਂ ਮਾਲ ਖਰੀਦ ਲੈਂਦਾ ਹੈ, ਬਿਨਾਂ ਸੌਦੇਬਾਜ਼ੀ ਕੀਤਿਆਂ।

ਰੂਸ ਦੀ ਗੱਲ ਕਰੀਏ। ਯੂਕਰੇਨ ਜੰਗ ਤੋਂ ਬਾਅਦ ਰੂਸ ਪੱਛਮ ਵਿੱਚ ਇਕੱਲਾ ਪੈ ਗਿਆ ਸੀ। ਉਸ ਦੀ ਤੇਲ ਦੀ ਵਿਕਰੀ ਰੋਕੀ ਗਈ, ਹਥਿਆਰਾਂ ਦੀ ਮਾਰਕੀਟ ਸੁੰਗੜ ਗਈ। ਉਸ ਸਮੇਂ ਭਾਰਤ ਉਸ ਲਈ ਤਾਰਣਹਾਰ ਬਣ ਕੇ ਉਭਰਿਆ। ਅੱਜ ਰੂਸ ਦਾ 40 ਫੀਸਦੀ ਤੋਂ ਵੱਧ ਕੱਚਾ ਤੇਲ ਭਾਰਤ ਹੀ ਖਰੀਦ ਰਿਹਾ ਹੈ - ਉਹ ਵੀ ਡਿਸਕਾਊਂਟ 'ਤੇ। ਭਾਰਤ ਰੂਸ ਤੋਂ ਐਸ-400, ਸੁਖੋਈ ਜਹਾਜ਼, ਟੈਂਕ ਤੇ ਹੋਰ ਹਥਿਆਰ ਖਰੀਦਦਾ ਹੈ, ਭਾਵੇਂ ਉਹ ਪੱਛਮੀ ਹਥਿਆਰਾਂ ਨਾਲੋਂ ਮਹਿੰਗੇ ਤੇ ਪੁਰਾਣੇ ਹੋਣ। ਬਦਲੇ ਵਿੱਚ ਰੂਸ ਨੂੰ ਕੀ ਮਿਲਦਾ ਹੈ ? ਮੁਨਾਫ਼ਾ, ਬਹੁਤ ਜ਼ਿਆਦਾ ਮੁਨਾਫ਼ਾ ਤੇ ਇੱਕ ਵੋਟ ਜੋ ਸੰਯੁਕਤ ਰਾਸ਼ਟਰ ਵਿੱਚ ਉਸ ਦੇ ਹੱਕ ਵਿੱਚ ਖੜ੍ਹੀ ਰਹਿੰਦੀ ਹੈ। ਭਾਰਤ-ਰੂਸ ਦੋਸਤੀ ਦੀ ਇਹੀ ਅਸਲ ਬੁਨਿਆਦ ਹੈ - ਇੱਕ ਪਾਸੇ ਭਾਰਤ ਜਿਸ ਨੂੰ ਹਥਿਆਰ ਤੇ ਈਂਧਨ ਚਾਹੀਦਾ ਹੈ, ਦੂਜੇ ਪਾਸੇ ਰੂਸ ਜਿਸ ਨੂੰ ਪੈਸੇ ਤੇ ਰਾਜਨੀਤਿਕ ਢਾਲ ਚਾਹੀਦੀ ਹੈ।

ਅਮਰੀਕਾ ਦੀ ਵਾਰੀ ਆਵੇ ਤਾਂ ਗੱਲ ਥੋੜ੍ਹੀ ਉਲਟ ਹੈ। ਅਮਰੀਕਾ ਭਾਰਤ ਤੋਂ ਵਧੇਰੇ ਖਰੀਦਦਾ ਹੈ ਜਿੰਨਾ ਵੇਚਦਾ ਹੈ, ਇਸ ਲਈ ਉਸ ਨੂੰ ਵਪਾਰਕ ਘਾਟਾ ਸਹਿਣਾ ਪੈਂਦਾ ਹੈ। ਟਰੰਪ ਇਸੇ ਗੱਲ ਤੋਂ ਖਾਰ ਖਾਂਦੇ ਹਨ। ਉਹ ਭਾਰਤ 'ਤੇ ਟੈਰਿਫ ਦਾ ਸ਼ਿਕੰਜਾ ਕੱਸ ਰਹੇ ਹਨ । ਉਨ੍ਹਾਂ ਦੀ ਸੋਚ ਸਾਫ਼ ਹੈ - ਭਾਰਤ ਨੂੰ ਝੁਕਾ ਕੇ ਆਪਣੀਆਂ ਸ਼ਰਤਾਂ 'ਤੇ ਮਾਰਕੀਟ ਖੋਲ੍ਹਣੀ ਹੈ। ਭਾਰਤ ਜਿੰਨੀ ਦੇਰ ਟਾਲੇਗਾ, ਟੈਰਿਫ ਓਨਾ ਵਧੇਗਾ। ਅੰਤ ਵਿੱਚ ਮੋਦੀ ਸਰਕਾਰ ਨੂੰ ਝੁੱਕਣਾ ਪਵੇਗਾ, ਫਿਰ ਇਹ ਪ੍ਰਚਾਰ ਕੀਤਾ ਜਾਵੇਗਾ ਕਿ "ਪੁਤਿਨ ਕਾਰਡ" ਨਾਲ ਟਰੰਪ ਨੂੰ ਮਜਬੂਰ ਕਰ ਦਿੱਤਾ"। ਅਸਲ ਵਿੱਚ ਟਰੰਪ ਤੇ ਪੁਤਿਨ ਦੀ ਪੁਰਾਣੀ ਯਾਰੀ ਹੈ - ਉਹ ਆਪਸ ਵਿੱਚ ਤਾਲਮੇਲ ਕਰਕੇ ਭਾਰਤ ਨੂੰ ਦਬਾਅ ਵਿੱਚ ਰੱਖਦੇ ਹਨ। ਯੂਕਰੇਨ ਨਾਲ ਵੀ ਅਜਿਹਾ ਵਾਪਰ ਰਿਹਾ ਹੈ।

ਚੀਨ ਤਾਂ ਸਭ ਤੋਂ ਵੱਡਾ ਖਿਡਾਰੀ ਹੈ। ਉਹ ਸਸਤਾ ਤੇ ਘਟੀਆ ਮਾਲ ਵੇਚ ਕੇ ਸਾਲਾਨਾ 100 ਅਰਬ ਡਾਲਰ ਤੋਂ ਵੱਧ ਦਾ ਵਪਾਰਕ ਸਰਪਲਸ ਕਮਾ ਰਿਹਾ ਹੈ। ਭਾਰਤ ਦੀਆਂ ਸੜਕਾਂ 'ਤੇ ਚੀਨੀ ਮੋਬਾਈਲ, ਖਿਡੌਣੇ, ਕੱਪੜੇ ਤੇ ਇਲੈਕਟ੍ਰਾਨਿਕਸ ਛਾਏ ਹੋਏ ਹਨ। ਭਾਰਤ ਨੇ ਚੀਨੀ ਐਪਸ 'ਤੇ ਪਾਬੰਦੀ ਲਗਾਈ, ਪਰ ਮਾਲ ਆਉਣਾ ਬੰਦ ਨਹੀਂ ਹੋਇਆ - ਬੱਸ ਰਾਹ ਬਦਲ ਗਿਆ। ਚੁਣੌਤੀ ਇਹ ਹੈ ਕਿ ਭਾਰਤ ਦੀ ਜਨਤਾ ਸਸਤੇ ਮਾਲ ਦੀ ਆਦੀ ਹੋ ਚੁੱਕੀ ਹੈ। ਚੀਨ ਜਾਣਦਾ ਹੈ ਕਿ ਭਾਰਤ ਦੀ ਇਹ ਕਮਜ਼ੋਰੀ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਹੈ।

ਇਸ ਸਾਰੇ ਖੇਡ ਵਿੱਚ ਸਭ ਤੋਂ ਦੁਖਦਾਈ ਸਵਾਲ ਇਹ ਹੈ - ਕੀ ਭਾਰਤ ਦਾ ਸੱਚਮੁੱਚ ਕੋਈ ਮਿੱਤਰ ਹੈ ? 1962 ਵਿੱਚ ਜਦੋਂ ਚੀਨ ਨੇ ਹਮਲਾ ਕੀਤਾ ਤਾਂ ਸੋਵੀਅਤ ਯੂਨੀਅਨ (ਅੱਜ ਦਾ ਰੂਸ) ਚੁੱਪ ਰਿਹਾ। ਮਦਦ ਬ੍ਰਿਟੇਨ ਤੇ ਅਮਰੀਕਾ ਤੋਂ ਆਈ। ਅੱਜ ਰੂਸ ਚੀਨ ਦਾ ਜੂਨੀਅਰ ਪਾਰਟਨਰ ਬਣ ਚੁੱਕਾ ਹੈ। ਜੇ ਕੱਲ੍ਹ ਚੀਨ ਨੇ ਅਰੁਣਾਚਲ ਜਾਂ ਲੱਦਾਖ 'ਤੇ ਵੱਡਾ ਹਮਲਾ ਕੀਤਾ ਤਾਂ ਕੀ ਪੁਤਿਨ ਭਾਰਤ ਦੀ ਮਦਦ ਲਈ ਦੌੜੇਗਾ ? ਜਵਾਬ ਸਾਫ਼ ਹੈ - ਨਹੀਂ। ਉਹ ਚੀਨ ਨਾਲ ਆਪਣੇ ਸਬੰਧ ਨਹੀਂ ਖਰਾਬ ਕਰੇਗਾ। ਅਮਰੀਕਾ ਵੀ ਆਪਣੇ ਹਿੱਤਾਂ ਨੂੰ ਪਹਿਲ ਦੇਵੇਗਾ - ਜਿੰਨੀ ਕੁ ਮਦਦ ਕਰੇਗਾ, ਉਸ ਦੀ ਵੀ ਕੀਮਤ ਵਸੂਲੇਗਾ।

ਭਾਰਤ ਅੱਜ 1.4 ਅਰਬ ਦੀ ਆਬਾਦੀ ਵਾਲਾ ਸਭ ਤੋਂ ਵੱਡਾ ਖਪਤਕਾਰ ਬਾਜ਼ਾਰ ਹੈ। ਇਸ ਦੀ ਭੁੱਖ ਅਤੇ ਇਸ ਦੀ ਬੇਸਬਰੀ ਹੀ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਰੂਸ, ਅਮਰੀਕਾ ਤੇ ਚੀਨ - ਤਿੰਨੇ ਇਸ ਭੁੱਖ ਨੂੰ ਆਪੋ-ਆਪਣੇ ਢੰਗ ਨਾਲ ਵਰਤ ਰਹੇ ਹਨ। ਜਦੋਂ ਤੱਕ ਭਾਰਤ ਆਪਣੀ ਉਤਪਾਦਨ ਸਮਰੱਥਾ ਨੂੰ ਨਹੀਂ ਵਧਾਏਗਾ, ਆਪਣੀਆਂ ਜ਼ਰੂਰਤਾਂ ਆਪ ਨਹੀਂ ਪੂਰੀਆਂ ਕਰੇਗਾ, ਤਦ ਤੱਕ ਉਹ ਇਨ੍ਹਾਂ ਤਿੰਨਾਂ ਮਹਾਂਸ਼ਕਤੀਆਂ ਦੀ ਸਾਂਝੀ ਮੰਡੀ ਬਣਿਆ ਰਹੇਗਾ। ਸੱਚੀ ਸੁਤੰਤਰ ਵਿਦੇਸ਼ ਨੀਤੀ ਤੇ ਸੱਚੀ ਮਹਾਂਸ਼ਕਤੀ ਦਾ ਰੁਤਬਾ ਉਦੋਂ ਹੀ ਮਿਲੇਗਾ ਜਦੋਂ ਭਾਰਤ ਖਰੀਦਦਾਰ ਨਹੀਂ, ਵੇਚਣ ਵਾਲਾ ਬਣੇਗਾ। ਮਤਲਬ ਭਾਰਤ ਖਤਰੇ ਵਿਚ ਤਿੰਨ ਮਹਾਸ਼ਕਤੀਆਂ ਵਿਚ ਘਿਰਿਆ ਹੈ।

**-ਰਜਿੰਦਰ ਸਿੰਘ ਪੁਰੇਵਾਲ**

## ਕੀ ਸਿਆਸੀ ਆਗੂ ਵਿਸ਼ਵਾਸ ਕਰਨ ਯੋਗ ਹੁੰਦੇ ਨੇ ?

ਆਮ ਤੌਰ ਤੇ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਸਿਆਸੀ ਆਗੂ ਜੋ ਬਿਆਨ ਦਿੰਦੇ ਹਨ ਤੇ ਲੋਕਾਂ/ਵੋਟਰਾਂ ਨਾਲ ਵਾਅਦੇ ਕਰਦੇ ਹਨ, ਉਹਨਾਂ ਉਤੇ ਖਰੇ ਨਹੀਂ ਉਤਰਦੇ । ਬਿਆਨਬਾਜ਼ੀ ਦੌਰਾਨ ਤਾਂ ਸਾਰੇ ਜੱਗ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ, ਕਿ ਜਿਵੇਂ ਉਹਨਾਂ ਨੇ ਸਭ ਕੁੱਝ ਸੁਧਾਰ ਦੇਣਾ ਹੁੰਦਾ ਹੈ ਤੇ ਲੋਕਾਂ ਦੀ ਤਰੱਕੀ ਲਈ ਵੱਡੇ ਵੱਡੇ ਪ੍ਰੋਜੈਕਟ ਲਾ ਦੇਣੇ ਨੇ ਤੇ ਜੁਰਮਾਂ ਆਦਿ ਨੂੰ ਰੋਕ ਦੇਣਾ ਹੁੰਦਾ ਹੈ। ਪਰ ਜਦੋਂ ਹੀ ਕੁਰਸੀ ਮਿਲ ਜਾਂਦੀ ਹੈ ਤਾਂ ਇਹ ਸਾਰੇ ਵਾਅਦੇ ਭੁੱਲ ਜਾਂਦੇ ਨੇ । ਇਸ ਤਰ੍ਹਾਂ ਦੇ ਨਾਹਰੇ ਲਾਉਣ ਵਾਲੇ ਅਤੇ ਭਰਮਾਊ ਬਿਆਨ ਦੇਣ ਵਾਲਿਆਂ ਤੋਂ ਬਚਣਾ ਚਾਹੀਦਾ ਹੈ ।

**NEWS & VIEWS**

# INDIA IGNORES TRUMP AND EXPANDS TRADE WITH RUSSIA IN A MULTIPOLAR WORLD



Gurmukh Singh OBE

India has defied President Trump and done what is in the best trade interest of India. Indian trade deal with Russia has also boosted Indian geo-political position. President Putin has promised *uninterrupted shipments* of fuel to India at low prices and much more. According to an Indian agency ICRA, in the first two years of Ukraine war, India saved $13 billion on its energy bill. All this is happening when India is under heavy U.S. pressure to stop buying oil from Russia.

India is regarded as a *democracy* by the West but is increasingly aligning with authoritarian regimes. That position can send mixed signals, is opportunistic and not unlike that of the US under Trump. It can have its own risks in the long run. However, this time it seems President Trump has been trumped himself! He has been beaten at own game by India in which trade benefits come above alliances and principles.

These are not good news for Ukraine. A peace deal has been further delayed even if many thought that it is heavily biased in favour of Russia and would not have been acceptable to Ukraine or Europe. The complex strategy followed by Trump, which keeps all concerned in suspense, has weakened Ukrainian and European negotiating position.

On the plus side, India and China have jointly opposed continual Russian nuclear threats and *urged de-escalation.* Russian dependence on these two countries exposes a weakness and Putin is compelled to listen to them. He assured PM Modi that *Russia is a reliable supplier of oil, gas, coal, and everything that is required for the development of India*. The desire to please India also exposes Russian dependence on India (and China) and can be interpreted as a weakness.

Yet, China and India have own border disputes and do not trust each other. Worsening Pakistan and India relations impact on India and China relations also because China has been supporting Pakistan with weapons. In the circumstances, India would be reluctant to attack Pakistan too soon despite recent Pakistani provocations.

President Trump himself has been sending confusing signals about US role in Russia-Ukraine peace negotiations and causing division in NATO alliance between Europe and the US. The impression gained is that the Western countries are no longer in control of global geo-politics.

US National Security Strategy (NSS) paper published recently, aims to improve relations with Russia and to *re-establish strategic stability with Russia. The strategy paper also* makes clear that the big problem faced by Europe is not Russia, but *civilisational erasure* due to mass immigration.

So, world geo-politics have entered a new era and we live in a multipolar world. Global power is no longer in the hands of Western countries led by the US. There is a rift between the US and the European countries while countries like China, India and Russia are playing the geo-political game according to own interests. In this complex global situation, there is *potential for both cooperation and conflict as existing international rules get continually challenged and adapted.*

We live in a highly volatile global situation today. Over twenty-five million Sikhs are spread far and wide. Their strength lies in their powerful ideology which unites them and, once understood, makes them desirable citizens of most countries. Their weakness is in dysfunctional central institutions resulting in internal divisions and massive waste of community resources.

The rapidly changing global scene demands constant watch, analysis and steer by community mentors and scholars.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਪੰਥਕ ਜਥੇਬੰਦੀਆਂ ਦੇ ਸੰਘਰਸ਼ ਕਾਰਣ ਸ਼੍ਰੋਮਣੀ ਕਮੇਟੀ ਧਰਮ ਸੰਕਟ ਵਿਚ ਫਸੀ

**ਮਾਮਲਾ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ**

## ✪ ਐੱਫਆਈਆਰ ਦਰਜ, ਸਿਆਸੀ ਹਲਚਲ ਅਤੇ ਪੰਥਕ ਜਥੇਬੰਦੀਆਂ ਦੀਆਂ ਪ੍ਰਤੀਕਿਰਿਆਵਾਂ
## ✪ ਜਥੇਦਾਰ ਵਲੋਂ ਤਾੜਨਾ ਕਿ ਸਰਕਾਰ ਸਿੱਖ ਮਾਮਲਿਆਂ ਵਿਚ ਦਖਲਅੰਦਾਜ਼ੀ ਬੰਦ ਕਰੇ

ਅੰਮ੍ਰਿਤਸਰ-ਸਿੱਖ ਭਾਈਚਾਰੇ ਲਈ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ। ਹਾਲ ਹੀ ਵਿੱਚ ਇਸ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ ਜਦੋਂ ਅੰਮ੍ਰਿਤਸਰ ਪੁਲਿਸ ਨੇ 16 ਵਿਅਕਤੀਆਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਇਹ ਕੇਸ ਸ਼੍ਰੋਮਣੀ ਕਮੇਟੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਬੇਅਦਬੀ ਅਤੇ ਵਿੱਤੀ ਗੜਬੜੀ ਵਰਗੇ ਗੰਭੀਰ ਇਲਜ਼ਾਮ ਲੱਗੇ ਹਨ। ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦੇ ਦਖਲ ਨੇ ਇਸ ਨੂੰ ਸਿਆਸੀ ਰੰਗ ਵੀ ਦੇ ਦਿੱਤਾ ਹੈ, ਜਿਸ ਕਾਰਨ ਪੰਥਕ ਜਥੇਬੰਦੀਆਂ ਅਤੇ ਬਾਦਲ ਪਖੀ ਆਗੂਆਂ ਵਿੱਚ ਤਿੱਖੀ ਬਹਿਸ ਛਿੜ ਗਈ ਹੈ।

ਮਾਮਲੇ ਦੀ ਸ਼ੁਰੂਆਤ ਅਤੇ ਪਿੱਠਭੂਮੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਮਲਾ ਤਿੰਨ-ਚਾਰ ਸਾਲ ਪੁਰਾਣਾ ਹੈ ਜਦੋਂ ਐੱਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਵਿੱਚ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪ ਗੁੰਮ ਹੋਣ ਦੀ ਖ਼ਬਰ ਸਾਹਮਣੇ ਆਈ ਸੀ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਇਹ ਸਰੂਪ ਰੱਖੇ ਜਾਂਦੇ ਹਨ ਅਤੇ ਇੱਥੇ ਰਿਕਾਰਡ ਰੱਖ-ਰਖਾਅ ਵਿੱਚ ਵੱਡੀਆਂ ਖਾਮੀਆਂ ਸਾਹਮਣੇ ਆਈਆਂ ਹਨ। ਇਸ ਮਾਮਲੇ ਨੂੰ ਉਭਾਰਨ ਵਿੱਚ ਵੱਖ-ਵੱਖ ਪੰਥਕ ਜਥੇਬੰਦੀਆਂ ਨੇ ਅਹਿਮ ਰੋਲ ਨਿਭਾਇਆ ਹੈ। ਹਾਲ ਹੀ ਵਿੱਚ, ਬੀਤੇ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਵਿਰਾਸਤੀ ਮਾਰਗ ਤੇ ਸਿੱਖ ਸਦਭਾਵਨਾ ਦਲ ਨੇ ਧਰਨਾ ਲਾਇਆ ਸੀ। ਇਸ ਧਰਨੇ ਵਿੱਚ ਕਈ ਵੱਡੇ ਆਗੂ ਸ਼ਾਮਲ ਹੋਏ ਜਿਵੇਂ ਭਾਈ ਬਲਦੇਵ ਸਿੰਘ ਵਡਾਲਾ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਸਿਰਸਾ, ਈਮਾਨ ਸਿੰਘ ਮਾਨ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਸਨ। ਧਰਨੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੀ ਪਹੁੰਚੇ। ਉਨ੍ਹਾਂ ਨੇ ਧਰਨੇ ਵਾਲਿਆਂ ਤੋਂ ਮੰਗ ਪੱਤਰ ਲਿਆ ਅਤੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਐਫਆਈਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਬਾਅਦ ਥਾਣਾ ਸੀ ਡਿਵੀਜ਼ਨ ਵਿੱਚ ਐੱਫਆਈਆਰ ਦਰਜ ਹੋਈ। ਇਹ ਕੇਸ ਥਾਣਾ ਡਿਵੀਜ਼ਨ-ਸੀ, ਅੰਮ੍ਰਿਤਸਰ ਵਿੱਚ ਰਜਿਸਟਰ ਹੋਇਆ ਹੈ। ਦੋਸ਼ੀ ਵਿਅਕਤੀਆਂ ਵਿੱਚ ਐੱਸਜੀਪੀਸੀ ਦੇ ਸਾਬਕਾ ਅਤੇ ਮੌਜੂਦਾ ਕਰਮਚਾਰੀ ਸ਼ਾਮਲ ਹਨ। ਉਨ੍ਹਾਂ ਦੇ ਨਾਂ ਹਨ: ਡਾ. ਰੂਪ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ, ਨਿਸ਼ਾਨ ਸਿੰਘ, ਪਰਮਜੀਤ ਸਿੰਘ, ਗੁਰਮੁਖ ਸਿੰਘ, ਜੁਝਾਰ ਸਿੰਘ, ਬਾਜ ਸਿੰਘ, ਦਲਬੀਰ ਸਿੰਘ, ਕਮਲਜੀਤ ਸਿੰਘ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ, ਗੁਰਬਚਨ ਸਿੰਘ (ਦੂਜਾ), ਸਤਿੰਦਰ ਸਿੰਘ (ਦੂਜਾ) ਅਤੇ ਅਮਰਜੀਤ ਸਿੰਘ। ਇਹ ਸਾਰੇ ਵਿਅਕਤੀ ਐੱਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਨਾਲ ਜੁੜੇ ਹਨ ਅਤੇ ਰਿਕਾਰਡ ਵਿੱਚ ਗੜਬੜੀ ਕਰਨ ਦੇ ਇਲਜ਼ਾਮ ਹਨ। ਪੁਲਿਸ ਨੇ ਕਿਹਾ ਹੈ ਕਿ ਜਾਂਚ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।






ਪੰਜਾਬ ਸਰਕਾਰ ਦਾ ਰੋਲ ਅਤੇ ਸਿਆਸੀ ਪੱਖ-ਇਸ ਮਾਮਲੇ ਵਿੱਚ ਪੰਜਾਬ ਦੀ ਆਪ ਸਰਕਾਰ ਦਾ ਸਿੱਧਾ ਦਖਲ ਨਜ਼ਰ ਆ ਰਿਹਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕਿਸੇ ਵੀ ਧਰਮ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲੇਗੀ। ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਧਰਨੇ ਵਿੱਚ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਪੁਲਿਸ ਨੂੰ ਨਿਰਦੇਸ਼ ਦਿੱਤੇ। ਭਾਈ ਬਲਦੇਵ ਸਿੰਘ ਵਡਾਲਾ ਨੇ ਇਸ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਸਪੀਕਰ ਨੂੰ ਅਪੀਲ ਕੀਤੀ ਕਿ ਬੇਅਦਬੀ ਲਈ ਮੌਤ ਦੀ ਸਜ਼ਾ ਵਾਲਾ ਕਾਨੂੰਨ ਪਾਸ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੇ ਅਪਰਾਧ ਨਾ ਵਾਪਰਨ।

ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਸੰਸਥਾਵਾਂ ਵਿੱਚ ਖੁੱਲ੍ਹੀ ਦਖਲਅੰਦਾਜ਼ੀ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪੁਰਾਣਾ ਮਾਮਲਾ ਹੈ ਅਤੇ ਸਰਕਾਰ ਦੇ ਨੁਮਾਇੰਦੇ ਧਰਨੇ ਵਿੱਚ ਸ਼ਾਮਲ ਹੋ ਕੇ ਐੱਫਆਈਆਰ ਦੇ ਨਿਰਦੇਸ਼ ਦੇਣਾ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ। ਧਾਮੀ ਨੇ ਕਿਹਾ ਕਿ ਕੌਮੀ ਸੰਸਥਾਵਾਂ ਸਿਰਫ਼ ਕੌਮ ਦੀਆਂ ਹਨ ਅਤੇ ਸਰਕਾਰ ਨੂੰ ਇਨ੍ਹਾਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਨੇ ਯਾਦ ਕਰਵਾਇਆ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮਾਮਲੇ ਦੀ ਜਾਂਚ ਹੋ ਚੁੱਕੀ ਹੈ ਅਤੇ ਰਿਪੋਰਟ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਗਈ ਹੈ। ਰਿਪੋਰਟ ਵਿੱਚ ਇਹ ਸਪੱਸ਼ਟ ਹੈ ਕਿ ਇਹ ਬੇਅਦਬੀ ਨਹੀਂ ਬਲਕਿ ਕੁਝ ਮੁਲਾਜ਼ਮਾਂ ਵੱਲੋਂ ਪੈਸੇ ਦੀ ਹੇਰਾਫੇਰੀ ਦਾ ਮਾਮਲਾ ਹੈ। ਧਾਮੀ ਨੇ ਕਿਹਾ ਕਿ ਸਰਕਾਰ ਨੂੰ ਇਸ ਤੇ ਸਿਆਸਤ ਨਹੀਂ ਕਰਨੀ ਚਾਹੀਦੀ।

ਅਕਾਲ ਤਖ਼ਤ ਦੇ ਜਥੇਦਾਰ ਦੀ ਪ੍ਰਤੀਕਿਰਿਆ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਇਸ ਮਾਮਲੇ ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਬਾਅਦ ਮੀਡੀਆ ਨੂੰ ਕਿਹਾ ਕਿ ਇਹ ਕਾਰਵਾਈ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਸਿੱਖ ਸੰਸਥਾਵਾਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਅਕਾਲ ਤਖ਼ਤ ਵੱਲੋਂ ਬਣਾਈ ਤਿੰਨ ਮੈਂਬਰੀ ਜਾਂਚ ਕਮਿਸ਼ਨ ਨੇ ਰਿਪੋਰਟ ਸੌਂਪੀ ਸੀ ਅਤੇ ਐੱਸਜੀਪੀਸੀ ਨੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰ ਦਿੱਤੀ ਹੈ। ਇਸ ਨੂੰ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਪੰਜ ਸਿੰਘ ਸਾਹਿਬ ਨੇ ਪ੍ਰਵਾਨ ਕੀਤਾ ਸੀ। ਸ਼੍ਰੋਮਣੀ ਕਮੇਟੀ ਨੇ ਆਪਣੇ ਜਨਰਲ ਇਜਲਾਸ ਵਿੱਚ ਮਤਾ ਪਾਸ ਕਰ ਕੇ ਖਾਲਸਾ ਪੰਥ ਤੋਂ ਖਿਮਾਂ ਵੀ ਮੰਗੀ ਸੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪੈਸੇ ਦੇ ਹੇਰ-ਫੇਰ ਦਾ ਮਾਮਲਾ ਹੈ, ਨਾ ਕਿ ਬੇਅਦਬੀ ਦਾ। ਜਥੇਦਾਰ ਨੇ ਸਪੀਕਰ ਸੰਧਵਾਂ ਅਤੇ ਮੰਤਰੀ ਬੈਂਸ ਦੇ ਦਖਲ ਨੂੰ ਸਿਆਸੀ ਕਿਹਾ ਅਤੇ ਕਿਹਾ ਕਿ ਆਪ ਸਰਕਾਰ ਨੂੰ ਸਿੱਖ ਰਵਾਇਤਾਂ ਦੀ ਘੱਟ ਜਾਣਕਾਰੀ ਹੈ, ਜਿਸ ਕਾਰਨ ਉਹ ਅਕਾਲ ਤਖ਼ਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇ ਰਹੇ ਹਨ। ਉਨ੍ਹਾਂ ਨੇ ਇਸ ਨੂੰ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਅਤੇ ਕਿਹਾ ਕਿ ਸਿੱਖ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ।

ਗੁਰੂ ਸਾਹਿਬਾਨ ਦੀ ਬੇਅਦਬੀ ਬਾਰੇ ਪੁਸਤਕ ਦਾ ਮਾਮਲਾ-ਇਸ ਮਾਮਲੇ ਨਾਲ ਜੁੜ ਕੇ ਇੱਕ ਹੋਰ ਪੁਰਾਣਾ ਵਿਵਾਦ ਵੀ ਉਭਰਿਆ ਹੈ। 1999 ਵਿੱਚ ਐੱਸਜੀਪੀਸੀ ਦੀ ਧਰਮ ਪ੍ਰਚਾਰ ਕਮੇਟੀ ਨੇ ਹਿੰਦੀ ਵਿੱਚ ਇੱਕ ਕਿਤਾਬ 'ਸਿੱਖ ਇਤਿਹਾਸ' ਛਾਪੀ ਸੀ ਜੋ 722 ਪੰਨਿਆਂ ਦੀ ਸੀ। ਇਸ ਵਿੱਚ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਬਾਰੇ ਗਲਤ ਤੱਥ ਪੇਸ਼ ਕੀਤੇ ਗਏ ਸਨ, ਜਿਸ ਕਾਰਨ ਵੱਡਾ ਵਿਰੋਧ ਹੋਇਆ। ਸ਼੍ਰੋਮਣੀ ਕਮੇਟੀ ਨੂੰ ਇਹ ਕਿਤਾਬ ਵਾਪਸ ਲੈਣੀ ਪਈ ਅਤੇ ਬੈਨ ਕਰ ਦਿੱਤਾ ਗਿਆ। ਇਹ ਕਿਤਾਬ ਐੱਸਜੀਪੀਸੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 558 ਤਹਿਤ ਡਾਨ ਪ੍ਰੈੱਸ ਅੰਮ੍ਰਿਤਸਰ ਵੱਲੋਂ ਛਾਪੀ ਗਈ ਸੀ। ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ 2007 ਤੋਂ ਇਸ ਤੇ ਕਾਰਵਾਈ ਦੀ ਮੰਗ ਕੀਤੀ ਹੋਈ ਸੀ। ਹਾਲ ਹੀ ਵਿੱਚ ਧਰਨੇ ਵਿੱਚ ਉਨ੍ਹਾਂ ਨੇ ਸਪੀਕਰ ਅਤੇ ਮੰਤਰੀ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਅਤੇ ਐੱਫਆਈਆਰ ਦੀ ਮੰਗ ਕੀਤੀ। ਮੰਤਰੀ ਅਤੇ ਸਪੀਕਰ ਦੇ ਨਿਰਦੇਸ਼ਾਂ ਤੇ ਥਾਣਾ ਈ ਡਿਵੀਜ਼ਨ ਵਿੱਚ ਉਸ ਸਮੇਂ ਦੇ ਸਕੱਤਰ ਵਰਿਆਮ ਸਿੰਘ ਅਤੇ ਹਰਬੇਅੰਤ ਸਿੰਘ ਖ਼ਿਲਾਫ਼ ਐੱਫਆਈਆਰ ਦਰਜ ਹੋਈ ਹੈ। ਇਹ ਕੇਸ ਧਾਰਾਵਾਂ 420, 465, 468, 471, 120ਬੀ, 295 ਅਤੇ 295ਏ ਤਹਿਤ ਹੈ। ਬਲਦੇਵ ਸਿੰਘ ਸਿਰਸਾ ਨੇ ਇਸ ਤੇ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਇਸ ਨੂੰ ਵੀ ਸਿਆਸੀ ਹਰਕਤ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬ ਅੰਗਰੇਜ਼ੀ ਪੁਸਤਕ ਦਾ ਅਨੁਵਾਦ ਸੀ ਅਤੇ ਇਤਰਾਜ਼ਾਂ ਤੋਂ ਬਾਅਦ ਰੋਕ ਲਗਾ ਦਿੱਤੀ ਗਈ ਸੀ। ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਵਾਪਸ ਲੈਣ ਲਈ ਕਿਹਾ ਗਿਆ ਸੀ ਅਤੇ ਇਜਲਾਸ ਵਿੱਚ ਖਿਮਾ ਵੀ ਮੰਗੀ ਗਈ ਸੀ। ਹੁਣ ਇਸ ਨੂੰ ਮੁੜ ਉਭਾਰਨਾ ਬੇਲੋੜਾ ਹੈ। ਜਥੇਦਾਰ ਗੜਗੱਜ ਨੇ ਵੀ ਇਸ ਨੂੰ ਪੁਰਾਣਾ ਨਜਿੱਠਿਆ ਮਾਮਲਾ ਕਿਹਾ ਅਤੇ ਸਰਕਾਰ ਨੂੰ ਤੱਥਾਂ ਦੀ ਜਾਣਕਾਰੀ ਨਾ ਹੋਣ ਦਾ ਇਲਜ਼ਾਮ ਲਾਇਆ।

ਕੀ ਹੈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਏ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇਸ ਮਾਮਲੇ ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪੂਰੇ ਪੰਥ ਨਾਲ ਜੁੜਿਆ ਸੰਵੇਦਨਸ਼ੀਲ ਮੁੱਦਾ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਨੇ ਮੰਗ ਕੀਤੀ ਕਿ ਜਾਂਚ ਤੇਜ਼ ਕੀਤੀ ਜਾਵੇ ਅਤੇ ਸ਼੍ਰੋਮਣੀ ਕਮੇਟੀ ਪੂਰਾ ਸਹਿਯੋਗ ਦੇਵੇ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲੇ। ਕਾਲਕਾ ਜੀ ਨੇ ਸਪੀਕਰ ਵੱਲੋਂ ਐੱਫਆਈਆਰ ਨੂੰ ਉੱਚ ਕਦਮ ਕਿਹਾ ਅਤੇ ਆਸ ਕੀਤੀ ਕਿ ਪੰਜਾਬ ਸਰਕਾਰ ਇਮਾਨਦਾਰੀ ਨਾਲ ਜਾਂਚ ਕਰੇਗੀ। ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਜਾਂਚ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।

ਐੱਸਜੀਪੀਸੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ-ਇਸ ਸੰਕਟ ਨੂੰ ਨਜਿੱਠਣ ਲਈ ਐੱਸਜੀਪੀਸੀ ਨੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ 11 ਦਸੰਬਰ ਨੂੰ ਬੁਲਾਈ ਹੈ। ਐੱਸਜੀਪੀਸੀ ਮੈਂਬਰ ਕਿਰਨਜੋਤ ਕੌਰ ਨੇ ਕਿਹਾ ਕਿ ਜਾਂਚ ਵਿੱਚ ਅਣਗਹਿਲੀ ਹੋਈ ਹੈ ਪਰ ਬੇਅਦਬੀ ਨਹੀਂ ਹੋਈ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਧਾਰਾਵਾਂ 295 ਅਤੇ 295ਏ ਲਾਉਣ ਨੂੰ ਨਿਰੀ ਸਿਆਸਤ ਕਿਹਾ ਅਤੇ ਪੁਲਿਸ ਨੂੰ ਮਰਿਆਦਾ ਸਿਖਾਉਣ ਵਾਲੀ ਗੱਲ ਨੂੰ ਗਲਤ ਦੱਸਿਆ। ਉਨ੍ਹਾਂ ਨੇ ਪ੍ਰਧਾਨ ਨੂੰ ਮੁੱਦੇ ਨੂੰ ਸੰਜੀਦਗੀ ਨਾਲ ਹੱਲ ਕਰਨ ਲਈ ਕਿਹਾ ਅਤੇ ਕਿਹਾ ਕਿ ਕਈ ਮੁਲਾਜ਼ਮ ਰਗੜੇ ਗਏ ਹਨ ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ।

ਵੱਡੇ ਸਵਾਲ ਅਤੇ ਹੋਰ ਮਸਲੇ-ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਇਸ ਮਾਮਲੇ ਨੇ ਕਈ ਵੱਡੇ ਸਵਾਲ ਖੜ੍ਹੇ ਕੀਤੇ ਹਨ। ਅਕਾਲੀ ਰਾਜ ਦੌਰਾਨ ਬੇਅਦਬੀ ਦੇ ਅਸਲ ਦੋਸ਼ੀ ਕੌਣ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕਿੱਥੇ ਹਨ? ਪੰਜਾਬ ਸਰਕਾਰ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਵਰਗੇ ਪੁਰਾਣੇ ਮਾਮਲੇ ਕਿਉਂ ਨਹੀਂ ਹੱਲ ਕੀਤੇ? ਪੰਥਕ ਜਥੇਬੰਦੀਆਂ ਅਤੇ ਸਿੱਖ ਬੁੱਧੀਜੀਵੀ ਇਸ ਨੂੰ ਸਿਆਸੀ ਖੇਡ ਮੰਨ ਰਹੇ ਹਨ। ਧਾਮੀ ਜੀ ਅਤੇ ਜਥੇਦਾਰ ਗੜਗੱਜ ਨੇ ਸਰਕਾਰ ਨੂੰ ਦਖਲ ਨਾ ਦੇਣ ਦੀ ਚੇਤਾਵਨੀ ਦਿੱਤੀ ਹੈ ਜਦਕਿ ਦਿੱਲੀ ਕਮੇਟੀ ਵਰਗੇ ਜਥੇ ਜਾਂਚ ਦੀ ਮੰਗ ਕਰ ਰਹੇ ਹਨ। ਇਹ ਮਾਮਲਾ ਅਜੇ ਵੀ ਚੱਲ ਰਿਹਾ ਹੈ ਅਤੇ 11 ਦਸੰਬਰ ਦੀ ਮੀਟਿੰਗ ਤੋਂ ਬਾਅਦ ਨਵੇਂ ਵਿਕਾਸ ਹੋ ਸਕਦੇ ਹਨ। ਸਿੱਖ ਭਾਈਚਾਰੇ ਨੂੰ ਉਮੀਦ ਹੈ ਕਿ ਸੱਚ ਸਾਹਮਣੇ ਆਵੇਗਾ ਅਤੇ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਬਣੀ ਰਹੇਗੀ।

********

# ਬਰਤਾਨੀਆਂ ਦੀ ਸੰਸਦ ਵਿੱਚ ਜੱਗੀ ਜੌਹਲ ਦੀ ਰਿਹਾਈ ਦਾ ਮਾਮਲਾ ਉੱਠਿਆ



ਸੰਸਦ ਵਿੱਚ ਸੰਬੋਧਨ ਕਰਦੇ ਹੋਏ ਜਸਬੀਰ ਸਿੰਘ ਅਠਵਾਲ



***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਵਿੱਚ ਨਜ਼ਰਬੰਦ ਜਗਤਾਰ ਸਿੰਘ ਜੱਗੀ ਜੌਹਲ ਦੇ ਮਾਮਲੇ ਨੂੰ ਲੈ ਕੇ ਬਰਤਾਨੀਆਂ ਦੀ ਸੰਸਦ ਵਿੱਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੇ ਚੇਅਰਮੈਨ ਐਮ ਪੀ ਜਸਬੀਰ ਸਿੰਘ ਜਸ ਅਠਵਾਲ ਨੇ ਸਵਾਲ ਉਠਾਇਆ। ਉਹਨਾਂ ਸੰਸਦ ਵਿੱਚ ਕਿਹਾ ਕਿ ਕਿਸੇ ਵੀ ਸਰਕਾਰ ਦਾ ਪਹਿਲਾ ਫਰਜ਼ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੁੰਦਾ ਹੈ।***

ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ ਆਨ ਆਰਬਿਟਰੇਰੀ ਡਿਟੈਂਸ਼ਨ ਨੇ ਇਹ ਸਿੱਟਾ ਕੱਢਿਆ ਹੈ ਕਿ ਜਗਤਾਰ ਸਿੰਘ ਜੌਹਲ ਦੀ ਨਜ਼ਰਬੰਦੀ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਦੀ ਹੈ। ਮੈਂ ਸਦਨ ਦੇ ਨੇਤਾ ਨੂੰ ਬੇਨਤੀ ਕਰਦਾ ਹਾਂ ਕਿ ਉਹ ਵਿਦੇਸ਼ ਮੰਤਰੀ 'ਤੇ ਤੁਰੰਤ ਦਬਾਅ ਪਾਉਣ ਕਿ ਉਹ ਸਦਨ ਨੂੰ ਸੂਚਿਤ ਕਰਨ ਕਿ ਬ੍ਰਿਟਿਸ਼ ਨਾਗਰਿਕ ਜਗਤਾਰ ਜੌਹਲ ਦੀ ਰਿਹਾਈ 'ਤੇ ਸਰਕਾਰ ਵੱਲੋਂ ਕੀ ਯਤਨ ਕੀਤੇ ਗਏ ਹਨ। ਜਿਸ ਦੇ ਜਵਾਬ ਵਿੱਚ ਸਦਨ ਦੇ ਨੇਤਾ ਸਰ ਐਲਨ ਕੈਂਪਬੈਲ ਨੇ ਕਿਹਾ ਕਿ 4 ਨਵੰਬਰ ਨੂੰ ਜੌਹਲ ਦੀ ਗ੍ਰਿਫ਼ਤਾਰੀ ਦੀ ਅੱਠਵੀਂ ਵਰ੍ਹੇਗੰਢ ਸੀ। ਅਸੀਂ ਹਰ ਮੌਕੇ 'ਤੇ ਉਨ੍ਹਾਂ ਦੀ ਲੰਮੀ ਨਜ਼ਰਬੰਦੀ ਬਾਰੇ ਚਿੰਤਾਵਾਂ ਉਠਾਉਂਦੇ ਰਹਿੰਦੇ ਹਾਂ, ਅਤੇ ਅਸੀਂ ਉਨ੍ਹਾਂ ਦੇ ਮਾਮਲੇ ਦੇ ਤੁਰੰਤ, ਸੰਪੂਰਨ ਅਤੇ ਨਿਆਂਪੂਰਨ ਹੱਲ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹਾਂ। ਮੈਂ ਇਹ ਮਾਮਲਾ ਵਿਦੇਸ਼ ਮੰਤਰਾਲੇ ਦੇ ਧਿਆਨ ਵਿੱਚ ਲਿਆਵਾਂਗਾ ਅਤੇ ਇਹ ਯਕੀਨੀ ਬਣਾਵਾਂਗਾ ਕਿ ਮੈਂਬਰਾਂ ਨੂੰ ਇਸ ਮਾਮਲੇ ਵਿੱਚ ਸੂਚਿਤ ਕੀਤਾ ਜਾਵੇ।

# ਬਰਤਾਨੀਆਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ 171 ਲੋਕਾਂ ਵਿੱਚ ਭਾਰਤੀ ਵੀ ਸ਼ਾਮਿਲ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿਣ ਵਾਲੇ ਅਤੇ ਗੈਰ ਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਲੋਕਾਂ ਦੀ ਫੜੋ-ਫੜਾਈ ਲਈ ਕੀਤੀ ਗਈ ਛਾਪੇਮਾਰੀ ਵਿੱਚ 171 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਫੜੇ ਗਏ ਇਹਨਾਂ 171 ਲੋਕਾਂ ਵਿੱਚ ਭਾਰਤੀ ਵੀ ਸ਼ਾਮਲ ਹਨ। ਬਰਤਾਨੀਆਂ ਸਰਕਾਰ ਨੇ ਕਿਹਾ ਕਿ ਇਹਨਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਯੂ ਕੇ ਦੇ ਗ੍ਰਹਿ ਦਫ਼ਤਰ ਦੀ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮ ਨੇ ਪਿਛਲੇ ਮਹੀਨੇ ਸੱਤ ਦਿਨਾਂ ਲਈ ਆਪ੍ਰੇਸ਼ਨ ਇਕੁਅਲਾਈਜ਼ ਚਲਾਇਆ, ਪੂਰੇ ਬਰਤਾਨੀਆਂ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਡਿਲੀਵਰੀ ਕਾਮਿਆਂ ਵਜੋਂ ਕੰਮ ਕਰਨ ਵਾਲੇ ਲੋਕਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ।***

ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲੇ ਇਹਨਾਂ ਲੋਕਾਂ ਵਿੱਚ ਭਾਰਤੀ, ਬੰਗਲਾਦੇਸ਼ੀ ਅਤੇ ਚੀਨੀ ਨਾਗਰਿਕਾਂ ਸਮੇਤ ਕਈਆਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਵਾਪਿਸ ਭੇਜਣ ਲਈ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਗ੍ਰਹਿ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ 17 ਨਵੰਬਰ ਨੂੰ, ਨਿਊਹੈਮ (ਪੂਰਬੀ ਲੰਡਨ) ਵਿੱਚ ਹਾਈ ਸਟਰੀਟ 'ਤੇ ਜਾਂਚ ਦੌਰਾਨ ਬੰਗਲਾਦੇਸ਼ੀ ਅਤੇ ਭਾਰਤੀ ਨਾਗਰਿਕਤਾ ਵਾਲੇ ਚਾਰ ਲੋਕਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਚਾਰਾਂ ਨੂੰ ਹੀ ਦੇਸ਼ ਨਿਕਾਲਾ ਦੇਣ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਉਹਨਾਂ ਕਿਹਾ ਕਿ ਇਸੇ ਤਰ੍ਹਾਂ 25 ਨਵੰਬਰ ਨੂੰ ਨੌਰਵਿਚ ਸ਼ਹਿਰ ਚਲਾਈ ਮੁਹਿੰਮ ਤਹਿਤ ਡਿਲੀਵਰੀ ਵਜੋਂ ਕੰਮ ਕਰਨ ਵਾਲੇ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦੋ ਨੂੰ ਦੇਸ਼ ਨਿਕਾਲਾ ਦੇਣ ਲਈ ਹਿਰਾਸਤ ਵਿੱਚ ਲਿਆ ਗਿਆ। ਤੀਜੇ ਵਿਅਕਤੀ ਨੂੰ ਸਖ਼ਤ ਇਮੀਗ੍ਰੇਸ਼ਨ ਜ਼ਮਾਨਤ ਦਿੱਤੀ ਗਈ।

# ਟਰੰਪ ਦੀ ਚੇਤਾਵਨੀ: 'ਅਮਰੀਕੀ ਬਾਜ਼ਾਰ 'ਚ ਭਾਰਤ ਚੌਲ 'ਡੰਪ' ਨਾ ਕਰੇ..' ਟੈਰਿਫ਼ ਲਗਾ ਕੇ ਸਮੱਸਿਆ ਦਾ ਕਰਾਂਗਾ ਹੱਲ !

**ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਲ ਹੀ ਵਿੱਚ ਟਰੰਪ ਨੇ ਭਾਰਤ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ ਉਨ੍ਹਾਂ ਕਿਹਾ ਹੈ ਕਿ ਭਾਰਤ ਨੂੰ ਅਮਰੀਕਾ ਦੇ ਬਾਜ਼ਾਰ ਵਿੱਚ ਚੌਲ ਡੰਪ (ਬਹੁਤ ਘੱਟ ਕੀਮਤ ਤੇ ਵੇਚਣਾ) ਨਹੀਂ ਕਰਨੇ ਚਾਹੀਦੇ ਅਤੇ ਉਹ ਇਸ ਸਮੱਸਿਆ ਨੂੰ ਜਲਦ ਠੀਕ ਕਰਨਗੇ। ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ, ਟਰੰਪ ਨੇ ਖੇਤੀਬਾੜੀ ਖੇਤਰ ਦੇ ਨੁਮਾਇੰਦਿਆਂ ਅਤੇ ਆਪਣੀ ਕੈਬਨਿਟ ਦੇ ਮੁੱਖ ਮੈਂਬਰਾਂ, ਖਜ਼ਾਨਾ ਸਕੱਤਰ** Scott Bessent **ਅਤੇ ਖੇਤੀਬਾੜੀ ਸਕੱਤਰ** Brooke Rolilns **ਨਾਲ ਇੱਕ ਮੀਟਿੰਗ ਕੀਤੀ। ਉਨ੍ਹਾਂ ਕਿਸਾਨਾਂ ਲਈ 12 ਅਰਬ ਡਾਲਰ ਦੀ ਸੰਘੀ ਸਹਾਇਤਾ ਦਾ ਐਲਾਨ ਕੀਤਾ। ਲੁਈਸਿਆਨਾ ਵਿੱਚ ਕੈਨੇਡੀ ਰਾਈਸ ਮਿੱਲ ਚਲਾਉਣ ਵਾਲੀ ਮੇਰਿਲ ਕੈਨੇਡੀ ਨੇ ਟਰੰਪ ਨੂੰ ਦੱਸਿਆ ਕਿ ਦੱਖਣੀ ਅਮਰੀਕਾ ਦੇ ਚੌਲ ਉਤਪਾਦਕ ਸੱਚਮੁੱਚ ਸੰਘਰਸ਼ ਕਰ ਰਹੇ ਹਨ, ਕਿਉਂਕਿ ਦੂਜੇ ਦੇਸ਼ ਅਮਰੀਕਾ ਵਿੱਚ ਚੌਲ ਡੰਪ ਕਰ ਰਹੇ ਹਨ। ਜਦੋਂ ਟਰੰਪ ਨੇ ਪੁੱਛਿਆ ਕਿ ਕਿਹੜੇ ਦੇਸ਼ ਡੰਪਿੰਗ ਕਰ ਰਹੇ ਹਨ, ਤਾਂ ਕੈਨੇਡੀ ਨੇ ਜਵਾਬ ਦਿੱਤਾ: ਭਾਰਤ ਅਤੇ ਥਾਈਲੈਂਡ, ਇੱਥੋਂ ਤੱਕ ਕਿ ਚੀਨ ਵੀ ਪੋਰਟੋ ਰੀਕੋ ਵਿੱਚ। ਚੌਲ ਡੰਪ ਕਰ ਰਿਹਾ ਹੈ। ਕੈਨੇਡੀ ਨੇ ਕਿਹਾ ਕਿ ਇਹ ਕਈ ਸਾਲਾਂ ਤੋਂ ਹੋ ਰਿਹਾ ਹੈ ਪਰ ਹੁਣ ਇਹ ਇੱਕ ਬਹੁਤ ਵੱਡੇ ਪੱਧਰ ਤੇ ਦੇਖਣ ਨੂੰ ਮਿਲ ਰਿਹਾ ਹੈ।**

# ਸ਼ਾਹਰੁਖ ਖਾਨ ਅਤੇ ਕਾਜੋਲ ਨੇ ਲੰਡਨ ਦੇ ਲੈਸਟਰ ਸਕੁਏਅਰ 'ਤੇ ਦਿਲ ਵਾਲੇ ਦੁਲਹਨੀਆ ਲੇ ਜਾਏਂਗੇ ਦੀ ਮੂਰਤੀ ਦਾ ਕੀਤਾ ਉਦਘਾਟਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਾਲੀਵੁੱਡ ਸਿਤਾਰੇ ਸ਼ਾਹਰੁਖ ਖਾਨ ਅਤੇ ਕਾਜੋਲ ਨੇ ਅੱਜ ਲੰਡਨ ਵਿੱਚ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਫਿਲਮ ਦੇ ਸੀਨ ਦਾ ਕਾਂਸੀ ਦੇ ਬੁੱਤ ਦਾ ਉਦਘਾਟਨ ਕੀਤਾ। ਵਰਦ੍ਹੇ ਮੀਂਹ ਵਿੱਚ ਦੋਵਾਂ ਨੇ ਛਤਰੀ ਤਾਣ ਕੇ ਤਸਵੀਰਾਂ ਵੀ ਖਿਚਾਈਆਂ।

ਫਿਲਮੀ ਦੁਨੀਆਂ ਦੀ ਇਸ ਦਿਗਜ਼ ਜੋੜੀ ਜੋੜੀ ਦੀ ਇਹ ਮੂਰਤੀ ਲੰਡਨ ਦੇ ਲੈਸਟਰ ਸਕੁਏਅਰ ਵਿੱਚ 'ਸੀਨਜ਼ ਇਨ ਦ ਸਕੁਏਅਰ' ਵਿੱਚ ਸ਼ਾਮਲ ਹੋਈ ਹੈ ਜੋ ਦੁਨੀਆ ਦੀਆਂ ਕੁਝ ਸਭ ਤੋਂ ਮਸ਼ਹੂਰ ਫਿਲਮਾਂ ਦੇ ਯਾਦਗਾਰੀ ਸੀਨਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ 'ਡੀ ਡੀ ਐਲ ਜੇ' ਬਾਲੀਵੁੱਡ ਦੀ ਪਹਿਲੀ ਅਤੇ 1995 ਦੀ ਬਾਕਸ-ਆਫਿਸ ਹਿੱਟ ਦੀ ਫਿਲਮ ਦੀ 30ਵੀਂ ਵਰ੍ਹੇਗੰਢ ਮੌਕੇ ਸਥਾਪਿਤ ਕੀਤੀ ਗਈ ਹੈ। ਇਹ ਸੀਨ ਵਿੱਚ ਹੈ ਕਿ ਸ਼ਾਹਰੁਖ ਰਾਜ ਦੇ ਰੂਪ ਵਿੱਚ ਅਤੇ ਕਾਜੋਲ ਸਿਮਰਨ ਦੇ ਰੂਪ ਵਿੱਚ ਅਣਜਾਣੇ ਵਿੱਚ ਰਸਤੇ ਪਾਰ ਕਰਦੇ ਹਨ।

ਸ਼ਾਹਰੁਖ ਖਾਨ ਨੇ ਕਿਹਾ ਕਿ ਡੀ ਡੀ ਐਲ ਜੇ ਨੂੰ ਇੱਕ ਪਵਿੱਤਰ ਦਿਲ ਨਾਲ ਬਣਾਇਆ ਗਿਆ ਸੀ। ਅਸੀਂ ਪਿਆਰ ਬਾਰੇ ਇੱਕ ਕਹਾਣੀ ਦੱਸਣਾ ਚਾਹੁੰਦੇ ਸੀ, ਕਿ ਪਿਆਰ ਕਿਵੇਂ ਰੁਕਾਵਟਾਂ ਨੂੰ ਦੂਰ ਕਰ ਸਕਦਾ ਹੈ। ਉਹਨਾਂ ਕਿਹਾ ਕਿ ਪਿਆਰ ਕਰਕੇ ਹੀ 'ਡੀ ਡੀ ਐਲ ਜੇ' ਦਾ 30 ਸਾਲਾਂ ਤੋਂ ਵੱਧ ਸਮੇਂ ਤੋਂ ਪ੍ਰਭਾਵ ਰਿਹਾ ਹੈ।




ਲੰਡਨ ਵਿੱਚ ਕਾਂਸੀ ਦੇ ਬੁੱਤ ਦਾ ਉਦਘਾਟਨ ਮੌਕੇ ਸ਼ਾਹਰੁੱਖ ਖਾਨ ਅਤੇ ਕਾਜੋਲ

## ਸਿਆਸੀ ਆਗੂ ਬਨਾਮ ਭੋਲੇ ਲੋਕ

**ਬਹੁਤ ਘੱਟ ਸਿਆਸੀ ਆਗੂ ਅਜਿਹੇ ਹੁੰਦੇ ਨੇ ਜਿਹੜੇ ਆਪਣੇ ਵੋਟਰਾਂ/ਲੋਕਾਂ ਨਾਲ ਚੋਣਾਂ ਦੌਰਾਨ ਕੀਤੇ ਹੋਏ ਵਾਅਦੇ ਪੂਰੇ ਕਰ ਸਕਣ । ਕੁੱਝ ਕੁ ਤਾਂ ਸ਼ਾਇਦ ਕੀਤੀ ਬਿਆਨਬਾਜ਼ੀ ਵੀ ਭੁੱਲ ਜਾਂਦੇ ਨੇ, ਫਿਰ ਉਹਨਾਂ ਦੀਆਂ ਪੁਰਾਣੀਆਂ ਵੀਡੀਓ ਲੱਭ ਕੇ ਦਿਖਾਉਣੀਆਂ ਪੈਂਦੀਆਂ ਨੇ ਬਈ ਤੁਸੀਂ ਇਸ ਫਲਾਣੇ ਮੌਕੇ ਆਹ ਗੱਲ ਆਖੀ ਸੀ । ਕੁੱਝ ਕੁ ਤਾਂ ਕੀਤੇ ਵਾਅਦੇ ਪੂਰੇ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਇਸ ਲਈ ਸਿਆਸੀ ਆਗੂਆਂ ਦੀਆਂ ਗੱਲਾਂ ਅਤੇ ਦਿੱਤੇ ਬਿਆਨ ਵਿਸ਼ਵਾਸ ਕਰਨ ਯੋਗ ਨਹੀਂ ਹੁੰਦੇ । ਲੋਕ ਇਸ ਤਰ੍ਹਾਂ ਦੇ ਸਿਆਸਤਦਾਨਾਂ ਦੇ ਪਿੱਛੇ ਨਾ ਲੱਗਣ ਤਾਂ ਹੀ ਭਲਾ ਹੈ ।**

# ਕੀ ਰੂਸ ਨੇ ਭਾਰਤ ਨੂੰ ਧੋਖਾ ਦਿੱਤਾ ?

## ✪ ਚੀਨ ਨਾਲ ਜੁੜੀ ਫੌਜੀ ਅਭਿਆਸ ਨੇ ਵਧਾਈ ਭਾਰਤ ਲਈ ਟੈਨਸ਼ਨ ✪ ਅਮਰੀਕਾ ਨੇ ਭਾਰਤ ਨੂੰ ਕਿਉਂ ਦਿੱਤੀ ਚੇਤਾਵਨੀ ?

ਅੰਤਰਰਾਸ਼ਟਰੀ ਸਬੰਧਾਂ ਵਿੱਚ ਇੱਕ ਵੱਡਾ ਮੋੜ ਆਇਆ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਹਾਲ ਹੀ ਵਿੱਚ ਭਾਰਤ ਦਾ ਦੌਰਾ ਕੀਤਾ ਸੀ। ਇਸ ਦੌਰੇ ਦੌਰਾਨ ਦੋਹਾਂ ਦੇਸ਼ਾਂ ਵਿੱਚ ਰੱਖਿਆ ਅਤੇ ਵਪਾਰ ਨਾਲ ਜੁੜੇ ਕਈ ਸਮਝੌਤੇ ਹੋਏ ਸਨ। ਪਰ ਪੁਤਿਨ ਦੇ ਭਾਰਤ ਤੋਂ ਵਾਪਸ ਜਾਣ ਤੋਂ ਤੁਰੰਤ ਬਾਅਦ ਰੂਸ ਨੇ ਚੀਨ ਨਾਲ ਮਿਲ ਕੇ ਇੱਕ ਵੱਡਾ ਫੌਜੀ ਅਭਿਆਸ ਕੀਤਾ ਹਸੀ। ਇਹ ਅਭਿਆਸ ਐਂਟੀ-ਮਿਸਾਈਲ ਡ੍ਰਿੱਲ ਸੀ, ਜਿਸ ਵਿੱਚ ਦੋਹਾਂ ਦੇਸ਼ਾਂ ਦੇ ਜੰਗੀ ਜਹਾਜ਼ਾਂ ਅਤੇ ਪਣਡੁੱਬੀਆਂ ਨੇ ਜਾਪਾਨ ਸਾਗਰ ਵਿੱਚ ਦੁਸ਼ਮਣ ਦੀਆਂ ਮਿਸਾਈਲਾਂ ਨੂੰ ਮਾਰ ਡੇਗਣ ਅਤੇ ਉਨ੍ਹਾਂ ਦੇ ਮਿਸਾਈਲ ਬੇਸ ਨੂੰ ਤਬਾਹ ਕਰਨ ਦਾ ਅਭਿਆਸ ਕੀਤਾ ਸੀ। ਇਸ ਨੂੰ ਰੂਸ ਅਤੇ ਚੀਨ ਦੇ ਰੱਖਿਆ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਮੰਨਿਆ ਜਾ ਰਿਹਾ ਹੈ। ਪਰ ਭਾਰਤ ਲਈ ਇਹ ਖ਼ਬਰ ਚਿੰਤਾ ਵਧਾਉਣ ਵਾਲੀ ਹੈ, ਕਿਉਂਕਿ ਚੀਨ ਅਤੇ ਭਾਰਤ ਵਿੱਚ ਪੁਰਾਣੀ ਦੁਸ਼ਮਣੀ ਹੈ।

ਪੁਤਿਨ ਦੇ ਭਾਰਤ ਦੌਰੇ ਬਾਰੇ ਗੱਲ ਕਰੀਏ ਤਾਂ ਇਹ ਦੌਰਾ ਦਸੰਬਰ 2025 ਦੇ ਸ਼ੁਰੂ ਵਿੱਚ ਹੋਇਆ ਸੀ। ਪੁਤਿਨ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਦੋਹਾਂ ਦੇਸ਼ਾਂ ਵਿੱਚ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਹੋਈ ਸੀ। ਰੂਸ ਭਾਰਤ ਦਾ ਪੁਰਾਣਾ ਮਿੱਤਰ ਹੈ ਅਤੇ ਭਾਰਤ ਨੂੰ ਬਹੁਤ ਸਾਰੇ ਫੌਜੀ ਹਥਿਆਰ ਵੇਚਦਾ ਹੈ। ਪਰ ਇਸ ਦੌਰੇ ਦੇ ਵਿਚਕਾਰ ਹੀ ਰੂਸ ਨੇ ਚੀਨ ਨਾਲ ਐਂਟੀ-ਮਿਸਾਈਲ ਅਭਿਆਸ ਕੀਤਾ ਸੀ। ਚੀਨ ਦੇ ਰੱਖਿਆ ਮੰਤਰਾਲੇ ਨੇ ਆਪਣੀ ਵੈੱਬਸਾਈਟ ਤੇ ਇੱਕ ਪੋਸਟ ਵਿੱਚ ਕਿਹਾ ਕਿ ਇਹ ਅਭਿਆਸ ਰੂਸੀ ਖੇਤਰ ਵਿੱਚ ਦਸੰਬਰ ਦੇ ਸ਼ੁਰੂ ਵਿੱਚ ਹੋਇਆ ਸੀ। ਮੰਤਰਾਲੇ ਨੇ ਇਹ ਵੀ ਕਿਹਾ ਕਿ ਇਹ ਅਭਿਆਸ ਕਿਸੇ ਵੀ ਤੀਜੇ ਦੇਸ਼ ਨੂੰ ਨਿਸ਼ਾਨਾ ਬਣਾ ਕੇ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਅੰਤਰਰਾਸ਼ਟਰੀ ਸਥਿਤੀ ਦੇ ਜਵਾਬ ਵਜੋਂ ਹੈ। ਪਿਛਲੇ ਮਹੀਨੇ ਦੋਹਾਂ ਦੇਸ਼ਾਂ ਨੇ ਮਿਸਾਈਲ ਰੱਖਿਆ ਅਤੇ ਰਣਨੀਤਕ ਸਥਿਰਤਾ ਬਾਰੇ ਗੱਲਬਾਤ ਕੀਤੀ ਸੀ ਅਤੇ ਅਗਸਤ ਵਿੱਚ ਜਾਪਾਨ ਸਾਗਰ ਵਿੱਚ ਆਰਟਿਲਰੀ ਅਤੇ ਐਂਟੀ-ਸਬਮਰੀਨ ਅਭਿਆਸ ਵੀ ਕੀਤਾ ਸੀ।

ਰੂਸ ਅਤੇ ਚੀਨ ਵਿੱਚ ਇੱਕ ਵਿਸ਼ੇਸ਼ ਰਣਨੀਤਕ ਭਾਈਵਾਲੀ ਹੈ। ਇਹ ਭਾਈਵਾਲੀ 2022 ਵਿੱਚ ਯੂਕਰੇਨ ਤੇ ਰੂਸੀ ਹਮਲੇ ਤੋਂ ਕੁਝ ਸਮੇਂ ਪਹਿਲਾਂ ਸਾਈਨ ਕੀਤੀ ਗਈ ਸੀ। ਇਸ ਵਿੱਚ ਦੋਹਾਂ ਦੇਸ਼ਾਂ ਨੇ ਵਾਅਦਾ ਕੀਤਾ ਸੀ ਕਿ ਉਹ ਨਿਯਮਤ ਤੌਰ ਤੇ ਫੌਜੀ ਅਭਿਆਸਾਂ ਕਰਨਗੇ ਤਾਂ ਜੋ ਉਨ੍ਹਾਂ ਦੀਆਂ ਫੌਜਾਂ ਵਿੱਚ ਤਾਲਮੇਲ ਵਧੇ। ਦੋਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ "ਗੋਲਡਨ ਡੋਮ" ਮਿਸਾਈਲ ਰੱਖਿਆ ਯੋਜਨਾ ਅਤੇ 30 ਸਾਲਾਂ ਤੋਂ ਵੱਧ ਸਮੇਂ ਬਾਅਦ ਨਿਊਕਲੀਅਰ ਹਥਿਆਰਾਂ ਦੇ ਟੈਸਟ ਨੂੰ ਮੁੜ ਸ਼ੁਰੂ ਕਰਨ ਦੇ ਉਨ੍ਹਾਂ ਦੇ ਬਿਆਨ ਉਪਰ ਚਿੰਤਾ ਜ਼ਾਹਿਰ ਕੀਤੀ ਸੀ। ਇਹ ਸਭ ਕੁਝ ਅੰਤਰਰਾਸ਼ਟਰੀ ਸੁਰੱਖਿਆ



ਨੂੰ ਪ੍ਰਭਾਵਿਤ ਕਰ ਰਿਹਾ ਹੈ।

ਚੀਨ ਅਤੇ ਭਾਰਤ ਵਿੱਚ ਪੁਰਾਣਾ ਸੀਮਾ ਵਿਵਾਦ ਹੈ। 1962 ਵਿੱਚ ਦੋਹਾਂ ਵਿੱਚ ਵੱਡਾ ਯੁੱਧ ਵੀ ਹੋਇਆ ਸੀ। ਉਸ ਤੋਂ ਬਾਅਦ ਵੀ ਕਈ ਵਾਰ ਸੀਮਾ ਤੇ ਝੜਪਾਂ ਹੋਈਆਂ ਹਨ। ਰੂਸ ਭਾਰਤ ਦਾ ਵੱਡਾ ਰੱਖਿਆ ਸਹਿਯੋਗੀ ਹੈ, ਪਰ ਚੀਨ ਨਾਲ ਉਸ ਦੇ ਵਧਦੇ ਸਬੰਧ ਭਾਰਤ ਲਈ ਚਿੰਤਾ ਦੀ ਗੱਲ ਹੈ। ਜੇਕਰ ਰੂਸ ਦੀ ਮਦਦ ਨਾਲ ਚੀਨ ਦੀ ਫੌਜੀ ਤਾਕਤ ਵਧਦੀ ਹੈ ਤਾਂ ਇਹ ਭਾਰਤ ਲਈ ਮੁਸੀਬਤ ਬਣ ਸਕਦੀ ਹੈ। ਰੂਸ ਨੇ ਕਿਹਾ ਹੈ ਕਿ ਉਸ ਦੇ ਚੀਨ ਨਾਲ ਸਬੰਧਾਂ ਨਾਲ ਭਾਰਤ ਤੇ ਕੋਈ ਅਸਰ ਨਹੀਂ ਪਵੇਗਾ, ਪਰ ਵਿਸ਼ਲੇਸ਼ਕ ਇਸ ਨੂੰ ਰਣਨੀਤਕ ਸੰਤੁਲਨ ਵਜੋਂ ਵੇਖ ਰਹੇ ਹਨ। ਭਾਰਤ ਨੂੰ ਡਰ ਹੈ ਕਿ ਚੀਨ ਆਪਣੀ ਵਧਦੀ ਤਾਕਤ ਨਾਲ ਹਿੰਦ ਮਹਾਸਾਗਰ ਵਿੱਚ ਹਾਵੀ ਹੋ ਜਾਵੇਗਾ।

ਇਸ ਵਿਚਕਾਰ ਅਮਰੀਕਾ ਨੇ ਵੀ ਚੀਨ ਦੇ ਫੌਜੀ ਵਿਸਥਾਰ ਤੇ ਚਿੰਤਾ ਜ਼ਾਹਰ ਕੀਤੀ ਹੈ। ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਰੀਗਨ ਨੈਸ਼ਨਲ ਡਿਫੈਂਸ ਫੋਰਮ ਵਿੱਚ ਬੋਲਦਿਆਂ ਕਿਹਾ ਕਿ ਚੀਨ ਦਾ ਤੇਜ਼ੀ ਨਾਲ ਵਧ ਰਿਹਾ ਫੌਜੀ ਵਿਸਥਾਰ ਆਲਮੀ ਅਤੇ ਖੇਤਰੀ ਸੁਰੱਖਿਆ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਜਿਸ ਰਫ਼ਤਾਰ ਨਾਲ ਜਲਸੈਨਾ ਅਤੇ ਨਿਊਕਲੀਅਰ ਸਮਰੱਥਾ ਵਧਾ ਰਿਹਾ ਹੈ, ਉਹ ਖਤਰਨਾਕ ਹੈ। ਚੀਨ ਕੋਲ ਦੁਨੀਆ ਦੀ ਸਭ ਤੋਂ ਵੱਡੀ ਜਲਸੈਨਾ ਹੈ ਅਤੇ ਉਹ ਨਿਊਕਲੀਅਰ ਬਲਾਂ ਦਾ ਨਵੀਨੀਕਰਨ ਕਰ ਰਿਹਾ ਹੈ। ਹੈਗਸੇਥ ਨੇ ਕਿਹਾ ਕਿ ਚੀਨ ਦੇ ਹਰ ਅੱਠ ਜੰਗੀ ਜਹਾਜ਼ਾਂ ਤੇ ਅਮਰੀਕਾ ਕੋਲ ਸਿਰਫ਼ ਦੋ ਹਨ ਅਤੇ ਚੀਨ ਦੀ ਜਹਾਜ਼ ਬਣਾਉਣ ਦੀ ਸਮਰੱਥਾ ਅਮਰੀਕਾ ਨਾਲੋਂ 230 ਫੀਸਦ ਵੱਧ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਅਮਰੀਕਾ ਨੂੰ ਆਪਣੇ ਰੱਖਿਆ ਉਦਯੋਗ ਨੂੰ ਤੁਰੰਤ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਸਾਡੇ ਕੋਲ ਸਮਾਂ ਬਹੁਤ ਘੱਟ ਹੈ।

ਹੈਗਸੇਥ ਨੇ ਸਿੱਧਾ ਭਾਰਤ ਦਾ ਨਾਂ ਨਹੀਂ ਲਿਆ, ਪਰ ਉਨ੍ਹਾਂ ਦੇ ਬਿਆਨ ਭਾਰਤ ਦੀਆਂ ਚਿੰਤਾਵਾਂ ਨਾਲ ਮੇਲ ਖਾਂਦੇ ਹਨ। ਭਾਰਤ ਨੂੰ ਚੀਨ ਦੀ ਹਿੰਦ ਮਹਾਸਾਗਰ ਵਿੱਚ ਵਧਦੀ ਮੌਜੂਦਗੀ, ਦੱਖਣੀ ਚੀਨ ਸਮੁੰਦਰ ਦਾ ਫੌਜੀਕਰਨ ਅਤੇ ਪਾਕਿਸਤਾਨ ਨਾਲ ਉਸ ਦੇ ਰੱਖਿਆ ਸਹਿਯੋਗ ਤੋਂ ਡਰ ਹੈ। ਭਾਰਤ ਨੇ ਅਮਰੀਕਾ ਨਾਲ ਮਿਲ ਕੇ ਕਵਾਡ (ਭਾਰਤ, ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ) ਰਾਹੀਂ ਆਪਣੇ ਸਮੁੰਦਰੀ ਸਹਿਯੋਗ ਨੂੰ ਵਧਾਇਆ ਹੈ। ਇਸ ਤੋਂ ਇਲਾਵਾ ਭਾਰਤ ਨੇ ਜੰਗੀ ਜਹਾਜ਼ਾਂ, ਪਣਡੁੱਬੀਆਂ, ਲੰਬੀ ਦੂਰੀ ਦੇ ਨਿਗਰਾਨੀ ਹਵਾਈ ਜਹਾਜ਼ਾਂ ਅਤੇ ਡ੍ਰੋਨਾਂ ਵਿੱਚ ਨਿਵੇਸ਼ ਵਧਾਇਆ ਹੈ। ਚੀਨ ਦੇ ਵੱਡੇ ਪੈਮਾਨੇ ਤੇ ਜਹਾਜ਼ਾਂ, ਮਿਸਾਈਲਾਂ ਅਤੇ ਗੋਲਾ-ਬਾਰੂਦ ਬਣਾਉਣ ਦੀ ਸਮਰੱਥਾ ਭਾਰਤ ਲਈ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਹੈ।

ਭਾਰਤ ਲਈ ਚੀਨ ਕਿਵੇਂ ਵੱਡਾ ਖ਼ਤਰਾ ਬਣ ਰਿਹਾ ਹੈ ? ਚੀਨ ਨੇ ਆਪਣੀ ਜਲਸੈਨਾ ਨੂੰ ਬਹੁਤ ਵਧਾ ਲਿਆ ਹੈ ਅਤੇ ਹਿੰਦ ਮਹਾਸਾਗਰ ਵਿੱਚ ਆਪਣੇ ਬੇਸ ਬਣਾ ਰਿਹਾ ਹੈ। ਪਾਕਿਸਤਾਨ ਨਾਲ ਉਸ ਦੇ ਨੇੜਲੇ ਸਬੰਧ ਭਾਰਤ ਲਈ ਹੋਰ ਚਿੰਤਾ ਵਧਾਉਂਦੇ ਹਨ। ਅਮਰੀਕਾ ਨੇ ਕਿਹਾ ਹੈ ਕਿ ਚੀਨ ਨਾ ਸਿਰਫ਼ ਨਿਊਕਲੀਅਰ ਹਥਿਆਰ ਵਧਾ ਰਿਹਾ ਹੈ ਬਲਕਿ ਰੂਸ ਨਾਲ ਫੌਜੀ ਸਹਿਯੋਗ ਵੀ ਡੂੰਘਾ ਕਰ ਰਿਹਾ ਹੈ। ਇਸ ਨਾਲ ਭਾਰਤ ਦੀ ਟੈਨਸ਼ਨ ਵਧ ਰਹੀ ਹੈ। ਭਾਰਤ ਨੇ ਪਹਿਲਾਂ ਹੀ ਅਮਰੀਕਾ ਨਾਲ ਸਬੰਧ ਮਜ਼ਬੂਤ ਕੀਤੇ ਹਨ। ਕਵਾਡ ਰਾਹੀਂ ਸਾਂਝੀ ਅਭਿਆਸਾਂ ਅਤੇ ਤਕਨੀਕੀ ਭਾਈਵਾਲੀ ਵਧਾ ਰਿਹਾ ਹੈ। ਇਸ ਤੋਂ ਇਲਾਵਾ ਭਾਰਤ ਆਪਣੀ ਫੌਜ ਨੂੰ ਨਵੀਂ ਤਕਨੀਕ ਨਾਲ ਲੈਸ ਕਰ ਰਿਹਾ ਹੈ। ਭਾਰਤ ਨੇ ਨਿਰਪੱਖ ਨੀਤੀ ਅਪਨਾਈ ਹੈ, ਟੈਰਿਫਾਂ ਕਾਰਣ ਤਣਾਅ ਵਧਣ ਦੇ ਬਾਵਜੂਦ ਅਮਰੀਕਾ ਨਾਲ ਨੇੜਲੇ ਸਬੰਧ ਬਣਾ ਰਿਹਾ ਹੈ ਤਾਂ ਜੋ ਚੀਨ ਨੂੰ ਰੋਕਿਆ ਜਾ ਸਕੇ। ਰੂਸ ਨਾਲ ਵੀ ਭਾਰਤ ਦੇ ਸਬੰਧ ਚੰਗੇ ਰੱਖਣੇ ਪੈਣਗੇ, ਕਿਉਂਕਿ ਰੂਸ ਤੋਂ ਹਥਿਆਰ ਆਉਂਦੇ ਹਨ। ਇਹ ਸਭ ਇੱਕ ਵੱਡੀ ਰਣਨੀਤੀ ਦਾ ਹਿੱਸਾ ਹੈ। ਵਿਸ਼ਲੇਸ਼ਕ ਕਹਿੰਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਅੰਤਰਰਾਸ਼ਟਰੀ ਸਬੰਧ ਹੋਰ ਗੁੰਝਲਦਾਰ ਹੋਣਗੇ ਅਤੇ ਭਾਰਤ ਨੂੰ ਆਪਣੀ ਸੁਰੱਖਿਆ ਨੂੰ ਪਹਿਲ ਦੇਣੀ ਪਵੇਗੀ।

## ਪੁਲਿਸ ਹਿਰਾਸਤ ਵਿਚ ਨਸ਼ੇੜੀ ਦੀ ਮੌਤ ਦਾ ਇਕ ਹੋਰ ਮਾਮਲਾ !

### ✪ ਨਸ਼ੇ ਦੇ ਕੇਸ ਵਿਚ ਕੀਤਾ ਸੀ ਗ੍ਰਿਫ਼ਤਾਰ; ਪਰਿਵਾਰ ਨੇ ਘੇਰਿਆ ਥਾਣਾ

ਜੰਡਿਆਲਾ ਗੁਰੂ-ਜੰਡਿਆਲਾ ਗੁਰੂ ਥਾਣੇ ਦੀ ਹਵਾਲਾਤ ਵਿਚ ਨਸ਼ੇ ਦੇ ਕੇਸ 'ਚ ਗ੍ਰਿਫ਼ਤਾਰ ਨੌਜਵਾਨ ਦੀ ਸ਼ਨਿਚਰਵਾਰ ਰਾਤ ਅਚਾਨਕ ਮੌਤ ਹੋ ਗਈ। ਪਰਿਵਾਰ ਨੇ ਦੋਸ਼ ਲਾਇਆ ਕਿ ਗੁਰਪ੍ਰੀਤ ਸਿੰਘ (25) ਦੀ ਮੌਤ ਪੁਲਿਸ ਦੀ ਕੁੱਟਮਾਰ ਕਾਰਨ ਹੋਈ ਹੈ। ਪੁਲਿਸ ਹਿਰਾਸਤ 'ਚ ਹੋਈ ਮੌਤ ਤੋਂ ਬਾਅਦ ਪੁਲਿਸ ਅਧਿਕਾਰੀਆਂ ਦੇ ਹੱਥਾਂ-ਪੈਰਾਂ ਦੀ ਪੈ ਗਈ। ਪੁਲਿਸ ਨੇ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਘਟਨਾ ਤੋਂ ਬਾਅਦ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਸਵੇਰੇ ਗਿਆਰਾਂ ਵਜੇ ਜਲੰਧਰ-ਅੰਮ੍ਰਿਤਸਰ ਜੀਟੀ ਰੋਡ 'ਤੇ ਧਰਨਾ ਲਗਾ ਦਿੱਤਾ। ਕਿਲਾ ਜੀਵਨ ਸਿੰਘ ਇਲਾਕੇ 'ਚ ਰਹਿਣ ਵਾਲੀ ਬਲਵਿੰਦਰ ਕੌਰ ਨੇ ਦੱਸਿਆ ਕਿ ਸ਼ਨਿਚਰਵਾਰ ਸ਼ਾਮ ਨੂੰ ਜੰਡਿਆਲਾ ਗੁਰੂ ਥਾਣੇ ਦੇ ਦੋ ਪੁਲਿਸ ਅਫ਼ਸਰਾਂ ਵੱਲੋਂ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਜਦੋਂ ਉਹ ਬੇਟੇ ਦੀ ਪੈਰਵੀ ਕਰਨ ਥਾਣੇ ਪਹੁੰਚੀ ਤਾਂ ਉੱਥੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਗੁਰਪ੍ਰੀਤ ਸਿੰਘ ਨੂੰ ਹੈਰੋਇਨ ਤਸਕਰੀ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਆਪਣੇ ਸਕੇ-ਸਬੰਧੀਆਂ ਨਾਲ ਰਾਤ ਕਰੀਬ ਨੌਂ ਵਜੇ ਬੇਟੇ ਨੂੰ ਚਾਹ ਤੇ ਰੋਟੀ ਖਵਾਉਣ ਥਾਣੇ ਪਹੁੰਚੀ ਸੀ। ਉੱਥੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਗੁਰਪ੍ਰੀਤ ਸਿੰਘ ਦੀ ਤਬੀਅਤ ਹਵਾਲਾਤ 'ਚ ਅਚਾਨਕ ਵਿਗੜ ਗਈ ਤੇ ਕਿਸੇ ਹਸਪਤਾਲ ਲੈ ਕੇ ਗਏ ਹਨ। ਕੁਝ ਦੇਰ ਬਾਅਦ ਦੱਸਿਆ ਗਿਆ ਕਿ ਗੁਰਪ੍ਰੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਉਕਤ ਪੀੜਤਾ ਨੇ ਦੋਸ਼ ਲਾਇਆ ਕਿ ਹਵਾਲਾਤ 'ਚ ਪੁਲਿਸ ਦੇ ਭਿਆਨਕ ਤਸ਼ੱਦਦ ਕਾਰਨ ਗੁਰਪ੍ਰੀਤ ਸਿੰਘ ਦੀ ਮੌਤ ਹੋਈ ਹੈ। ਪੁਲਿਸ ਅਫ਼ਸਰਾਂ ਨੇ ਗੁਰਪ੍ਰੀਤ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ। ਪਰਿਵਾਰ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਖ਼ਿਲਾਫ਼ ਪਹਿਲਾਂ ਕਿਸੇ ਤਰ੍ਹਾਂ ਦੀ ਕੋਈ ਐਫਆਈਆਰ ਦਰਜ ਨਹੀਂ ਹੈ। ਡੀਐਸਪੀ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਨੌਂ ਵਜੇ ਗੁਰਪ੍ਰੀਤ ਸਿੰਘ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ ਸੀ। ਉਸਦੀ ਹਾਲਤ ਦੇਖ ਕੇ ਉਸਨੂੰ ਮਾਨਾਵਾਲਾ ਸਥਿਤ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਹਿਰਾਸਤ 'ਚ ਮੌਤ ਦੀ ਖ਼ਬਰ ਤੋਂ ਬਾਅਦ ਐਸਪੀ (ਐਚ) ਤੇਜਬੀਰ ਸਿੰਘ, ਡੀਐਸਪੀ (ਡੀ) ਗੁਰਿੰਦਰ ਪਾਲ ਸਿੰਘ ਨਾਗਰਾ ਅਤੇ ਡੀਐਸਪੀ ਰਵਿੰਦਰ ਪਾਲ ਸਿੰਘ ਘਟਨਾ ਸਥਾਨ 'ਤੇ ਪਹੁੰਚੇ। ਪਰਿਵਾਰ ਦੇ ਅੱਠ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੇ ਬਿਆਨ ਦਰਜ ਕੀਤੇ ਗਏ। ਕਾਰਵਾਈ ਦੇ ਭਰੋਸੇ ਤੋਂ ਬਾਅਦ ਸ਼ਾਮ ਚਾਰ ਵਜੇ ਪਰਿਵਾਰ ਨੇ ਧਰਨਾ ਚੁੱਕ ਲਿਆ। ਐਸਪੀ ਤੇਜਬੀਰ ਸਿੰਘ ਨੇ ਦੱਸਿਆ ਕਿ ਪੋਸਟਮਾਰਟਮ ਰਿਪੋਰਟ ਤੋਂ ਮੌਤ ਦੇ ਕਾਰਨ ਦਾ ਪਤਾ ਲੱਗ ਸਕੇਗਾ।

# ਪਿੰਗਲਵਾੜਾ ਸੁਸਾਇਟੀ ਯੂ ਕੇ ਦੀ 20ਵੀਂ ਵਰ੍ਹੇ ਗੰਢ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮਨਾਈ ਗਈ

ਭਗਤ ਪੂਰਨ ਸਿੰਘ ਵੱਲੋਂ ਲੋੜਵੰਦਾਂ, ਅਪਹਾਜਾਂ ਅਤੇ ਬੇ-ਆਸਰਿਆਂ ਲਈ ਚਲਾਏ ਗਏ ਪਿੰਗਲਵਾੜਾ ਦਾ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀਆਂ ਦਾ ਗੂੜਾ ਨਾਤਾ ਹੈ। ਇਸ ਨਾਤੇ ਨੂੰ ਬੀਤੇ 20 ਵਰ੍ਹਿਆਂ ਤੋਂ ਹੋਰ ਜੋੜ੍ਹਨ ਲਈ ਅਤੇ ਸੰਗਤਾਂ ਨੂੰ ਪਿੰਗਲਵਾੜਾ ਨਾਲ ਜੋੜ੍ਹਨ ਲਈ ਲੰਡਨ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਸ: ਜਗਰਾਜ ਸਿੰਘ ਸਰਾਂ ਦੀ ਅਗਵਾਈ ਵਿੱਚ ਪਿੰਗਲਵਾੜਾ ਸੁਸਾਇਟੀ ਯੂ ਕੇ ਵੱਲੋਂ ਯਤਨ ਕੀਤੇ ਜਾ ਰਹੇ ਹਨ। ਪਿੰਗਲਵਾੜਾ ਸੁਸਾਇਟੀ ਯੂ ਕੇ ਦੀ 20ਵੀਂ ਵਰ੍ਹੇ ਗੰਢ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ, ਜੋ ਇਸ ਵਾਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਨ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਦਾ ਸੰਗਤਾਂ ਨੇ ਅਨੰਦ ਮਾਣਿਆਂ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਟੇਜ ਸਕੱਤਰ ਮਨਜੀਤ ਸਿੰਘ ਅਤੇ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਨੇ ਭਗਤ ਪੂਰਨ ਸਿੰਘ ਦੇ ਮਨੁਖਤਾ ਲਈ ਕੀਤੇ ਕੰਮਾਂ ਅਤੇ ਪਾਏ ਪੂਰਨਿਆਂ ਬਾਰੇ ਬੋਲਦਿਆਂ ਸ: ਜਗਰਾਜ ਸਿੰਘ ਸਰਾਂ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਕੀਤੀ। ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ ਨੇ ਕਿਹਾ ਕਿ ਸ: ਸਰਾਂ ਅਤੇ ਉਹਨਾਂ ਦੀ ਸਮੁੱਚੀ ਟੀਮ ਬੀਤੇ 20 ਸਾਲਾਂ ਤੋਂ ਇਸ ਮਹਾਨ ਕਾਰਜ਼ ਲਈ ਸੇਵਾਵਾਂ ਕਰ ਰਹੀ ਹੈ। ਉਹਨਾਂ ਕਿਹਾ ਕਿ ਪਿੰਗਲਵਾੜਾ ਜਾ ਕੇ ਹੀ ਪਤਾ ਲੱਗਦਾ ਹੈ ਕਿ ਉੱਥੇ ਕਿਸ ਤਰ੍ਹਾਂ ਦੀਆਂ ਸੇਵਾਵਾਂ ਹੋ ਰਹੀਆਂ ਹਨ। ਸ: ਜਗਰਾਜ ਸਿੰਘ ਸਰਾਂ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜਾ ਨੇ ਸਾਰੇ ਬ੍ਰਹਿਮੰਡ ਦੀ ਰੱਖਿਆ ਵਾਸਤੇ ਸਾਰਾ ਜੀਵਨ ਲਾਇਆ, ਗੁਰਬਾਣੀ ਰਾਹੀਂ ਸਮੁੱਚੇ ਜਗਤ ਨੂੰ ਉਪਦੇਸ਼ ਦਿੱਤਾ। ਉਹਨਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਲਈ ਕੁਰਬਾਨੀ ਦਿੱਤੀ, ਇਸੇ ਕਰਕੇ ਉਹਨਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਪਿੰਗਲਵਾੜਾ ਸੁਸਾਇਟੀ ਯੂ ਕੇ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਇਹ ਵਾਹਿਗੁਰੂ ਦੀ ਕ੍ਰਿਪਾ ਨਾਲ ਭਗਤ ਪੂਰਨ ਸਿੰਘ ਵੱਲੋਂ ਦਰਸਾਏ ਮਾਰਗ ਤੇ ਚੱਲਣ ਲਈ ਬੀਬੀ ਇੰਦਰਜੀਤ ਕੌਰ ਵੱਲੋਂ ਦਿੱਤੇ ਗਏ ਉਤਸ਼ਾਹ, ਪ੍ਰੇਰਣਾ ਅਤੇ ਸਹਿਯੋਗ ਸਦਕਾ ਹੀ ਸੰਭਵ ਹੋਇਆ ਹੈ। ਉਹਨਾਂ ਪ੍ਰਬੰਧਕ ਕਮੇਟੀ, ਐਮ ਪੀ ਸੀਮਾ ਮਲਹੋਤਰਾ ਅਤੇ ਸਾਥੀ ਸਹਿਯੋਗੀਆਂ ਦਾ ਧੰਨਵਾਦ ਕੀਤਾ ਜੋ ਹਰ ਸਾਲ ਇਸ ਦਿਨ ਦਸਵੰਦ ਦਿਵਸ ਵਜੋਂ ਮਨਾਉਣ ਲਈ ਅਣਥੱਕ ਘਾਲਣਾ ਕਰਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸਟੇਜ ਸਕੱਤਰ ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਖਜ਼ਾਨਚੀ ਪਰਮਜੀਤ ਸਿੰਘ ਧਾਲੀਵਾਲ ਵੱਲੋਂ ਸ: ਜਗਰਾਜ ਸਿੰਘ ਸਰਾਂ, ਐਮ ਪੀ ਸੀਮਾ ਮਲਹੋਤਰਾ, ਸੁਖਦੇਵ ਸਿੰਘ ਸੰਧਾਵਾਲੀਆ, ਮਨਜੀਤ ਸਿੰਘ ਅਤੇ ਹੋਰ ਸਾਥੀਆਂ ਦਾ ਸਨਮਾਨ ਕੀਤਾ। ਇਸ ਮੌਕੇ ਹਿੰਮਤ ਸਿੰਘ ਸੋਹੀ, ਕੁਲਵੰਤ ਕੌਰ ਢਿੱਲੋਂ, ਸ਼ਿਵਦੀਪ ਕੌਰ ਢੇਸੀ, ਰੁਪਿੰਦਰ ਕੌਰ ਆਦਿ ਹਾਜ਼ਰ ਸਨ।





ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ, ਰਾਜ ਵਿਦੇਸ਼ ਮੰਤਰੀ ਸੀਮਾ ਮਲਹੋ-ਤਰਾ ਅਤੇ ਸਾਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

AD. SPONSORED: MANPREET SINGH BADHNI KALAN

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

## ਹੁਣ ਤੁਸੀਂ ਕੀ ਕਰਨਾ ਹੈ?

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਦੋ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...



ਘਰ ਦਾ ਕੰਮ


Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Take a Punjabi news paper or a Punjabi book, find & write two letter words which have either of the following letters in it.
ਟ, ਠ, ਡ, ਢ, ਣ

ਸਿਖਿਆ - ਗੁਰਮੁਖੀ Page 47 Level I


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸਿੱਖ ਜੋੜਿਆਂ ਨੂੰ ਘੱਟੋ-ਘੱਟ 3-4 ਬੱਚੇ ਪੈਦਾ ਕਰਨ ਦੀ ਅਪੀਲ: ਕੀ ਜਥੇਦਾਰ ਦਾ ਬਿਆਨ ਠੀਕ ਹੈ ?

## ✪ ਕੀ ਕਹਿੰਦੇ ਹਨ ਸਿੱਖ ਵਿਦਵਾਨ, ਇਹ ਸੰਦੇਸ਼ ਜਾਰੀ ਕਰਨ ਦੀ ਜਥੇਦਾਰ ਨੂੰ ਲੋੜ ਕਿਉਂ ਪਈ

ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਫਤਹਿਗੜ੍ਹ ਸਾਹਿਬ ਵਿੱਚ 2 ਦਸੰਬਰ ਨੂੰ ਹੋਏ ਧਾਰਮਿਕ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਸਿੱਖ ਜੋੜਿਆਂ ਨੂੰ ਘੱਟੋ-ਘੱਟ ਤਿੰਨ ਤੋਂ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ। ਜਥੇਦਾਰ ਗੜਗਜ ਨੇ ਕਿਹਾ ਸੀ, "ਸਾਰੀਆਂ ਕੌਮਾਂ ਦੀ ਆਬਾਦੀ ਵਧ ਰਹੀ ਹੈ, ਪਰ ਸਾਡੀ (ਸਿੱਖਾਂ) ਦੀ ਘੱਟ ਰਹੀ ਹੈ। ਇੱਕ ਬੱਚਾ ਪੈਦਾ ਕਰਨਾ ਚੰਗੀ ਨੀਤੀ ਨਹੀਂ। ਪੁੱਤਰ ਜਾਂ ਧੀ, ਰੱਬ ਦਾ ਤੋਹਫ਼ਾ ਹੈ, ਪਰ ਪਰਿਵਾਰ ਵਿੱਚ ਘੱਟੋ-ਘੱਟ ਤਿੰਨ-ਚਾਰ ਬੱਚੇ ਹੋਣੇ ਚਾਹੀਦੇ ਨੇ। ਤਾਂ ਹੀ ਮਾਸੀ, ਭੂਆ, ਫੁਫੜ, ਤਾਈ ਵਰਗੇ ਰਿਸ਼ਤੇ ਬਣਦੇ ਨੇ।"

ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਗੁਆਂਢੀ ਖੇਤੀਬਾੜੀ ਵਾਲੇ ਆਪਣੀ ਜ਼ਮੀਨ ਵੇਚ ਰਹੇ ਨੇ ਅਤੇ ਪਿੰਡਾਂ ਵਿੱਚ ਜਵਾਨੀ ਦੀ ਘਾਟ ਹੈ। ਇਸ ਬਿਆਨ ਨੂੰ ਸਮਝਣ ਲਈ ਪਹਿਲਾਂ ਸਿੱਖ ਆਬਾਦੀ ਦੇ ਅੰਕੜਿਆਂ ਵੱਲ ਨਜ਼ਰ ਮਾਰੀਏ। ਅੰਕੜੇ ਇਹੀ ਦੱਸਦੇ ਨੇ ਕਿ ਸਿੱਖ ਆਬਾਦੀ ਵਿੱਚ ਗਿਰਾਵਟ ਆ ਰਹੀ ਹੈ। 2001 ਦੀ ਭਾਰਤੀ ਗਿਣਤੀ ਅਨੁਸਾਰ ਪੰਜਾਬ ਵਿੱਚ ਸਿੱਖ 59.91 ਫੀਸਦੀ ਸਨ, ਪਰ 2011 ਵਿੱਚ ਇਹ ਅੰਕੜਾ 57.69 ਫੀਸਦੀ ਰਹਿ ਗਿਆ। 2025 ਦੇ ਅੰਦਾਜ਼ੇ ਅਨੁਸਾਰ ਇਹ ਹੁਣ ਲਗਭਗ 55 ਫੀਸਦੀ ਤੱਕ ਪਹੁੰਚ ਚੁਕਾ ਹੈ। ਭਾਰਤ ਵਿੱਚ ਸਿੱਖਾਂ ਦਾ ਹਿੱਸਾ 1.87 ਫੀਸਦੀ ਤੋਂ ਘਟ ਕੇ 1.72 ਫੀਸਦੀ ਹੋ ਗਿਆ। ਇਸ ਦਾ ਮੁੱਖ ਕਾਰਨ ਹੈ ਘੱਟ ਜਨਮ ਦਰ , ਜੋ ਕਿ ਰੀਪ੍ਰੋਡਕਸ਼ਨ ਲੈਵਲ (2.1) ਤੋਂ ਘੱਟ ਹੈ। ਇਸ ਤੋਂ ਇਲਾਵਾ, ਪੰਜਾਬ ਤੋਂ ਨੌਜਵਾਨਾਂ ਦਾ ਵਿਦੇਸ਼ ਵਲ ਪ੍ਰਵਾਸ ਹੋ ਰਿਹਾ ਹੈ। ਯੂਨੀਵਰਸਿਟੀ ਡਾਟਾ ਅਨੁਸਾਰ, ਸਿੱਖ ਵਿਦਿਆਰਥੀਆਂ ਦਾ ਹਿੱਸਾ 1.73 ਫੀਸਦੀ ਤੱਕ ਘਟ ਗਿਆ ਹੈ।



ਪੰਜਾਬ ਵਿੱਚ ਹੋਰ ਰਾਜਾਂ ਤੋਂ ਆਉਣ ਵਾਲੇ ਮਜ਼ਦੂਰਾਂ ਦੀ ਆਬਾਦੀ ਵਧ ਰਹੀ ਹੈ, ਜਿਸ ਨਾਲ ਡੈਮੋਗ੍ਰਾਫਿਕ ਬੈਲੰਸ ਬਦਲ ਰਿਹਾ ਹੈ। 2024 ਦੌਰਾਨ ਸ੍ਰੀ ਅਕਾਲ ਤਖ਼ਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਬੰਦੀ ਛੋੜ ਦਿਵਸ ਉੱਤੇ ਇਸ ਮੁੱਦੇ ਨੂੰ ਉਠਾਇਆ ਸੀ। ਇਸ ਲਈ ਇਹ ਸਿੱਖ ਪੰਥ ਦੀ ਇੱਕ ਅਸਲ ਸਮੱਸਿਆ ਨੂੰ ਉਜਾਗਰ ਕਰਦਾ ਹੈ।

ਪ੍ਰਸਿਧ ਵਿਦਵਾਨ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਜਥੇਦਾਰ ਗੜਗਜ ਵਲੋਂ ਉਠਾਇਆ ਇਹ ਇੱਕ ਗੰਭੀਰ ਮੁੱਦਾ ਹੈ। ਪੰਜਾਬ ਦੇ ਪਿੰਡਾਂ ਵਿਚ ਨੌਜਵਾਨਾਂ ਦੀ ਗਿਣਤੀ ਘੱਟ ਹੋ ਰਹੀ ਹੈ। ਜਵਾਨ ਵਿਦੇਸ਼ ਜਾ ਰਹੇ ਨੇ, ਜਿਸ ਨਾਲ ਪਿੰਡ ਖਾਲੀ ਹੋ ਰਹੇ ਨੇ। ਸਿੱਖ ਕਿਸਾਨ ਆਪਣੀ ਜ਼ਮੀਨ ਵੇਚ ਰਹੇ ਨੇ ਅਤੇ ਬਾਹਰੋਂ ਆਉਣ ਵਾਲੇ ਖਰੀਦ ਰਹੇ ਨੇ। ਇਹ ਨਾ ਸਿਰਫ਼ ਆਬਾਦੀ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਸੱਭਿਆਚਾਰਕ ਅਤੇ ਆਰਥਿਕ ਰੂਪ ਨਾਲ ਵੀ। ਪੰਜਾਬ ਇੱਕਲਾ ਰਾਜ ਹੈ ਜਿੱਥੇ ਸਿੱਖ ਬਹੁਗਿਣਤੀ ਵਿੱਚ ਨੇ, ਪਰ ਇਹ ਵੀ ਖਤਰੇ ਵਿੱਚ ਹੈ। ਗਲੋਬਲ ਤੌਰ ਉੱਤੇ ਸਿੱਖ ਆਬਾਦੀ 25 ਮਿਲੀਅਨ ਤੱਕ ਹੈ, ਪਰ ਭਾਰਤ ਵਿੱਚ ਸਿੱਖਾਂ ਦੀ ਗਿਣਤੀ ਘਟਣ ਨਾਲ ਪੰਥ ਦੀ ਤਾਕਤ ਘਟ ਰਹੀ ਹੈ। ਜਥੇਦਾਰ ਨੇ ਇਸ ਨੂੰ 'ਕੌਮੀ ਚਿੰਤਾ' ਵਜੋਂ ਵਰਣਨ ਕੀਤਾ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਬਿਆਨ ਆਏ ਨੇ, ਜਿਵੇਂ 2014 ਵਿੱਚ ਗਿਆਨੀ ਗੁਰਬਚਨ ਸਿੰਘ ਨੇ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ। ਇਹ ਇੱਕ ਲੰਮੇ ਸਮੇਂ ਤੋਂ ਚੱਲ ਰਹੀ ਚਿੰਤਾ ਹੈ, ਜੋ ਹੁਣ ਤੀਬਰ ਹੋ ਗਈ ਹੈ।

ਪੰਥ ਦੇ ਕਈ ਹਿੱਸਿਆਂ ਤੋਂ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਹੈ। ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਵਾਲੇ, ਜਿਨ੍ਹਾਂ ਦੇ ਸਾਹਮਣੇ ਇਹ ਗੱਲ ਕਹੀ ਗਈ, ਨੇ ਕਿਹਾ ਕਿ ਕੌਮ ਨੂੰ ਇਸ ਸਮੱਸਿਆ ਨਾਲ ਨਿਪਟਣ ਲਈ ਅਜਿਹੇ ਕਦਮ ਚੁੱਕਣੇ ਪੈਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਕਈ ਮੈਂਬਰਾਂ ਨੇ ਵੀ ਸਮਰਥਨ ਕੀਤਾ ਹੈ। ਐੱਸਜੀਪੀਸੀ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਿਆਨ ਪੰਥ ਦੇ ਭਵਿੱਖ ਲਈ ਚੇਤਾਵਨੀ ਹੈ ਅਤੇ ਇਹ ਸੰਦੇਸ਼ ਸਿੱਖਾਂ ਨੂੰ ਪਰਿਵਾਰ ਵਧਾਉਣ ਲਈ ਪ੍ਰੇਰਿਤ ਕਰੇਗਾ। ਕੁਝ ਗਲੋਬਲ ਸਿੱਖ ਸੰਸਥਾਵਾਂ, ਜਿਵੇਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਨੇ ਟਵੀਟ ਕਰਕੇ ਕਿਹਾ ਕਿ ਇਹ ਇੱਕ ਸਮੇਂ ਸਿਰ ਦਾ ਕਦਮ ਹੈ। ਇਸ ਤੋਂ ਇਲਾਵਾ, ਪਿੰਡਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੇ ਵੀ ਖ਼ੁਸ਼ੀ ਜ਼ਾਹਰ ਕੀਤੀ ਅਤੇ ਕਿਹਾ ਕਿ ਇਹ ਪੁਰਾਣੇ ਰਿਸ਼ਤਿਆਂ ਨੂੰ ਜਿਉਂਦਾ ਕਰੇਗਾ। ਪਰ ਯੰਗ ਸਿੱਖ ਐਕਟਿਵਿਸਟਾਂ ਨੇ ਸੋਸ਼ਲ ਮੀਡੀਆ ਉੱਤੇ ਚਰਚਾ ਕੀਤੀ ਕਿ ਅੱਜ ਦੇ ਸਮੇਂ ਵਿੱਚ ਬੱਚੇ ਪੈਦਾ ਕਰਨਾ ਆਰਥਿਕ ਬੋਝ ਹੈ। ਉਹਨਾਂ ਨੇ ਕਿਹਾ ਕਿ ਜ਼ਮੀਨ, ਨੌਕਰੀਆਂ ਅਤੇ ਸਿੱਖਿਆ ਦੀਆਂ ਸਹੂਲਤਾਂ ਵਧਾਈਆਂ ਜਾਣ, ਨਾ ਕਿ ਸਿਰਫ਼ ਬੱਚਿਆਂ ਦੀ ਗਿਣਤੀ। ਸ਼੍ਰੋਮਣੀ ਕਮੇਟੀ ਸਭ ਤੋਂ ਪਹਿਲਾਂ ਇਹ ਕਾਰਜ ਆਪਣੇ ਮੁਲਾਜ਼ਮਾਂ ਤੋਂ ਸ਼ੁਰੂ ਕਰੇ। ਉਨ੍ਹਾਂ ਦੇ ਬਚਿਆਂ ਨੂੰ ਵਿਦਿਅਕ ਸਹੂਲਤਾਂ ਦੇਵੇ।

ਇਕ ਹੋਰ ਸਿੱਖ ਬੁਧੀਜੀਵੀ ਡਾਕਟਰ ਪਰਮਿੰਦਰ ਸਿੰਘ ਨੇ ਕਿਹਾ, "ਸਿੱਖ ਨੌਜਵਾਨ ਵਿਦੇਸ਼ ਜਾ ਰਹੇ ਨੇ ਕਿਉਂਕਿ ਪੰਜਾਬ ਵਿੱਚ ਜਾਬਾਂ ਦੇ ਮੌਕੇ ਨਹੀਂ। ਬੱਚੇ ਵਧਾਉਣ ਨਾਲ ਕੀ ਹੋਵੇਗਾ ਜੇਕਰ ਉਹ ਵੀ ਵਿਦੇਸ਼ਾਂ ਵਿਚ ਪਲਾਇਨ ਕਰ ਗਏ ?"

ਡਾਕਟਰ ਸਿਮਰਨਜੀਤ ਕੌਰ ਨੇ ਵੀ ਜਥੇਦਾਰ ਦੇ ਬਿਆਨ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਸਿੱਖ ਔਰਤਾਂ ਉੱਤੇ ਵਧੇਰੇ ਬੋਝ ਪਾਉਂਦਾ ਹੈ। ਜਥੇਦਾਰ ਨੂੰ ਸਿੱਖ ਕਿਰਦਾਰ ਉਪਰ ਜ਼ੋਰ ਦੇਣਾ ਚਾਹੀਦਾ। ਕਿਰਦਾਰ ਸਦਕਾ ਹੀ ਸਿੱਖਾਂ ਨੇ ਵਿਸ਼ਵ ਵਿਚ ਆਪਣੀ ਥਾਂ ਬਣਾਈ ਹੈ।

ਪਿਛਲੇ ਸਾਲਾਂ ਵਿੱਚ ਅਜਿਹੇ ਬਿਆਨਾਂ ਉੱਤੇ ਵੀ ਵਿਵਾਦ ਹੋਇਆ ਸੀ। 2015 ਵਿੱਚ ਜਥੇਦਾਰ ਨੇ ਤਿੰਨ-ਚਾਰ ਬੱਚੇ ਪੈਦਾ ਕਰਨ ਦੀ ਗੱਲ ਕੀਤੀ ਤਾਂ ਇਹ ਵੀ ਚਰਚਾ ਵਿੱਚ ਰਿਹਾ। ਕੁਝ ਨੇ ਇਸ ਨੂੰ ਧਰਮ ਨਾਲ ਜੋੜਿਆ, ਤਾਂ ਕੁਝ ਨੇ ਆਰਥਿਕ ਨੀਤੀਆਂ ਨਾਲ। ਅੱਜ ਵੀ ਸਿੱਖ ਪੰਥ ਵਿਚ ਇਸ ਬਿਆਨ ਬਾਰੇ ਵਿਵਾਦ ਹੈ,ਪਰ ਸਿੱਖਾਂ ਦੀ ਅਬਾਦੀ ਘਟਨਾ ਸੰਕਟ ਦਾ ਵਿਸ਼ਾ ਹੈ।

ਬਹੁਗਿਣਤੀ ਸਿੱਖਾਂ ਦਾ ਮੰਨਣਾ ਹੈ ਕਿ ਜਥੇਦਾਰ ਦਾ ਬਿਆਨ ਠੀਕ ਹੈ ਕਿਉਂਕਿ ਅੰਕੜੇ ਝੂਠ ਨਹੀਂ ਬੋਲਦੇ। ਪਰ ਇਸ ਨੂੰ ਅਮਲ ਵਿੱਚ ਲਿਆਉਣ ਲਈ ਸਿਰਫ਼ ਅਪੀਲ ਕਾਫ਼ੀ ਨਹੀਂ। ਆਰਥਿਕ ਸਹਾਇਤਾ, ਸਿੱਖਿਆ ਅਤੇ ਨੌਕਰੀਆਂ ਵਧਾਉਣੀਆਂ ਪੈਣਗੀਆਂ। ਪੰਥ ਵਿੱਚ ਵਿਚਾਰਾਂ ਦੀ ਝੜਪ ਚੱਲ ਰਹੀ ਹੈ, ਪਰ ਇਹ ਚੰਗੀ ਚਰਚਾ ਹੈ। ਜੇਕਰ ਕੌਮ ਇਕਜੁਟ ਹੋ ਗਈ ਤਾਂ ਇਹ ਸੰਕਟ ਮੌਕੇ ਵਿੱਚ ਬਦਲ ਸਕਦਾ ਹੈ।

# ਬਗਦਾਦ ਵਿਚ ਜਲਦ ਬਣੇਗੀ ਸਤਿਗੁਰੂ ਨਾਨਕ ਦੇਵ ਜੀ ਦੀ ਯਾਦਗਾਰ

## ✪ ਮਿਸ਼ਨ ਬਾਬਾ ਨਾਨਕ ਬਗਦਾਦ ਸੰਸਥਾ ਦੇ ਯਤਨਾਂ ਨੂੰ ਪੈਣ ਲੱਗਾ ਬੂਰ ✪ ਸਿੱਖਾਂ ਨੂੰ ਮਿਲਣਗੇ ਧੜਾਧੜ ਵੀਜ਼ੇ

ਜਲੰਧਰ-ਇਰਾਕ ਦੀ ਰਾਜਧਾਨੀ ਬਗਦਾਦ 'ਚ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਗੁਰੂ ਸਾਹਿਬ ਦੀ ਯਾਦਗਾਰ ਜਲਦ ਉਸਾਰੀ ਜਾਵੇਗੀ। ਮਿਸ਼ਨ ਬਾਬਾ ਨਾਨਕ ਬਗਦਾਦ ਦੇ ਉਪਰਾਲਿਆ ਨੂੰ ਬੂਰ ਪੈਣ ਪੈਣ ਲੱਗਾ ਹੈ ਤੇ ਇਰਾਕ ਦੇ ਰੇਲਵੇ ਵਿਭਾਗ ਨੇ ਯਾਦਗਾਰ ਲਈ ਜਗ੍ਹਾ ਦੇਣ ਵਾਸਤੇ ਹਾਂ ਕਰ ਦਿੱਤੀ ਹੈ। ਇਰਾਕ ਦੇ ਸੈਰ-ਸਪਾਟਾ ਮੰਤਰੀ ਨੇ ਵੀ ਗੁਰੂ ਸਾਹਿਬ ਦੀ ਯਾਦਗਾਰ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਵੀਜ਼ਾ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ 'ਯੂਐੱਸਏ ਤੋਂ ਐੱਨਆਰਆਈ ਤੇ ਮਿਸ਼ਨ ਬਾਬਾ ਨਾਨਕ ਬਗਦਾਦ ਸੰਸਥਾ ਦੇ ਪ੍ਰਧਾਨ ਹਰਜੀਤ ਸਿੰਘ ਸੋਢੀ ਨੇ' ਕੀਤਾ। ਉਨ੍ਹਾਂ ਦੱਸਿਆ ਕਿ ਯਾਦਗਾਰ ਉਸਾਰਨ ਦੇ ਉਦੇਸ਼ ਨਾਲ ਪਿਛਲੇ ਸਾਲ ਉਨ੍ਹਾਂ ਨੇ ਇਰਾਕ ਦੇ ਅਯਾਤੁੱਲ ਸਈਅਦ ਹੁਸੈਨ ਅਲ-ਸਦਰ ਫਾਊਂਡੇਸ਼ਨ ਟਰੱਸਟ ਦੇ ਮੁਖੀ ਅਯਾਤੁੱਲਾ ਅਲ-ਫਕੀਹ ਸਈਅਦ ਹੁਸੈਨ ਇਸਮਾਇਲ ਅਲ ਸਦਰ ਨਾਲ ਫਰਵਰੀ ਤੇ ਅਗਸਤ ਅਤੇ ਸਤੰਬਰ 'ਚ ਸੁੰਨੀ ਬੋਰਡ ਦੇ ਮੁਖੀ ਮਿਸ਼ਾਨ-ਅਲ-ਖ਼ਜ਼ਰਾਜੀ ਨਾਲ ਮੁਲਾਕਾਤਾਂ ਕੀਤੀਆ ਸਨ। ਦੋਵਾਂ ਹੀ ਆਗੂਆ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦਿਆ ਉਨ੍ਹਾਂ ਦੀ ਸੰਸਥਾ ਨੂੰ ਉਕਤ ਸਥਾਨ ਦੇ ਨੇੜੇ ਹੀ ਯਾਦਗਾਰ ਸਥਾਪਤ ਕਰਨ ਲਈ ਸਹਿਮਤੀ ਦੇ ਦਿੱਤੀ ਸੀ।

ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਬਗਦਾਦ ਸਥਿਤ ਬਾਬਾ ਨਾਨਕ ਜੀ ਦੀ ਜਗ੍ਹਾ ਤੋਂ 200 ਮੀਟਰ ਦੀ ਦੂਰੀ 'ਤੇ ਸਾਢੇ ਤਿੰਨ ਕਿੱਲ੍ਹੇ ਰੇਲਵੇ ਦੀ ਜ਼ਮੀਨ ਹੈ, ਜੋ ਕਿ ਮੁੱਲ ਖਰੀਦੀ ਜਾਵੇਗੀ। ਇਸ ਜ਼ਮੀਨ ਲਈ ਇਰਾਕੇ ਦੇ ਰੇਲਵੇ ਮੰਤਰੀ ਨਾਲ ਮੀਟਿੰਗ ਹੋ ਚੁੱਕੀ ਹੈ, ਜਿਨ੍ਹਾਂ ਨੇ ਜ਼ਮੀਨ ਮੁੱਲ ਦੇਣ ਲਈ ਹਾਂ ਕਰ ਦਿੱਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਯਾਦਗਾਰ ਦੀ ਉਸਾਰੀ ਲਈ ਉੱਥੋਂ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ੀਆ ਅਲ-ਸੁਦਾਨੀ ਨਾਲ ਮੁਲਾਕਾਤ ਕੀਤੀ ਜਾਣੀ ਹੈ, ਜਿਸ ਲਈ ਗੱਲਬਾਤ ਚੱਲ ਰਹੀ ਹੈ। ਅਗਲੇ ਸਾਲ ਦੇ ਸ਼ੁਰੂ 'ਚ ਇਹ ਮੁਲਾਕਾਤ ਹੋਣ ਦੀ ਆਸ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਯਾਦਗਾਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਸਾਰੀ ਜਾਣ ਵਾਲੀ ਯਾਦਗਾਰ ਅੰਦਰ ਸਿਹਤ ਕੇਂਦਰ ਤੇ ਲੰਗਰ ਹਾਲ ਬਣਾਇਆ ਜਾਵੇਗਾ। ਆਉਣ ਵਾਲੇ ਸਮੇਂ 'ਚ ਜਦੋਂ ਵੀ ਸਿੱਖ ਕੌਮ ਉੱਥੇ ਰਹਿਣ ਲੱਗੇਗੀ ਤਾਂ ਉਸ ਜਗ੍ਹਾ ਗੁਰਦੁਆਰਾ ਵੀ ਬਣਾਇਆ ਜਾਵੇਗਾ।

ਸਿੱਖਾਂ ਨੂੰ ਬਗਦਾਦ ਲਈ ਬਿਨਾਂ ਰੁਕਾਵਟ ਮਿਲੇਗਾ ਵੀਜ਼ਾ-ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਸਾਥੀਆ ਨਾਲ ਇਰਾਕ ਸਰਕਾਰ ਦੇ ਸੈਰ-ਸਪਾਟਾ ਮੰਤਰੀ ਡਾ. ਅਹਿਮਦ ਫਕਾਕ ਅਲ-ਬਦਰਾਨੀ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਨੂੰ ਵਿਰਾਸਤੀ ਥਾਂ ਬਣਾਉਣ ਤੋਂ ਇਲਾਵਾ ਇਸ ਜਗ੍ਹਾ ਦੇ ਦਰਸ਼ਨ ਕਰਨ ਵਾਲੇ ਵਿਸ਼ਵ ਭਰ ਦੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਵੀਜ਼ਾ ਜਾਰੀ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ। ਸੋਢੀ ਨੇ ਕਿਹਾ ਕਿ ਜੇਕਰ ਕੋਈ ਸਿੱਖ ਭਰਾ ਬਗਦਾਦ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਉਕਤ ਅਸਥਾਨ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ ਪਰ ਉਸ ਕੋਲ ਖਰਚ ਲਈ ਪੂਰੇ ਪੈਸੇ ਨਹੀਂ ਹਨ ਤਾਂ ਉਹ ਵਿੱਤੀ ਸਹਿਯੋਗ ਕਰਨ ਲਈ ਤਿਆਰ ਹਨ।

ਯਾਦਗਾਰ ਨੇੜਲੇ ਖੂਹ ਦੀ ਹੈ ਬਹੁਤ ਮਾਨਤਾ-ਸੋਢੀ ਨੇ ਅੱਗੇ ਦੱਸਿਆ ਕਿ ਜਿਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਉਸ ਦੇ ਨੇੜੇ ਹੀ ਇਕ ਪਵਿੱਤਰ ਖੂਹ ਹੈ। ਹਾਲਾਂਕਿ ਬਗਦਾਦ 'ਚ ਵੀ ਜ਼ਮੀਨ ਹੇਠਾਂ ਤੇਲ ਦੇ ਖੂਹ ਹਨ ਪਰ ਇਸ ਖੂਹ ਦਾ ਪਾਣੀ ਮਿੱਠਾ ਹੈ। ਸਥਾਨਕ ਲੋਕਾਂ 'ਚ ਇਸ ਖੂਹ ਦੀ ਕਾਫੀ ਮਾਨਤਾ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਖੂਹ ਦੇ ਨੇੜੇ ਪੱਥਰ ਦੀ ਸਿੱਲ 'ਚ ਕੁਦਰਤੀ ਬਾਣੇ 'ਚ ਖੂਹ ਦਾ ਪਾਣੀ ਪਾ ਕੇ ਉਸ ਨੂੰ ਬੱਚੇ ਨੂੰ ਪਿਆਇਆ ਜਾਂਦਾ ਹੈ, ਜਿਸ ਨੂੰ ਬੋਲਣ 'ਚ ਸਮੱਸਿਆ ਆਉਂਦੀ ਹੈ। ਇਸ ਪਵਿੱਤਰ ਪਾਣੀ ਦੇ ਪੀਣ ਨਾਲ ਬੱਚਾ ਕੁਝ ਦਿਨਾਂ ਅੰਦਰ ਹੀ ਸਹੀ ਬੋਲਣਾ ਸ਼ੁਰੂ ਕਰ ਦਿੰਦਾ ਹੈ। ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਹ ਆਪਣੀ ਸਾਥੀ ਨਾਲ ਉਕਤ ਖੂਹ 'ਤੇ ਜਾ ਕੇ ਪਾਣੀ ਪੀ ਕੇ ਆਏ ਹਨ, ਜੋ ਕਿ ਸੱਚਮੁੱਚ ਮਿੱਠੇ ਜਲ ਸਮਾਨ ਹੈ।

# ਕੀ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਹੋਵੇਗੀ ?

## ✪ ਤੀਜੀ ਐਨਐਸਏ ਹਿਰਾਸਤ 'ਤੇ ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ, ਪੈਰੋਲ ਪਟੀਸ਼ਨ 'ਤੇ ਵੀ ਸੁਣਵਾਈ 11 ਦਸੰਬਰ ਨੂੰ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਡੂਰ ਸਾਹਿਬ ਤੋਂ ਚੁਣੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਨਵੀਂ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਹ ਪਟੀਸ਼ਨ ਉਨ੍ਹਾਂ ਦੀ ਤੀਜੀ ਵਾਰ ਲਗਾਤਾਰ ਲੱਗੀ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਹਿਰਾਸਤ ਨੂੰ ਚੁਣੌਤੀ ਦਿੰਦੀ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਜਨਵਰੀ ਦੇ ਆਖਰੀ ਹਫ਼ਤੇ ਤੈਅ ਕੀਤੀ ਹੈ। ਭਾਈ ਅੰਮ੍ਰਿਤਪਾਲ ਸਿੰਘ ਅਪ੍ਰੈਲ 2023 ਤੋਂ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਵਿਰੁੱਧ ਪਹਿਲਾਂ ਦੋ ਵਾਰ ਐਨਐਸਏ ਲੱਗ ਚੁੱਕੀ ਹੈ ਅਤੇ ਹੁਣ ਤੀਜੀ ਵਾਰ 17 ਅਪ੍ਰੈਲ 2025 ਨੂੰ ਨਵਾਂ ਹੁਕਮ ਜਾਰੀ ਹੋਇਆ, ਜਿਸ ਨੂੰ ਪੰਜਾਬ ਸਰਕਾਰ ਨੇ 25 ਅਪ੍ਰੈਲ ਅਤੇ ਫਿਰ 24 ਜੂਨ 2025 ਨੂੰ ਮਨਜ਼ੂਰੀ ਦਿੱਤੀ। ਇਸ ਹੁਕਮ ਵਿੱਚ ਅੰਮ੍ਰਿਤਪਾਲ ਸਿੰਘ ਨੂੰ 23 ਅਪ੍ਰੈਲ 2025 ਤੋਂ ਅਗਲੇ ਪੂਰੇ 12 ਮਹੀਨੇ ਯਾਨੀ ਅਪ੍ਰੈਲ 2026 ਤੱਕ ਹਿਰਾਸਤ ਵਿੱਚ ਰੱਖਣ ਦਾ ਫ਼ੈਸਲਾ ਲਿਆ ਗਿਆ ਹੈ।

### ਸਰਕਾਰ ਨੇ ਅਦਾਲਤ ਸਾਹਮਣੇ ਪੇਸ਼ ਕੀਤੀ 'ਹਿੱਟ ਲਿਸਟ' ਅਤੇ ਗੰਭੀਰ ਦੋਸ਼

ਇੱਕ ਹੋਰ ਪਟੀਸ਼ਨ ਵਿੱਚ, ਜਿਸ ਵਿੱਚ ਅੰਮ੍ਰਿਤਪਾਲ ਸਿੰਘ ਨੇ ਚੱਲ ਰਹੇ ਸੰਸਦ ਸੈਸ਼ਨ ਵਿੱਚ ਸ਼ਿਰਕਤ ਕਰਨ ਲਈ ਪੈਰੋਲ ਮੰਗੀ ਸੀ, ਪੰਜਾਬ ਸਰਕਾਰ ਨੇ ਬੀਤੇ ਸੋਮਵਾਰ ਨੂੰ ਬਹੁਤ ਵੱਡਾ ਰਿਕਾਰਡ ਅਤੇ ਹਲਫ਼ਨਾਮਾ ਪੇਸ਼ ਕੀਤਾ ਸੀ। ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਵੱਲੋਂ ਦਾਇਰ ਹਲਫ਼ਨਾਮੇ ਵਿੱਚ ਕਿਹਾ ਗਿਆ ਸੀ ਕਿ:

ਅੰਮ੍ਰਿਤਪਾਲ ਸਿੰਘ ਦੇਸ਼ ਵਿਰੋਧੀ ਅਨਸਰਾਂ, ਖ਼ਤਰਨਾਕ ਗੈਂਗਸਟਰਾਂ ਅਤੇ ਖਾੜਕੂਆਂ ਨਾਲ ਮਿਲ ਕੇ ਸਾਜ਼ਿਸ਼ਾਂ ਰਚ ਰਿਹਾ ਹੈ। ਉਹ ਪੰਜਾਬ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਲਈ ਬਹੁਤ ਵੱਡਾ ਖ਼ਤਰਾ ਹੈ। ਉਸ ਨੇ ਕਈ ਲੋਕਾਂ ਨੂੰ "ਖਤਮ" ਕਰਨ ਦੀ ਯੋਜਨਾ ਬਣਾਈ ਹੋਈ ਹੈ, ਜਿਨ੍ਹਾਂ ਵਿੱਚ ਉਹ ਲੋਕ ਸ਼ਾਮਲ ਹਨ ਜੋ ਉਸ ਦੀ ਅਸਲੀਅਤ ਜਨਤਾ ਸਾਹਮਣੇ ਲਿਆ ਸਕਦੇ ਹਨ।

ਸਰਕਾਰ ਨੇ ਇੱਕ ਅਜਿਹੀ "ਹਿੱਟ ਲਿਸਟ" ਦੇ ਸਬੂਤ ਅਦਾਲਤ ਸਾਹਮਣੇ ਰੱਖੇ ਹਨ, ਜਿਸ ਵਿੱਚ ਕਈ ਨਾਂਅ ਸ਼ਾਮਲ ਦੱਸੇ ਜਾ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਜੇ ਅੰਮ੍ਰਿਤਪਾਲ ਸਿੰਘ ਨੂੰ ਇੱਕ ਵਾਰ ਵੀ ਬਾਹਰ ਆਉਣ ਦਿੱਤਾ ਗਿਆ ਤਾਂ "ਇੱਕੋ ਭਾਸ਼ਣ ਨਾਲ ਪੰਜਾਬ ਵਿੱਚ ਅੱਗ ਲੱਗ ਸਕਦੀ ਹੈ"। ਇਸ ਕਾਰਨ ਸਰਕਾਰ ਨੇ ਪੈਰੋਲ ਪਟੀਸ਼ਨ ਨੂੰ ਪੂਰੀ ਤਰ੍ਹਾਂ ਖਾਰਜ ਕਰਨ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਅਜਿਹਾ ਕਰਨਾ ਸੂਬੇ ਦੀ ਸੁਰੱਖਿਆ ਲਈ ਜ਼ਰੂਰੀ ਹੈ।

### ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਨੇ ਮੰਗਿਆ ਸਮਾਂ

ਸਰਕਾਰ ਵੱਲੋਂ ਪੇਸ਼ ਕੀਤੇ ਗਏ ਵਿਸ਼ਾਲ ਰਿਕਾਰਡ ਅਤੇ ਹਲਫ਼ਨਾਮੇ ਨੂੰ ਪੜ੍ਹਨ ਅਤੇ ਜਵਾਬ ਤਿਆਰ ਕਰਨ ਲਈ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਨੇ ਅਦਾਲਤ ਤੋਂ ਸਮਾਂ ਮੰਗਿਆ। ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਇਹ ਸਮਾਂ ਦੇ ਦਿੱਤਾ ਅਤੇ ਪੈਰੋਲ ਵਾਲੇ ਮਾਮਲੇ ਦੀ ਅਗਲੀ ਸੁਣਵਾਈ 11 ਦਸੰਬਰ 2025 (ਵੀਰਵਾਰ) ਨੂੰ ਤੈਅ ਕੀਤੀ ਹੈ।

### ਕੀ ਰਿਹਾਈ ਹੋ ਸਕਦੀ ਹੈ ?

ਕਨੂੰਨੀ ਮਾਹਿਰਾਂ ਅਨੁਸਾਰ ਫਿਲਹਾਲ ਅਜਿਹਾ ਲੱਗਦਾ ਨਹੀਂ। ਪੰਜਾਬ ਸਰਕਾਰ ਨੇ ਬਹੁਤ ਮਜ਼ਬੂਤ ਅਤੇ ਵਿਸਥਾਰਤ ਸਬੂਤ ਅਦਾਲਤ ਸਾਹਮਣੇ ਰੱਖ ਦਿੱਤੇ ਹਨ। ਜੇ ਅਦਾਲਤ ਇਨ੍ਹਾਂ ਸਬੂਤਾਂ ਨੂੰ ਮੰਨ ਲੈਂਦੀ ਹੈ ਤਾਂ ਤੀਜੀ ਐਨ ਐਸ ਏ ਵੀ ਜਾਇਜ਼ ਮੰਨੀ ਜਾਵੇਗੀ ਅਤੇ ਅੰਮ੍ਰਿਤਪਾਲ ਸਿੰਘ ਨੂੰ ਅਪ੍ਰੈਲ 2026 ਤੱਕ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ। ਪਰ ਜੇ ਵਕੀਲ ਸਰਕਾਰ ਦੇ ਸਾਰੇ ਦੋਸ਼ਾਂ ਨੂੰ ਕਮਜ਼ੋਰ ਜਾਂ ਬੇਬੁਨਿਆਦ ਸਾਬਤ ਕਰ ਦਿੰਦੇ ਹਨ ਤਾਂ ਰਿਹਾਈ ਦਾ ਰਾਹ ਖੁੱਲ੍ਹ ਸਕਦਾ ਹੈ। ਹਾਲਾਂਕਿ ਸਰਕਾਰ ਵੱਲੋਂ ਪੇਸ਼ ਕੀਤੀ "ਹਿੱਟ ਲਿਸਟ"ਅਤੇ ਹੋਰ ਗੰਭੀਰ ਦੋਸ਼ਾਂ ਨੇ ਮਾਹੌਲ ਨੂੰ ਬਹੁਤ ਤਣਾਅਪੂਰਨ ਬਣਾ ਦਿੱਤਾ ਹੈ। ਸਿੱਖ ਜਥੇਬੰਦੀਆਂ ਵਿੱਚ ਰੋਸ ਵੀ ਵਧ ਰਿਹਾ ਹੈ ਅਤੇ ਕਈ ਲੋਕ ਇਸ ਨੂੰ "ਸਿਆਸੀ ਬਦਲਾਖੋਰੀ" ਕਹਿ ਰਹੇ ਹਨ।

ਆਉਣ ਵਾਲੇ ਦਿਨਾਂ ਵਿੱਚ ਹਾਈਕੋਰਟ ਦਾ ਫ਼ੈਸਲਾ ਪੰਜਾਬ ਦੀ ਸਿਆਸਤ ਤੇ ਸਿੱਖ ਭਾਈਚਾਰੇ ਲਈ ਬਹੁਤ ਅਹਿਮ ਹੋਵੇਗਾ। 11 ਦਸੰਬਰ ਅਤੇ ਜਨਵਰੀ ਦੀਆਂ ਸੁਣਵਾਈਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹਨ।

# ਦਰਬਾਰ ਸਾਹਿਬ ਵਿੱਚ ਸ਼ੁਕਰਾਨੇ ਲਈ ਪਹੁੰਚੀ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ

## ✪ ਜਥੇਦਾਰ ਨੇ ਪ੍ਰੋ. ਭੁੱਲਰ ਦੀ ਰਿਹਾਈ ਲਈ ਕੀਤੀ ਅਪੀਲ, ਕੀ ਜਥੇਦਾਰ ਦੀ ਮੰਗ ਮੰਨੀ ਜਾਵੇਗੀ



ਅੰਮ੍ਰਿਤਸਰ-ਦਿੱਲੀ ਦੀ ਨਵੀਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਆਪਣੇ ਕੈਬਨਿਟ ਮੰਤਰੀਆਂ ਨਾਲ ਮਿਲ ਕੇ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਮੱਥਾ ਟੇਕਿਆ। ਇਹ ਯਾਤਰਾ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਤੇ ਸਮਾਗਮਾਂ ਦੀ ਸਫਲਤਾ ਲਈ ਸ਼ੁਕਰਾਨੇ ਵਜੋਂ ਕੀਤੀ ਗਈ। ਰੇਖਾ ਗੁਪਤਾ ਨੇ ਨਾ ਸਿਰਫ਼ ਸੇਵਾ ਕੀਤੀ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਨਾਲ ਵੀ ਗੱਲਬਾਤ ਕੀਤੀ। ਪਰ ਇਸ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ।

ਰੇਖਾ ਗੁਪਤਾ, ਜੋ ਹਾਲ ਹੀ ਵਿੱਚ ਭਾਜਪਾ ਵੱਲੋਂ ਦਿੱਲੀ ਦੀ ਮੁੱਖ ਮੰਤਰੀ ਬਣੀ ਹੈ, ਆਪਣੇ ਕੈਬਨਿਟ ਮੰਤਰੀਆਂ ਮਨਜਿੰਦਰ ਸਿੰਘ ਸਿਰਸਾ, ਪ੍ਰਵੇਸ਼ ਵਰਮਾ, ਅਸ਼ੀਸ਼ ਸੂਦ ਅਤੇ ਕਪਿਲ ਮਿਸ਼ਰਾ ਨਾਲ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਪਹੁੰਚੀ ਸੀ। ਉਨ੍ਹਾਂ ਨੇ ਪਹਿਲਾਂ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਫਿਰ ਪਰਿਕਰਮਾ ਵਿੱਚ ਚੱਲ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਇਸ ਤੋਂ ਬਾਅਦ ਉਨ੍ਹਾਂ ਨੇ ਪਰਿਕਰਮਾ ਵਿੱਚ ਸਥਿਤ ਛਬੀਲ ਵਿੱਚ ਬਰਤਨਾਂ ਵਾਲੀ ਸੇਵਾ ਕੀਤੀ । ਗੁਪਤਾ ਨੇ ਕਿਹਾ, "ਸ੍ਰੀ ਦਰਬਾਰ ਸਾਹਿਬ ਵਿੱਚ ਆ ਕੇ ਰੂਹ ਨੂੰ ਸ਼ਾਂਤੀ ਮਿਲਦੀ ਹੈ। ਅਸੀਂ ਗੁਰੂ ਜੀ ਦੀ ਸਿੱਖਿਆ ਨੂੰ ਅਪਣਾਉਂਦੇ ਹੋਏ ਦਿੱਲੀ ਵਿੱਚ ਵੀ ਇੱਕਜੁਟਤਾ ਅਤੇ ਨਿਆਂ ਦੀ ਲੜਾਈ ਲੜਾਂਗੇ।"

ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਰੇਖਾ ਗੁਪਤਾ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਛੋਟਾ ਜਿਹਾ ਮਾਡਲ ਅਤੇ ਸ਼ਾਲ ਭੇਟ ਕੀਤੀ ਗਈ। ਇਸ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਪਲਾਜ਼ਾ ਵਿੱਚ ਪਹੁੰਚਣ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਸਥਾਨਕ ਆਗੂਆਂ ਅਤੇ ਵਰਕਰਾਂ ਨੇ ਵੀ ਉਨ੍ਹਾਂ ਨੂੰ ਫੁੱਲਾਂ ਨਾਲ ਸਵਾਗਤ ਕੀਤਾ ਅਤੇ ਦਰਬਾਰ ਸਾਹਿਬ ਦਾ ਮਾਡਲ ਭੇਟ ਕੀਤਾ। ਇਹ ਸਵਾਗਤ ਸਮਾਗਮ ਸ਼ਾਂਤਮਈ ਅਤੇ ਭਾਵੁਕ ਮਾਹੌਲ ਵਿੱਚ ਹੋਇਆ, ਜਿੱਥੇ ਸੈਂਕੜੇ ਸ਼ਰਧਾਲੂ ਇਕੱਠੇ ਹੋਏ।

ਰੇਖਾ ਗੁਪਤਾ ਨੇ ਗੱਲਬਾਤ ਵਿੱਚ ਦੱਸਿਆ ਕਿ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਕੀਤੇ ਗਏ ਗੁਰਮਤਿ ਸਮਾਗਮ ਬਹੁਤ ਸਫਲ ਰਹੇ। ਉਨ੍ਹਾਂ ਕਿਹਾ, "ਇਹਨਾਂ ਸਮਾਗਮਾਂ ਵਿੱਚ 6 ਲੱਖ ਤੋਂ ਵੱਧ ਲੋਕ ਹਾਜ਼ਰ ਹੋਏ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਅਸੀਂ ਪੂਰੇ ਸਾਲ ਇਸ ਸ਼ਤਾਬਦੀ ਨੂੰ ਸਮਰਪਿਤ ਕਰਕੇ ਵੱਖ-ਵੱਖ ਪ੍ਰੋਗਰਾਮ ਕਰਾਂਗੇ।" ਉਨ੍ਹਾਂ ਨੇ ਇਹ ਵੀ ਜਾਣਿਆ ਕਿ ਦਿੱਲੀ ਸਰਕਾਰ ਵੱਲੋਂ ਗੁਰੂ ਜੀ ਨਾਲ ਜੁੜੀਆਂ ਪੁਸਤਕਾਂ ਛਾਪੀਆਂ ਗਈਆਂ ਹਨ, ਜੋ ਸਕੂਲਾਂ ਵਿੱਚ ਬੱਚਿਆਂ ਨੂੰ ਵੰਡੀਆਂ ਜਾਣਗੀਆਂ। ਇਸ ਨਾਲ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੀ ਸ਼ਹਾਦਤ ਅਤੇ ਨਿਆਂ ਲਈ ਲੜਨ ਵਾਲੀ ਭਾਵਨਾ ਬਾਰੇ ਜਾਣਕਾਰੀ ਮਿਲੇਗੀ।

ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਰੇਖਾ ਗੁਪਤਾ ਨਾਲ ਮੁਲਾਕਾਤ ਦੌਰਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਜ਼ੋਰਦਾਰ ਅਪੀਲ ਕੀਤੀ। ਉਨ੍ਹਾਂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ, "ਤੁਹਾਡੇ ਕੋਲ ਪ੍ਰੋ. ਭੁੱਲਰ ਦੀ ਫਾਈਲ ਪਈ ਹੈ। ਤੁਹਾਡੇ ਇੱਕ ਸਾਈਨ ਨਾਲ ਇਹ ਮਸਲਾ ਹੱਲ ਹੋ ਜਾਵੇਗਾ। ਪਿਛਲੀ ਸਰਕਾਰ ਨੇ ਇਸ ਨੂੰ ਲਟਕਾ ਦਿੱਤਾ ਸੀ, ਪਰ ਹੁਣ ਮਨੁੱਖੀ ਹਮਦਰਦੀ ਦੇ ਨਾਮ ਤੇ ਤੁਰੰਤ ਫੈਸਲਾ ਲਓ।" ਗਿਆਨੀ ਗੜਗੱਜ ਨੇ ਜ਼ੋਰ ਦਿੱਤਾ ਕਿ ਇਹ ਫਾਈਲ ਲੰਬੇ ਅਰਸੇ ਤੋਂ ਪੈਂਡਿੰਗ ਹੈ ਅਤੇ ਇਸ ਨੂੰ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਪ੍ਰੋ. ਭੁੱਲਰ, ਜੋ 1993 ਦੇ ਬੰਬ ਧਮਾਕੇ ਨਾਲ ਜੁੜੇ ਕੇਸ ਵਿੱਚ ਸਜ਼ਾ ਕਟ ਰਹੇ ਹਨ, ਦੀ ਰਿਹਾਈ ਸਿੱਖ ਕੌਮ ਅਤੇ ਮਨੁੱਖੀ ਅਧਿਕਾਰਾਂ ਦਾ ਮੁੱਦਾ ਬਣ ਗਿਆ ਹੈ। ਉਨ੍ਹਾਂ ਨੂੰ 2011 ਵਿੱਚ ਸੁਪਰੀਮ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ, ਪਰ ਬਾਅਦ ਵਿੱਚ ਰਾਸ਼ਟਰਪਤੀ ਨੇ ਉਮਰ ਕੈਦ ਵਿੱਚ ਬਦਲ ਦਿੱਤੀ। ਅੱਜ ਵੀ ਉਹ ਤਿੰਨ ਦਹਾਕਿਆਂ ਤੋਂ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ ਦੀ ਸਿਹਤ ਵੀ ਖ਼ਰਾਬ ਹੈ।

ਰੇਖਾ ਗੁਪਤਾ ਨੇ ਇਸ ਤੇ ਤੁਰੰਤ ਕੋਈ ਜਵਾਬ ਨਹੀਂ ਦਿੱਤਾ, ਪਰ ਉਨ੍ਹਾਂ ਨੇ ਜਥੇਦਾਰ ਨਾਲ ਲਗਭਗ 20 ਮਿੰਟ ਗੱਲਬਾਤ ਕੀਤੀ। ਪਿਛਲੀ ਆਪ ਸਰਕਾਰ ਵੱਲੋਂ ਵੀ ਇਹ ਮਸਲਾ ਲਟਕਾ ਰਿਹਾ ਸੀ, ਅਤੇ ਹੁਣ ਨਵੀਂ ਸਰਕਾਰ ਤੇ ਨਜ਼ਰ ਹੈ। ਰੇਖਾ ਗੁਪਤਾ ਦੀ ਇਹ ਯਾਤਰਾ ਭਾਜਪਾ ਵੱਲੋਂ ਪੰਜਾਬੀਆਂ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਵੀ ਲੱਗਦੀ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਨਿਆਂ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਸੁਨੇਹਾ ਹੈ, ਜੋ ਅੱਜ ਵੀ ਪ੍ਰਸੰਗਿਕ ਹੈ। ਪਰ ਪ੍ਰੋ. ਭੁੱਲਰ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ ਜਾਂ ਨਹੀਂ, ਇਹ ਰਾਜਨੀਤਕ ਰੂਪ ਵਿੱਚ ਗੁਪਤਾ ਲਈ ਚੁਣੌਤੀ ਬਣ ਰਿਹਾ ਹੈ।

# ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਦੀ ਉਲਝਣ ਦੂਰ ਹੋਵੇ – ਗਲੋਬਲ ਸਿੱਖ ਕੌਂਸਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਸਮੂਹ ਸਿੱਖ ਜਥੇਬੰਦੀਆਂ ਨੂੰ ਇਕੱਠੇ ਕਰਕੇ ਇਹਨਾਂ ਨੂੰ ਮਨਾਉਣ ਦਾ ਕੋਈ ਹੱਲ ਕੱਢਿਆ ਜਾਵੇ।

ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਸ: ਅੰਮ੍ਰਿਤਪਾਲ ਸਿੰਘ ਸਚਦੇਵਾ ਨੇ ਕਿਹਾ ਕਿ ਇਹ ਬਹੁਤ ਹੀ ਨਾਜ਼ੁਕ ਅਤੇ ਗਹਿਰਾ ਪੰਥਕ ਵਿਸ਼ਾ ਹੈ ਜਿਸ ਨੂੰ ਲੈ ਕੇ ਸਿੱਖ ਕੌਮ ਇੱਕ ਗੰਭੀਰ ਮਨੋਦਸ਼ਾ ਅਤੇ ਉਲਝਣ ਵਿੱਚ ਖੜੀ ਹੈ। ਇੱਕ ਪਾਸੇ ਛੋਟੇ ਸਾਹਿਬਜ਼ਾਦਿਆਂ ਦੀ ਅਦਭੁੱਤ ਸ਼ਹਾਦਤ ਦਾ ਦਿਹਾੜਾ ਹੈ ਜੋ ਸਿੱਖ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਅਤੇ ਲਾਸਾਨੀ ਕੁਰਬਾਨੀਆਂ ਵਿੱਚੋਂ ਇੱਕ ਹੈ ਅਤੇ ਦੂਜੇ ਪਾਸੇ ਉਸੇ ਦਿਨ ਦਸਮ ਪਾਤਸ਼ਾਹ, ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ। ਇਹ ਸਥਿਤੀ ਦੁਨੀਆ ਭਰ ਦੀ ਸਿੱਖ ਸੰਗਤ ਲਈ ਦੁਬਿਧਾ ਦਾ ਕਾਰਨ ਬਣ ਰਹੀ ਹੈ।

ਸ: ਸਚਦੇਵਾ ਨੇ ਕਿਹਾ ਕਿ ਵਿਸ਼ਵ ਭਰ ਦੇ ਸਿੱਖ ਜਥੇਦਾਰ ਅਕਾਲ ਤਖਤ ਸਾਹਿਬ ਵਲੋਂ ਇੱਕ ਸਪੱਸ਼ਟ, ਸਰਵਪੰਥਕ ਅਤੇ ਮਜ਼ਬੂਤ ਮਾਰਗਦਰਸ਼ਨ ਦੀ ਲੋੜ ਮਹਿਸੂਸ ਹੋ ਰਹੀ ਹੈ, ਤਾਂ ਜੋ ਪੂਰੀ ਕੌਮ ਇੱਕੋ ਸੋਚ ਅਤੇ ਇੱਕੋ



ਸ: ਅੰਮ੍ਰਿਤਪਾਲ ਸਿੰਘ ਸਚਦੇਵਾ

ਮਰਯਾਦਕ ਰੀਤ ਅਨੁਸਾਰ ਇਹ ਦਿਹਾੜੇ ਮਨਾਵੇ। ਉਨ੍ਹਾਂ ਹੋਰ ਵੀ ਕਿਹਾ ਕਿ ਇਸ ਗੰਭੀਰ ਮਸਲੇ ਦਾ ਪੱਕਾ, ਸਪੱਸ਼ਟ ਅਤੇ ਸਥਾਈ ਹੱਲ ਸਿਰਫ ਇਸ ਪੀੜ੍ਹੀ ਲਈ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਅਤਿ ਲਾਜ਼ਮੀ ਹੈ, ਤਾਂ ਜੋ ਕੋਈ ਵੀ ਭਵਿੱਖ ਵਿੱਚ ਕਦੇ ਦੁਬਿਧਾ ਜਾਂ ਦੁਚਿੱਤੀ ਦਾ ਸ਼ਿਕਾਰ ਨਾ ਹੋਵੇ।

ਗਲੋਬਲ ਸਿੱਖ ਕੌਂਸਲ ਨੇ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ ਅਤੇ ਵਿਦਵਾਨਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਨਾਜ਼ੁਕ ਪੰਥਕ ਮਾਮਲੇ ’ਤੇ ਇੱਕ ਮੁੱਠ ਹੋ ਕੇ ਅੱਗੇ ਆਉਣ ਅਤੇ ਇੱਕ ਸਹਿਮਤੀ ਨਾਲ ਇੱਕ ਇਕਜੁੱਟਤਾ ਨਾਲ ਫੈਸਲਾ ਲੈਣ।

# ਬਰਤਾਨੀਆਂ ਦੀ ਰਾਜਕੁਮਾਰੀ ਐਨਾ ਵੱਲੋਂ ਪੰਜਾਬੀਆਂ ਦੇ ਭੰਗੜੇ ਦੀ ਸ਼ਲਾਘਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਰਾਸ਼ਟਰਮੰਡਲ ਦੇਸ਼ਾਂ ਦੇ ਵਿਸ਼ਵਯੁੱਧਾਂ ਵਿੱਚ ਪਾਏ ਯੋਗਦਾਨ ਸਬੰਧੀ ਸੇਂਟ ਜੇਮਸ ਪੈਲੇਸ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬਰਤਾਨੀਆਂ ਦੇ ਮਹਾਰਾਜਾ ਚਾਰਲਸ ਦੀ ਭੈਣ ਰਾਜਕੁਮਾਰੀ ਐਨਾ ਤੋਂ ਇਲਾਵਾ ਦੇਸ਼ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਹੋਰਾਂ ਦੇਸ਼ਾਂ ਦੀਆਂ ਕਲਾਵਾਂ ਤੋਂ ਇਲਾਵਾ ਪੰਜਾਬੀ ਦੇ ਭੰਗੜੇ ਵੀ ਵਿਸ਼ੇਸ਼ ਪੇਸ਼ਕਾਰੀ ਕੀਤੀ ਗਈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਕੋਹੇਯਨ ਪਲੱਸ ਦੇ ਡਾਇਰੈਕਟਰ ਗੁਰਿੰਦਰ ਸੰਧਰ ਐਮ ਬੀ ਈ ਨੇ ਕਿਹਾ ਕਿ ਸ਼ਾਹੀ ਪੈਲੇਸ ਵਿੱਚ ਪੰਜਾਬ ਦੇ ਲੋਕ ਨਾਚ ਭੰਗੜੇ ਦੀ ਪੇਸ਼ਕਾਰੀ ਕਰਨੀ ਉਹਨਾਂ ਦੀ ਟੀਮ ਲਈ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਇਹ ਸਮਾਗਮ ਵਿਸ਼ਵ ਦੀ ਸ਼ਾਂਤੀ ਲਈ ਰਾਸ਼ਟਰਮੰਡਲ ਦੇਸ਼ਾਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਸੀ। ਇਸ ਮੌਕੇ ਬਰਤਾਨੀਆਂ ਦੀ ਰਾਜਕੁਮਾਰੀ ਨੇ ਭੰਗੜਾ ਟੀਮ ਦੀ ਸ਼ਲਾਘਾ ਕਰਦਿਆਂ ਪ੍ਰਸੰਸਾ ਕੀਤੀ।



ਭੰਗੜਾ ਟੀਮ ਦੇ ਨੌਜਵਾਨਾਂ ਨਾਲ ਗੱਲਤਬਾਤ ਕਰਦੀ ਹੋਈ ਬਰਤਾਨੀਆਂ ਦੀ ਰਾਜਕੁਮਾਰੀ ਐਨਾ

# ਲੰਡਨ ਵਿੱਚ ਸਥਾਪਿਤ ਪਹਿਲੇ ਮਹਾਤਮਾ ਗਾਂਧੀ ਦੇ ਬੁੱਤ ਦਾ ਕਾਂਸੀ ਦਾ ਮਾਡਲ ਲੰਡਨ ਵਿੱਚ ਨਿਲਾਮ ਹੋ ਰਿਹਾ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਸਭ ਤੋਂ ਪਹਿਲੇ ਸਥਾਪਿਤ ਕੀਤੇ ਗਏ ਮਹਾਤਮਾ ਗਾਂਧੀ ਦੇ ਬੁੱਤ ਦਾ ਛੋਟਾ ਕਾਂਸੀ ਦਾ ਮਾਡਲ ਲੰਡਨ ਵਿੱਚ ਨਿਲਾਮ ਹੋਣ ਜਾ ਰਿਹਾ ਹੈ। ਨਿਲਾਮੀਕਰਤਾ ਵੂਲਲੀ ਅਤੇ ਵਾਲਿਸ ਮੁਤਾਬਿਕ ਕੇਂਦਰੀ ਲੰਡਨ ਦੇ ਇੱਕ ਚੌਕ ਵਿੱਚ ਮਹਾਤਮਾ ਗਾਂਧੀ ਦੀ ਮੂਰਤੀ ਦੇ ਇਸ ਪਹਿਲੇ ਮਾਡਲ ਦੀ ਅੰਦਾਜ਼ਨ ਕੀਮਤ 6 ਤੋਂ 8 ਹਜ਼ਾਰ ਪੌਂਡ ਜਾਣੀ (6 ਲੱਖ ਤੋਂ 8 ਲੱਖ ਪੌਂਡ) ਤੱਕ ਜਾਣ ਦੀ ਸੰਭਵਨਾ ਹੈ। ਕਾਂਸੀ ਦਾ ਬਣਿਆ ਇਹ ਮਾਡਲ ਸਿਰਫ 27 ਸੈਂਟੀਮੀਟਰ (10.6 ਇੰਚ) ਉੱਚਾ ਹੈ ਅਤੇ ਇਹ 1968 ਤੋਂ ਕੈਮਡੇਨ ਦੇ ਟੈਵਿਸਟੌਕ ਸਕੁਏਅਰ ਵਿੱਚ ਹੈ।



ਮਹਾਤਮਾ ਗਾਂਧੀ ਦੇ ਲੰਡਨ ਵਿੱਚ ਸਥਾਪਿਤ ਬੁੱਤ ਦਾ ਕਾਂਸੀ ਦਾ ਮਾਡਲ


ਮੂਰਤੀ ਅਤੇ ਇਸਦੇ ਮਾਡਲ ਨੂੰ ਪੋਲਿਸ਼ ਮੂਰਤੀਕਾਰ ਫਰੈਡਾ ਬ੍ਰਿਲਿਅੰਟ ਦੁਆਰਾ ਬਣਾਏ ਗਏ ਸਨ। ਫਰੈਡਾ ਨੇ ਭਾਰਤੀ ਸਿਆਸਤਦਾਨ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਡਾ: ਰਾਜਿੰਦਰ ਪ੍ਰਸਾਦ, ਇੰਦਰਾ ਗਾਂਧੀ ਆਦਿ ਸਮੇਤ ਵਿਸ਼ਵ ਦੇ ਕਈ ਨੇਤਾਵਾਂ ਦੇ ਬੁੱਤ ਤਰਾਸ਼ੇ ਸਨ।


JSR CONTRACTS LTD T/A

JSR 247 RECOVERY

**Reliable Vehicle Transport & Recovery Services – Local and Nationwide**

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

**Contact us today for a reliable quote and hassle-free service!**

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ.ਐਸ.ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੁਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਪਿੰਗਲਵਾੜਾ ਸੁਸਾਇਟੀ ਯੂ ਕੇ ਵੱਲੋਂ ਸਾਲਾਨਾ ਸਮਾਗਮ

## ਜੱਗੀ ਜੌਹਲ ਦੇ ਮਾਮਲੇ ਨੂੰ ਭਾਰਤ ਸਰਕਾਰ ਕੋਲ ਉਠਾ ਰਹੇ ਹਾਂ-ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ


ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਜਗਰਾਜ ਸਿੰਘ ਸਰਾਂ ਅਤੇ ਹੋਰਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿੰਗਲਵਾੜਾ ਸੁਸਾਇਟੀ ਯੂ ਕੇ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਾਲਾਨਾ ਸਮਾਗਮ ਕਰਵਾਏ ਗਏ। ਜਿਸ ਮੌਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਗੁਰਬਾਣੀ ਕੀਰਤਨ, ਗੁਰੂ ਸਾਹਿਬ ਦੇ ਜੀਵਨ, ਸ਼ਹੀਦੀ ਅਤੇ ਉਪਦੇਸ਼ ਦੇ ਨਾਲ ਭਗਤ ਪੂਰਨ ਸਿੰਘ ਵੱਲੋਂ ਸਥਾਪਿਤ ਪਿੰਗਲਵਾੜਾ ਲਈ ਕੀਤੀਆਂ ਸੇਵਾਵਾਂ ਬਾਰੇ ਵਿਚਾਰਾਂ ਹੋਈਆਂ। ਸੁਸਾਇਟੀ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ ਨੇ ਭਗਤ ਪੂਰਨ ਸਿੰਘ ਵੱਲੋਂ ਦਰਸਾਏ ਮਾਰਗ ਤੇ ਚੱਲਦਿਆਂ ਮਨੁੱਖਤਾ ਦੀ ਸੇਵਾ ਦਾ ਸੁਨੇਹਾ ਦਿੱਤਾ।

ਬਰਤਾਨੀਆਂ ਦੀ ਵਿਦੇਸ਼ ਰਾਜ ਮੰਤਰੀ ਸਮਿਾ ਮਲਹੋਤਰਾ ਨੇ ਪਿੰਗਲਵਾੜਾ ਵੱਲੋਂ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਪ੍ਰਬੰਧਕ ਕਮੇਟੀ ਵੱਲੋਂ ਮਨਜੀਤ ਸਿੰਘ ਵੱਲੋਂ ਜੱਗੀ ਜੌਹਲ ਦੇ ਉਠਾਏ ਮੁੱਦੇ ਤੇ ਬੋਲਦਿਆਂ ਕਿਹਾ ਕਿ ਬਰਤਾਨੀਆਂ ਸਰਕਾਰ ਸਮੇਂ ਸਮੇਂ ਭਾਰਤ ਕੋਲ ਜੱਗੀ ਦਾ ਮਾਮਲਾ ਉਠਾ ਰਹੀ ਹੈ, ਉਹ ਵੀ ਇਸ ਮਾਮਲੇ ਨੂੰ ਲੈ ਕੇ ਫਿਕਰਮੰਦ ਹੈ। ਉਹਨਾਂ ਇਹ ਵੀ ਕਿਹਾ ਕਿ ਵਿਦੇਸ਼ ਮੰਤਰਾਲਾ ਵੀ ਜੱਗੀ ਜੌਹਲ ਦੇ ਪ੍ਰੀਵਾਰ ਦੇ ਸੰਪਰਕ ਵਿੱਚ ਹੈ। ਗੁਰਦੁਆਰਾ ਸਾਹਿਬ ਦੇ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਦੇਵ ਸਿੰਘ ਸੰਧਾਵਾਲੀਆ, ਮਨਜੀਤ ਸਿੰਘ, ਸ਼ਿਵਦੀਪ ਕੌਰ ਢੇਸੀ, ਕੁਲਵੰਤ ਕੌਰ ਢਿੱਲੋਂ, ਪ੍ਰਮਜੀਤ ਸਿੰਘ ਧਾਲੀਵਾਲ, ਸਤਨਾਮ ਸਿੰਘ ਚੌਹਾਨ ਆਦਿ ਹਾਜ਼ਿਰ ਸਨ।

## ਕੈਪਟਨ ਜੈ ਸਿੰਘ ਸੋਹਲ ਦਾ ਓ ਬੀ ਈ ਦੇ ਖਿਤਾਬ ਨਾਲ ਸ਼ਾਹੀ ਸਨਮਾਨ


ਕੈਪਟਨ ਜੈ ਸਿੰਘ ਸੋਹਲ ਨੂੰ ਓ ਬੀ ਈ ਖਿਤਾਬ ਨਾਲ ਸਨਮਾਨਿਤ ਕਰਨ ਮੌਕੇ ਰਾਜਕੁਮਾਰੀ ਐਨਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਹਿਲੇ ਵਿਸ਼ਵ ਯੁੱਧ ਵਿੱਚ ਸੇਵਾਵਾਂ ਦੇਣ ਵਾਲੇ ਸਿੱਖਾਂ ਦੀ ਯਾਦਗਰ ਸਥਾਪਿਤ ਕਰਨ 'ਚ ਅਹਿਮ ਰੋਲ ਅਦਾ ਕਰਨ ਵਾਲੇ ਕੈਪਟਨ ਜੈ ਸਿੰਘ ਸੋਹਲ ਨੂੰ ਓ ਬੀ ਈ ਦੇ ਖਿਤਾਬ ਨਾਲ ਸ਼ਾਹੀ ਸਨਮਾਨ ਦਿੱਤਾ ਗਿਆ ਹੈ। ਬੀਤੇ ਦਿਨੀ ਸੇਂਟ ਜੇਮਸ ਪੈਲੇਸ ਵਿੱਚ ਰਾਜਕੁਮਾਰੀ ਐਨਾ ਵੱਲੋਂ ਕੈਪਟਨ ਸੋਹਲ ਨੂੰ ਇਹ ਖਿਤਾਬ ਭੇਂਟ ਕੀਤਾ ਗਿਆ। ਸਿੱਖ ਮੈਮੋਰੀਅਲ ਫੰਡ ਦੇ ਚੇਅਰਮੈਨ ਕੈਪਟਨ ਜੈ ਸਿੰਘ-ਸੋਹਲ ਦੇ ਉਦਮ ਸਦਕਾ ਸਟੈਫੋਰਡਸ਼ਾਇਰ ਦੇ ਰਾਸ਼ਟਰੀ ਯਾਦਗਰੀ ਅਰਬਰਟਮ ਵਿਖੇ 2015 ਨੂੰ ਸਿੱਖ ਯਾਦਗਰ (ਸਮਾਰਕ) ਸਥਾਪਿਤ ਕੀਤੀ ਗਈ ਸੀ। ਸਟਨ ਕੋਲਡਫੀਲਡ ਦੇ ਕੈਪਟਨ ਸੋਹਲ ਨੇ ਕਿਹਾ ਕਿ ਇਹ ਉਸ ਲਈ ਬਹੁਤ ਖਾਸ ਦਿਨ ਸੀ। ਉਹਨਾਂ ਕਿਹਾ ਕਿ ਸਿੱਖ ਸਿਪਾਹੀਆਂ ਦੀ ਯਾਦਗਰ ਸਥਾਪਿਤ ਕਰਨਾ ਹੋਰਨਾਂ ਲਈ ਵੀ ਉਤਸ਼ਾਹਜਨਕ ਹੈ, ਸਿੱਖਾਂ ਬਾਰੇ ਖੋਜ ਕਰਨ, ਇਤਿਹਾਸਕ ਤੌਰ ਤੇ ਸਿੱਖ ਸੇਵਾਵਾਂ ਬਾਰੇ ਹੋਰ ਜਾਨਣ ਲਈ ਪ੍ਰੇਰਿਤ ਸਰੋਤ ਹੈ।

## ਕੇਂਦਰੀ ਲੰਡਨ ਜਾਣ ਵਾਲੀ ਭਰੀ ਰੇਲ ਗੱਡੀ 'ਚ ਔਰਤ ਨਾਲ ਛੇੜਖਾਨੀ ਕਰਨ ਵਾਲੇ ਪੰਜਾਬੀ ਨੂੰ ਕੈਦ


ਜਤਿੰਦਰ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੇਂਦਰੀ ਲੰਡਨ ਜਾਣ ਵਾਲੀ ਇੱਕ ਰੇਲ ਗੱਡੀ ਵਿੱਚ 30 ਸਾਲਾ ਔਰਤ ਨਾਲ ਜਿਨਸੀ ਛੇੜਛਾੜ ਕਰਨ ਦੇ ਦੋਸ਼ਾਂ ਤਹਿਤ 35 ਸਾਲਾ ਜਤਿੰਦਰ ਸਿੰਘ ਉਰਫ ਵਿੱਕੀ ਸਿੰਘ ਸੰਘਾ ਨੂੰ ਲੰਡਨ ਅਦਾਲਤ ਨੇ ਦੋਸ਼ੀ ਕਰਾਰ ਦਿੰਦਿਆਂ 26 ਹਫਤਿਆਂ ਦੀ ਕੈਦ, 187 ਪੌਂਡ ਜੁਰਮਾਨਾ ਅਤੇ 10 ਸਾਲ ਲਈ ਜਿਨਸੀ ਅਪਰਾਧੀਆਂ ਦੀ ਸੂਚੀ ਵਿੱਚ ਸ਼ਾਮਿਲ ਕਰਨ ਦੀ ਸਜ਼ਾ ਸੁਣਾਈ ਹੈ। ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ ਨੇ ਕਿਹਾ ਕਿ ਸੰਘਾ 2 ਅਕਤੂਬਰ 2024 ਨੂੰ ਲਿਵਰਪੂਲ ਸਟ੍ਰੀਟ ਸ਼ਟੇਸ਼ਨ ਤੋਂ ਖਚਾਖਚ ਭਰੀ ਇੱਕ ਭੀੜ ਵਾਲੀ ਰੇਲ ਗੱਡੀ ਵਿੱਚ ਚੜ੍ਹਿਆ ਅਤੇ ਔਰਤ ਨਾਲ ਜਿਨਸੀ ਛੇੜਛਾੜ ਕੀਤੀ। ਜਿਸ ਤੋਂ ਬਾਅਦ ਮਹਿਲਾ ਨੇ 61016 ਟਰਾਂਸਪੋਰਟ ਪੁਲਿਸ ਨੂੰ ਸੂਚਿਤ ਕੀਤਾ। ਕੁਝ ਦਿਨਾਂ ਬਾਅਦ ਇੱਕ ਅਧਿਕਾਰੀ ਨੇ ਕਿੰਗਜ਼ ਕਰਾਸ ਸਟੇਸ਼ਨ ਦੇ ਬਾਹਰ ਸੰਘਾ ਨੂੰ ਪਛਾਣ ਲਿਆ ਅਤੇ ਗ੍ਰਿਫਤਾਰ ਕਰ ਲਿਆ। ਜਾਂਚ ਅਧਿਕਾਰੀ ਕਾਂਸਟੇਬਲ ਸਟੀਵਨ ਰਿਡਪਾਥ-ਮਿਸ਼ੇਲ ਨੇ ਕਿਹਾ ਕਿ ਸੰਘਾ ਦਾ ਮੌਕਾਪ੍ਰਸਤ ਵਿਵਹਾਰ ਪੂਰੀ ਤਰ੍ਹਾਂ ਅਸਵੀਕਾਰਨਯੋਗ ਸੀ, ਪੀੜਤ ਆਪਣੇ ਕੰਮ 'ਤੇ ਜਾਂਦੇ ਸਮੇਂ ਆਪਣੀ ਰੋਜ਼ਾਨਾ ਜ਼ਿੰਦਗੀ ਬਿਤਾਉਣ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਉਸਨੂੰ ਇਸ ਤਰ੍ਹਾਂ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਸੀ।

## ਯੂਰੋਪ ਸੰਘ ਵੱਲੋਂ ਪਰਵਾਸ ਨੀਤੀ ਸਖ਼ਤ ਕਰਨ ਦੀ ਤਿਆਰੀ



ਯੂਰੋਪ ਸੰਘ (ਈ ਯੂ) ਦੇ ਅਧਿਕਾਰੀਆਂ ਨੇ ਪਰਵਾਸ ਪ੍ਰਣਾਲੀ ਵਿੱਚ ਵੱਡੇ ਬਦਲਾਅ ਕਰਨ ਦੀ ਤਿਆਰੀ ਕਰ ਲਈ ਹੈ। ਇਸ ਤਹਿਤ ਗੈਰ-ਕਾਨੂੰਨੀ ਪਰਵਾਸੀਆਂ ਨੂੰ ਡੀਪੋਰਟ ਕਰਨ ਅਤੇ ਹਿਰਾਸਤ ਵਿੱਚ ਲੈਣ ਦੇ ਨਿਯਮ ਸਖ਼ਤ ਕੀਤੇ ਜਾਣਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੂਰੋਪੀਅਨ ਨੀਤੀਆਂ ਨੂੰ ਕਮਜ਼ੋਰ ਦੱਸੇ ਜਾਣ ਮਗਰੋਂ ਬ੍ਰੱਸਲਜ਼ ਵਿੱਚ ਮੰਤਰੀਆਂ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸੁਰੱਖਿਅਤ ਤੀਜੇ ਦੇਸ਼ ਦੇ ਸਿਧਾਂਤ ਤੇ ਸਹਿਮਤੀ ਬਣੀ ਹੈ। ਇਸ ਦਾ ਮਤਲਬ ਹੈ ਕਿ ਜੇ ਕੋਈ ਪਰਵਾਸੀ ਸੁਰੱਖਿਅਤ ਦੇਸ਼ ਤੋਂ ਆਉਂਦਾ ਹੈ ਤਾਂ ਉਸ ਨੂੰ ਸ਼ਰਨ ਦੇਣ ਤੋਂ ਇਨਕਾਰ ਕਰ ਕੇ ਤੁਰੰਤ ਵਾਪਸ ਭੇਜਿਆ ਜਾ ਸਕਦਾ ਹੈ। ਡੈਨਿਸ਼ ਮੰਤਰੀ ਰਾਸਮਸ ਐੱਸ ਨੇ ਕਿਹਾ ਕਿ ਯੂਰੋਪ ਵਿੱਚ ਦਾਖਲੇ ਦਾ ਕੰਟਰੋਲ ਮਨੁੱਖੀ ਤਸਕਰਾਂ ਦੀ ਥਾਂ ਚੁਣੀਆਂ ਹੋਈਆਂ ਸਰਕਾਰਾਂ ਕੋਲ ਹੋਣਾ ਚਾਹੀਦਾ ਹੈ। ਮੈਂਬਰ ਦੇਸ਼ਾਂ ਨੇ ਸ਼ਰਨਾਰਥੀਆਂ ਦੇ ਖਰਚੇ ਵੰਡਣ ਲਈ ਪੂਲ ਬਣਾਉਣ ਤੇ ਵੀ ਹਾਮੀ ਭਰੀ ਹੈ। ਇਸ ਤਹਿਤ 430 ਮਿਲੀਅਨ ਯੂਰੋ ਇਕੱਠੇ ਕੀਤੇ ਜਾਣਗੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਮਨੂੰਸਮ੍ਰਿਤੀ ਜਾਂ ਸੰਵਿਧਾਨ: ਭਾਰਤ ਕਿਹੜੇ ਰਾਹ ਤੇ ਚੱਲ ਰਿਹਾ ਹੈ ?

## ✪ ਕੀ ਹਿੰਦੂ ਰਾਸ਼ਟਰ ਦਾ ਸੁਪਨਾ ਪੂਰਾ ਹੋਵੇਗਾ, ਕੀ ਮਨੂੰਸਮ੍ਰਿਤੀ ਵਾਪਸ ਆ ਰਹੀ ਹੈ ? ✪ ਜੇ ਮਨੂੰ ਜਿੱਤ ਗਿਆ ਤਾਂ ਸੰਵਿਧਾਨ ਹਾਰ ਜਾਏਗਾ - ਰਾਹੁਲ ਗਾਂਧੀ




ਭਾਰਤ ਵਿੱਚ ਅੱਜਕੱਲ੍ਹ ਇੱਕ ਵੱਡੀ ਬਹਿਸ ਚੱਲ ਰਹੀ ਹੈ। ਇੱਕ ਪਾਸੇ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲੇ ਲੋਕ ਪ੍ਰਾਚੀਨ ਗੌਰਵ ਨੂੰ ਵਾਪਸ ਲਿਆਉਣ ਦੀ ਵਕਾਲਤ ਕਰ ਰਹੇ ਹਨ, ਅਤੇ ਦੂਜੇ ਪਾਸੇ ਬਰਾਬਰੀ ਅਤੇ ਆਜ਼ਾਦੀ ਦੇ ਹਾਮੀ ਲੋਕ ਚਿੰਤਾ ਜ਼ਾਹਰ ਕਰ ਰਹੇ ਹਨ ਕਿ ਕੀ ਹੁਣ ਸੰਵਿਧਾਨ ਬਦਲਣ ਹੇਠ ਮਨੂੰਸਮ੍ਰਿਤੀ ਨੂੰ ਥੋਪਣ ਦੀ ਕੋਸ਼ਿਸ਼ ਹੋ ਰਹੀ ਹੈ ? ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਈ ਵਾਰ ਆਰਐੱਸਐੱਸ ਅਤੇ ਭਾਜਪਾ ਨੂੰ ਨਿਸ਼ਾਨੇ ਤੇ ਲੈਂਦੇ ਹੋਏ ਕਿਹਾ ਹੈ ਕਿ ਉਹ ਸੰਵਿਧਾਨ ਨੂੰ ਬਦਲ ਕੇ ਮਨੂੰਸਮ੍ਰਿਤੀ ਲਾਗੂ ਕਰਨਾ ਚਾਹੁੰਦੇ ਹਨ। ਪਰ ਆਰਐੱਸਐੱਸ ਅਤੇ ਭਾਜਪਾ ਨੇ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਸੰਵਿਧਾਨ ਨੂੰ ਮਜ਼ਬੂਤ ਕਰਨ ਦੇ ਹੱਕ ਵਿਚ ਹਨ। ਇਸ ਬਹਿਸ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਰਾਏ ਵੀ ਅਹਿਮ ਹੈ, ਜਿਨ੍ਹਾਂ ਨੇ ਮਨੂੰਸਮ੍ਰਿਤੀ ਨੂੰ ਫੂਕ ਕੇ ਹਿੰਦੂ ਰਾਸ਼ਟਰਵਾਦ ਦੀ ਸਖ਼ਤ ਆਲੋਚਨਾ ਕੀਤੀ ਸੀ।

ਇਥੇ ਜ਼ਿਕਰਯੋਗ ਹੈ ਕਿ ਮਨੂੰਸਮ੍ਰਿਤੀ ਇੱਕ ਪ੍ਰਾਚੀਨ ਹਿੰਦੂ ਗ੍ਰੰਥ ਹੈ, ਜਿਸ ਨੂੰ ਈਸਾ ਤੋਂ ਪਹਿਲਾਂ ਦੀਆਂ ਸਦੀਆਂ ਵਿੱਚ ਲਿਖਿਆ ਗਿਆ ਮੰਨਿਆ ਜਾਂਦਾ ਹੈ। ਇਹ ਸਮ੍ਰਿਤੀਆਂ ਵਿੱਚੋਂ ਇੱਕ ਹੈ, ਜੋ ਵਰਣ ਵਿਵਸਥਾ (ਜਾਤ ਪਾਤ) ਤੇ ਆਧਾਰਿਤ ਨਿਯਮਾਂ ਨੂੰ ਵਿਸਥਾਰ ਨਾਲ ਦੱਸਦੀ ਹੈ। ਇਸ ਵਿੱਚ ਬ੍ਰਾਹਮਣਾਂ ਨੂੰ ਸਭ ਤੋਂ ਉੱਚਾ ਮੰਨਿਆ ਗਿਆ ਹੈ ਅਤੇ ਸ਼ੂਦਰਾਂ ਅਤੇ ਔਰਤਾਂ ਲਈ ਸਖ਼ਤ ਨਿਯਮ ਹਨ। ਉਦਾਹਰਨ ਵਜੋਂ, ਇੱਕ ਸ਼ਲੋਕ ਵਿੱਚ ਕਿਹਾ ਗਿਆ ਹੈ ਕਿ ਜੇ ਕੋਈ ਸ਼ੂਦਰ ਵੇਦ ਸੁਣ ਲਵੇ ਤਾਂ ਉਸ ਦੀ ਜੀਭ ਕੱਟ ਦੇਣੀ ਚਾਹੀਦੀ ਹੈ। ਔਰਤਾਂ ਬਾਰੇ ਇਹ ਕਹਿੰਦੀ ਹੈ ਕਿ ਉਹ ਕਦੇ ਵੀ ਆਜ਼ਾਦ ਨਹੀਂ ਰਹਿ ਸਕਦੀਆਂ - ਬਚਪਨ ਵਿੱਚ ਪਿਤਾ, ਜਵਾਨੀ ਵਿੱਚ ਪਤੀ ਅਤੇ ਬੁਢਾਪੇ ਵਿੱਚ ਪੁੱਤਰ ਤੇ ਨਿਰਭਰ ਰਹਿਣਾ ਚਾਹੀਦਾ ਹੈ। ਇਹ ਗ੍ਰੰਥ ਬ੍ਰਿਟਿਸ਼ ਰਾਜ ਵਿੱਚ ਹਿੰਦੂ ਕਾਨੂੰਨ ਵਜੋਂ ਵਰਤਿਆ ਗਿਆ ਸੀ, ਪਰ ਅੱਜ ਇਸ ਨੂੰ ਜਾਤੀ ਅਤੇ ਲਿੰਗ ਅਸਮਾਨਤਾ ਨੂੰ ਵਧਾਉਣ ਵਾਲਾ ਮੰਨਿਆ ਜਾਂਦਾ ਹੈ।

ਰਾਹੁਲ ਗਾਂਧੀ ਨੇ ਹਾਲ ਹੀ ਵਿੱਚ ਲੋਕ ਸਭਾ ਵਿੱਚ ਭਾਸ਼ਣ ਦੌਰਾਨ ਕਿਹਾ ਸੀ ਕਿ ਭਾਰਤ ਵਿੱਚ ਇੱਕ ਲੜਾਈ ਚੱਲ ਰਹੀ ਹੈ - ਇੱਕ ਪਾਸੇ ਸੰਵਿਧਾਨ ਹੈ ਜੋ ਬਰਾਬਰੀ ਅਤੇ ਆਜ਼ਾਦੀ ਦਿੰਦਾ ਹੈ, ਅਤੇ ਦੂਜੇ ਪਾਸੇ ਮਨੂੰਸਮ੍ਰਿਤੀ ਹੈ ਜੋ ਅਸਮਾਨਤਾ ਨੂੰ ਧਰਮ ਨਾਲ ਜੋੜਦੀ ਹੈ। ਉਨ੍ਹਾਂ ਨੇ ਆਰਐੱਸਐੱਸ ਨੂੰ ਨਿਸ਼ਾਨੇ ਤੇ ਲੈ ਕੇ ਕਿਹਾ ਕਿ ਉਹ ਸੰਵਿਧਾਨ ਨੂੰ ਨਹੀਂ ਮੰਨਦੇ ਅਤੇ ਮਨੂੰਸਮ੍ਰਿਤੀ ਨੂੰ ਥੋਪਣਾ ਚਾਹੁੰਦੇ ਹਨ। 2024 ਦੇ ਚੋਣਾਂ ਵਿੱਚ ਵੀ ਰਾਹੁਲ ਨੇ ਭਾਜਪਾ ਦੇ 'ਚਾਰ ਸੌ ਪਾਰ' ਨਾਅਰੇ ਨੂੰ ਸੰਵਿਧਾਨ ਬਦਲਣ ਦੀ ਮਨਸ਼ਾ ਨਾਲ ਜੋੜਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਆਰਐੱਸਐੱਸ ਦਾ ਚਿਹਰਾ ਬੇਨਕਾਬ ਹੋ ਗਿਆ ਹੈ ਅਤੇ ਉਹ ਗਰੀਬਾਂ ਅਤੇ ਪੱਛੜੇ ਵਰਗਾਂ ਦੇ ਅਧਿਕਾਰ ਖੋਹਣਾ ਚਾਹੁੰਦੇ ਹਨ। ਰਾਹੁਲ ਨੇ ਭਾਜਪਾ ਸਰਕਾਰ ਨੇ ਸੰਵਿਧਾਨ ਨੂੰ ਬਚਾਉਣ ਲਈ ਲੜਨ ਵਾਲੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਨੂੰ ਨਸ਼ਟ ਨਾ ਹੋਣ ਦੇਣ। ਪਰ ਆਰਐੱਸਐੱਸ ਅਤੇ ਭਾਜਪਾ ਨੇ ਇਨ੍ਹਾਂ ਇਲਜ਼ਾਮਾਂ ਨੂੰ ਗਲਤ ਦੱਸਿਆ ਸੀ। ਆਰ ਐੱਸ ਐੱਸ ਦੇ ਆਗੂ ਦੱਤਾਤ੍ਰੇ ਹੋਸਾਬਲੇ ਨੇ ਹਾਲ ਹੀ ਵਿੱਚ ਸੰਵਿਧਾਨ ਦੀ ਪ੍ਰੀਐਂਬਲ ਵਿੱਚ 'ਸੈਕੂਲਰ' ਅਤੇ 'ਸੋਸ਼ਲਿਸਟ' ਸ਼ਬਦਾਂ ਤੇ ਮੁੜ ਵਿਚਾਰ ਕਰਨ ਦੀ ਗੱਲ ਕੀਤੀ ਸੀ, ਪਰ ਉਨ੍ਹਾਂ ਨੇ ਕਿਹਾ ਕਿ ਇਹ ਸੰਵਿਧਾਨ ਨੂੰ ਬਦਲਣ ਵਾਲੀ ਨਹੀਂ ਬਲਕਿ ਚਰਚਾ ਵਾਲੀ ਗੱਲ ਹੈ। ਭਾਜਪਾ ਨੇ ਕਿਹਾ ਸੀ ਕਿ ਉਹ ਸੰਵਿਧਾਨ ਨੂੰ ਮੰਨਦੇ ਹਨ ਅਤੇ 2015 ਤੋਂ ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਂਦੇ ਹਨ। ਕਾਂਗਰਸ ਐੱਮਪੀ ਸ਼ਸ਼ੀ ਥਰੂਰ ਨੇ ਵੀ ਕਿਹਾ ਕਿ ਆਰਐੱਸਐੱਸ ਹੁਣ ਅੱਗੇ ਵਧ ਗਿਆ ਹੈ ਅਤੇ ਪੁਰਾਣੀਆਂ ਗੱਲਾਂ ਨੂੰ ਛੱਡ ਚੁੱਕਾ ਹੈ। ਇਸ ਬਹਿਸ ਵਿੱਚ ਹਿੰਦੂਤਵ ਵਿਚਾਰਧਾਰਾ ਦੇ ਮੋਢੀ ਵੀ.ਡੀ. ਸਾਵਰਕਰ ਦਾ ਜ਼ਿਕਰ ਅਕਸਰ ਆਉਂਦਾ ਹੈ। ਸਾਵਰਕਰ ਨੇ ਆਪਣੀਆਂ ਲਿਖਤਾਂ ਵਿੱਚ ਮਨੂੰਸਮ੍ਰਿਤੀ ਨੂੰ ਵੇਦਾਂ ਤੋਂ ਬਾਅਦ ਸਭ ਤੋਂ ਪੂਜਨੀਕ ਗ੍ਰੰਥ ਮੰਨਿਆ ਸੀ ਅਤੇ ਕਿਹਾ ਸੀ ਕਿ ਇਹ ਹਿੰਦੂ ਨਿਯਮਾਂ ਦਾ ਮੂਲ ਹੈ। ਉਨ੍ਹਾਂ ਨੇ ਲਿਖਿਆ ਕਿ ਮਨੂੰਸਮ੍ਰਿਤੀ ਨੇ ਸਦੀਆਂ ਤੋਂ ਹਿੰਦੂ ਰਾਸ਼ਟਰ ਨੂੰ ਨਿਯਮਿਤ ਕੀਤਾ ਹੈ ਅਤੇ ਅੱਜ ਵੀ ਕਰੋੜਾਂ ਹਿੰਦੂ ਇਸ ਤੇ ਅਧਾਰਿਤ ਜੀਵਨ ਜੀ ਰਹੇ ਹਨ। ਪਰ ਕੁਝ ਸੂਤਰਾਂ ਅਨੁਸਾਰ, ਸਾਵਰਕਰ ਨੇ ਜਾਤੀ ਵਿਵਸਥਾ ਦਾ ਵਿਰੋਧ ਵੀ ਕੀਤਾ ਸੀ।

ਆਰਐੱਸਐੱਸ ਦੇ ਦੂਜੇ ਸਰਸੰਘਚਾਲਕ ਐੱਮ.ਐੱਸ. ਗੋਲਵਲਕਰ ਨੇ ਸੰਵਿਧਾਨ ਦੀ ਆਲੋਚਨਾ ਕੀਤੀ ਸੀ। 1949 ਵਿੱਚ ਆਰ ਐੱਸ ਐੱਸ ਦੇ ਅਖਬਾਰ 'ਆਰਗੇਨਾਈਜ਼ਰ' ਵਿੱਚ ਲਿਖਿਆ ਗਿਆ ਸੀ ਕਿ ਸੰਵਿਧਾਨ ਵਿੱਚ ਪ੍ਰਾਚੀਨ ਭਾਰਤੀ ਵਿਕਾਸਾਂ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਮਨੂੰਸਮ੍ਰਿਤੀ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਗੋਲਵਲਕਰ ਨੇ ਕਿਹਾ ਕਿ ਮਨੂੰ ਦੇ ਕਾਨੂੰਨ ਪੁਰਾਣੇ ਸਮਾਜਾਂ ਤੋਂ ਵੀ ਪਹਿਲਾਂ ਲਿਖੇ ਗਏ ਸਨ ਅਤੇ ਅੱਜ ਵੀ ਉਨ੍ਹਾਂ ਦੀ ਪ੍ਰਸ਼ੰਸਾ ਹੁੰਦੀ ਹੈ। ਇਹ ਲਿਖਤ ਸੰਵਿਧਾਨ ਨੂੰ ਅਪਣਾਉਣ ਤੋਂ ਚਾਰ ਦਿਨ ਬਾਅਦ ਆਈ ਸੀ, ਜਿਸ ਨਾਲ ਬਹਿਸ ਵਧੀ। ਪਰ ਆਰਐੱਸਐੱਸ ਨੇ ਬਾਅਦ ਵਿੱਚ ਕਿਹਾ ਕਿ ਉਹ ਸੰਵਿਧਾਨ ਨੂੰ ਮੰਨਦੇ ਹਨ ਅਤੇ ਇਹ ਪੁਰਾਣੀ ਗੱਲਾਂ ਹਨ।

ਡਾ. ਬੀ.ਆਰ. ਅੰਬੇਡਕਰ, ਜਿਨ੍ਹਾਂ ਨੂੰ ਸੰਵਿਧਾਨ ਦਾ ਪਿਤਾਮਾ ਕਿਹਾ ਜਾਂਦਾ ਹੈ, ਨੇ ਮਨੂੰਸਮ੍ਰਿਤੀ ਨੂੰ ਸਭ ਤੋਂ ਵੱਡਾ ਵਿਰੋਧੀ ਮੰਨਿਆ ਸੀ। 1927 ਵਿੱਚ ਉਨ੍ਹਾਂ ਨੇ ਮਹਾਡ ਸਤਿਆਗ੍ਰਹਿ ਵਿੱਚ ਮਨੂੰਸਮ੍ਰਿਤੀ ਨੂੰ ਜਨਤਕ ਤੌਰ ਤੇ ਜਲਾਇਆ ਸੀ, ਕਿਉਂਕਿ ਉਹ ਇਸ ਨੂੰ ਜਾਤੀ ਅਤੇ ਅਸਮਾਨਤਾ ਦਾ ਜੜ੍ਹ ਮੰਨਦੇ ਸਨ। ਅੰਬੇਡਕਰ ਨੇ ਕਿਹਾ ਸੀ ਕਿ ਮਨੂੰਸਮ੍ਰਿਤੀ ਹਿੰਦੂ ਸਮਾਜ ਦੀ ਫਿਲਾਸਫੀ ਨੂੰ ਦਰਸਾਉਂਦੀ ਹੈ ਅਤੇ ਇਹ ਔਰਤਾਂ ਅਤੇ ਪੱਛੜੇ ਵਰਗਾਂ ਨੂੰ ਗੁਲਾਮ ਬਣਾਉਂਦੀ ਹੈ। ਉਹਨਾਂ ਨੇ ਹਿੰਦੂ ਰਾਸ਼ਟਰਵਾਦ ਨੂੰ ਫਾਸ਼ਿਸਟ ਮੰਨਿਆ ਅਤੇ ਕਿਹਾ ਕਿ ਇਹ ਭਾਰਤ ਨੂੰ ਵੰਡੇਗਾ। ਅੰਬੇਡਕਰ ਨੇ ਲਿਖਿਆ ਕਿ ਹਿੰਦੂ ਰਾਸ਼ਟਰ ਵਿੱਚ ਘੱਟ ਗਿਣਤੀਆਂ, ਦਲਿਤ ਅਤੇ ਔਰਤਾਂ ਨੂੰ ਕੋਈ ਅਧਿਕਾਰ ਨਹੀਂ ਮਿਲਣਗੇ। ਉਨ੍ਹਾਂ ਨੇ ਸੰਵਿਧਾਨ ਨੂੰ ਅਜਿਹਾ ਬਣਾਇਆ ਜੋ ਸਭ ਨੂੰ ਬਰਾਬਰ ਅਧਿਕਾਰ ਦਿੰਦਾ ਹੈ - ਵੋਟ ਦਾ ਹੱਕ, ਅਸਪ੍ਰਿਸ਼ਤਾ ਖਿਲਾਫ ਕਾਨੂੰਨ ਅਤੇ ਰਿਜ਼ਰਵੇਸ਼ਨ। ਅੰਬੇਡਕਰ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਨਹੀਂ ਚਾਹੀਦਾ ਕਿ ਅਸੀਂ ਮਨੂੰਸਮ੍ਰਿਤੀ ਵੱਲ ਵਾਪਸ ਜਾਈਏ, ਬਲਕਿ ਸਮਾਜਿਕ ਕ੍ਰਾਂਤੀ ਲਿਆਈਏ।

2025 ਵਿੱਚ ਇਹ ਮੁੱਦਾ ਹੋਰ ਗਰਮ ਹੈ। ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਾਮਈਆ ਨੇ ਵੀ ਕਿਹਾ ਕਿ ਮਨੂੰਸਮ੍ਰਿਤੀ ਨੂੰ ਮੰਨਣ ਵਾਲੇ ਲੋਕਾਂ ਤੋਂ ਸਾਵਧਾਨ ਰਹੋ, ਕਿਉਂਕਿ ਉਹ ਸੰਵਿਧਾਨ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਇਸ ਬਹਿਸ ਵਿੱਚ ਆਮ ਆਦਮੀ ਦੀ ਭੂਮਿਕਾ ਅਹਿਮ ਹੈ। ਸੰਵਿਧਾਨ ਨੇ ਗਰੀਬਾਂ ਨੂੰ ਅਧਿਕਾਰ ਦਿੱਤੇ ਹਨ - ਮੁਫਤ ਸਿੱਖਿਆ, ਨੌਕਰੀਆਂ ਵਿੱਚ ਰਿਜ਼ਰਵੇਸ਼ਨ ਅਤੇ ਵੋਟ ਦਾ ਹੱਕ। ਜੇ ਮਨੂੰਸਮ੍ਰਿਤੀ ਵਰਗੇ ਵਿਚਾਰ ਵਧੇ ਤਾਂ ਇਹ ਅਧਿਕਾਰ ਖਤਰੇ ਵਿੱਚ ਪੈ ਸਕਦੇ ਹਨ। ਪਰ ਰਾਜਨੀਤਕ ਮਾਹਿਰ ਕਹਿੰਦੇ ਹਨ ਕਿ ਭਾਰਤ ਅੱਜ ਵਿਭਿੰਨਤਾ ਵਾਲਾ ਦੇਸ਼ ਹੈ ਅਤੇ ਕੋਈ ਵੀ ਪੁਰਾਣੀ ਵਿਵਸਥਾ ਨੂੰ ਥੋਪ ਨਹੀਂ ਸਕਦਾ। ਰਾਹੁਲ ਗਾਂਧੀ ਵਰਗੇ ਆਗੂ ਇਸ ਨੂੰ ਜਾਗਰੂਕਤਾ ਵਧਾਉਣ ਲਈ ਵਰਤ ਰਹੇ ਹਨ, ਜਦਕਿ ਆਰਐੱਸਐੱਸ ਆਪਣੇ ਵਿਚਾਰਾਂ ਨੂੰ ਰਾਸ਼ਟਰਵਾਦ ਨਾਲ ਜੋੜ ਰਹੀ ਹੈ। ਅੰਤ ਵਿੱਚ, ਭਾਰਤੀ ਸਮਾਜ ਨੇ ਫੈਸਲਾ ਕਰਨਾ ਹੈ ਕਿ ਉਹ ਬਰਾਬਰੀ ਵਾਲੇ ਰਾਹ ਤੇ ਚੱਲੇ ਜਾਂ ਪ੍ਰਾਚੀਨ ਭੇਦਭਾਵ ਵੱਲ।

# ਭਾਜਪਾ ਦੀ ਇਸਤਰੀ ਆਗੂ ਦੀ ਧੀ ਨੇ ਕੀਤੀ ਆਤਮ-ਹਤਿਆ

## ✪ ਕਾਲਜ ਦੀ ਫੀਸ ਭਰਨ ਲਈ ਨਹੀਂ ਸਨ 5 ਹਜ਼ਾਰ ਰੁਪਏ

ਬਰਨਾਲਾ-ਬਰਨਾਲਾ ਵਿੱਚ ਭਾਜਪਾ ਦੀ ਮਹਿਲਾ ਆਗੂ ਰਾਣੀ ਕੌਰ ਦੀ ਧੀ ਨੇ ਖੁਦਕੁਸ਼ੀ ਕਰ ਲਈ। ਉਸ ਨੇ ਆਪਣੇ ਘਰ ਵਿੱਚ ਹੀ ਫਾਹਾ ਲਗਾਇਆ ਹੈ। ਮ੍ਰਿਤਕ ਦੀ ਪਛਾਣ ਠੀਕਰੀਵਾਲ ਨਿਵਾਸੀ ਰਮਨਦੀਪ ਵਜੋਂ ਹੋਈ ਹੈ, ਜੋ ਕਿ ਬੀ.ਏ. ਆਖਰੀ ਸਾਲ ਦੀ ਵਿਦਿਆਰਥਣ ਸੀ। ਪਿਛਲੇ ਕੁਝ ਸਮੇਂ ਤੋਂ ਉਹ ਮਾਨਸਿਕ ਤਣਾਅ ਵਿੱਚ ਸੀ। ਦੱਸਿਆ ਜਾਂਦਾ ਹੈ ਕਿ ਕਾਲਜ ਦੀ 5 ਹਜ਼ਾਰ ਰੁਪਏ ਫੀਸ ਜਮ੍ਹਾਂ ਨਾ ਹੋਣ ਕਾਰਨ ਉਹ ਚਿੰਤਾ ਵਿੱਚ ਰਹਿੰਦੀ ਸੀ। ਰਮਨਦੀਪ ਦੀ ਮਾਤਾ ਰਾਣੀ ਕੌਰ ਬਰਨਾਲਾ ਭਾਜਪਾ ਦੀ ਸਕੱਤਰ ਹਨ। ਪੁਲਿਸ ਨੇ ਵਿਦਿਆਰਥਣ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸਾਬਕਾ ਵਿਧਾਇਕ ਨੇ ਜਤਾਇਆ ਦੁੱਖ-ਇਸ ਘਟਨਾ 'ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਆਰਥਿਕ ਤੰਗੀ ਕਾਰਨ ਵਿਦਿਆਰਥੀਆਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਲੋੜਵੰਦ ਵਿਦਿਆਰਥੀਆਂ ਲਈ ਮਜ਼ਬੂਤ ਸਹਾਇਤਾ ਪ੍ਰਣਾਲੀ ਤਿਆਰ ਕੀਤੀ ਜਾਣੀ ਚਾਹੀਦੀ ਹੈ।

# ਆਰ.ਐਸ.ਐਸ. ਨੇ ਅਮਰੀਕਾ ਵਿਚ ਲਾਬਿੰਗ ਲਈ 3.3 ਲੱਖ ਡਾਲਰ ਖ਼ਰਚ ਕਿਉਂ ਕੀਤੇ, ਵਿਵਾਦ ਕਿਸ ਖੜ੍ਹਾ ਕੀਤਾ ?

ਖਾਸ ਰਿਪੋਟ

**✪ 100 ਸਾਲਾਂ ਵਿਚ ਪਹਿਲੀ ਵਾਰ: ਆਰਐਸਐਸ ਨੇ ਵਾਸ਼ਿੰਗਟਨ ਵਿਚ ਲਾਬਿੰਗ ਫਰਮ ਹਾਇਰ ਕੀਤੀ ✪ ਪਾਕਿਸਤਾਨ ਤੇ ਮੋਦੀ ਦੀ ਪੁਰਾਣੀ ਫਰਮ ਹੁਣ ਆਰਐਸਐਸ ਦਾ ਅਕਸ ਸੁਧਾਰ ਰਹੀ ਏ- ਅਮਰੀਕੀ ਰਿਕਾਰਡ ਸਾਹਮਣੇ ਆਇਆ ✪ ਆਰ ਐਸ ਐਸ ਨੂੰ ਧਨ ਕਿਥੋਂ ਪ੍ਰਾਪਤ ਹੋ ਰਿਹਾ ? ਕੀ ਅਮਰੀਕਾ ਇਸ ਉਪਰ ਕਾਰਵਾਈ ਕਰੇਗਾ ?**

ਇੱਕ ਪਾਸੇ ਭਾਰਤ ਵਿੱਚ ਆਰ. ਐਸ. ਐਸ. ਦੇ 100 ਸਾਲ ਪੂਰੇ ਹੋਣ ਦੀਆਂ ਧੁੰਮਾਂ ਮਚ ਰਹੀਆਂ ਹਨ, ਅਤੇ ਸ਼ਾਖਾਵਾਂ ਵਿੱਚ ਨਾਰੇ ਲੱਗ ਰਹੇ ਹਨ। ਪਰ ਦੂਜੇ ਪਾਸੇ, ਅਮਰੀਕੀ ਤੋਂ ਆ ਰਹੀ ਖਬਰ ਪੂਰੇ ਵਿਸ਼ਵ ਨੂੰ ਹੈਰਾਨ ਕਰ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.), ਜੋ ਆਪਣੇ ਆਪ ਨੂੰ 'ਸੱਭਿਆਚਾਰਕ ਸੰਸਥਾ' ਕਹਿੰਦਾ ਹੈ, ਨੇ ਵਾਸ਼ਿੰਗਟਨ ਦੀ ਪ੍ਰਸਿੱਧ ਲਾਬਿੰਗ ਫਰਮ 'ਸਕਾਇਰ ਪੈਟਨ ਬੌਗਸ' ਨੂੰ ਹਾਇਰ ਕਰ ਲਿਆ ਹੈ। ਇਹ ਫਰਮ ਨੂੰ ਸੰਘ ਵਲੋਂ 2025 ਵਿੱਚ ਹੀ 3 ਲੱਖ 30 ਹਜ਼ਾਰ ਅਮਰੀਕੀ ਡਾਲਰ (ਲਗਭਗ 2.8 ਕਰੋੜ ਰੁਪਏ) ਦਾ ਭੁਗਤਾਨ ਕੀਤਾ ਗਿਆ ਹੈ। ਇਸ ਪੈਸੇ ਨਾਲ ਅਮਰੀਕੀ ਸੰਸਦ ਦੇ ਮੈਂਬਰਾਂ, ਸੀਨੇਟਰਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ 'ਆਰ.ਐਸ.ਐਸ. ਬਾਰੇ ਸਹੀ ਜਾਣਕਾਰੀ' ਦੇਣ ਦਾ ਕੰਮ ਚੱਲ ਰਿਹਾ ਹੈ।

ਇਹ ਖ਼ਬਰ ਅਮਰੀਕੀ ਖੋਜ ਪੱਤਰਕਾਰੀ ਸੰਸਥਾ 'ਪ੍ਰਿਜ਼ਮ ਰਿਪੋਰਟਸ' ਨੇ ਪਹਿਲਾਂ ਖੋਲ੍ਹੀ ਸੀ, ਜਿਸ ਨੂੰ ਭਾਰਤੀ ਪੋਰਟਲ 'ਦ ਪ੍ਰਿੰਟ' ਅਤੇ 'ਦ ਕੈਰਵਨ' ਨੇ ਵੀ ਛਾਪੀ ਸੀ। ਜਨਤਕ ਦਸਤਾਵੇਜ਼ਾਂ ਅਨੁਸਾਰ, ਇਹ ਠੇਕਾ 3 ਮਾਰਚ 2025 ਨੂੰ ਸ਼ੁਰੂ ਹੋਇਆ ਅਤੇ ਸਾਲ ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿੱਚ ਹੀ ਜ਼ਿਆਦਾਤਰ ਪੈਸਾ ਅਦਾ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਆਰ. ਐਸ. ਐਸ. ਨੇ ਇਸ ਦਾ ਖੰਡਨ ਕੀਤਾ ਸੀ, ਪਰ ਅਮਰੀਕੀ ਸਰਕਾਰੀ ਵੈੱਬਸਾਈਟਾਂ ਤੇ ਫਰਮ ਦੇ ਰਿਕਾਰਡ ਮੌਜੂਦ ਹਨ। ਇਹ ਵੀ ਗੱਲ ਨਿਕਲੀ ਕਿ ਇਹੀ ਫਰਮ ਪਾਕਿਸਤਾਨ ਸਰਕਾਰ ਲਈ ਵੀ ਲਾਬਿੰਗ ਕਰ ਰਹੀ ਹੈ।

ਅਮਰੀਕਾ ਵਿੱਚ ਆਰ.ਐਸ.ਐਸ. ਦੀ ਸ਼ਾਖਾ 'ਹਿੰਦੂ ਸਵੈਮਸੇਵਕ ਸੰਘ' ਅਤੇ ਵੀਐਚਪੀ. ਅਮਰੀਕਾ ਨੇ ਕਈ ਸਲਾਂ ਤੋਂ ਆਪਣੇ ਨੈੱਟਵਰਕ ਬਣਾਏ ਹੋਏ ਹਨ। ਬੱਚਿਆਂ ਲਈ ਸਮਰ ਕੈਂਪ, ਯੂਵਾ ਪ੍ਰੋਗਰਾਮ ਅਤੇ ਧਾਰਮਿਕ ਇਵੈਂਟਾਂ ਰਾਹੀਂ ਉਹ ਆਪਣੀ ਵਿਚਾਰਧਾਰਾ ਫੈਲਾਉਂਦੇ ਰਹੇ ਹਨ। ਪਰ ਹੁਣ ਅਮਰੀਕੀ ਮਨੁੱਖੀ ਅਧਿਕਾਰ ਸੰਸਥਾਵਾਂ ਜਿਵੇਂ ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡੰਮ (ਯੂ. ਐਸ. ਸੀ. ਆਈ. ਆਰ. ਐਫ.) ਅਤੇ ਰੁਟਗਰਜ਼ ਸੈਂਟਰ ਫਾਰ ਸੈਕਿਓਰਿਟੀ ਆਫ ਰੇਸ ਐਂਡ ਰਾਈਟਸ ਨੇ ਇਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਉਹਨਾਂ ਦੀ 2024 ਅਤੇ 2025 ਦੀਆਂ ਰਿਪੋਰਟਾਂ ਵਿੱਚ ਭਾਰਤ ਵਿੱਚ ਨਿਘਰ ਰਹੀ ਧਾਰਮਿਕ ਆਜ਼ਾਦੀ, ਮੁਸਲਮਾਨਾਂ, ਈਸਾਈਆਂ, ਦਲਿਤਾਂ ਅਤੇ ਆਦਿਵਾਸੀਆਂ ਉੱਤੇ ਹੋ ਰਹੇ ਜ਼ੁਲਮਾਂ ਨੂੰ ਆਰ.ਐਸ.ਐਸ. ਨਾਲ ਜੋੜਿਆ ਗਿਆ ਹੈ। ਯੂ. ਐਸ. ਸੀ. ਆਈ. ਆਰ. ਐਫ. ਦੀ ਰਿਪੋਰਟ ਕਹਿੰਦੀ ਹੈ: "2023 ਵਿੱਚ ਭਾਰਤ ਵਿੱਚ ਧਾਰਮਿਕ ਆਜ਼ਾਦੀ ਵਿੱਚ ਨਿਘਾਰ ਆਉਣ ਦਾ ਸਿਲਸਿਲਾ ਜਾਰੀ ਰਿਹਾ। ਭਾਜਪਾ ਸਰਕਾਰ ਨੇ ਭੇਦਭਾਵੀ ਰਾਸ਼ਟਰਵਾਦੀ ਨੀਤੀਆਂ ਨੂੰ ਮਜ਼ਬੂਤ ਕੀਤਾ, ਫਿਰਕੂਵਾਦ ਨੂੰ ਹਵਾ ਦਿੱਤੀ ਅਤੇ ਫਿਰਕੂ ਹਿੰਸਾ ਰੋਕਣ ਵਿੱਚ ਨਾਕਾਮ ਰਹੀ ਹੈ।" ਇਸ ਨਾਲ ਮੁਸਲਮਾਨ, ਈਸਾਈ, ਸਿੱਖ ਅਤੇ ਦਲਿਤ ਸਭ ਤੋਂ ਵੱਧ ਪੀੜਤ ਹੋਏ ਹਨ।

ਰੁਟਗਰਜ਼ ਸੈਂਟਰ ਦੀ ਰਿਪੋਰਟ ਵਿੱਚ ਤਾਂ ਹੋਰ ਵੀ ਡੂੰਘਾਈ ਨਾਲ ਗਿਆ ਹੈ। ਉਹ ਕਹਿੰਦੇ ਹਨ ਕਿ ਐਚ. ਐਸ. ਐਸ. ਅਤੇ ਵੀ.ਐਚ.ਪੀ. ਅਮਰੀਕਾ ਬਾਲ ਵਿਹਾਰ ਅਤੇ ਬਾਲ ਗੋਕੁਲਮ ਵਰਗੇ ਕੈਂਪਾਂ ਰਾਹੀਂ ਬੱਚਿਆਂ ਦੇ ਮਨਾਂ ਵਿੱਚ ਹਿੰਦੂਤਵ ਦੀਆਂ ਜੜ੍ਹਾਂ ਜਮਾਉਂਦੇ ਹਨ। ਇਹਨਾਂ ਵਿੱਚ ਗੈਰ-ਹਿੰਦੂਆਂ ਪ੍ਰਤੀ ਨਫਰਤ ਪੈਦਾ ਕੀਤੀ ਜਾਂਦੀ ਹੈ ਅਤੇ ਜਾਤੀਵਾਦ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਇਹ ਰਿਪੋਰਟ 9/11 ਤੋਂ ਬਾਅਦ ਮੁਸਲਿਮ ਤੇ ਦੱਖਣੀ ਏਸ਼ੀਆਈ ਕਮਿਊਨਿਟੀਆਂ ਉੱਤੇ ਹੋ ਰਹੇ ਭੇਦਭਾਵ ਨੂੰ ਵੀ ਉਜਾਗਰ ਕਰਦੀ ਹੈ। ਅਮਰੀਕੀ ਚਿੰਤਕਾਂ ਨੇ ਇਸ ਨੂੰ 'ਨਸਲੀ-ਰਾਸ਼ਟਰਵਾਦੀ ਖ਼ਤਰਾ' ਕਿਹਾ ਹੈ, ਜੋ ਸਮਾਨਤਾ ਅਤੇ ਬਹੁਵਾਦ ਨੂੰ ਚੁਣੌਤੀ ਦਿੰਦਾ ਹੈ। ਇਸ ਲਈ ਆਰ.ਐਸ.ਐਸ. ਨੂੰ ਆਪਣਾ ਅਕਸ ਸੁਧਾਰਨ ਲਈ ਇਹ ਲਾਬਿੰਗ ਕਰਨੀ ਪੈ ਰਹੀ ਹੈ।

**ਕੀ ਹੈ ਸੰਘ ਦੀ ਫੰਡਿੰਗ ਦਾ ਸਰੋਤ ?-** ਆਰ.ਐਸ.ਐਸ. ਭਾਰਤ ਵਿੱਚ ਰਜਿਸਟਰਡ ਨਹੀਂ ਹੈ ਅਤੇ ਹਮੇਸ਼ਾ ਕਹਿੰਦੀ ਆਈ ਹੈ ਕਿ ਉਸ ਦੀ ਆਮਦਨ ਦਾ ਇੱਕੋ-ਇੱਕ ਸਰੋਤ 'ਗੁਰੂ ਦਕਸ਼ਿਣਾ' ਹੈ। ਇਹ ਉਹ ਪੈਸਾ ਹੈ ਜੋ ਸਵੈਮਸੇਵਕ ਆਪਣੇ 'ਗੁਰੂ' ਨੂੰ ਦਾਨ ਵਜੋਂ ਦਿੰਦੇ ਹਨ - ਬਿਨਾਂ ਕਿਸੇ ਕਿਸੇ ਲਿਖਤੀ ਹਿਸਾਬ ਦੇ। ਪਹਿਲਾਂ ਆਮਦਨ ਟੈਕਸ ਵਿਭਾਗ ਨੇ ਇਸ ਨੂੰ ਚੈੱਕ ਕੀਤਾ ਸੀ। ਤਦ ਇਨਕਮ ਟੈਕਸ ਅਪੀਲੇਟ ਟ੍ਰਿਬਿਊਨਲ ਨੇ ਕਿਹਾ ਸੀ: "ਗੁਰੂ ਦਕਸ਼ਿਣਾ ਦੀ ਪਰੰਪਰਾ ਸ਼ਰਧਾ ਦੇ ਪਵਿੱਤਰ ਭਾਵ ਤੇ ਆਧਾਰਿਤ ਹੈ, ਇਸ ਲਈ ਟੈਕਸ ਵਿੱਚ ਛੋਟ ਦਿੱਤੀ ਜਾਂਦੀ ਹੈ।" ਪਰ ਹੁਣ ਇਹ ਪੈਸਾ ਅਮਰੀਕਾ ਵਿੱਚ ਲਾਬਿੰਗ ਲਈ ਵਰਤਿਆ ਜਾ ਰਿਹਾ ਹੈ - ਯਾਨੀ ਵਿਦੇਸ਼ੀ ਸਰਕਾਰ ਨੂੰ 'ਸਿੱਖਿਆ' ਦੇਣ ਲਈ। ਈ.ਏ.ਐਸ. ਸ਼ਰਮਾ ਸਾਬਕਾ ਭਾਰਤ ਸਰਕਾਰੀ ਸਕੱਤਰ, ਵਿੱਤ ਅਤੇ ਊਰਜਾ ਮੰਤਰਾਲੇ ਨੇ ਤਾਂ ਬਹੁਤ ਸਖ਼ਤੀ ਨਾਲ ਕਿਹਾ ਸੀ ਕਿ ਇਹ ਪੈਸਾ ਹੁਣ ਟੈਕਸ ਵਾਲਾ ਹੋ ਜਾਣਾ ਚਾਹੀਦਾ ਹੈ। ਉਹਨਾਂ ਨੇ ਸੀ. ਬੀ. ਡੀ. ਟੀ. ਅਤੇ ਈ.ਡੀ. ਨੂੰ ਲਿਖਿਆ ਹੈ ਕਿ ਇੱਕ ਦਾਨ ਉਪਰ ਪਲਣ ਵਾਲੀ ਸੰਸਥਾ ਕਿਵੇਂ ਅਜਿਹਾ ਵੱਡਾ ਖਰਚਾ ਕਰ ਸਕਦੀ ਹੈ ? ਕੀ ਗੁਰੂ ਦਕਸ਼ਿਣਾ ਵਿੱਚ ਵਿਦੇਸ਼ੀ ਡਾਲਰ ਘੁਲੇ ਜਾ ਰਹੇ ਹਨ ?

ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਤਾਂ ਇੱਕ ਪ੍ਰੋਗਰਾਮ ਵਿੱਚ ਕਿਹਾ: "ਸੰਘ ਦਾ ਕੰਮ ਸਵੈਮਸੇਵਕਾਂ ਦੀ ਭਾਵਨਾ ਨਾਲ ਚੱਲਦਾ ਹੈ, ਗੁਰੂ ਦਕਸ਼ਿਣਾ ਸ਼ਰਧਾ ਤੇ ਸ਼ੁਭ ਵਿਚਾਰ ਨਾਲ ਸਬੰਧਿਤ ਹੈ।" ਪਰ ਵਿਰੋਧੀ ਲੋਕ ਤਾਂ ਪੁੱਛ ਰਹੇ ਹਨ - ਇਹ ਸ਼ੁਭ ਵਿਚਾਰ ਵਾਲਾ ਪੈਸਾ ਅਮਰੀਕੀ ਕਾਂਗਰਸ ਤੱਕ ਕਿਵੇਂ ਪਹੁੰਚ ਗਿਆ ? ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਤਾਂ ਤਿੱਖੇ ਤੀਰ ਮਾਰੇ ਹਨ: "ਰਾਸ਼ਟਰਵਾਦ ਦਾ ਉਪਦੇਸ਼ ਦੇਣ ਵਾਲੇ ਆਰ.



ਐਸ. ਐਸ. ਨੇ ਪਾਕਿਸਤਾਨੀ ਲਾਬਿੰਗ ਫਰਮ ਨੂੰ ਕਿਉਂ ਹਾਇਰ ਕੀਤਾ - ਇਹ ਰਾਸ਼ਟਰਵਾਦ ਹੈ ਜਾਂ ਰਾਸ਼ਟਰ-ਵਿਰੋਧ ?"

**ਐਪੀਸੀਓ ਤੋਂ ਸਕਾਇਰ ਪੈਟਨ ਤੱਕ: ਪੁਰਾਣੇ ਵਿਵਾਦਾਂ ਵਾਲੀ ਫਰਮ ਦਾ ਨਾਮ ਨਵਾਂ ਰੰਗ-** ਦਿਲਚਸਪ ਗੱਲ ਇਹ ਹੈ ਕਿ ਇਹ ਫਰਮ ਨਵੀਂ ਨਹੀਂ ਹੈ। 2007 ਵਿੱਚ ਤਾਂ ਨਰਿੰਦਰ ਮੋਦੀ (ਉਸ ਵੇਲੇ ਗੁਜਰਾਤ ਮੁੱਖ ਮੰਤਰੀ) ਨੇ ਵੀ ਐਪੀਸੀਓ ਵਰਲਡਵਾਈਡ ਨੂੰ ਹਾਇਰ ਕੀਤਾ ਸੀ ਆਪਣਾ ਸਿਆਸੀ ਵਾਜੂਦ ਬਿਹਤਰ ਬਣਾਉਣ ਲਈ। ਐਪੀਸੀਓ ਤਾਂ ਕਈ ਤਾਨਾਸ਼ਾਹਾਂ ਅਤੇ ਜੰਗ-ਸਮਰਥਕ ਮੁਹਿੰਮਾਂ ਨਾਲ ਜੁੜੀ ਰਹੀ ਹੈ। ਇਹ ਫਰਮ ਇੱਕੋ ਵਾਰ ਵਿੱਚ ਪਾਕਿਸਤਾਨ ਅਤੇ ਆਰ. ਐਸ. ਐਸ. ਲਈ ਕੰਮ ਕਰ ਰਹੀ ਹੈ। ਟੀ.ਆਰ.ਟੀ. ਵਰਲਡ ਨੇ ਤਾਂ ਇਸ ਨੂੰ 'ਵਿਦੇਸ਼ੀ ਦਖਲਅੰਦਾਜ਼ੀ' ਕਿਹਾ ਹੈ।

**ਅਮਰੀਕੀ ਅਖ਼ਬਾਰਾਂ ਅਤੇ ਚਿੰਤਕਾਂ ਦੀ ਨਜ਼ਰ: 'ਫਾਰਨ ਇਨਫਲੂਐਂਸ' ਦਾ ਡਰ-** 'ਪ੍ਰਿਜ਼ਮ ਰਿਪੋਰਟਸ' ਨੇ ਲਿਖਿਆ: "ਆਰ. ਐਸ. ਐਸ. ਨੇ ਪਹਿਲੀ ਵਾਰ ਅਮਰੀਕੀ ਕਾਂਗਰਸ ਨੂੰ ਪ੍ਰਭਾਵਿਤ ਕਰਨ ਲਈ ਲਾਬਿੰਗ ਫਰਮ ਹਾਇਰ ਕੀਤੀ, ਪਰ ਐਫ.ਏ.ਆਰ.ਏ. ਅਧੀਨ ਨਹੀਂ ਰਜਿਸਟਰ ਹੋਈ।" ਇਹ ਰਿਪੋਰਟ ਮੈਘਨਾਦ ਬੋਸ ਅਤੇ ਬਿਪਲਬ ਕੁਮਾਰ ਦਾਸ ਨੇ ਲਿਖੀ, ਜਿਨ੍ਹਾਂ ਨੇ ਦੱਸਿਆ ਕਿ ਇਹ ਲਾਬਿੰਗ 'ਯੂ.ਐਸ.-ਇੰਡੀਆ ਬਿਲੈਟਰਲ ਰਿਲੇਸ਼ਨਜ਼' ਤੇ ਹੈ, ਪਰ ਅਸਲ ਵਿੱਚ ਆਰ. ਐਸ. ਐਸ. ਦਾ ਅਕਸ ਬਦਲਣ ਲਈ। 'ਮੁਸਲਿਮ ਮਿਰਰ' ਅਤੇ 'ਕਾਉਂਟਰਕਰੰਟਸ' ਨੇ ਵੀ ਇਸ ਨੂੰ ਉਜਾਗਰ ਕੀਤਾ, ਕਹਿ ਕੇ ਕਿ ਇਹ ਅਮਰੀਕੀ ਰਾਜਨੀਤੀ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹੈ।

ਅਮਰੀਕੀ ਚਿੰਤਕਾਂ ਵਿੱਚ ਤਾਂ ਚਰਚਾ ਚੱਲ ਪਈ ਹੈ। 'ਦ ਕੈਰਵਨ' ਵਿੱਚ ਧੀਰੇਂਦਰ ਕੇ. ਜਹਾ ਨੇ ਲਿਖਿਆ: "ਆਰ. ਐਸ. ਐਸ. ਨੇ ਬਰਸਾਂ ਤੋਂ ਅਮਰੀਕਾ ਵਿੱਚ ਆਪਣੀ ਚਿਤਰਣ ਬਣਾਉਣ ਲਈ ਨਿਵੇਸ਼ ਕੀਤਾ ਹੈ। ਚਿੰਤਕ ਨਿਮਿਸ਼ ਜੋਸਫ ਨੇ ਲਿਖਿਆ: "ਆਰ.ਐਸ.ਐਸ. ਨੇ ਪਾਕਿਸਤਾਨੀ ਏਜੰਟਾਂ ਨਾਲ ਮਿਲ ਕੇ ਅਮਰੀਕੀ ਰਾਜਨੀਤੀ ਵਿੱਚ ਦਖਲ ਦਿੱਤਾ।" ਇਹ ਰਾਏ ਦੱਸਦੀਆਂ ਹਨ ਕਿ ਅਮਰੀਕਾ ਵਿੱਚ ਹਿੰਦੂਤਵ ਨੂੰ 'ਚਿੰਤਾ ਦਾ ਵਿਸ਼ਾ' ਮੰਨਿਆ ਜਾ ਰਿਹਾ ਹੈ, ਜੋ ਇਸਲਾਮੋਫੋਬੀਆ ਅਤੇ ਨਸਲੀ ਨ.ਫਰਤ ਨੂੰ ਵਧਾਉਂਦਾ ਹੈ।

**ਅਮਰੀਕਾ ਕੀ ਕਾਰਵਾਈ ਕਰੇਗਾ ? -** ਹੁਣ ਸਵਾਲ ਇਹ ਹੈ - ਅਮਰੀਕਾ ਚੁੱਪ ਰਹੇਗਾ ਜਾਂ ਕਾਰਵਾਈ ਕਰੇਗਾ ? ਐਫ. ਏ. ਆਰ. ਏ. ਅਨੁਸਾਰ, ਵਿਦੇਸ਼ੀ ਏਜੰਟਾਂ ਨੂੰ ਰਜਿਸਟਰ ਕਰਨਾ ਜ਼ਰੂਰੀ ਹੈ, ਨਹੀਂ ਤਾਂ ਜੁਰਮਾਨਾ ਜਾਂ ਜੇਲ੍ਹ ਹੋ ਸਕਦੀ ਹੈ। ਪਰ ਆਰ. ਐਸ. ਐਸ. ਨੇ ਇਹ ਨਹੀਂ ਕੀਤਾ, ਬਲਕਿ ਲਾਬਿੰਗ ਡਿਸਕਲੋਜ਼ਰ ਐਕਟ ਵਿੱਚ ਲੁਕ ਗਿਆ - ਜੋ ਇੱਕ ਲੂਪਹੋਲ ਹੈ। 'ਇੰਸਾਈਡ ਪਾਲੀਟੀਕਲ ਲਾਅ' ਨੇ ਲਿਖਿਆ ਕਿ ਡੀ. ਓ. ਜੇ. ਨੇ 2025 ਵਿੱਚ 17 ਨਵੇਂ ਐਡਵਾਈਜ਼ਰੀ ਓਪੀਨੀਅਨ ਜਾਰੀ ਕੀਤੇ ਹਨ ਐਫ. ਏ. ਆਰ. ਏ. ਬਾਰੇ, ਜੋ ਵਿਦੇਸ਼ੀ ਪ੍ਰਭਾਵ ਨੂੰ ਰੋਕਣ ਲਈ ਹਨ। ਰਿਪੋਰਟ ਕਹਿੰਦੀ ਹੈ ਕਿ ਆਰ.ਐਸ.ਐਸ. ਦਾ ਕੰਮ ਐਫ. ਏ. ਆਰ. ਏ. ਅਧੀਨ ਆਉਂਦਾ ਹੈ, ਕਿਉਂਕਿ ਇਹ ਅਮਰੀਕੀ ਨੀਤੀ ਨੂੰ ਪ੍ਰਭਾਵਿਤ ਕਰਨ ਵਾਲਾ ਹੈ। 'ਮਸਲਿਮ ਨੈੱਟਵਰਕ' ਨੇ ਚੇਤਾਵਨੀ ਦਿੱਤੀ: "ਇਹ ਲਾਬਿੰਗ ਵਾਸ਼ਿੰਗਟਨ ਵਿੱਚ ਵਿਦੇਸ਼ੀ ਪ੍ਰਭਾਵ ਵਧਾਏਗੀ।" ਪੰਜ ਰਾਜਾਂ ਵਿੱਚ ਤਾਂ 'ਐਫ. ਏ. ਆਰ. ਏ.-ਲਾਈਟ' ਕਾਨੂੰਨ ਲਾਗੂ ਹੋ ਗਏ ਹਨ, ਜੋ ਵਿਦੇਸ਼ੀ ਲਾਬਿੰਗ ਨੂੰ ਰੋਕਦੇ ਹਨ। ਜੇਕਰ ਜਾਂਚ ਹੋਈ ਤਾਂ ਆਰ.ਐਸ.ਐਸ. ਅਤੇ ਐਚ. ਐਸ. ਐਸ. ਨੂੰ ਭਾਰੀ ਝਟਕਾ ਲੱਗ ਸਕਦਾ ਹੈ।

**ਪਿਛੋਕੜ ਵਿੱਚ ਇੱਕ ਨਜ਼ਰ: ਆਰ. ਐਸ. ਐਸ. ਅਤੇ ਅਮਰੀਕਾ ਦਾ ਪੁਰਾਣਾ ਨਾਤਾ-** ਆਰ. ਐਸ. ਐਸ. ਦਾ ਅਮਰੀਕਾ ਨਾਲ ਨਾਤਾ ਨਵਾਂ ਨਹੀਂ। 1950-60 ਦੇ ਦਹਾਕਿਆਂ ਵਿੱਚ ਉਹ ਅਮਰੀਕੀ ਨੀਤੀਆਂ ਨਾਲ ਜੁੜਿਆ ਰਿਹਾ - ਵਿਅਤਨਾਮ ਯੁੱਧ ਦਾ ਸਮਰਥਨ, ਵਿਸ਼ਵ ਭਰ ਵਿੱਚ ਅਮਰੀਕੀ ਹਮਲਿਆਂ ਨੂੰ ਜਾਇਜ਼ ਠਹਿਰਾਉਣਾ। ਭਾਰਤ ਨੂੰ ਗੁਟਨਿਰਪੇਖ ਰਹਿਣ ਦੇ ਬਾਵਜੂਦ ਅਮਰੀਕਾ-ਪੱਖੀ ਨੀਤੀਆਂ ਅਪਣਾਉਣ ਦਾ ਦਬਾਅ। ਅਮਰੀਕਾ ਵਿੱਚ ਭਾਰਤੀ ਡਾਇਸਪੋਰਾ ਵਿੱਚ ਕਈ ਆਰ.ਐਸ.ਐਸ. ਸਮਰਥਕ ਉੱਚ ਅਹੁਦਿਆਂ ਤੇ ਹਨ। ਪਰ ਹੁਣ ਨਵੇਂ ਹਾਲਾਤ ਹਨ - ਭਾਰਤ ਅਮਰੀਕੀ ਵਿਦੇਸ਼ ਨੀਤੀ ਨਾਲ ਹਰ ਜਗ੍ਹਾ ਨਹੀਂ ਚੱਲ ਰਿਹਾ। ਉਸ ਬਾਰੇ ਅਮਰੀਕੀ ਰਿਪੋਰਟਾਂ ਵਿੱਚ ਆ ਰਹੀ ਆਲੋਚਨਾ ਨੇ ਆਰ.ਐਸ.ਐਸ. ਨੂੰ ਬੇਚੈਨ ਕਰ ਦਿੱਤਾ ਹੈ। ਇਹ ਲਾਬਿੰਗ ਉਸੇ ਬੇਚੈਨੀ ਦਾ ਨਤੀਜਾ ਹੈ। '

**ਵਿਵਾਦ ਦਾ ਅੰਤ ਨਜ਼ਰ ਨਹੀਂ ਆ ਰਿਹਾ-** ਇਹ ਵਿਵਾਦ ਹੁਣ ਸਿਰ.ਫ ਆਰ.ਐਸ.ਐਸ. ਦਾ ਨਹੀਂ, ਭਾਰਤੀ ਗਣਤੰਤਰ ਅਤੇ ਅੰਤਰਰਾਸ਼ਟਰੀ ਰਾਜਨੀਤੀ ਨਾਲ ਜੁੜ ਗਿਆ ਹੈ। ਗੁਰੂ ਦਕਸ਼ਿਣਾ ਨਾਲ ਅਮਰੀਕੀ ਸੰਸਦ ਨੂੰ 'ਸਿੱਖਿਆ' ਦੇਣ ਵਾਲੀ ਚਾਲ ਨੇ ਬਹੁਤ ਸਵਾਲ ਉਠਾਏ ਹਨ। ਅਮਰੀਕੀ ਅਖ਼ਬਾਰ ਤਾਂ ਇਸ ਨੂੰ 'ਵਿਦੇਸ਼ੀ ਪ੍ਰਭਾਵ' ਵਾਂਗ ਵੇਖ ਰਹੇ ਹਨ। ਕੀ ਅਮਰੀਕਾ ਕਾਰਵਾਈ ਕਰੇਗਾ ? ਇਹ ਤਾਂ ਵੇਲਾ ਦੱਸੇਗਾ। ਪਰ ਇੱਕ ਗੱਲ ਪੱਕੀ ਹੈ - ਇਸ ਖਬਰ ਨੇ ਆਰ. ਐਸ. ਐਸ. ਦੇ 100 ਸਾਲਾਂ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਖੋਲ੍ਹ ਦਿੱਤਾ ਹੈ, ਜੋ ਨ.ਫਰਤ ਅਤੇ ਨੈਸ਼ਨਲਿਜ਼ਮ ਦੇ ਨਾਂ ਤੇ ਚੱਲ ਰਿਹਾ ਹੈ ਪਰ ਅੰਦਰੋਂ ਡਾਲਰਾਂ ਨਾਲ ਚੱਲ ਰਿਹਾ ਹੈ। ਇਹ ਰਹੱਸ ਖੁਲ ਗਿਆ ਹੈ, ਚਰਚਾ ਜਾਰੀ ਰਹੇਗੀ।

# ਸਿੱਖ ਨੌਜਵਾਨ ਨੇ ਦਾੜ੍ਹੀ ਦੀ ਲੜਾਈ ਜਿੱਤੀ - ਅੰਬੂਲੈਂਸ ਵਿਕਟੋਰੀਆ ਝੁੱਕੀ

## ✪ ਪ੍ਰਭਜੀਤ ਸਿੰਘ ਗਿੱਲ ਦੀ ਮੈਲਬੋਰਨ ਵਿਚ ਵੱਡੀ ਜਿੱਤ: 'ਠਾਠਾ ਬੰਨਕੇ ਮਾਸਕ ਪਾਉਣ ਦੀ ਆਸਟ੍ਰੇਲੀਆ ਵਿਚ ਮਿਲੀ ਮਾਨਤਾ ✪ ਪੂਰਨ ਸਿੱਖ ਹੁਣ ਅੰਬੂਲੈਂਸ ਸੇਵਾ ਵਿਚ ਜਾਬ ਕਰ ਸਕਣਗੇ

19 ਸਾਲਾਂ ਦਾ ਸਿੱਖ ਵਿਦਿਆਰਥੀ ਪ੍ਰਭਜੀਤ ਗਿੱਲ ਨੇ ਆਸਟ੍ਰੇਲੀਆ ਦੀ ਸਰਕਾਰੀ ਅੰਬੂਲੈਂਸ ਸੇਵਾ, ਅੰਬੂਲੈਂਸ ਵਿਕਟੋਰੀਆ, ਨੂੰ ਝੁਕਾ ਕੇ ਇੱਕ ਵੱਡੀ ਜਿੱਤ ਹਾਸਲ ਕੀਤੀ ਹੈ। ਇਹ ਜਿੱਤ ਨਾ ਸਿਰਫ਼ ਪ੍ਰਭਜੀਤ ਸਿੰਘ ਲਈ ਹੈ, ਸਗੋਂ ਆਸਟ੍ਰੇਲੀਆ ਵਿੱਚ ਵੱਸਦੇ ਸਾਰੇ ਸਿੱਖਾਂ ਅਤੇ ਹੋਰ ਧਾਰਮਿਕ ਘੱਟ ਗਿਣਤੀ ਵਾਲੇ ਲੋਕਾਂ ਲਈ ਇੱਕ ਮਿਸਾਲ ਹੈ। ਪ੍ਰਭਜੀਤ ਮੋਨੈਸ਼ ਯੂਨੀਵਰਸਿਟੀ ਵਿੱਚ ਪੈਰਾਮੈਡਿਕ (ਐਮਰਜੈਂਸੀ ਮੈਡੀਕਲ ਸੇਵਾ) ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੂੰ ਆਪਣੀ ਪੜ੍ਹਾਈ ਦੇ ਹਿੱਸੇ ਵਜੋਂ ਅੰਬੂਲੈਂਸ ਵਿਕਟੋਰੀਆ ਵਿੱਚ ਆਨ-ਜੌਬ ਟ੍ਰੇਨਿੰਗ (ਪਲੇਸਮੈਂਟ) ਮਿਲੀ ਸੀ। ਪਰ ਪਹਿਲੇ ਹੀ ਦਿਨ ਉਸ ਨੂੰ ਆਪਣੀ ਦਾੜ੍ਹੀ ਕਾਰਨ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਸੀ। ਅਧਿਕਾਰੀਆਂ ਨੇ ਉਸ ਨੂੰ ਕਿਹਾ ਸੀ ਕਿ ਜੇਕਰ ਉਹ ਪੀਪੀਈ ਮਾਸਕ (ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ) ਨੂੰ ਠੀਕ ਤਰ੍ਹਾਂ ਫਿੱਟ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਦਾੜ੍ਹੀ ਮੁੰਡਾਉਣੀ ਪਵੇਗੀ। ਪ੍ਰਭਜੀਤ ਨੇ ਇਸ ਨੂੰ ਠੁਕਰਾ ਦਿੱਤਾ ਅਤੇ ਆਪਣੇ ਧਰਮ ਦੇ ਅਨੁਸਾਰ ਦਾੜ੍ਹੀ ਰੱਖਣ ਦੇ ਹੱਕ ਲਈ ਲੜਾਈ ਲੜੀ। ਇਸ ਲੜਾਈ ਵਿੱਚ ਉਸ ਨੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਵਿੱਚ ਕੇਸ ਦਾਇਰ ਕੀਤਾ ਅਤੇ ਅੰਤ ਵਿੱਚ ਜਿੱਤ ਪ੍ਰਾਪਤ ਕੀਤੀ। ਅੰਬੂਲੈਂਸ ਵਿਕਟੋਰੀਆ ਨੇ ਆਪਣੀ ਨੀਤੀ ਬਦਲ ਲਈ ਅਤੇ ਹੁਣ ਧਾਰਮਿਕ ਜਾਂ ਸੱਭਿਆਚਾਰਕ ਕਾਰਨਾਂ ਕਰਕੇ ਦਾੜ੍ਹੀ ਰੱਖਣ ਵਾਲੇ ਲੋਕਾਂ ਲਈ ਖਾਸ ਵਿਧੀ ਨੂੰ ਮਨਜ਼ੂਰ ਕਰ ਲਿਆ ਹੈ।

ਪ੍ਰਭਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਅੱਠ ਸਾਲਾਂ ਦੀ ਉਮਰ ਤੋਂ ਹੀ ਪੈਰਾਮੈਡਿਕ ਬਣਨ ਦਾ ਸੁਪਨਾ ਵੇਖ ਰਿਹਾ ਸੀ। ਉਹ ਆਸਟ੍ਰੇਲੀਆ ਵਿੱਚ ਵੱਸਦੇ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ ਅਤੇ ਉਸ ਦੇ ਧਰਮ ਵਿੱਚ ਦਾੜ੍ਹੀ ਅਤੇ ਵਾਲ ਨਾ ਕੱਟਣਾ ਇੱਕ ਲਾਜ਼ਮੀ ਹਿੱਸਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਆਪਣੇ ਕੇਸ ਰੋਮ ਨੂੰ ਕੁਦਰਤੀ ਰੂਪ ਵਿੱਚ ਰੱਖਣ ਦਾ ਹੁਕਮ ਦਿੱਤਾ ਸੀ। ਇਹ ਨਾ ਸਿਰਫ਼ ਧਾਰਮਿਕ ਨਿਸ਼ਾਨੀ ਹੈ ਬਲਕਿ ਇੱਕ ਪਛਾਣ ਵੀ ਹੈ ਜੋ ਸਿੱਖਾਂ ਨੂੰ ਵੱਖਰਾ ਬਣਾਉਂਦੀ ਹੈ। ਪ੍ਰਭਜੀਤ ਨੇ ਆਪਣੀ ਪੜ੍ਹਾਈ ਸ਼ੁਰੂ ਕੀਤੀ ਅਤੇ ਉਸ ਨੂੰ ਅੰਬੂਲੈਂਸ ਵਿਕਟੋਰੀਆ ਵਿੱਚ ਪਲੇਸਮੈਂਟ ਮਿਲੀ। ਪਲੇਸਮੈਂਟ ਤੋਂ ਪਹਿਲਾਂ ਉਸ ਨੂੰ ਇੱਕ ਮਾਸਕ ਫਿੱਟਿੰਗ ਟੈਸਟ ਦੇਣਾ ਪਿਆ ਸੀ ਜੋ ਕਿ ਪੀਪੀਈ ਮਾਸਕ ਨੂੰ ਠੀਕ ਤਰ੍ਹਾਂ ਲਗਾਉਣ ਲਈ ਜ਼ਰੂਰੀ ਹੈ। ਇਹ ਮਾਸਕ ਐਮਰਜੈਂਸੀ ਵਿੱਚ ਮਰੀਜ਼ਾਂ ਨਾਲ ਕੰਮ ਕਰਦੇ ਸਮੇਂ ਇਨਫੈਕਸ਼ਨ ਤੋਂ ਬਚਾਉਂਦਾ ਹੈ। ਪ੍ਰਭਜੀਤ ਨੇ ਪਹਿਲਾਂ ਹੀ ਈਮੇਲ ਰਾਹੀਂ ਅੰਬੂਲੈਂਸ ਵਿਕਟੋਰੀਆ ਨੂੰ ਆਪਣੀ ਦਾੜ੍ਹੀ ਬਾਰੇ ਜਾਣੂ ਕਰਵਾ ਦਿੱਤਾ ਸੀ ਅਤੇ ਉਸ ਨੇ "ਸਿੰਘ ਠਾਠਾ" ਵਿਧੀ ਬਾਰੇ ਵੀ ਦੱਸਿਆ ਸੀ।



"ਠਾਠਾ" ਵਿਧੀ ਇਹ ਇੱਕ ਖਾਸ ਤਰੀਕਾ ਹੈ ਜਿਸ ਵਿੱਚ ਦਾੜ੍ਹੀ ਨੂੰ ਇੱਕ ਇਲਾਸਟਿਕ ਬੈਂਡ ਨਾਲ ਢੱਕ ਕੇ ਉੱਪਰ ਵੱਲ ਦਾੜ੍ਹੀ ਕਵਰ ਕਰਨ ਵਾਲਾ ਕਪੜਾ ਅਰਥਾਤ ਠਾਠਾ ਬੰਨ੍ਹ ਲਿਆ ਜਾਂਦਾ ਹੈ ਤਾਂ ਜੋ ਮਾਸਕ ਨੂੰ ਚਿਹਰੇ ਉੱਤੇ ਠੀਕ ਤਰ੍ਹਾਂ ਸੀਲ ਕੀਤਾ ਜਾ ਸਕੇ। ਇਹ ਵਿਧੀ ਦੁਨੀਆ ਭਰ ਵਿੱਚ ਸਿੱਖਾਂ ਲਈ ਵਰਤੀ ਜਾਂਦੀ ਹੈ ਅਤੇ ਇਸ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ।

ਆਸਟ੍ਰੇਲੀਆ ਵਿੱਚ ਪੁਲਿਸ, ਫਾਇਰ ਸਰਵਿਸ ਅਤੇ ਕਈ ਹਸਪਤਾਲਾਂ ਜਿਵੇਂ ਰਾਇਲ ਮੈਲਬਰਨ ਹਸਪਤਾਲ ਵਿੱਚ ਇਹ ਵਿਧੀ ਪਹਿਲਾਂ ਹੀ ਮਨਜ਼ੂਰ ਹੈ। ਟ੍ਰਾਇਲਾਂ ਵਿੱਚ ਇਹ ਸਾਬਤ ਹੋ ਚੁੱਕਾ ਹੈ ਕਿ ਇਹ 100% ਪ੍ਰਭਾਵੀ ਹੈ ਅਤੇ ਮਾਸਕ ਨੂੰ ਇਨਫੈਕਸ਼ਨ ਤੋਂ ਬਚਾਉਣ ਵਿੱਚ ਕੋਈ ਕਮੀ ਨਹੀਂ ਛੱਡਦੀ। ਪਰ ਅੰਬੂਲੈਂਸ ਵਿਕਟੋਰੀਆ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਨੀਤੀ ਅਨੁਸਾਰ ਸਾਰੇ ਮਰਦਾਂ ਨੂੰ ਕਲੀਨ ਸ਼ੇਵਨ ਹੋਣਾ ਚਾਹੀਦਾ ਹੈ ਤਾਂ ਜੋ ਮਾਸਕ ਠੀਕ ਫਿੱਟ ਹੋ ਸਕੇ। ਇਸ ਕਾਰਨ ਪ੍ਰਭਜੀਤ ਦਾ ਟੈਸਟ ਰੱਦ ਕਰ ਦਿੱਤਾ ਗਿਆ।

ਪ੍ਰਭਜੀਤ ਇਸ ਫੈਸਲੇ ਤੋਂ ਬਹੁਤ ਨਿਰਾਸ਼ ਅਤੇ ਗੁੱਸੇ ਵਿੱਚ ਸੀ। ਉਸ ਨੇ ਫੈਸਲਾ ਕੀਤਾ ਕਿ ਉਹ ਇਸ ਵਿਤਕਰੇ ਵਿਰੁੱਧ ਲੜੇਗਾ, ਨਾ ਸਿਰਫ਼ ਆਪਣੇ ਲਈ ਬਲਕਿ ਆਉਣ ਵਾਲੇ ਹਰ ਸਿੱਖ ਨੌਜਵਾਨ ਲਈ। ਉਸ ਨੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਵਿੱਚ ਨਸਲ ਅਤੇ ਧਰਮ ਦੇ ਆਧਾਰ ਉੱਤੇ ਵਿਤਕਰੇ ਦੀ ਸ਼ਿਕਾਇਤ ਦਰਜ ਕਰਵਾਈ। ਕੇਸ ਵਿੱਚ ਉਸ ਨੇ ਕਈ ਆਧਾਰ ਪੇਸ਼ ਕੀਤੇ। ਪਹਿਲਾਂ ਤਾਂ ਉਸ ਨੇ ਸਾਬਤ ਕੀਤਾ ਕਿ ਦਾੜ੍ਹੀ ਰੱਖਣਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਸਿੱਖ ਧਰਮ ਵਿੱਚ ਪੰਜ ਕਕਾਰਾਂ ਵਿੱਚੋਂ ਇੱਕ ਕੇਸ (ਵਾਲ) ਹੈ ਜਿਸ ਨੂੰ ਰਖਣਾ ਜ਼ਰੂਰੀ ਹੈ। ਇਹ ਗੁਰੂ ਜੀ ਦੇ ਹੁਕਮ ਅਨੁਸਾਰ ਹੈ ਅਤੇ ਸਿੱਖਾਂ ਲਈ ਇਹ ਆਪਣੀ ਆਤਮਾ ਨਾਲ ਜੁੜਿਆ ਮਾਮਲਾ ਹੈ।

ਦੂਜਾ ਆਧਾਰ ਸੀ "ਸਿੰਘ ਠਾਠਾ" ਵਿਧੀ ਦੀ ਸੁਰੱਖਿਆ। ਪ੍ਰਭਜੀਤ ਨੇ ਸਬੂਤ ਪੇਸ਼ ਕੀਤੇ ਕਿ ਇਹ ਵਿਧੀ ਵਿਕਟੋਰੀਆ ਦੇ ਹਸਪਤਾਲਾਂ ਵਿੱਚ ਪਹਿਲਾਂ ਹੀ ਵਰਤੀ ਜਾ ਰਹੀ ਹੈ ਅਤੇ ਇਸ ਨੂੰ ਟ੍ਰਾਇਲਾਂ ਵਿੱਚ ਸਫਲ ਪਾਇਆ ਗਿਆ ਹੈ। ਰਾਇਲ ਮੈਲਬਰਨ ਹਸਪਤਾਲ ਨੇ ਇਸ ਨੂੰ ਮਨਜ਼ੂਰ ਕੀਤਾ ਹੈ ਅਤੇ ਇਹ ਇਨਫੈਕਸ਼ਨ ਕੰਟਰੋਲ ਦੇ ਮਾਪਦੰਡਾਂ ਨੂੰ ਪੂਰਾ ਕਰਦੀ ਹੈ। ਤੀਜਾ, ਉਸ ਨੇ ਦੱਸਿਆ ਕਿ ਅੰਬੂਲੈਂਸ ਵਿਕਟੋਰੀਆ ਨੇ ਬਿਨਾਂ ਕਿਸੇ ਵਾਜਬ ਕਾਰਨ ਉਸ ਨਾਲ ਵਿਤਕਰਾ ਕੀਤਾ ਹੈ। ਆਸਟ੍ਰੇਲੀਆ ਦੇ ਕਾਨੂੰਨ ਅਨੁਸਾਰ, ਧਾਰਮਿਕ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਨੌਕਰੀ ਜਾਂ ਪੜ੍ਹਾਈ ਵਿੱਚ ਬਰਾਬਰੀ ਦੇ ਹੱਕ ਹਨ। ਇਸ ਤੋਂ ਇਲਾਵਾ, ਪ੍ਰਭਜੀਤ ਨੇ ਇਹ ਵੀ ਕਿਹਾ ਕਿ ਕੋਵਿਡ ਮਹਾਂਮਾਰੀ ਤੋਂ ਬਾਅਦ ਨਿਯਮਾਂ ਵਿੱਚ ਢਿੱਲ ਦਿੱਤੀ ਗਈ ਸੀ ਪਰ ਨਵੇਂ ਵਿਦਿਆਰਥੀਆਂ ਲਈ ਸਖ਼ਤੀ ਰੱਖੀ ਗਈ ਜੋ ਕਿ ਡਬਲ ਸਟੈਂਡਰਡ ਹੈ।

ਅੰਬੂਲੈਂਸ ਵਿਕਟੋਰੀਆ ਨੇ ਕਿਹਾ ਸੀ ਕਿ ਉਨ੍ਹਾਂ ਦੀ ਨੀਤੀ ਰਾਸ਼ਟਰੀ ਇਨਫੈਕਸ਼ਨ ਪ੍ਰੀਵੈਨਸ਼ਨ ਅਤੇ ਕੰਟ੍ਰੋਲ ਨਿਯਮਾਂ ਉੱਤੇ ਆਧਾਰਿਤ ਹੈ ਜੋ ਕਿ ਸਟਾਫ ਅਤੇ ਮਰੀਜ਼ਾਂ ਦੀ ਸੁਰੱਖਿਆ ਲਈ ਜ਼ਰੂਰੀ ਹਨ। ਉਨ੍ਹਾਂ ਨੇ ਦੱਸਿਆ ਕਿ ਦਾੜ੍ਹੀ ਕਾਰਨ ਮਾਸਕ ਵਿੱਚ ਗੈਪ ਬਣ ਜਾਂਦਾ ਹੈ ਜਿਸ ਨਾਲ ਖਤਰਾ ਵਧ ਜਾਂਦਾ ਹੈ। ਪਰ ਉਨ੍ਹਾਂ ਨੇ ਇਹ ਨਹੀਂ ਵਿਚਾਰਿਆ ਕਿ ਵਿਕਲਪ ਵਿਧੀਆਂ ਜਿਵੇਂ ਸਿੰਘ ਠਾਠਾ ਨਾਲ ਇਸ ਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਨੀਤੀ ਕਾਰਨ ਪਹਿਲਾਂ ਵੀ ਕਈ ਸਿੱਖ ਨੌਜਵਾਨਾਂ ਨੇ ਆਪਣੀ ਪੜ੍ਹਾਈ ਛੱਡ ਦਿੱਤੀ ਸੀ ਅਤੇ ਉਨ੍ਹਾਂ ਵਿੱਚ ਤਣਾਅ ਅਤੇ ਪਛਾਣ ਦੀ ਸੰਕਟ ਪੈਦਾ ਹੋ ਗਿਆ ਸੀ।

ਕਮਿਸ਼ਨ ਨੇ ਕੇਸ ਦੀ ਜਾਂਚ ਕੀਤੀ ਅਤੇ ਅੰਬੂਲੈਂਸ ਵਿਕਟੋਰੀਆ ਨੂੰ ਹੁਕਮ ਦਿੱਤਾ ਕਿ ਉਹ ਪ੍ਰਭਜੀਤ ਨੂੰ ਸਿੰਘ ਠਾਠਾ ਵਿਧੀ ਨਾਲ ਮਾਸਕ ਲਗਾ ਕੇ ਟ੍ਰੇਨਿੰਗ ਕਰਨ ਦੀ ਇਜਾਜ਼ਤ ਦੇਣ। 24 ਨਵੰਬਰ ਨੂੰ ਅੰਬੂਲੈਂਸ ਵਿਕਟੋਰੀਆ ਨੇ ਕਮਿਸ਼ਨ ਨੂੰ ਪੱਤਰ ਲਿਖ ਕੇ ਆਪਣੀ ਗਲਤੀ ਮੰਨ ਲਈ ਅਤੇ ਕਿਹਾ ਕਿ ਉਨ੍ਹਾਂ ਨੇ ਆਪਣੀ ਨੀਤੀ ਵਿੱਚ ਬਦਲਾਅ ਕੀਤਾ ਹੈ। ਹੁਣ ਧਾਰਮਿਕ, ਸੱਭਿਆਚਾਰਕ ਜਾਂ ਮੈਡੀਕਲ ਕਾਰਨਾਂ ਕਰਕੇ ਦਾੜ੍ਹੀ ਰੱਖਣ ਵਾਲੇ ਸਟਾਫ ਲਈ ਇਹ ਵਿਧੀ ਉਪਲਬਧ ਹੋਵੇਗੀ। ਉਨ੍ਹਾਂ ਨੇ ਮੋਨੈਸ਼ ਹੈਲਥ ਨਾਲ ਮਿਲ ਕੇ ਇਸ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਅਤੇ ਆਪਣੇ ਸਟਾਫ ਨੂੰ ਟ੍ਰੇਨਿੰਗ ਵੀ ਦੇਣੀ ਸ਼ੁਰੂ ਕਰ ਦਿੱਤੀ ਹੈ। 27 ਨਵੰਬਰ ਨੂੰ ਉਨ੍ਹਾਂ ਨੇ ਰਸਮੀ ਤੌਰ ਉੱਤੇ ਨਵੀਂ ਨੀਤੀ ਘੋਸ਼ਿਤ ਕੀਤੀ।

ਇਸ ਜਿੱਤ ਬਾਰੇ ਪ੍ਰਭਜੀਤ ਨੇ ਕਿਹਾ, "ਮੈਂ ਬਹੁਤ ਖੁਸ਼ ਹਾਂ ਕਿ ਮੈਂ ਆਪਣੀ ਪੜ੍ਹਾਈ ਜਾਰੀ ਰੱਖ ਸਕਾਂਗਾ। ਉਸ ਨੇ ਇਹ ਵੀ ਕਿਹਾ ਕਿ ਉਹ ਅੰਬੂਲੈਂਸ ਵਿਕਟੋਰੀਆ ਵਿੱਚ ਭਵਿੱਖ ਵਿੱਚ ਨੌਕਰੀ ਕਰਨ ਬਾਰੇ ਅਜੇ ਨਿਸ਼ਚਿਤ ਨਹੀਂ ਹੈ।" ਵਿਕਟੋਰੀਅਨ ਅੰਬੂਲੈਂਸ ਯੂਨੀਅਨ ਦੇ ਸੈਕਰੇਟਰੀ ਡੈਨੀ ਹਿੱਲ ਨੇ ਇਸ ਨੂੰ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਨੀਤੀ ਬਦਲਾਅ ਵਿਭਿੰਨਤਾ ਨੂੰ ਵਧਾਉਂਦਾ ਹੈ। ਉਨ੍ਹਾਂ ਨੇ ਪ੍ਰਭਜੀਤ ਦੀ ਹਿੰਮਤ ਦੀ ਸ਼ਲਾਘਾ ਕੀਤੀ।

ਸਿੱਖ ਕਮਿਊਨਿਟੀ ਨੇ ਇਸ ਨੂੰ ਵੱਡਾ ਮਾਣ ਵਾਲਾ ਪਲ ਮੰਨਿਆ ਹੈ। ਵਿਕਟੋਰੀਅਨ ਸਿੱਖ ਗੁਰਦੁਆਰਾ ਕੌਂਸਲ ਦੇ ਸਾਬਕਾ ਸੈਕਰੇਟਰੀ ਹਰਮੀਕ ਸਿੰਘ ਨੇ ਕਿਹਾ ਕਿ ਪਹਿਲਾਂ ਇਸ ਨੀਤੀ ਕਾਰਨ ਕਈ ਨੌਜਵਾਨਾਂ ਨੇ ਪੜ੍ਹਾਈ ਛੱਡ ਦਿੱਤੀ ਸੀ ਅਤੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਦੀ ਕਮੀ ਆ ਗਈ ਸੀ। ਹੁਣ ਇਹ ਬਦਲਾਅ ਨਾਲ ਸਿੱਖ ਕਮਿਊਨਿਟੀ ਨੂੰ ਸੇਵਾ ਕਰਨ ਦਾ ਮੌਕਾ ਮਿਲੇਗਾ ਜੋ ਕਿ ਉਨ੍ਹਾਂ ਦੇ ਧਰਮ ਵਿੱਚ ਮਹੱਤਵਪੂਰਨ ਹੈ।

ਇਹ ਜਿੱਤ ਨਾ ਸਿਰਫ਼ ਆਸਟ੍ਰੇਲੀਆ ਵਿੱਚ ਬਲਕਿ ਦੁਨੀਆ ਭਰ ਵਿੱਚ ਸਿੱਖਾਂ ਲਈ ਇੱਕ ਮਿਸਾਲ ਬਣੇਗੀ। ਇਸ ਨਾਲ ਵਰਕਪਲੇਸ ਵਿੱਚ ਧਾਰਮਿਕ ਅਜ਼ਾਦੀ ਅਤੇ ਵਿਭਿੰਨਤਾ ਨੂੰ ਉਤਸ਼ਾਹ ਮਿਲੇਗਾ। ਆਸਟ੍ਰੇਲੀਆ ਵਿੱਚ ਸਿੱਖਾਂ ਦੀ ਗਿਣਤੀ ਵਧ ਰਹੀ ਹੈ ਅਤੇ ਉਹ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾ ਰਹੇ ਹਨ। ਇਹ ਜਿੱਤ ਨਾਲ ਉਨ੍ਹਾਂ ਨੂੰ ਹੋਰ ਪ੍ਰੇਰਨਾ ਮਿਲੇਗੀ।

---

ਵਿਦੇਸ਼ ਜਾਣ ਵਾਲੇ ਪੰਜਾਬੀਆਂ ਨੂੰ ਜਥੇਦਾਰ ਅਕਾਲ ਤਖ਼ਤ ਵਲੋਂ ਅਪੀਲ

## ਆਪਣੀਆਂ ਜ਼ਮੀਨਾਂ ਨਾ ਵੇਚੋ



ਅਨੰਦਪੁਰ ਸਾਹਿਬ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਮਿੱਟੀ ਸਾਡੀ ਪਿਤਾ-ਪੁਰਖੀ ਧਰਤੀ ਹੈ, ਜਿਸ ਨਾਲ ਸਾਡੀਆਂ ਯਾਦਾਂ, ਸਾਡੇ ਰਿਸ਼ਤੇ ਅਤੇ ਸਾਡੀ ਪਛਾਣ ਜੁੜੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਹਾਲੀਆ ਸਾਲਾਂ ਵਿਚ ਬਹੁਤ ਸਾਰੇ ਨੌਜਵਾਨ ਹਾਲਾਤ, ਜ਼ਰੂਰਤਾਂ ਜਾਂ ਸੁਫ਼ਨਿਆਂ ਕਰਕੇ ਵਿਦੇਸ਼ ਚਲੇ ਗਏ, ਧੀਆਂ-ਪੁੱਤਰ ਦੂਰ ਹੋ ਗਏ ਪਰ ਆਪਣੀ ਵਾਰਸੀ ਜ਼ਮੀਨ ਵੇਚ ਕੇ ਬਾਹਰ ਨਿਵੇਸ਼ ਕਰਨਾ ਚੰਗੀ ਪਰੰਪਰਾ ਨਹੀਂ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇ ਪੰਜਾਬੀ ਆਪਣੀ ਧਰਤੀ ਨੂੰ ਵੇਚਣਗੇ ਤਾਂ ਪੰਜਾਬ ਦਾ ਅਸਲੀ ਵਾਰਿਸ ਫਿਰ ਕੌਣ ਰਹੇਗਾ? ਜਥੇਦਾਰ ਗੜਗੱਜ ਨੇ ਪ੍ਰਵਾਸ ਵਿੱਚ ਰਹਿੰਦੇ ਸਿੱਖ ਭਰਾਵਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਜਿੱਥੇ ਵੀ ਰਹੋ, ਚੜ੍ਹਦੀ ਕਲਾ ਵਾਲੇ ਬਣੋ ਪਰ ਆਪਣੀ ਪੰਜਾਬੀ ਮਿੱਟੀ ਨਾਲ ਰਿਸ਼ਤਾ ਕਦੇ ਨਾ ਤੋੜੋ। ਉਨ੍ਹਾਂ ਕਿਹਾ ਕਿ ਵਿਦੇਸ਼ ਰਹਿੰਦੇ ਸਿੱਖ ਜਦੋਂ ਵੀ ਵਾਪਸ ਆਉਣ ਆਪਣੇ ਬੱਚਿਆਂ ਨੂੰ ਦਰਬਾਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਚਮਕੌਰ ਸਾਹਿਬ, ਗੁਰਦੁਆਰਾ. ਫਤਿਹਗੜ੍ਹ ਸਾਹਿਬ ਆਦਿ ਇਤਿਹਾਸਕ ਸਥਾਨਾਂ 'ਤੇ ਲੈ ਕੇ ਆਉਣ ਤਾਂ ਕਿ ਉਹ ਆਪਣੇ ਰੂਹਾਨੀ ਅਤੇ ਸੱਭਿਆਚਾਰਕ ਵਿਰਸੇ ਨਾਲ ਜਾਣੂ ਹੋਣ।

## ਕਰਾਈਮ ਨਿਊਜ਼

## ਅੰਮ੍ਰਿਤਸਰ ਵਿਚ ਪਿਤਾ ਨੇ ਪੁੱਤ ਦੀ ਲਈ ਜਾਨ

### ✪ ਇੱਟ ਨਾਲ ਵਾਰ ਕਰ ਕੇ ਤੜਫਾ-ਤੜਫਾ ਮਾਰਿਆ

ਅੰਮ੍ਰਿਤਸਰ-ਅਜਨਾਲਾ ਦੇ ਕਯਾਮ ਇਲਾਕੇ ਵਿੱਚ ਪਿਤਾ ਨੇ ਝਗੜੇ ਦੌਰਾਨ ਆਪਣੇ ਪੁੱਤਰ ਦਾ ਕਤਲ ਕਰ ਦਿੱਤਾ। ਘਰ ਵਿੱਚ ਮਾਮੂਲੀ ਗੱਲ ਨੂੰ ਲੈ ਕੇ ਵਿਵਾਦ ਹੋਇਆ ਸੀ। ਪੁਲਿਸ ਨੇ ਸਿਮਰਜੰਗ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਕਰਵਾਉਣ ਮਗਰੋਂ ਵਾਰਸਾਂ ਨੂੰ ਸੌਂਪ ਦਿੱਤੀ ਹੈ। ਇਸ ਦੌਰਾਨ, ਅਜਨਾਲਾ ਥਾਣੇ ਦੀ ਪੁਲਿਸ ਨੇ ਹਰਪਾਲ ਸਿੰਘ ਅਤੇ ਸੁਖਜੀਤ ਕੌਰ ਖਿਲਾਫ ਕੇਸ ਦਰਜ ਕਰ ਲਿਆ ਹੈ। ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਕਾਰਵਾਈ ਦਾਦੇ ਕਸ਼ਮੀਰ ਸਿੰਘ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਨੂੰ ਪਿਓ ਹਰਪਾਲ ਸਿੰਘ ਅਤੇ ਪੁੱਤ ਸਿਮਰਜੰਗ ਵਿਚਾਲੇ ਘਰ ਵਿੱਚ ਝਗੜਾ ਸ਼ੁਰੂ ਹੋ ਗਿਆ ਸੀ। ਪੋਤੇ ਸਿਮਰਜੰਗ ਨੇ ਪਿਤਾ 'ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ ਸੀ। ਦੋਵੇਂ ਇੱਕ ਦੂਜੇ ਨਾਲ ਬੁਰੀ ਤਰ੍ਹਾਂ ਭਿੜੇ ਹੋਏ ਸਨ। ਪਰਿਵਾਰ ਦੇ ਹੋਰ ਲੋਕ ਝਗੜਾ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸੇ ਦੌਰਾਨ ਹਰਪਾਲ ਸਿੰਘ ਨੇ ਇੱਕ ਇੱਟ ਫੜ੍ਹ ਕੇ ਸਿਮਰਜੰਗ ਦੇ ਸਿਰ 'ਤੇ ਚਾਰ-ਪੰਜ ਵਾਰ ਵਾਰ ਕੀਤਾ। ਮੌਕੇ 'ਤੇ ਹੀ ਸਿਮਰਜੰਗ ਦੀ ਮੌਤ ਹੋ ਗਈ

# ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਕਤਲ ਕੀਤਾ ਮਾਪਿਆਂ ਦਾ ਇਕੱਲਾ ਪੁੱਤ

## ✪ ਲੁੱਟ ਦਾ ਡਰਾਮਾ ਰਚ ਕੇ ਖੁਦ ਹੀ ਸੱਦੀ ਪੁਲਿਸ



ਫਰੀਦਕੋਟ-ਪੰਜਾਬ ਵਿੱਚ ਬੀਤੇ ਦਿਨੀਂ ਰੁਪਿੰਦਰ ਕੌਰ ਨੇ ਆਪਣੇ ਪ੍ਰੇਮੀ ਹਰਕਮਲਪ੍ਰੀਤ ਸਿੰਘ ਅਤੇ ਉਸਦੇ ਦੋਸਤ ਦੀ ਮਦਦ ਨਾਲ ਆਪਣੇ ਪਤੀ ਗੁਰਵਿੰਦਰ ਸਿੰਘ ਦਾ ਕਤਲ ਕਰ ਦਿੱਤਾ। ਦੋਸ਼ੀਆਂ ਨੇ ਇਸ ਨੂੰ ਲੁੱਟ ਦਾ ਰੂਪ ਦੇਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਮਹਿਜ਼ ਕੁਝ ਘੰਟਿਆਂ ਵਿੱਚ ਸਾਰਾ ਮਾਮਲਾ ਸੁਲਝਾ ਲਿਆ ਅਤੇ ਤਿੰਨਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਰੁਪਿੰਦਰ ਅਤੇ ਗੁਰਵਿੰਦਰ ਦਾ ਵਿਆਹ 2023 ਵਿੱਚ ਹੋਇਆ ਸੀ। ਕੈਨੇਡਾ ਗਈ ਪਰ 2024 ਵਿੱਚ ਰੁਪਿੰਦਰ ਨੂੰ ਡਿਪੋਰਟ ਕਰ ਦਿੱਤਾ ਗਿਆ। ਵਾਪਸੀ ਦੌਰਾਨ ਉਸਦਾ ਹਰਕਮਲਪ੍ਰੀਤ ਸਿੰਘ ਨਾਲ ਅਫ਼ੇਅਰ ਸ਼ੁਰੂ ਹੋ ਗਿਆ। ਗੁਰਵਿੰਦਰ ਨੂੰ ਇਸ ਸਬੰਧ ਦਾ ਪਤਾ ਸੀ ਅਤੇ ਉਹ ਆਪਣੀ ਭੈਣ ਨੂੰ ਕਹਿੰਦਾ ਰਿਹਾ ਸੀ ਕਿ ਰੁਪਿੰਦਰ ਤੇ ਹਰਕਮਲਪ੍ਰੀਤ ਉਸਦੀ ਜਾਨ ਲੈ ਸਕਦੇ ਹਨ।

28 ਨਵੰਬਰ ਦੀ ਰਾਤ ਨੂੰ ਰੁਪਿੰਦਰ ਨੇ ਪਹਿਲਾਂ ਗੁਰਵਿੰਦਰ ਨੂੰ ਖਾਣੇ ਵਿੱਚ ਜ਼ਹਿਰ ਮਿਲਾ ਕੇ ਦਿੱਤੀ, ਪਰ ਉਹ ਮਰਿਆ ਨਹੀਂ। ਉਸਨੇ ਤੁਰੰਤ ਹਰਕਮਲਪ੍ਰੀਤ ਨੂੰ ਬੁਲਾ ਲਿਆ। ਪਾਲਤੂ ਕੁੱਤੇ ਨੂੰ ਭੌਂਕਣ ਤੋਂ ਰੋਕਣ ਲਈ ਨਸ਼ੀਲਾ ਪਦਾਰਥ ਪਿਲਾ ਕੇ ਸੁਆ ਦਿੱਤਾ ਗਿਆ। ਹਰਕਮਲਪ੍ਰੀਤ ਚੋਰੀ ਘਰ ਵੜਿਆ। ਰੁਪਿੰਦਰ ਉਸਨੂੰ ਛੱਤ ਤੇ ਲੈ ਗਈ। ਉੱਥੇ ਦੋਵੇਂ ਗੱਲਾਂ ਕਰ ਰਹੇ ਸਨ ਕਿ ਇੰਨੇ ਵਿੱਚ ਜ਼ਹਿਰ ਦੇ ਅਸਰ ਹੇਠ ਗੁਰਵਿੰਦਰ ਜਾਗ ਪਿਆ ਤੇ ਛੱਤ ਤੇ ਆ ਗਿਆ। ਫੜੇ ਜਾਣ ਦੇ ਡਰੋਂ ਦੋਵਾਂ ਨੇ ਉਸਨੂੰ ਫੜ ਕੇ ਬੇਰਹਿਮੀ ਨਾਲ ਕੁੱਟਿਆ ਤੇ ਉਸਦੇ ਮੂੰਹ ਵਿੱਚ ਜ਼ਹਿਰ ਪਾ ਦਿੱਤੀ, ਜਿਸ ਨਾਲ ਉਸਦੀ ਮੌਤ ਹੋ ਗਈ। ਲਾਸ਼ ਨੂੰ ਛੱਤ ਤੇ ਛੱਡ ਕੇ ਦੋਸ਼ੀਆਂ ਨੇ ਪੂਰੇ ਘਰ ਨੂੰ ਖਿੰਡਾ-ਦਿੱਤਾ, ਅਲਮਾਰੀਆਂ ਖੋਲ੍ਹੀਆਂ, ਸਮਾਨ ਬਾਹਰ ਸੁੱਟਿਆ ਤਾਂ ਜੋ ਲੁੱਟ ਦਾ ਡਰਾਮਾ ਬਣ ਸਕੇ।

ਗੁਰਵਿੰਦਰ ਦੇ ਕੱਪੜੇ ਵੀ ਘੱਟ ਸਨ ਤੇ ਠੰਢ ਵਿੱਚ ਉਹ ਇਸ ਤਰ੍ਹਾਂ ਛੱਤ ਤੇ ਕਿਵੇਂ ਆਇਆ, ਇਹ ਵੀ ਸ਼ੱਕ ਪੈਦਾ ਕਰਨ ਵਾਲੀ ਗੱਲ ਸੀ। ਫਿਰ ਰੁਪਿੰਦਰ ਨੇ ਰਾਤ ਚੀਕਾਂ ਮਾਰੀਆਂ ਕਿ ਲੁਟੇਰੇ ਆਏ ਸਨ, ਪਤੀ ਨੂੰ ਮਾਰ ਕੇ ਭੱਜ ਗਏ। ਗੁਆਂਢੀ ਇਕੱਠੇ ਹੋਏ ਤੇ ਪੁਲਿਸ ਨੂੰ ਸੂਚਿਤ ਕੀਤਾ ਗਿਆ। ਪੁਲਿਸ ਨੇ ਮੌਕੇ ਤੇ ਪਹੁੰਚ ਕੇ ਕਈ ਗੱਲਾਂ ਤੇ ਸ਼ੱਕ ਕੀਤਾ:

ਘਰ ਅੰਦਰੋਂ ਬੰਦ ਸੀ, ਕੰਧ ਟੱਪਣ ਦੇ ਕੋਈ ਨਿਸ਼ਾਨ ਨਹੀਂ। ਕੁੱਤਾ ਬੇਹੋਸ਼ ਪਿਆ ਸੀ। ਗੁਆਂਢੀਆਂ ਨੇ ਨਾ ਕੋਈ ਹੰਗਾਮਾ ਸੁਣਿਆ, ਨਾ ਕਿਸੇ ਨੂੰ ਚੋਰ ਭੱਜਦੇ ਦੇਖਿਆ। ਨੇੜੇ ਦੇ ਸੀਸੀਟੀਵੀ ਵਿੱਚ ਕੋਈ ਸ਼ੱਕੀ ਵਿਅਕਤੀ ਨਜ਼ਰ ਨਹੀਂ ਆਇਆ। ਰੁਪਿੰਦਰ ਨੇ ਇੱਕੋ ਸਵਾਲ ਦੇ 3-4 ਵੱਖੋ-ਵੱਖਰੇ ਜਵਾਬ ਦਿੱਤੇ।

ਲਾਸ਼ ਦੇ ਕੱਪੜੇ ਬਹੁਤ ਘੱਟ ਸਨ, ਜਦਕਿ ਨਵੰਬਰ ਦੀ ਠੰਢ ਸੀ। ਇਨ੍ਹਾਂ ਸਾਰੀਆਂ ਗਲਤੀਆਂ ਕਾਰਨ ਪੁਲਿਸ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ। ਸਵੇਰ ਤੱਕ ਰਿਸ਼ਤੇਦਾਰ ਆਉਣੇ ਸ਼ੁਰੂ ਹੋਏ ਤਾਂ ਪੁਲਿਸ ਨੇ ਰੁਪਿੰਦਰ ਤੋਂ ਸਖ਼ਤ ਪੁੱਛਗਿੱਛ ਕੀਤੀ। ਉਹ ਟੁੱਟ ਗਈ ਤੇ ਸਾਰਾ ਅਪਰਾਧ ਕਬੂਲ ਕਰ ਲਿਆ। ਹਰਕਮਲਪ੍ਰੀਤ ਨੇ ਵੀ ਆਤਮ ਸਮਰਪਣ ਕਰ ਦਿੱਤਾ ਤੇ ਤੀਜੇ ਸਾਥੀ ਨੂੰ ਵੀ ਫੜ ਲਿਆ ਗਿਆ।

# ਨਸ਼ੇ ਵਿਚ ਗੜੁਚ ਚੰਡੀਗੜ੍ਹ ਪੁਲਿਸ ਦੇ ਛੋਟੇ ਥਾਣੇਦਾਰ ਨੇ 10 ਗੱਡੀਆਂ ਨੂੰ ਮਾਰੀ ਟੱਕਰ, ਕਈ ਲੋਕ ਗੰਭੀਰ ਜ਼ਖ਼ਮੀ

ਚੰਡੀਗੜ੍ਹ-ਚੰਡੀਗੜ੍ਹ ਪੁਲਿਸ ਦੇ ਇੱਕ ਸਹਾਇਕ ਸਬ ਇੰਸਪੈਕਟਰ ਨੇ ਨਸ਼ੇ ਦੀ ਹਾਲਤ ਵਿੱਚ ਸ਼ਹਿਰ ਵਿੱਚ ਜ਼ਬਰਦਸਤ ਹੰਗਾਮਾ ਕੀਤਾ। ਸਬ ਇੰਸਪੈਕਟਰ ਨੇ ਪਹਿਲਾਂ ਵਨ ਵੇਅ ਸੜਕ 'ਤੇ ਗ਼ਲਤ ਸਾਈਡ ਤੋਂ ਆਪਣੀ ਕਾਰ ਭਜਾਈ ਅਤੇ ਫਿਰ ਤੇਜ਼ ਰਫ਼ਤਾਰ ਕਾਰਨ ਕਰੀਬ 10 ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਇਸ ਘਟਨਾ ਕਾਰਨ ਕਈ ਲੋਕਾਂ ਨੂੰ ਸੱਟਾਂ ਲੱਗੀਆਂ ਹਨ।

### 500 ਮੀਟਰ ਤੱਕ ਬੇਕਾਬੂ ਦੌੜੀ ਕਾਰ

ਚਸ਼ਮਦੀਦਾਂ ਅਨੁਸਾਰ, ਨਸ਼ੇ ਵਿੱਚ ਧੁੱਤ ਸਬ ਇੰਸਪੈਕਟਰ ਦਲਜੀਤ ਸਿੰਘ ਨੇ ਬਰਡ ਵਾਲਾ ਤੋਂ ਕੈਂਬਵਾਲਾ ਦੀ ਸਿੰਗਲ ਰੋਡ 'ਤੇ ਆਪਣੀ ਬੇਕਾਬੂ ਕਾਰ ਨੂੰ ਭਜਾਇਆ।

ਕਾਰ ਨੇ ਲਗਭਗ 500 ਮੀਟਰ ਦੇ ਘੇਰੇ ਵਿੱਚ ਆਉਣ ਵਾਲੀਆਂ ਕਾਰਾਂ, ਮੋਟਰਸਾਈਕਲਾਂ ਅਤੇ ਹੋਰ ਵਾਹਨਾਂ ਨੂੰ ਟੱਕਰਾਂ ਮਾਰੀਆਂ। ਕਈ ਵਾਹਨਾਂ ਨੂੰ ਟੱਕਰ ਮਾਰਨ ਤੋਂ ਬਾਅਦ, ਸਬ ਇੰਸਪੈਕਟਰ ਦੀ ਕਾਰ ਆਖ਼ਰਕਾਰ ਇੱਕ ਸਕੂਲ ਬੱਸ ਨਾਲ ਸਾਹਮਣੇ ਤੋਂ ਟਕਰਾ ਕੇ ਰੁਕ ਗਈ।

ਹਾਦਸੇ ਵਿੱਚ ਕਈ ਲੋਕ ਗੰਭੀਰ ਜ਼ਖਮੀ ਹੋ ਗਏ ਹਨ, ਜਦੋਂ ਕਿ ਕੁਝ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਖ਼ੁਸ਼ਕਿਸਮਤੀ ਇਹ ਰਹੀ ਕਿ ਹਾਦਸੇ ਸਮੇਂ ਸੜਕ 'ਤੇ ਕੋਈ ਪੈਦਲ ਜਾਂ ਸਾਈਕਲ ਸਵਾਰ ਨਹੀਂ ਸੀ।



### ਲੋਕਾਂ ਨੇ ਫੜਿਆ ਤਾਂ ਕੀਤੀ ਬਦਤਮੀਜ਼ੀ

ਸਕੂਲ ਬੱਸ ਨਾਲ ਟੱਕਰ ਹੋਣ ਤੋਂ ਬਾਅਦ ਆਸ-ਪਾਸ ਦੇ ਲੋਕਾਂ ਨੇ ਸਬ ਇੰਸਪੈਕਟਰ ਨੂੰ ਘੇਰ ਲਿਆ। ਲੋਕਾਂ ਨੇ ਜਦੋਂ ਉਸਨੂੰ ਫੜਿਆ ਤਾਂ ਗਲਤੀ ਮੰਨਣ ਦੀ ਬਜਾਏ, ਸਬ ਇੰਸਪੈਕਟਰ ਦਲਜੀਤ ਸਿੰਘ ਨੇ ਬਦਤਮੀਜ਼ੀ ਕਰਦੇ ਹੋਏ ਹੰਗਾਮਾ ਸ਼ੁਰੂ ਕਰ ਦਿੱਤਾ।

ਲੋਕਾਂ ਨੇ ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਬਣਾ ਲਈ ਅਤੇ ਇਸ ਨੂੰ ਵਾਇਰਲ ਕਰਨ ਦੇ ਨਾਲ-ਨਾਲ ਪੁਲਿਸ ਨੂੰ ਵੀ ਸ਼ਿਕਾਇਤ ਦਿੱਤੀ। ਹਾਦਸੇ ਕਾਰਨ ਸਬ ਇੰਸਪੈਕਟਰ ਦੀ ਕਾਰ ਦਾ ਸ਼ੀਸ਼ਾ ਵੀ ਟੁੱਟ ਗਿਆ ਅਤੇ ਉਸ ਦੇ ਚਿਹਰੇ 'ਤੇ ਵੀ ਸੱਟ ਲੱਗੀ।

# ਅਮਰੀਕਾ ਨੇ ਵਰਕ ਪਰਮਿਟ 5 ਸਾਲ ਤੋਂ ਘਟਾ ਕੇ 18 ਮਹੀਨੇ ਕਰ ਦਿਤਾ

ਨਿਊਯਾਰਕ-ਅਮਰੀਕਾ ਨੇ ਇਕ ਵਾਰ ਫਿਰ ਇਮੀਗ੍ਰੇਸ਼ਨ ਵਾਲੇ ਨਿਯਮਾਂ ਵਿਚ ਵੱਡਾ ਬਦਲਾਅ ਕਰ ਦਿੱਤਾ ਹੈ! ਟਰੰਪ ਦੇ ਨਵੇਂ ਪ੍ਰਸ਼ਾਸਨ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਹੁਣ ਸ਼ਰਨਾਰਥੀਆਂ, ਪਨਾਹ ਮੰਗਣ ਵਾਲਿਆਂ ਤੇ ਬਾਕੀ ਜਾਇਜ਼ ਤਰੀਕੇ ਨਾਲ ਰਹਿਣ ਵਾਲੇ ਬੰਦਿਆਂ ਦੇ ਵਰਕ ਪਰਮਿਟ ਦੀ ਜ਼ਿਆਦਾ ਤੋਂ ਜ਼ਿਆਦਾ ਵੈਲਿਡਿਟੀ 5 ਸਾਲ ਤੋਂ ਘਟਾ ਕੇ ਸਿਰਫ਼ 18 ਮਹੀਨੇ ਕਰ ਦਿੱਤੀ ਗਈ ਹੈ।




ਯਾਨੀ ਹੁਣ ਹਰ 18 ਮਹੀਨੇ ਬਾਅਦ ਬੰਦੇ ਨੂੰ ਲਾਈਨ੍ਹ ਵਿਚ ਲੱਗ ਕੇ ਰੀਨਿਊ ਕਰਾਉਣਾ ਪਵੇਗਾ। ਪਹਿਲਾਂ 5 ਸਾਲ ਤੱਕ ਚੈਨ ਨਾਲ ਕੰਮ ਕਰ ਲੈਂਦੇ ਸੀ, ਹੁਣ ਹਰ ਡੇਢ ਸਾਲ ਬਾਅਦ ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸ ਵਾਲੇ ਜਾਂਚ ਕਰਨਗੇ - ਕਿ ਵਿਅਕਤੀ ਗੈਰ ਕਨੂੰਨੀ ਕੰਮਾਂ ਵਿਚ ਹਿਸਾ ਤਾਂ ਨਹੀਂ ਲੈਂਦਾ ?''

ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸ ਵਾਲਿਆਂ ਨੇ ਕਿਹਾ ਕਿ ਇਹ ਸਾਰਾ ਕੁਝ ''ਨੈਸ਼ਨਲ ਸਿਕਿਓਰਿਟੀ'' ਦੇ ਨਾਂਅ ਤੇ ਕੀਤਾ ਜਾ ਰਿਹਾ ਏ। ਪਿਛਲੇ ਹਫ਼ਤੇ ਵਾਸ਼ਿੰਗਟਨ 'ਵਿਚ ਨੈਸ਼ਨਲ ਗਾਰਡ ਦੇ ਦੋ ਜਵਾਨਾਂ ਤੇ ਹਮਲੇ ਦਾ ਵੀ ਹਵਾਲਾ ਦਿੱਤਾ ਗਿਆ। ਅਰਥਾਤ ਅਮਰੀਕਾ ਸਿਰਫ਼ ਸੁਰੱਖਿਆ ਵਧਾਉਣ ਲਈ ਸਖਤੀ ਕਰ ਰਿਹਾ ਹੈ।''

ਹੁਣ ਜਿਹੜੇ ਬੰਦੇ ਠਫਸ਼ (ਟੈਂਪਰੇਰੀ ਪ੍ਰੋਟੈਕਟਿਡ ਸਟੇਟਸ) ਪੈਰੋਲ ਜਾਂ ਪੈਂਡਿੰਗ ਐਸਾਈਲਮ ਵਾਲੇ ਨੇ, ਉਨ੍ਹਾਂ ਦੇ ਵਰਕ ਪਰਮਿਟ ਵੀ ਜ਼ਿਆਦਾ ਤੋਂ ਜ਼ਿਆਦਾ 1 ਸਾਲ ਦੇ ਹੋਣਗੇ। ਮਤਲਬ ਸਾਲ-ਸਾਲ ਭਰ ਕੇ ਫਾਈਲਾਂ ਲੈ ਕੇ ਉਡੀਕ ਕਰਨੀ ਪਵੇਗੀ।

ਪੰਜਾਬੀ ਭਾਈਚਾਰੇ ਲਈ ਇਹ ਬਹੁਤ ਵੱਡਾ ਝਟਕਾ ਏ, ਕਿਉਂਕਿ ਬਹੁਤ ਸਾਰੇ ਪੰਜਾਬੀ ਐਸਾਈਲਮ, ਟੈਂਪਰੇਰੀ ਪ੍ਰੋਟੈਕਟਿਡ ਸਟੇਟਸ ਜਾਂ ਪੈਂਡਿੰਗ ਗ੍ਰੀਨ ਕਾਰਡ ਵਾਲੀ ਕੈਟੇਗਰੀ ਵਿਚ ਆਉਂਦੇ ਨੇ। ਹੁਣ ਹਰ 18 ਮਹੀਨੇ ਬਾਅਦ ਨਵੀਂ ਐਪਲੀਕੇਸ਼ਨ, ਬਾਇਓਮੈਟ੍ਰਿਕ, ਫੀਸ ਤੇ ਤਣਾਅ - ਸਾਰਾ ਕੁਝ ਫਿਰ ਤੋਂ ਕਰਨਾ ਪਵੇਗਾ!

# ਫ਼ਤਹਿਗੜ੍ਹ ਸਾਹਿਬ ਦੀ 'ਜਹਾਜ਼ੀ ਹਵੇਲੀ' 2027 ਵਿਚ ਵਿਰਾਸਤੀ ਦਿੱਖ ਹੋਵੇਗੀ ਸੰਪੂਰਨ

## ✪ 60 ਕਰੋੜ ਰੁਪਿਆ ਖ਼ਰਚ ਕਰੇਗੀ ਫਾਊਂਡੇਸ਼ਨ-ਜੰਡਾਲੀ



ਸੰਗਰੂਰ (ਦਮਨਜੀਤ ਸਿੰਘ)-ਛੋਟੇ ਸਾਹਿਬਜ਼ਾਦਿਆਂ ਬਾਬਾ ਫਤਹਿ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੇ ਨਾਲ-ਨਾਲ ਮਾਤਾ ਗੁਜਰੀ ਜੀ ਦੇ ਅੰਤਿਮ ਸੰਸਕਾਰ ਲਈ 7800 ਸੋਨੇ ਦੀਆਂ ਖੜਵੀਆਂ ਮੋਹਰਾ ਵਿਛਾ ਕੇ ਚਾਰ ਗਜ ਜਗ੍ਹਾ ਖ਼ਰੀਦਣ ਵਾਲੇ ਦੀਵਾਨ ਟੋਡਰ ਮੱਲ ਦੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਥਿਤ ਜਹਾਜ਼ੀ ਹਵੇਲੀ ਦਾ 60 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰ ਕੇ ਕਰੀਬ ਡੇਢ ਸਾਲ ਉਪਰੰਤ ਸੰਗਤ ਦੇ ਸਪੁਰਦ ਹੋ ਜਾਵੇਗੀ। ਦੀਵਾਨ ਟੋਡਰ ਮੱਲ ਦੀ ਖਸਤਾ ਹੋ ਚੁੱਕੀ ਜਹਾਜ਼ੀ ਹਵੇਲੀ ਨੂੰ ਮੁੜ ਉਸੇ ਰੂਪ ਅਤੇ ਦਿੱਖ ਵਿਚ ਲਿਆਉਣ ਲਈ ਕੰਮ ਕਰ ਰਹੀ ਦੀਵਾਨ ਟੋਡਰ ਮੱਲ ਫਾਊਂਡੇਸ਼ਨ ਦੇ ਮੈਂਬਰ ਹਰਬੰਸ ਸਿੰਘ ਜੰਡਾਲੀ ਕਲਾਂ (ਕੈਨੇਡਾ) ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਨਾਲ-ਨਾਲ ਹੋਰਨਾਂ ਸਿੱਖ ਸੰਸਥਾਵਾਂ ਵਲੋਂ ਸਾਰ ਨਾ ਲਏ ਜਾਣ ਕਾਰਨ ਜਹਾਜ਼ ਹਵੇਲੀ ਦੀ ਹਾਲਤ ਬਹੁਤ ਜ਼ਿਆਦਾ ਖਸਤਾ ਹੋ ਚੁੱਕੀ ਸੀ ਅਤੇ ਕੁਝ ਲੋਕਾਂ ਵਲੋਂ ਇਸ ਹਵੇਲੀ ਦੀ ਜਗ੍ਹਾ 'ਤੇ ਨਾਜਾਇਜ਼ ਕਬਜ਼ੇ ਕਰਨੇ ਵੀ ਸ਼ੁਰੂ ਕਰ ਦਿੱਤੇ ਸਨ।

ਸਿੱਖ ਹਲਕਿਆਂ ਵਿਚ ਇਸ ਹਵੇਲੀ ਦੀ ਖਸਤਾ ਹਾਲਤ ਬਾਰੇ ਚਰਚਾਵਾਂ ਉੱਠਣ ਉਪਰੰਤ ਜਦ ਸ਼੍ਰੋਮਣੀ ਕਮੇਟੀ ਨੇ ਇਸ ਦਾ ਨਵੀਨੀਕਰਨ ਕਰਨਾ ਚਾਹਿਆ ਤਾਂ ਉੱਥੋਂ ਦੇ ਇਕ ਵਕੀਲ ਐਚ.ਸੀ. ਅਰੋੜਾ ਵਲੋਂ ਇਸ ਮਾਮਲੇ ਨੂੰ ਅਦਾਲਤ ਵਿਚ ਲਿਜਾ ਕੇ ਇਹ ਕਹਿੰਦਿਆਂ ਸ਼੍ਰੋਮਣੀ ਕਮੇਟੀ ਦਾ ਕੰਮ ਰੁਕਵਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਇਸ ਇਤਿਹਾਸਕ ਹਵੇਲੀ ਨੂੰ ਉਸ ਦੀ ਅਸਲ ਦਿੱਖ ਦੇਣ ਦੀ ਥਾਂ ਹੋਰਨਾਂ ਇਤਿਹਾਸਕ ਇਮਾਰਤਾਂ ਦੇ ਨਵੀਨੀਕਰਨ ਵਾਂਗ ਸੰਗਮਰਮਰ ਦੀ ਇਮਾਰਤ ਬਣਾ ਦੇਵੇਗਾ। ਉਨ੍ਹਾਂ ਦੱਸਿਆ ਕਿ ਜਦ ਇਹ ਮਾਮਲਾ ਉਨ੍ਹਾਂ ਸਮੇਤ ਉਨ੍ਹਾਂ ਦੇ ਪੰਜਾਬ ਦੇ ਨਾਲ-ਨਾਲ ਕੈਨੇਡਾ ਅਤੇ ਅਮਰੀਕਾ ਰਹਿੰਦੇ ਕੁਝ ਸਾਥੀਆਂ ਦੇ ਧਿਆਨ ਵਿਚ ਆਇਆ ਤਾਂ ਉਨ੍ਹਾਂ ਇਸ ਇਤਿਹਾਸਕ ਹਵੇਲੀ ਦੇ ਨਵੀਨੀਕਰਨ ਦਾ ਬਿੜਾ ਚੁੱਕਣ ਦਾ ਮਨ ਬਣਾਉਂਦਿਆਂ ਦੀਵਾਨ ਟੋਡਰ ਮੱਲ ਫਾਊਂਡੇਸ਼ਨ ਨਾਂਅ ਦੀ ਸੰਸਥਾ ਨੂੰ ਰਜਿਸਟਰਡ ਕਰਵਾ ਕੇ ਇਸ ਕੰਮ ਲਈ ਯਤਨ ਆਰੰਭ ਦਿੱਤੇ। ਦੀਵਨ ਟੋਡਰ ਮੱਲ ਫਾਊਂਡੇਸ਼ਨ ਵਲੋਂ ਇਸ ਕਾਰਜ ਦੀ ਜ਼ਿੰਮੇਵਾਰੀ ਚੁੱਕਣ ਦੀ ਕਹੀ ਗਈ ਗੱਲ ਉਪਰੰਤ ਵਕੀਲ ਐੱਚ. ਸੀ ਅਰੋੜਾ ਵਲੋਂ ਇਸ ਸਬੰਧੀ ਅਦਾਲਤ ਵਿਚ ਪਾਇਆ ਗਿਆ ਕੇਸ ਵਾਪਸ ਲੈ ਲਿਆ ਗਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਵੀ ਫਾਊਂਡੇਸ਼ਨ ਨੂੰ ਇਸ ਕਾਰਜ ਲਈ ਪ੍ਰਵਾਨਗੀ ਦੇ ਦਿੱਤੀ।

ਹਰਬੰਸ ਸਿੰਘ ਜੰਡਾਲੀ ਨੇ ਦੱਸਿਆ ਕਿ ਫਾਊਂਡੇਸ਼ਨ ਲਈ ਇਸ ਹਵੇਲੀ ਦੇ ਨਵੀਨੀਕਰਨ ਲਈ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਇਸ ਹਵੇਲੀ ਦੀ ਅਸਲ ਤਸਵੀਰ ਜਾਂ ਦਿੱਖ ਨੂੰ ਲੱਭਿਆ ਜਾਵੇ ਤਾਂ ਜੋ ਇਸ ਹਵੇਲੀ ਨੂੰ ਮੁੜ ਉਸੇ ਤਰ੍ਹਾਂ ਹੀ ਤਿਆਰ ਕੀਤਾ ਜਾ ਸਕੇ। ਹਵੇਲੀ ਦੀ ਅਸਲ ਤਸਵੀਰ ਲੱਭਣ ਲਈ ਪੰਜਾਬ ਦੇ ਨਾਲ-ਨਾਲ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਅਤੇ ਸਿੱਖ ਅਜਾਇਬ ਘਰਾਂ ਤੱਕ ਪਹੁੰਚ ਕੀਤੀ ਗਈ ਪਰ ਕਿਤੋਂ ਵੀ ਇਸ ਹਵੇਲੀ ਦੀ ਤਸਵੀਰ ਨਾ ਮਿਲ ਸਕੀ।

ਅੰਤ 6 ਮਹੀਨਿਆਂ ਦੀ ਸਖ਼ਤ ਮਿਹਨਤ ਉਪਰੰਤ ਇੰਗਲੈਂਡ ਦੀ ਇਕ ਲਾਇਬ੍ਰੇਰੀ 'ਚੋਂ ਸਾਲ 1912 ਦੀ ਬਣੀ ਇਸ ਹਵੇਲੀ ਦੀ ਤਸਵੀਰ ਪ੍ਰਾਪਤ ਹੋਈ ਅਤੇ ਉਸੇ ਤਸਵੀਰ ਦੇ ਆਧਾਰ ਉੱਤੇ ਇਸ ਹਵੇਲੀ ਦੇ ਨਵੀਨੀਕਰਨ ਦਾ ਕੰਮ ਆਰੰਭਿਆ ਗਿਆ। ਹਵੇਲੀ ਦੀ ਪੁਰਾਤਨ ਦਿੱਖ ਨੂੰ ਬਹਾਲ ਕਰਨ ਲਈ ਉਚੇਚੇ ਤੌਰ ਉੱਤੇ ਨਾਨਕਸ਼ਾਹੀ ਇੱਟਾਂ ਦਾ ਭੱਠਾ ਲਗਵਾਇਆ ਗਿਆ ਅਤੇ ਲੱਖਾਂ ਦੀ ਤਾਦਾਦ ਵਿਚ ਨਾਨਕਸ਼ਾਹੀ ਇੱਟਾਂ ਮੰਗਵਾ ਕੇ ਸਰਕਾਰ ਦੇ ਪੁਰਾਤਤਵ ਵਿਭਾਗ ਦੀ ਦੇਖ ਰੇਖ ਹੇਠ ਅਜਿਹੀਆਂ ਇਮਾਰਤਾਂ ਦੇ ਤਜ਼ਰਬੇਕਾਰ ਮਿਸਤਰੀਆਂ ਦੀ ਚੋਣ ਕਰ ਕੇ ਇਸ ਦਾ ਕੰਮ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਹਵੇਲੀ ਨੂੰ ਮੁੜ ਉਸੇ ਦਿੱਖ ਵਿਚ ਲਿਆਉਣ ਦੇ ਨਾਲ-ਨਾਲ ਇਸ ਦੇ ਚੁਗਿਰਦੇ ਵਿਚ ਅਜਾਇਬ ਘਰ ਅਤੇ ਲਾਇਬ੍ਰੇਰੀ ਦੇ ਨਾਲ-ਨਾਲ ਸੂਚਨਾ ਕੇਂਦਰ ਬਨਾਉਣ ਸਮੇਤ ਸਾਰੀਆਂ ਸਹੂਲਤਾਂ ਨੂੰ ਮੁਕੰਮਲ ਕਰਨ ਉੱਤੇ ਕਰੀਬ 60 ਕਰੋੜ ਰੁਪਏ ਦਾ ਖਰਚਾ ਆਵੇਗਾ ਜਿਸ ਨੂੰ ਫਾਊਂਡੇਸ਼ਨ ਦੇ ਮੈਂਬਰਾਂ ਵਲੋਂ ਆਪਣੀਆਂ ਜੇਬਾਂ ਵਿਚੋਂ ਹੀ ਕਰਨ ਦਾ ਫ਼ੈਸਲਾ ਲਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇੱਕ ਏਕੜ ਦੇ ਕਰੀਬ ਰਕਬੇ ਵਿਚ ਬਣੀ ਇਸ ਹਵੇਲੀ ਦੇ ਬਿਲਕੁਲ ਨਾਲ ਲਗਦੀ ਕਰੀਬ 11 ਕਨਾਲ ਜਗ੍ਹਾ ਫਾਊਂਡੇਸ਼ਨ ਵਲੋਂ 6 ਕੁ ਮਹੀਨੇ ਪਹਿਲਾਂ 2 ਕਰੋੜ 70 ਲੱਖ ਰੁਪਏ ਨਾਲ ਹੋਰ ਖਰੀਦੀ ਗਈ ਹੈ ਤਾਂ ਜੋ ਇੱਥੇ ਬਣਨ ਵਾਲੀਆਂ ਅਜਾਇਬ ਘਰ, ਲਾਇਬ੍ਰੇਰੀ ਅਤੇ ਪਾਰਕਿੰਗ ਆਦਿ ਸਹੂਲਤਾਂ ਲਈ ਜਗ੍ਹਾ ਘੱਟ ਨਾ ਪਵੇ।

ਹਰਬੰਸ ਸਿੰਘ ਜੰਡਾਲੀ ਨੇ ਦੱਸਿਆ ਕਿ ਇਸ ਇਤਿਹਾਸਕ ਹਵੇਲੀ ਦੇ ਨਵੀਨੀਕਰਨ ਦੇ ਨਾਲ-ਨਾਲ ਉਨ੍ਹਾਂ ਦੀ ਫਾਊਂਡੇਸ਼ਨ ਵਲੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਇਸ ਹਵੇਲੀ ਨੂੰ ਕਰੀਬ ਡੇਢ ਕਿੱਲੋਮੀਟਰ ਲੰਬਾ ਸਿੱਧਾ ਰਸਤਾ ਬਣਾਉਣ ਦੀ ਵੀ ਤਜਵੀਜ਼ ਰੱਖੀ ਗਈ ਹੈ ਅਤੇ ਇਸ ਸੰਬੰਧੀ ਜ਼ਮੀਨ ਐਕੁਆਇਰ ਕਰਨ ਲਈ ਪੰਜਾਬ ਸਰਕਾਰ ਨਾਲ ਫਾਊਂਡੇਸ਼ਨ ਦੀ ਮੀਟਿੰਗ ਵੀ ਹੋ ਚੁੱਕੀ ਹੈ ਅਤੇ ਮੀਟਿੰਗ ਦੌਰਾਨ ਪੰਜਾਬ ਸਰਕਾਰ ਨੂੰ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਵਲੋਂ ਫਾਊਂਡੇਸ਼ਨ ਨੂੰ ਜ਼ਮੀਨ ਐਕੁਆਇਰ ਕਰਨ ਲਈ ਸਿਰਫ਼ ਮਨਜ਼ੂਰੀ ਦੇਣੀ ਹੈ ਅਤੇ ਇਸ ਉੱਤੇ ਹੋਣ ਵਾਲਾ ਸਾਰਾ ਖ਼ਰਚ ਵੀ ਫਾਊਂਡੇਸ਼ਨ ਵਲੋਂ ਕੀਤਾ ਜਾਵੇਗਾ।

# ਸਰਬਜੀਤ ਕੌਰ ਮਾਮਲੇ ਵਿੱਚ ਲਾਹੌਰ ਹਾਈ ਕੋਰਟ ਵੱਲੋਂ ਪਾਕਿਸਤਾਨ ਸਰਕਾਰ ਨੂੰ ਨੋਟਿਸ ਜਾਰੀ

## ✪ ਮਹਿੰਦਰ ਪਾਲ ਸਿੰਘ ਨੇ ਆਪਣੇ ਵਕੀਲ ਐਡਵੋਕੇਟ ਅਲੀ ਚੇਂਗੀਜ਼ੀ ਸੰਧੂ ਰਾਹੀਂ ਦਾਇਰ ਕੀਤੀ ਸੀ ਅਪੀਲ



ਲਾਹੌਰ-ਭਾਰਤ ਤੋਂ ਪਾਕਿਸਤਾਨ ਦੌਰੇ 'ਤੇ ਗਈ ਇੱਕ ਸਿੱਖ ਸ਼ਰਧਾਲੂ ਸਰਬਜੀਤ ਕੌਰ ਖਿਲਾਫ ਕਥਿਤ ਤੌਰ 'ਤੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿੱਚ ਲਾਹੌਰ ਹਾਈ ਕੋਰਟ ਵਿੱਚ ਇੱਕ ਨਵੀਂ ਸੰਵਿਧਾਨਕ ਪਟੀਸ਼ਨ ਦਾਇਰ ਕੀਤੀ ਗਈ ਹੈ। 5 ਦਸੰਬਰ 2025 ਨੂੰ ਸ਼ੁਰੂਆਤੀ ਸੁਣਵਾਈ ਤੋਂ ਬਾਅਦ, ਲਾਹੌਰ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਪਾਕਿਸਤਾਨ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ।

ਪਟੀਸ਼ਨ ਵਿੱਚ ਦੱਸਿਆ ਗਿਆ ਹੈ ਕਿ ਸਰਬਜੀਤ ਕੌਰ, ਜੋ ਕਿ ਭਾਰਤੀ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਦੀ ਰਹਿਣ ਵਾਲੀ ਹੈ, 4 ਨਵੰਬਰ 2025 ਨੂੰ ਪਾਕਿਸਤਾਨ ਵਿੱਚ ਦਾਖਲ ਹੋਈ ਸੀ। ਉਸ ਨੂੰ 10 ਦਿਨਾਂ ਦਾ ਸਿੰਗਲ-ਐਂਟਰੀ ਧਾਰਮਿਕ ਵੀਜ਼ਾ ਜਾਰੀ ਕੀਤਾ ਗਿਆ ਸੀ, ਜਿਸਦੀ ਮਿਆਦ 13 ਨਵੰਬਰ 2025 ਤੱਕ ਸੀ। ਉਸ ਨੂੰ ਸਿਰਫ਼ ਕੁਝ ਖਾਸ ਤੀਰਥ ਯਾਤਰਾਵਾਂ, ਜਿਵੇਂ ਕਿ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਤੱਕ ਹੀ ਸੀਮਤ ਰਹਿਣ ਦੀ ਇਜਾਜ਼ਤ ਸੀ। ਹਾਲਾਂਕਿ, ਦੋਸ਼ ਹੈ ਕਿ ਸਰਬਜੀਤ ਕੌਰ ਨੇ ਵੀਜ਼ੇ ਦੀਆਂ ਨਿਰਧਾਰਤ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ, ਤੀਰਥ ਯਾਤਰਾ ਦੀਆਂ ਹੱਦਾਂ ਤੋਂ ਬਾਹਰ ਸਫ਼ਰ ਕੀਤਾ, ਅਤੇ ਵੀਜ਼ਾ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਵੀ ਪਾਕਿਸਤਾਨ ਵਿੱਚ ਠਹਿਰਨਾ ਜਾਰੀ ਰੱਖਿਆ। ਇਸ ਨੂੰ ਸਪੱਸ਼ਟ ਤੌਰ 'ਤੇ ਓਵਰਸਟੇਅ ਅਤੇ ਪਾਕਿਸਤਾਨੀ ਕਾਨੂੰਨਾਂ ਦੀ ਉਲੰਘਣਾ ਮੰਨਿਆ ਗਿਆ ਹੈ।

ਪਟੀਸ਼ਨ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸਰਬਜੀਤ ਕੌਰ ਉੱਤੇ ਭਾਰਤ ਵਿੱਚ ਧੋਖਾਧੜੀ ਅਤੇ ਧੋਖੇਬਾਜ਼ੀ ਦੇ ਮਾਮਲੇ ਦਰਜ ਹਨ। ਇਹ ਪਟੀਸ਼ਨ ਪੰਜਾਬ ਅਸੈਂਬਲੀ ਦੇ ਸਾਬਕਾ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਤੇ ਘੱਟ ਗਿਣਤੀ ਮਾਮਲਿਆਂ ਦੇ ਸਾਬਕਾ ਪਾਰਲੀਮੈਂਟਰੀ ਸਕੱਤਰ ਮਹਿੰਦਰ ਪਾਲ ਸਿੰਘ ਨੇ ਆਪਣੇ ਵਕੀਲ ਐਡਵੋਕੇਟ ਅਲੀ ਚੇਂਗੀਜ਼ੀ ਸੰਧੂ ਰਾਹੀਂ ਦਾਇਰ ਕੀਤੀ ਹੈ। ਪਟੀਸ਼ਨ ਵਿੱਚ ਸੰਘੀ ਸਰਕਾਰ, ਗ੍ਰਹਿ ਮੰਤਰਾਲੇ, ਐਫ. ਆਈ. ਏ., ਪੰਜਾਬ ਸਰਕਾਰ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਘੱਟ ਗਿਣਤੀ ਮਾਮਲਿਆਂ ਦੇ ਵਿਭਾਗ ਨੂੰ ਵੀ ਧਿਰ ਬਣਾਇਆ ਗਿਆ ਹੈ।

ਪਟੀਸ਼ਨਕਰਤਾ ਨੇ ਲਾਹੌਰ ਹਾਈ ਕੋਰਟ ਤੋਂ ਕਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ, ਜਿਨ੍ਹਾਂ ਵਿੱਚ ਸਰਬਜੀਤ ਕੌਰ ਨੂੰ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੀ ਵਿਦੇਸ਼ੀ ਘੋਸ਼ਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉਸ ਨੂੰ ਤੁਰੰਤ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਜਾਵੇ। ਇਹ ਵੀ ਮੰਗ ਕੀਤੀ ਗਈ ਹੈ ਕਿ ਐਫ. ਆਈ. ਏ. ਨੂੰ ਜਾਂਚ ਕਰਨ ਲਈ ਕਿਹਾ ਜਾਵੇ ਕਿ ਬਿਨਾਂ ਸਹੀ ਪਿਛੋਕੜ ਦੀ ਜਾਂਚ ਕੀਤੇ ਵੀਜ਼ਾ ਕਿਵੇਂ ਜਾਰੀ ਕੀਤਾ ਗਿਆ। ਭਵਿੱਖ ਵਿੱਚ ਧਾਰਮਿਕ ਵੀਜ਼ਾ ਨੀਤੀ ਨੂੰ ਹੋਰ ਸਖ਼ਤ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਮੰਗ ਕੀਤੀ। ਤੀਰਥ ਯਾਤਰੀਆਂ ਦੀ ਆਵਾਜਾਈ ਅਤੇ ਠਹਿਰਣ ਲਈ ਇੱਕ ਵਿਆਪਕ ਨਿਗਰਾਨੀ ਪ੍ਰਣਾਲੀ ਵਿਕਸਤ ਕਰਨ ਦੀ ਮੰਗ ਵੀ ਕੋਰਟ ਵਿੱਚ ਰੱਖੀ ਗਈ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਕ ਹੈਦਰ ਦੇ ਬੈਂਚ ਨੇ ਸ਼ੁਰੂਆਤੀ ਸੁਣਵਾਈ ਤੋਂ ਬਾਅਦ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਦੋ ਹਫ਼ਤਿਆਂ ਦੇ ਅੰਦਰ ਜਵਾਬ ਮੰਗਿਆ ਹੈ। ਲਾਹੌਰ ਹਾਈ ਕੋਰਟ ਦੇ ਵਕੀਲ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਇਸ ਪਟੀਸ਼ਨ ਦੇ ਦੁਬਾਰਾ ਦਾਇਰ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

### -ਸਿੱਧੂ ਦੀ ਘਰਵਾਲੀ ਦਾ ਫਤਵਾ-

## 'ਸਿੱਧੂ ਨੂੰ ਮੁਖ ਮੰਤਰੀ ਫੇਸ ਬਣਾਉ ਤਾਂ ਸਿਆਸਤ ਵਿਚ ਹੋਣਗੇ ਸਰਗਰਮ'



ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਬੀਤੇ ਦਿਨੀਂ ਪੰਜਾਬ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਮੁਲਾਕਾਤ ਵਿੱਚ ਕਾਨੂੰਨ-ਵਿਵਸਥਾ ਸਮੇਤ ਚਾਰ ਮੁੱਖ ਮੁੱਦੇ ਚੁੱਕੇ ਗਏ। ਪਤਨੀ ਨਵਜੋਤ ਕੌਰ ਸਿੱਧੂ ਦੇ ਬਿਆਨ ਨੇ ਇਕ ਵਾਰ ਫ਼ਿਰ ਸਿਆਸਤ ਵਿਚ ਹਲਚਲ ਮਚਾ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਧੂ ਸਿਆਸਤ ਵਿਚ ਤਾਂ ਹੀ ਵਾਪਸ ਆਉਣਗੇ, ਜਦੋਂ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇ। ਨਵਜੋਤ ਕੌਰ ਨੇ ਸਪੱਸ਼ਟ ਕਿਹਾ ਕਿ ਸਿੱਧੂ ਸਾਹਿਬ ਤਦੋਂ ਹੀ ਸਿਆਸਤ ਵਿੱਚ ਪੂਰੀ ਤਰ੍ਹਾਂ ਸਰਗਰਮ ਹੋਣਗੇ ਜੇਕਰ ਕਾਂਗਰਸ ਉਨ੍ਹਾਂ ਨੂੰ 2027 ਲਈ ਮੁੱਖ ਮੰਤਰੀ ਦਾ ਚਿਹਰਾ ਐਲਾਨ ਦੇਵੇ। ਉਨ੍ਹਾਂ ਕਿਹਾ, "ਅਸੀਂ ਕਾਂਗਰਸ ਤੇ ਪ੍ਰਿਯੰਕਾ ਗਾਂਧੀ ਨਾਲ ਜੁੜੇ ਹੋਏ ਹਾਂ, ਪਰ ਪੰਜ ਮੁੱਖ ਮੰਤਰੀ ਬਦਲਣ ਤੋਂ ਬਾਅਦ ਵੀ ਸਿੱਧੂ ਨੂੰ ਅੱਗੇ ਨਹੀਂ ਲਿਆਂਦਾ ਗਿਆ।" ਉਨ੍ਹਾਂ ਤੰਜ ਕੱਸਿਆ ਕਿ "ਜਿਹੜਾ 500 ਕਰੋੜ ਦਾ ਬ੍ਰੀਫਕੇਸ ਦਿੰਦਾ ਏ, ਉਹ ਮੁੱਖ ਮੰਤਰੀ ਬਣ ਜਾਂਦਾ ਏ। ਸਾਡੇ ਕੋਲ ਪੈਸੇ ਨਹੀਂ, ਪਰ ਨਤੀਜੇ ਦੇਣ ਦੀ ਤਾਕਤ ਜ਼ਰੂਰ ਏ। ਕੋਈ ਵੀ ਪਾਰਟੀ ਸਾਨੂੰ ਪੰਜਾਬ ਸੁਧਾਰਨ ਦੀ ਜ਼ਿੰਮੇਵਾਰੀ ਦੇਵੇ, ਅਸੀਂ ਪੰਜਾਬ ਨੂੰ ਸੁਨਹਿਰੀ ਰਾਜ ਬਣਾ ਦਿਆਂਗੇ।"


# ਦਿ ਗ੍ਰੇਟ ਖਲੀ ਨੇ ਤਹਿਸੀਲਦਾਰ 'ਤੇ ਧੱਕੇ ਨਾਲ ਜ਼ਮੀਨ ਵੇਚਣ ਦੇ ਲਗਾਏ ਦੋਸ਼

### ✪ ਡੀਸੀ ਸਿਰਮੌਰ ਪ੍ਰਿਯੰਕਾ ਵਰਮਾ ਨੇ ਮਾਮਲੇ ਦੀ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ

### ✪ ਤਹਿਸੀਲਦਾਰ ਨੇ ਖਲੀ 'ਤੇ ਦੋਸ਼ ਲਾਇਆ ਕਿ ਉਹ ਖੁਦ ਜ਼ਬਰਦਸਤੀ ਜ਼ਮੀਨ 'ਤੇ ਕਬਜ਼ਾ ਕਰ ਰਿਹਾ

ਸਿਰਮੌਰ-ਸਾਬਕਾ ਡਬਲਯੂ ਡਬਲਯੂ ਈ ਚੈਂਪੀਅਨ ਦ ਗ੍ਰੇਟ ਖਲੀ (ਉਰਫ਼ ਦਲੀਪ ਰਾਣਾ) ਨੇ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਪਾਉਂਟਾ ਸਾਹਿਬ ਵਿਖੇ ਮਾਲ ਵਿਭਾਗ ਅਤੇ ਸਥਾਨਕ ਤਹਿਸੀਲਦਾਰ 'ਤੇ ਉਨ੍ਹਾਂ ਦੀ ਜ਼ਮੀਨ ਦੀ ਗ਼ਲਤ ਵੰਡ ਕਰਨ ਦਾ ਗੰਭੀਰ ਦੋਸ਼ ਲਾਇਆ ਹੈ। ਖਲੀ ਨੇ ਇਸ ਸਬੰਧੀ ਸਿਰਮੌਰ ਦੀ ਜ਼ਿਲ੍ਹਾ ਮੈਜਿਸਟ੍ਰੇਟ ਪ੍ਰਿਅੰਕਾ ਵਰਮਾ ਕੋਲ ਸ਼ਿਕਾਇਤ ਦਰਜ ਕਰਵਾ ਕੇ ਕਾਰਵਾਈ ਦੀ ਮੰਗ ਕੀਤੀ ਹੈ। ਡੀਸੀ ਸਿਰਮੌਰ ਪ੍ਰਿਯੰਕਾ ਵਰਮਾ ਨੇ ਮਾਮਲੇ ਦੀ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਦਲੀਪ ਰਾਣਾ ਅਤੇ ਕਈ ਔਰਤਾਂ ਸ਼ਿਕਾਇਤ ਲੈ ਕੇ ਉਨ੍ਹਾਂ ਕੋਲ ਪਹੁੰਚੀਆਂ ਸਨ।

ਖਲੀ ਦੇ ਮੁੱਖ ਇਲਜ਼ਾਮ-ਖਲੀ ਨੇ ਦੱਸਿਆ ਕਿ ਵਿਵਾਦ ਵਾਲੀ ਜ਼ਮੀਨ 2005 ਵਿੱਚ ਇੱਕ ਔਰਤ ਦੇ ਨਾਮ 'ਤੇ ਕਾਨੂੰਨੀ ਤੌਰ 'ਤੇ ਰਜਿਸਟਰਡ ਸੀ ਅਤੇ ਉਨ੍ਹਾਂ ਨੇ ਕਾਨੂੰਨੀ ਕਾਰਵਾਈ ਰਾਹੀਂ ਮਾਲਕੀ ਹਾਸਲ ਕਰ ਲਈ ਸੀ। ਉਨ੍ਹਾਂ ਦੇ ਪਿਤਾ ਜਵਾਲਾ ਰਾਮ ਨੇ 2013 ਵਿੱਚ ਇਹ ਜ਼ਮੀਨ ਖ਼ਰੀਦ ਲਈ ਸੀ ਅਤੇ ਉਦੋਂ



ਤੋਂ ਇਹ ਜਾਇਦਾਦ ਉਨ੍ਹਾਂ ਦੇ ਪਰਿਵਾਰ ਦੇ ਕਬਜ਼ੇ ਵਿੱਚ ਹੈ। ਖਲੀ ਦੇ ਅਨੁਸਾਰ, ਦਸਤਾਵੇਜ਼ ਮੌਜੂਦ ਹੋਣ ਦੇ ਬਾਵਜੂਦ, ਪਾਉਂਟਾ ਸਾਹਿਬ ਦੇ ਤਹਿਸੀਲਦਾਰ, ਕਾਨੂੰਗੋ ਅਤੇ ਪਟਵਾਰੀ ਆਪਣੇ ਅਧਿਕਾਰਤ ਅਹੁਦਿਆਂ ਦੀ ਦੁਰਵਰਤੋਂ ਕਰ ਰਹੇ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਮਾਲ ਅਧਿਕਾਰੀ ਪ੍ਰਾਪਰਟੀ ਡੀਲਰਾਂ ਨਾਲ ਮਿਲ ਕੇ ਜ਼ਮੀਨ 'ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਨੂੰ ਕਿਸੇ ਹੋਰ ਧਿਰ ਨੂੰ ਵੇਚ ਦਿੱਤਾ ਗਿਆ ਹੈ। 20 ਮਈ ਅਤੇ 18 ਜੁਲਾਈ ਨੂੰ ਵੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ੇ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਪਿੰਡ ਵਾਸੀਆਂ ਅਤੇ ਸ਼ਿਕਾਇਤਕਰਤਾਵਾਂ ਨੇ ਨਾਕਾਮ ਕਰ ਦਿੱਤਾ ਸੀ। ਖਲੀ ਨੇ ਸਬੰਧਤ ਅਧਿਕਾਰੀਆਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ।

ਤਹਿਸੀਲਦਾਰ ਵੱਲੋਂ ਇਲਜ਼ਾਮਾਂ ਦਾ ਖੰਡਨ-ਗ੍ਰੇਟ ਖਲੀ ਦੇ ਇਲਜ਼ਾਮਾਂ ਤੋਂ ਬਾਅਦ, ਤਹਿਸੀਲਦਾਰ ਰਿਸ਼ਭ ਸ਼ਰਮਾ ਨੇ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਤਹਿਸੀਲਦਾਰ ਨੇ ਕਿਹਾ ਕਿ ਔਰਤਾਂ ਅਤੇ ਖਲੀ ਵੱਲੋਂ ਦਾਅਵਾ ਕੀਤੀ ਗਈ ਜ਼ਮੀਨ ਅਸਲ ਵਿੱਚ ਉਨ੍ਹਾਂ ਦੀ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਲ ਵਿਭਾਗ ਆਪਣੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਾਰਵਾਈ ਕਰ ਰਿਹਾ ਹੈ ਅਤੇ ਮਿਲੀਭੁਗਤ ਜਾਂ ਗੈਰ-ਕਾਨੂੰਨੀ ਕਬਜ਼ੇ ਦੇ ਇਲਜ਼ਾਮ ਝੂਠੇ ਹਨ। ਉਨ੍ਹਾਂ ਉਲਟਾ ਖਲੀ 'ਤੇ ਇਲਜ਼ਾਮ ਲਾਇਆ ਕਿ ਉਹ ਖੁਦ ਜ਼ਬਰਦਸਤੀ ਜ਼ਮੀਨ 'ਤੇ ਕਬਜ਼ਾ ਕਰ ਰਿਹਾ ਹੈ ਅਤੇ ਪਹਿਲਾਂ ਵੀ ਪੰਜਾਬ ਦੇ ਕੁਝ ਲੋਕਾਂ ਨੇ ਉਸ ਨਾਲ ਮਿਲ ਕੇ ਜ਼ਮੀਨ 'ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ।

**ਮਾਮਲਾ ਕਮਲ ਕੌਰ ਭਾਬੀ ਕਤਲ ਕੇਸ ਦਾ**

## ਅਦਾਲਤ ਨੇ ਅੰਮ੍ਰਿਤਪਾਲ ਸਿੰਘ ਮਹਿਰੋਂ ਤੇ ਇੱਕ ਸਾਥੀ ਅਪਰਾਧੀ ਐਲਾਨੇ



ਬਠਿੰਡਾ-ਸਥਾਨਕ ਅਦਾਲਤ ਨੇ ਡਿਜੀਟਲ ਕੰਟੈਂਟ ਕ੍ਰੀਏਟਰ ਕੰਚਨ ਕੁਮਾਰੀ (ਉਰਫ਼ ਕਮਲ ਕੌਰ ਭਾਬੀ) ਦੇ ਕਤਲ ਕੇਸ ਨਾਲ ਸਬੰਧਤ ਦੋ ਮੁਲਜ਼ਮਾਂ, ਅੰਮ੍ਰਿਤਪਾਲ ਸਿੰਘ ਮਹਿਰੋਂ (ਜੋ ਕਿ ਯੂ.ਏ.ਈ. ਵਿੱਚ ਲੁਕਿਆ ਹੋਇਆ ਹੈ) ਅਤੇ ਰਣਜੀਤ ਸਿੰਘ ਨੂੰ ਭਗੌੜਾ ਅਪਰਾਧੀ ਘੋਸ਼ਿਤ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ, ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਦੋਵੇਂ ਮੁਲਜ਼ਮ ਕਤਲ ਕੇਸ ਵਿੱਚ ਲਗਾਤਾਰ ਪੇਸ਼ੀ ਤੋਂ ਗੈਰ-ਹਾਜ਼ਰ ਹਨ ਅਤੇ ਫਰਾਰ ਚੱਲ ਰਹੇ ਹਨ। ਅਦਾਲਤ ਦਾ ਮੰਨਣਾ ਹੈ ਕਿ ਮੁਲਜ਼ਮ ਆਮ ਕਾਨੂੰਨੀ ਪ੍ਰਕਿਰਿਆ ਰਾਹੀਂ ਹਾਜ਼ਰ ਨਹੀਂ ਹੋ ਸਕਦੇ। ਇਸ ਲਈ, ਅਦਾਲਤ ਨੇ ਹੁਣ ਉਨ੍ਹਾਂ ਨੂੰ ਇਸ਼ਤਿਹਾਰ (ਪਬਲਿਕ ਐਲਾਨ) ਰਾਹੀਂ ਤਲਬ ਕਰਨ ਦਾ ਹੁਕਮ ਦਿੱਤਾ ਹੈ। ਕੇਸ ਦੀ ਅਗਲੀ ਸੁਣਵਾਈ 22 ਦਸੰਬਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ 27 ਨਵੰਬਰ ਨੂੰ ਮ੍ਰਿਤਕ ਕੰਚਨ ਕੁਮਾਰੀ ਦੀ ਮਾਤਾ ਗਿਰਜਾ ਦੇਵੀ ਨੇ ਅਦਾਲਤ ਵਿੱਚ ਆਪਣਾ ਬਿਆਨ ਦਰਜ ਕਰਵਾਇਆ ਸੀ, ਜੋ ਇਸ ਮਾਮਲੇ ਦੀ ਸ਼ਿਕਾਇਤਕਰਤਾ ਹੈ। ਜਾਂਚ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦਾ ਬਿਆਨ ਕੇਸ ਨੂੰ ਮਜ਼ਬੂਤ ਕਾਨੂੰਨੀ ਆਧਾਰ ਪ੍ਰਦਾਨ ਕਰਦਾ ਹੈ। ਇੱਕ ਹੋਰ ਗਵਾਹ, ਨਰੇਸ਼ ਕੁਮਾਰ, ਨੇ ਵੀ ਅਦਾਲਤ ਵਿੱਚ ਆਪਣੀ ਗਵਾਹੀ ਦਿੱਤੀ ਹੈ।

# ਮਾਨਸਾ ਜ਼ਿਲ੍ਹੇ ਦੇ ਇੱਕ ਨਿੱਜੀ ਸਕੂਲ ਦੇ ਬੱਚਿਆਂ ਨੇ ਬਣਾਇਆ ਪਹਿਲਾ ਸਿੱਖ ਰੋਬੋਟ

### ✪ ਇਹ ਰੋਬੋਟ ਪੰਜਾਬੀ ਵਿੱਚ ਸਮਝਦਾ ਅਤੇ ਜਵਾਬ ਦਿੰਦਾ

ਮਾਨਸਾ-ਮਾਨਸਾ ਜ਼ਿਲ੍ਹੇ ਦੇ ਇੱਕ ਨਿੱਜੀ ਸਕੂਲ ਦੇ 11ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬ ਦਾ ਪਹਿਲਾ ਪੰਜਾਬੀ ਬੋਲਣ ਵਾਲਾ ਸਿੱਖ ਰੋਬੋਟ "ਜੌਨੀ" ਬਣਾ ਕੇ ਇਤਿਹਾਸ ਰਚ ਦਿੱਤਾ ਹੈ। ਇਹ ਰੋਬੋਟ ਪੰਜਾਬੀ ਵਿੱਚ ਸਮਝਦਾ ਅਤੇ ਜਵਾਬ ਦਿੰਦਾ ਹੈ। ਵਿਦਿਆਰਥੀਆਂ ਨੇ ਇਸ ਦਾ ਟੈਸਟ ਮਾਨਸਾ-ਬਰਨਾਲਾ ਰੋਡ 'ਤੇ ਕੀਤਾ ਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ। ਵੀਡੀਓ ਵਿੱਚ ਜਦੋਂ ਵਿਦਿਆਰਥੀ ਪੁੱਛਦੇ ਹਨ, "ਤੇਰਾ ਨਾਂ ਕੀ ਏ?" ਤਾਂ ਰੋਬੋਟ ਸਾਫ਼ ਪੰਜਾਬੀ ਵਿੱਚ ਜਵਾਬ ਦਿੰਦਾ ਹੈ, "ਮੇਰਾ ਨਾਂ ਜੌਨੀ ਏ।"

ਇਹ ਰੋਬੋਟ ਉੱਚੀਆਂ-ਨੀਵੀਂ ਥਾਵਾਂ 'ਤੇ ਚੜ੍ਹ ਸਕਦਾ ਹੈ, ਅੱਗ ਬੁਝਾ ਸਕਦਾ ਹੈ, ਬੰਬ ਨੂੰ ਨਸ਼ਟ ਕਰ ਸਕਦਾ ਹੈ ਅਤੇ ਮਨੁੱਖ ਦੇ ਲਈ



ਖ਼ਤਰਨਾਕ ਥਾਵਾਂ 'ਤੇ ਕੰਮ ਕਰ ਸਕਦਾ ਹੈ। ਇਸ ਵਿੱਚ ਕਈ ਤਰ੍ਹਾਂ ਦੇ ਸੈਂਸਰ ਲੱਗੇ ਹਨ। ਇਹ ਸਾਰਾ ਪ੍ਰੋਜੈਕਟ ਸਕੂਲ ਦੀ ਅਟਲ ਟਿੰਕਰਿੰਗ ਲੈਬ (ਅਠਲ਼) ਵਿੱਚ ਤਿਆਰ ਕੀਤਾ ਗਿਆ। ਅਟਲ ਟਿੰਕਰਿੰਗ ਲੈਬਾਂ ਨੂੰ 2016 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੇ ਅਟਲ ਇਨੋਵੇਸ਼ਨ ਮਿਸ਼ਨ (ਨੀਤੀ ਆਯੋਗ) ਅਧੀਨ ਸਕੂਲਾਂ ਵਿੱਚ ਸਥਾਪਤ ਕੀਤਾ ਗਿਆ ਸੀ। ਇਸ ਦਾ ਮਕਸਦ 6ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਵਿੱਚ ਵਿਗਿਆਨ, ਤਕਨਾਲੋਜੀ ਤੇ ਨਵੀਨਤਾ ਦੀ ਭਾਵਨਾ ਪੈਦਾ ਕਰਨਾ ਹੈ।

ਵਿਦਿਆਰਥੀਆਂ ਨੇ ਦੱਸਿਆ ਕਿ ਅਜਿਹੇ ਪ੍ਰੋਜੈਕਟ ਹਰ ਸਕੂਲ ਵਿੱਚ ਹੋਣੇ ਚਾਹੀਦੇ ਤਾਂ ਜੋ ਦੇਸ਼ ਦੀ ਤਕਨੀਕੀ ਤਰੱਕੀ ਵਿੱਚ ਪੰਜਾਬ ਦੇ ਬੱਚੇ ਵੀ ਅਹਿਮ ਯੋਗਦਾਨ ਪਾ ਸਕਣ। ਉਨ੍ਹਾਂ ਨੇ ਸਰਕਾਰ ਤੋਂ ਵੀ ਮੰਗ ਕੀਤੀ ਕਿ ਵਿਹਾਰਕ ਤੇ ਰਚਨਾਤਮਕ ਸਿੱਖਿਆ ਨੂੰ ਹੋਰ ਉਤਸ਼ਾਹਿਤ ਕੀਤਾ ਜਾਵੇ।"

# "12 ਵੱਜ ਗਏ" ਟਿੱਪਣੀ ਕਾਰਣ ਕਾਂਗਰਸੀ ਆਗੂ ਹਰਕ ਰਾਵਤ ਵਿਵਾਦਾਂ ਵਿਚ

## ✪ ਮਾਫੀ ਮਗਰੋਂ ਵੀ ਰੋਸ ਬਰਕਰਾਰ ✪ ਰਾਵਤ ਨੇ ਪੌਂਟਾ ਸਾਹਿਬ ਵਿਚ ਬਰਤਨ ਮਾਂਜਣ ਦੀ ਸੇਵਾ ਕੀਤੀ, ਸਿੱਖ ਭਾਈਚਾਰੇ ਤੋਂ ਮੰਗੀ ਮਾਫੀ ✪ ਭਾਜਪਾ ਨੇ ਚੁਕਿਆ ਮੁੱਦਾ, ਵਿਵਾਦ ਭੜਕਾਇਆ

ਉੱਤਰਾਖੰਡ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਤੇਜ਼ੀ ਨਾਲ ਗਰਮਾਏ ਵਿਵਾਦ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਹਰਕ ਸਿੰਘ ਰਾਵਤ ਨੇ ਦੇਹਰਾਦੂਨ ਵਿੱਚ ਵਕੀਲਾਂ ਦੇ ਧਰਨੇ ਦੌਰਾਨ ਇੱਕ ਸਿੱਖ ਵਕੀਲ ਨੂੰ "ਦੁਪਹਿਰ ਦੇ 12 ਵੱਜ ਗਏ ਹਨ" ਕਹਿ ਕੇ ਬੈਠਣ ਲਈ ਕਿਹਾ ਸੀ। ਇਹ ਗੱਲ ਸਿੱਖ ਭਾਈਚਾਰੇ ਨੂੰ ਬਹੁਤ ਬੁਰੀ ਲੱਗੀ, ਕਿਉਂਕਿ ਇਹ ਸਿੱਖ ਪੰਥ ਉਪਰ ਭੈੜਾ ਵਿਅੰਗ ਕਸਿਆ ਗਿਆ ਸੀ। ਇਸ ਤੋਂ ਬਾਅਦ ਸੂਬੇ ਭਰ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ। ਹਰਕ ਸਿੰਘ ਰਾਵਤ ਨੇ ਤੁਰੰਤ ਮਾਫੀ ਮੰਗ ਲਈ, ਫਿਰ ਵੀ ਸਿੱਖ ਭਾਈਚਾਰੇ ਦਾ ਗੁੱਸਾ ਨਹੀਂ ਠੰਡਾ ਹੋਇਆ। ਹੁਣ ਉਹ ਗੁਰਦੁਆਰਾ ਪੌਂਟਾ ਸਾਹਿਬ ਵਿੱਚ ਹਾਜ਼ਰੀ ਭਰ ਕੇ, ਜੂਠੇ ਬਰਤਨ ਮਾਂਜ ਕੇ, ਲੰਗਰ ਵਿੱਚ ਸੇਵਾ ਕਰਕੇ ਅਤੇ ਅਰਦਾਸ ਕਰਕੇ ਮੁਆਫੀ ਮੰਗ ਰਹੇ ਹਨ।

### ਕੀ ਹੋਇਆ ਸੀ ਉਸ ਦਿਨ ?

5 ਦਸੰਬਰ ਨੂੰ ਦੇਹਰਾਦੂਨ ਦੀਆਂ ਅਦਾਲਤਾਂ ਵਿੱਚ ਵਕੀਲ ਪਿਛਲੇ 26 ਦਿਨਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠੇ ਸਨ। ਕਾਂਗਰਸ ਆਗੂ ਹਰਕ ਸਿੰਘ ਰਾਵਤ ਵਕੀਲਾਂ ਨੂੰ ਸਮਰਥਨ ਦੇਣ ਆਏ ਸਨ। ਜਦੋਂ ਉਹ ਭਾਸ਼ਣ ਦੇ ਰਹੇ ਸਨ ਤਾਂ ਇੱਕ ਸਿੱਖ ਵਕੀਲ ਨੇ ਕੁਝ ਕਹਿਣ ਲਈ ਖੜ੍ਹੇ ਹੋਣ ਦੀ ਕੋਸ਼ਿਸ਼ ਕੀਤੀ। ਹਰਕ ਸਿੰਘ ਨੇ ਉਸ ਵੱਲ ਇਸ਼ਾਰਾ ਕਰਦਿਆਂ ਕਿਹਾ, "ਦੁਪਹਿਰ ਦੇ 12 ਵੱਜ ਗਏ ਹਨ, ਬੈਠ ਜਾਓ।"

ਇਹ ਗੱਲ ਸੁਣਦਿਆਂ ਹੀ ਮਾਹੌਲ ਗਰਮਾ ਗਿਆ। ਮੌਕੇ 'ਤੇ ਮੌਜੂਦ ਵਕੀਲਾਂ ਅਤੇ ਸਿੱਖ ਨੌਜਵਾਨਾਂ ਨੇ ਇਸ ਨੂੰ ਸਿੱਖਾਂ ਦਾ ਅਪਮਾਨ ਕਿਹਾ। ਹਰਕ ਸਿੰਘ ਰਾਵਤ ਨੇ ਤੁਰੰਤ ਮਾਫੀ ਮੰਗੀ ਪਰ ਵਿਰੋਧ ਇੰਨਾ ਵਧ ਗਿਆ ਕਿ ਉਨ੍ਹਾਂ ਨੂੰ ਸਟੇਜ ਛੱਡ ਕੇ ਜਾਣਾ ਪਿਆ।

### ਵੀਡੀਓ ਵਾਇਰਲ, ਸੂਬੇ ਭਰ ਵਿੱਚ ਰੋਸ

ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਫੈਲ ਗਿਆ। ਅਗਲੇ ਦਿਨ 6 ਦਸੰਬਰ ਨੂੰ ਦੇਹਰਾਦੂਨ ਦੇ ਘੰਟਾਘਰ ਤੇ ਬਾਕੀ ਸ਼ਹਿਰਾਂ ਵਿੱਚ ਸਿੱਖ ਨੌਜਵਾਨਾਂ ਨੇ ਹਰਕ ਸਿੰਘ ਰਾਵਤ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕੀਤੀ। ਕਈ ਥਾਵਾਂ 'ਤੇ ਰੋਸ ਮੁਜ਼ਾਹਰੇ ਹੋਏ।

### ਭਾਜਪਾ ਨੇ ਬਣਾਇਆ ਵੱਡਾ ਮੁੱਦਾ

ਭਾਜਪਾ ਨੇ ਇਸ ਮੌਕੇ ਨੂੰ ਹੱਥੋ-ਹੱਥ ਲਿਆ। ਪਾਰਟੀ ਨੇ ਵੀਡੀਓ ਸ਼ੇਅਰ ਕਰਕੇ ਕਿਹਾ ਕਿ ਕਾਂਗਰਸ ਦਾ ਸਿੱਖ ਵਿਰੋਧੀ ਚਿਹਰਾ ਬੇਨਕਾਬ ਹੋ ਗਿਆ ਹੈ। ਭਾਜਪਾ ਦੇ ਮੀਡੀਆ ਇੰਚਾਰਜ ਮਨਵੀਰ ਸਿੰਘ ਚੌਹਾਨ ਨੇ ਕਿਹਾ, "ਪਹਿਲਾਂ ਹਿੰਦੂਆਂ 'ਤੇ ਟਿੱਪਣੀ, ਹੁਣ ਸਿੱਖਾਂ ਦਾ ਅਪਮਾਨ। ਮਾਫੀ ਮੰਗ ਕੇ ਗੁਰਦੁਆਰੇ ਜਾ ਕੇ ਨਾਟਕ ਕਰਨਾ ਕਾਂਗਰਸ ਦੀ ਨਵੀਂ ਰਾਜਨੀਤੀ ਹੈ।"

### ਕਾਂਗਰਸ ਨੇ ਮਾਫੀਆਂ ਦਾ ਦੌਰ ਚਲਾਇਆ

ਵਿਵਾਦ ਵਧਦਾ ਵੇਖ ਕਾਂਗਰਸ ਨੇ ਤੁਰੰਤ ਕਾਰਵਾਈ ਕੀਤੀ। ਪਹਿਲਾਂ ਹਰਕ ਸਿੰਘ ਰਾਵਤ ਨੇ ਖੁਦ ਮਾਫੀ ਮੰਗੀ। ਫਿਰ ਉੱਤਰਾਖੰਡ



ਕਾਂਗਰਸ ਦੇ ਪ੍ਰਧਾਨ ਗਣੇਸ਼ ਗੋਦਿਆਲ ਨੇ ਪ੍ਰੈਸ ਕਾਨਫਰੰਸ ਕਰਕੇ ਪਾਰਟੀ ਵਲੋਂ ਮਾਫੀ ਮੰਗੀ। ਉਨ੍ਹਾਂ ਕਿਹਾ, "ਜਿਸ ਕੌਮ ਨੇ ਦੇਸ, ਧਰਮ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹੋਣ, ਉਸ ਕੌਮ ਪ੍ਰਤੀ ਸਾਡੇ ਦਿਲ ਵਿੱਚ ਸਭ ਤੋਂ ਵੱਡਾ ਸਤਿਕਾਰ ਹੈ। ਇਹ ਸਿਰਫ਼ ਜੀਭ ਫਿਸਲਣ ਦਾ ਮਾਮਲਾ ਸੀ। ਪ੍ਰਦੇਸ਼ ਪ੍ਰਧਾਨ ਵਜੋਂ ਮੈਂ ਵੀ ਮਾਫੀ ਮੰਗਦਾ ਹਾਂ।"

ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਵੀ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ, "ਕਈ ਵਾਰ ਜੀਭ ਫਿਸਲਣ ਨਾਲ ਬਹੁਤ ਨੁਕਸਾਨ ਹੋ ਜਾਂਦਾ ਹੈ। ਗਲਤੀ ਮੰਨ ਲੈਣਾ ਹੀ ਸੱਚੀ ਸੇਵਾ ਹੈ। ਸਿੱਖ ਕੌਮ ਬਹਾਦਰ ਅਤੇ ਸਤਿਕਾਰਯੋਗ ਹੈ। ਜੇ ਕਿਤੇ ਵੀ ਗਲਤੀ ਹੋ ਜਾਵੇ ਤਾਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸ਼ਰਨ ਲੈਣੀ ਚਾਹੀਦੀ ਹੈ।"

### ਗੁਰਦੁਆਰੇ ਵਿੱਚ ਸੇਵਾ ਅਤੇ ਅਰਦਾਸ

7 ਦਸੰਬਰ ਨੂੰ ਹਰਕ ਸਿੰਘ ਰਾਵਤ ਹਿਮਾਚਲ ਦੇ ਮਸ਼ਹੂਰ ਗੁਰਦੁਆਰਾ ਪੌਂਟਾ ਸਾਹਿਬ ਪਹੁੰਚੇ। ਉੱਥੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਜੂਠੇ ਬਰਤਨ ਮਾਂਜੇ, ਲੰਗਰ ਵਿੱਚ ਸੇਵਾ ਕੀਤੀ ਅਤੇ ਅਰਦਾਸ ਕੀਤੀ। ਉਨ੍ਹਾਂ ਨੇ ਕਿਹਾ, "ਮੇਰੇ ਮਨ ਵਿੱਚ ਸਿੱਖ ਭਾਈਚਾਰੇ ਲਈ ਬੇਹੱਦ ਸਤਿਕਾਰ ਹੈ। ਜੇ ਮੇਰੇ ਸ਼ਬਦਾਂ ਨਾਲ ਕਿਸੇ ਨੂੰ ਦੁੱਖ ਪਹੁੰਚਿਆ ਤਾਂ ਮੈਂ ਦਿਲੋਂ ਮਾਫੀ ਮੰਗਦਾ ਹਾਂ।" ਉਨ੍ਹਾਂ ਨੇ ਦੇਹਰਾਦੂਨ ਦੀ ਬਾਰ ਕੌਂਸਲ ਦੇ ਦਫ਼ਤਰ ਵੀ ਜਾ ਕੇ ਵਕੀਲਾਂ ਨਾਲ ਮੁਲਾਕਾਤ ਕੀਤੀ ਅਤੇ ਫਿਰ ਮਾਫੀ ਮੰਗੀ।

### ਸਿੱਖ ਜਥੇਬੰਦੀਆਂ ਦਾ ਰੁਖ਼ ਅਜੇ ਸਖ਼ਤ

ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਮਾਫੀ ਨੂੰ ਨਾਕਾਫ਼ੀ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀਆਂ ਟਿੱਪਣੀਆਂ ਬਾਰ ਬਾਰ ਹੋ ਰਹੀਆਂ ਹਨ ਅਤੇ ਇਸ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਕਈ ਨੌਜਵਾਨਾਂ ਨੇ ਕਿਹਾ ਕਿ ਮਾਫੀ ਤਾਂ ਮਿਲ ਗਈ ਪਰ ਅਜਿਹੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

### ਚੋਣਾਂ ਤੋਂ ਪਹਿਲਾਂ ਨਵਾਂ ਹਥਿਆਰ ?

ਉੱਤਰਾਖੰਡ ਵਿੱਚ 2027 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਰਾਜਨੀਤੀ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਭਾਜਪਾ ਇਸ ਮੁੱਦੇ ਨੂੰ ਲੰਮੇ ਸਮੇਂ ਤੱਕ ਚੁੱਕ ਕੇ ਰੱਖ ਸਕਦੀ ਹੈ।

# ਡੇਰਾ ਬੱਲਾਂ ਦੇ ਸੰਤ ਨਿਰੰਜਣ ਦਾਸ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ

## ✪ ਗੁਰੂ ਰਵਿਦਾਸ ਦੇ ਪ੍ਰਕਾਸ਼ ਉਤਸਵ ਸਮਾਗਮਾਂ ਵਿਚ ਸ਼ਾਮਿਲ ਹੋਣ ਦਾ ਦਿੱਤਾ ਸੱਦਾ



ਜਲੰਧਰ-ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਸੰਬੰਧੀ ਬਨਾਰਸ ਵਿਖੇ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ। ਉਨ੍ਹਾਂ ਵਲੋਂ ਇਹ ਸੱਦਾ ਭਾਜਪਾ ਆਗੂ ਤਰੁਣ ਚੁੱਘ ਤੇ ਵਿਜੇ ਸਾਂਪਲਾ ਸਮੇਤ ਹੋਰਨਾਂ ਆਗੂਆਂ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਗਈ ਇਕ ਮੁਲਾਕਾਤ ਦੌਰਾਨ ਦਿੱਤਾ ਗਿਆ। ਇਸ ਮੌਕੇ ਸੰਤ ਨਿਰੰਜਣ ਦਾਸ ਨੇ ਕਿਹਾ ਕਿ ਹਰ ਸਾਲ ਰਵਿਦਾਸ ਭਾਈਚਾਰੇ ਵਲੋਂ ਗੁਰੂ ਰਵਿਦਾਸ ਦਾ ਜਨਮ ਦਿਵਸ ਬਨਾਰਸ (ਕਾਂਸ਼ੀ) ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਇਸ ਸਮਾਗਮ 'ਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤ ਸ਼ਾਮਿਲ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਡੇਰਾ ਸਚਖੰਡ ਬੱਲਾਂ ਦੀ ਅਗਵਾਈ ਹੇਠ ਵੀ ਸੰਗਤ ਦਾ ਵੱਡਾ ਕਾਫਲਾ ਜਲੰਧਰ ਤੋਂ ਇਕ ਵਿਸ਼ੇਸ਼ ਰੇਲ ਗੱਡੀ ਰਾਹੀਂ ਬਨਾਰਸ ਵਿਖੇ ਕਰਵਾਏ ਜਾਂਦੇ ਸਮਾਗਮਾਂ 'ਚ ਸ਼ਾਮਿਲ ਹੁੰਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਡੇਰਾ ਬੱਲਾਂ ਵਿਖੇ ਆਉਣ ਦਾ ਵੀ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸੰਤ ਮਨਦੀਪ ਦਾਸ, ਸਾਬਕਾ ਵਿਧਾਇਕ ਅਵਿਨਾਸ਼ ਚੰਦਰ ਮੌਜੂਦ ਸਨ।

# ਸਿੱਖ ਜਥੇਬੰਦੀ ਨੇ ਜੰਮੂ-ਕਸ਼ਮੀਰ ਵਿੱਚ ਸਿੱਖਾਂ ਲਈ ਇੱਕ ਵਾਰੀ ਰਾਖਵਾਂਕਰਨ ਦੀ ਮੰਗ ਕੀਤੀ



ਜੰਮੂ-ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਜੰਮੂ-ਕਸ਼ਮੀਰ ਵਿੱਚ ਸਿੱਖ ਭਾਈਚਾਰੇ ਲਈ ਵਨ-ਟਾਈਮ ਰਿਜ਼ਰਵੇਸ਼ਨ ਦੀ ਮੰਗ ਕੀਤੀ ਹੈ। ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਰਾਖਵਾਂਕਰਨ ਦਾ ਲਾਭ ਸਿਰਫ਼ ਇੱਕ ਵਾਰ ਹੀ ਲਿਆ ਜਾਵੇ - ਜਾਂ ਤਾਂ ਪੜ੍ਹਾਈ ਵਿੱਚ ਜਾਂ ਨੌਕਰੀ ਵਿੱਚ। ਇੱਕੋ ਵਿਅਕਤੀ ਵੱਲੋਂ ਵਾਰ-ਵਾਰ ਰਾਖਵਾਂਕਰਨ ਦਾ ਲਾਭ ਲੈਣਾ ਗਲਤ ਹੈ। ਰੈਨਾ ਨੇ ਕਿਹਾ, "ਜਿਹੜੇ ਬੱਚੇ ਸੱਚਮੁੱਚ ਹੱਕਦਾਰ ਹਨ, ਉਨ੍ਹਾਂ ਨੂੰ ਹੀ ਰਾਖਵਾਂਕਰਨ ਮਿਲਣਾ ਚਾਹੀਦਾ ਹੈ। ਇੱਕ ਵਿਅਕਤੀ ਨੂੰ ਜੇਕਰ ਪੜ੍ਹਾਈ ਵਿੱਚ ਲਾਭ ਮਿਲ ਗਿਆ ਤਾਂ ਨੌਕਰੀ ਵਿੱਚ ਨਹੀਂ ਮਿਲਣਾ ਚਾਹੀਦਾ। ਉਨ੍ਹਾਂ ਕਿਹਾ ਕਿ ਮੈਰਿਟ ਵਾਲੇ ਵਿਦਿਆਰਥੀਆਂ ਤੇ ਨੌਜਵਾਨਾਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ।"

ਰੈਨਾ ਨੇ ਦੋਸ਼ ਲਾਇਆ ਕਿ ਰਾਸ਼ਟਰੀ ਮਾਈਨਾਰਟੀ ਐਕਟ ਅਧੀਨ ਸਿੱਖ ਭਾਈਚਾਰਾ ਮਾਈਨਾਰਟੀ ਹੈ, ਪਰ ਜੰਮੂ-ਕਸ਼ਮੀਰ ਵਿੱਚ ਸਿੱਖਾਂ ਲਈ ਕੋਈ ਰਾਖਵਾਂਕਰਨ ਨਹੀਂ ਹੈ, ਜੋ ਕਿ ਸਪੱਸ਼ਟ ਜ਼ੁਲਮ ਹੈ। ਉਨ੍ਹਾਂ ਸੱਤਾਧਾਰੀ ਨੈਸ਼ਨਲ ਕਾਨਫਰੰਸ ਤੇ "ਦੋਹਰਾ ਚਰਿੱਤਰ" ਅਪਣਾਉਣ ਦਾ ਦੋਸ਼ ਲਾਇਆ। ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿੱਖ ਭਾਈਚਾਰੇ ਲਈ ਜਲਦੀ ਤੋਂ ਜਲਦੀ ਵਨ-ਟਾਈਮ ਰਿਜ਼ਰਵੇਸ਼ਨ ਦਾ ਪ੍ਰਬੰਧ ਕੀਤਾ ਜਾਵੇ।

# ਪ੍ਰਸਿੱਧ ਅਦਾਕਾਰ ਨਾਲ ਹੋਈ ਚਾਰ ਕਰੋੜ ਦੀ ਠੱਗੀ, ਪੁਲਿਸ ਕਮਿਸ਼ਨਰ ਨੂੰ ਕੀਤੀ ਸ਼ਿਕਾਇਤ

## ✪ ਦਿੱਲੀ ਦਾ ਠੱਗ ਰਵਿੰਦਰ ਨਾਥ ਸੋਨੀ ਕਈਆਂ ਨਾਲ ਮਾਰ ਚੁਕਿਆ ਠੱਗੀ

ਕਾਨਪੁਰ-ਦਿੱਲੀ ਦੇ ਠੱਗ ਰਵਿੰਦਰ ਨਾਥ ਸੋਨੀ ਨੇ ਦੱਖਣ ਭਾਰਤ ਦੇ ਫਿਲਮ ਅਭਿਨੇਤਾ ਸੁਰਜ ਜੁਮਾਨੀ ਤੋਂ ਵੀ ਚਾਰ ਕਰੋੜ ਰੁਪਏ ਠੱਗ ਲਏ ਹਨ। ਬੀਤੇ ਦਿਨੀਂ ਅਭਿਨੇਤਾ ਨੇ ਪੁਲਿਸ ਕਮਿਸ਼ਨਰ ਰਘੁਬੀਰ ਲਾਲ ਨਾਲ ਮੁਲਾਕਾਤ ਕਰਕੇ ਆਪਣੀ ਪੀੜਾ ਦੱਸੀ। ਚੇਨਈ ਨਿਵਾਸੀ ਅਭਿਨੇਤਾ ਸੁਰਜ ਦੁਬਈ ਵਿੱਚ ਵੀ ਫਿਲਮਾਂ ਵਿੱਚ ਅਦਾਕਾਰੀ ਕਰ ਚੁੱਕੇ ਹਨ। ਠੱਗ ਦੁਬਈ ਦੇ ਇੱਕ ਬੈਂਕ ਵਿੱਚ ਸੇਲਜ਼ ਮੈਨੇਜਰ ਸੀ, ਉਦੋਂ ਹੀ ਦੋਵੇਂ ਸੰਪਰਕ ਵਿੱਚ ਆਏ ਸਨ।

ਪੁਲਿਸ ਅਨੁਸਾਰ, ਦੋਸ਼ੀ ਨੇ ਆਪਣੇ ਸਾਂਝੇਦਾਰਾਂ ਨਾਲ ਮਿਲ ਕੇ ਭਾਰਤ, ਦੁਬਈ ਸਮੇਤ ਕਈ ਦੇਸ਼ਾਂ ਦੇ 1000 ਤੋਂ ਵੱਧ ਲੋਕਾਂ ਤੋਂ 970 ਕਰੋੜ ਰੁਪਏ ਠੱਗੇ ਹਨ। ਉਸਦੇ 12 ਤੋਂ ਵੱਧ ਬੈਂਕ ਖਾਤਿਆਂ ਵਿੱਚ ਇਸ ਦਾ ਲੈਣ-ਦੇਣ ਮਿਲਣ ਦੀ ਗੱਲ ਕਹੀ ਜਾ ਰਹੀ ਹੈ। ਠੱਗੀ ਦੀ ਰਕਮ ਨੂੰ ਯੂਐਸ ਵਿੱਚ ਇੱਕ ਔਰਤ ਸਮੇਤ ਦੋ ਸਾਂਝੇਦਾਰ ਕ੍ਰਿਪਟੋ ਵਿੱਚ ਬਦਲਦੇ ਸਨ। ਜਦੋਂ ਠੱਗ ਨੇ ਦੋ ਸਾਲ ਪਹਿਲਾਂ ਦੁਬਈ ਵਿੱਚ ਬਲੂਚਿੱਪ ਟੋਕਨ ਕੰਪਨੀ ਦਾ ਉਦਘਾਟਨ ਕੀਤਾ ਸੀ, ਤਾਂ ਅਭਿਨੇਤਾ ਸੋਨੂੰ ਸੂਦ ਅਤੇ ਰੈਸਲਰ ਖਲੀ ਨੂੰ ਬ੍ਰਾਂਡ ਅੰਬੈਸਡਰ ਬਣਾਇਆ ਸੀ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਸ਼ੀ ਠੱਗੀ ਦੀ ਰਕਮ ਹਵਾਲਾ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਪਹੁੰਚਾਉਂਦਾ ਸੀ। ਦਿੱਲੀ ਦੇ ਮਾਲਵੀਆ ਵਿਹਾਰ ਨਿਵਾਸੀ ਰਵਿੰਦਰ ਨਾਥ ਸੋਨੀ ਨੇ ਦੁਬਈ ਵਿੱਚ 300 ਤੋਂ ਵੱਧ ਲੋਕਾਂ ਤੋਂ ਕਰੋੜਾਂ ਰੁਪਏ ਠੱਗੇ। ਫਿਰ ਉਸਨੇ ਭਾਰਤ, ਅਮਰੀਕਾ, ਮਲੇਸ਼ੀਆ, ਜਾਪਾਨ, ਸਾਊਦੀ ਅਰਬ, ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਇੱਕ ਦਰਜਨ ਤੋਂ ਵੱਧ ਕੰਪਨੀਆਂ 'ਬਲੂਚਿੱਪ' ਦੇ ਨਾਮ 'ਤੇ ਖੋਲ੍ਹੀਆਂ ਸਨ ਅਤੇ ਉਨ੍ਹਾਂ ਕੰਪਨੀਆਂ ਵਿੱਚ ਨਿਵੇਸ਼ ਕਰਨ 'ਤੇ 30 ਤੋਂ 40 ਪ੍ਰਤੀਸ਼ਤ ਤੱਕ ਲਾਭ ਦਿਵਾਉਣ ਦਾ ਵਾਅਦਾ ਕਰਕੇ 1000 ਤੋਂ ਵੱਧ ਲੋਕਾਂ ਤੋਂ ਰੁਪਏ ਆਪਣੇ ਖਾਤਿਆਂ ਵਿੱਚ ਟਰਾਂਸਫਰ ਕਰਵਾਏ ਸਨ।

ਇੱਕ ਸ਼ਿਕਾਇਤ 'ਤੇ ਦੁਬਈ ਪੁਲਿਸ ਨੇ ਉਸਨੂੰ ਜੇਲ੍ਹ ਭੇਜਿਆ ਸੀ। ਲਗਭਗ ਛੇ ਮਹੀਨੇ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਉਹ ਵਾਪਸ ਭਾਰਤ ਆ ਗਿਆ ਸੀ। ਇੱਥੇ ਉਸਨੇ ਕੇਰਲ, ਲਖਨਊ, ਅਲੀਗੜ੍ਹ, ਨਵੀਂ ਦਿੱਲੀ, ਹਰਿਆਣਾ ਦੇ ਪਾਣੀਪਤ, ਮੁੰਬਈ ਸਮੇਤ ਕਈ


ਰਵਿੰਦਰ ਨਾਥ ਸੋਨੀ

ਜ਼ਿਲ੍ਹਿਆਂ ਦੇ ਲੋਕਾਂ ਨੂੰ ਠੱਗਿਆ। ਉਸਨੇ ਕਾਨਪੁਰ ਦੇ ਪਰੇਡ ਨਿਵਾਸੀ ਅਬਦੁਲ ਕਰੀਮ ਅਤੇ ਦੁਬਈ ਦੀ ਕੰਪਨੀ ਵਿੱਚ ਕੰਮ ਕਰ ਰਹੇ ਉਨ੍ਹਾਂ ਦੇ ਬੇਟੇ ਤਲਹਾ ਕਰੀਮ ਤੋਂ ਬਲੂਚਿੱਪ ਕਮਰਸ਼ੀਅਲ ਬ੍ਰੋਕਰ ਐਂਡ ਬਲੂਚਿੱਪ ਗਰੁੱਪ ਆਫ਼ ਕੰਪਨੀਜ਼ ਵਿੱਚ ਨਿਵੇਸ਼ ਕਰਨ 'ਤੇ ਰਕਮ ਦੁੱਗਣੀ ਹੋਣ ਦਾ ਝਾਂਸਾ ਦੇ ਕੇ 42,29,600 ਰੁਪਏ ਠੱਗੇ ਸਨ।

ਜਦੋਂ ਅਬਦੁਲ ਨੇ 5 ਜਨਵਰੀ, 2025 ਨੂੰ ਸਦਰ ਕੋਤਵਾਲੀ ਵਿੱਚ ਮੁਕੱਦਮਾ ਦਰਜ ਕਰਵਾਇਆ ਤਾਂ ਪੁਲਿਸ ਨੇ ਦੋਸ਼ੀ ਨੂੰ ਸਰਵੀਲੈਂਸ ਦੀ ਮਦਦ ਨਾਲ 1 ਦਸੰਬਰ ਨੂੰ ਦੇਹਰਾਦੂਨ ਦੇ ਨਿਊ ਡਿਫੈਂਸ ਇਨਕਲੇਵ ਗੇਟ ਨੇੜਿਓਂ ਗ੍ਰਿਫ਼ਤਾਰ ਕਰਕੇ ਅਗਲੇ ਦਿਨ ਜੇਲ੍ਹ ਭੇਜ ਦਿੱਤਾ ਸੀ। ਕਾਨਪੁਰ ਕਮਿਸ਼ਨਰੇਟ ਦੇ ਪੁਲਿਸ ਕਮਿਸ਼ਨਰ ਰਘੁਬੀਰ ਲਾਲ ਅਨੁਸਾਰ, ਦੋਸ਼ੀ ਠੱਗ ਨੇ ਦੁਬਈ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਤੋਂ ਫੋਰੈਕਸ ਟਰੇਡਿੰਗ ਰਿਟਰਨ ਦੇ ਨਾਮ 'ਤੇ ਕਰੋੜਾਂ ਦਾ ਨਿਵੇਸ਼ ਕਰਵਾਇਆ ਅਤੇ ਉਸਨੇ ਲਗਭਗ 970 ਕਰੋੜ ਦੀ ਠੱਗੀ ਮਾਰੀ। ਦੋਸ਼ੀ ਦੇ ਜੇਲ੍ਹ ਜਾਣ ਤੋਂ ਬਾਅਦ ਕਈ ਥਾਵਾਂ ਤੋਂ ਸ਼ਿਕਾਇਤਾਂ ਆ ਰਹੀਆਂ ਹਨ। ਅਭਿਨੇਤਾ ਸੁਰਜ ਉਨ੍ਹਾਂ ਨੂੰ ਬੀਤੇ ਸ਼ੁੱਕਰਵਾਰ ਨੂੰ ਮਿਲੇ ਹਨ। ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਠੱਗ ਨੂੰ 2019 ਵਿੱਚ ਅਲੀਗੜ੍ਹ ਦੇ ਇੱਕ ਥਾਣੇ ਤੋਂ ਵੀ ਜੇਲ੍ਹ ਭੇਜਿਆ ਗਿਆ ਸੀ।

# ਇੰਦਰਪ੍ਰੀਤ ਪੈਰੀ ਦਾ ਕਤਲ ਪੀਯੂਸ਼ ਪਿਪਲਾਨੀ ਨੇ ਕੀਤਾ ਸੀ

## ✪ ਪੁਲਿਸ ਨੇ ਵਾਰਦਾਤ ਦਾ ਕੀਤਾ ਪਰਦਫਾਸ਼

ਚੰਡੀਗੜ੍ਹ-ਲਾਰੈਂਸ ਬਿਸ਼ਨੋਈ ਦੇ ਕਰੀਬੀ ਇੰਦਰਪ੍ਰੀਤ ਸਿੰਘ ਪੈਰੀ ਦਾ ਕਤਲ ਪੀਯੂਸ਼ ਪਿਪਲਾਨੀ ਨੇ ਕੀਤਾ ਹੈ। ਘਟਨਾ ਵਾਲੇ ਦਿਨ ਪੀਯਸ਼ ਹੀ ਪੈਰੀ ਨਾਲ ਕਾਰ 'ਚ ਬੈਠਾ ਸੀ ਅਤੇ ਉਸ ਨੂੰ ਟਿੰਬਰ ਮਾਰਕਿਟ ਲੈ ਕੇ ਗਿਆ ਸੀ। ਪੰਜਾਬ ਪੁਲਸ ਨੇ ਪੈਰੀ ਕਤਲ ਮਾਮਲੇ 'ਚ ਪੀਯੂਸ਼ ਦੀ ਇਕ ਵੀਡੀਓ ਪੇਸ਼ ਕੀਤੀ ਹੈ, ਜਿਸ ਵਿਚ ਦੋਵੇਂ ਇੱਕੋ ਕਾਰ 'ਚ ਬੈਠੇ ਹਨ। ਕਤਲ 'ਚ ਵਰਤੀ ਗਈ ਕਰੇਟਾ ਕਾਰ 2024 ਵਿਚ ਰਾਜਸਥਾਨ ਦੇ ਕੋਟਾ ਤੋਂ ਚੋਰੀ ਹੋਈ ਸੀ। ਕਾਤਲ ਇਸ ਕਾਰ 'ਚ ਵਾਰਦਾਤ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਗਏ ਸਨ। ਪੀਯੂਸ਼ ਪਿਪਲਾਨੀ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਤੇ ਸਰਗਰਮ ਮੈਂਬਰ ਮੰਨਿਆ ਜਾਂਦਾ ਹੈ।

ਕਬੱਡੀ ਖਿਡਾਰੀ ਦਾ ਕੀਤਾ ਸੀ ਪਿਊਸ਼ ਨੇ ਪੈਰੀ ਵਾਂਗ ਕਤਲ-ਪੈਰੀ ਦਾ ਕਤਲ ਵੀ 5 ਜੂਨ ਨੂੰ ਪੰਚਕੂਲਾ ਵਿਚ ਕਬੱਡੀ ਖਿਡਾਰੀ ਸੋਨੂੰ ਨੌਲਟਾ ਦੇ ਕਤਲ ਵਾਂਗ ਕੀਤਾ ਗਿਆ ਹੈ। ਪੀਯੂਸ਼ ਤੇ ਅੰਕੁਸ਼ ਕਬੱਡੀ ਖਿਡਾਰੀ ਸੋਨੂੰ ਨੂੰ ਕਾਰ ਵਿਚ ਬੈਠਾ ਕੇ ਗੋਲੀ ਮਾਰ ਕੇ ਫ਼ਰਾਰ ਹੋ ਗਏ ਸਨ। ਪੁਲਸ ਨੂੰ ਸ਼ੁਰੂ 'ਚ ਪੀਯੂਸ਼ 'ਤੇ ਸ਼ੱਕ ਹੋਇਆ ਪਰ ਪੰਜਾਬ ਪੁਲਸ ਨੂੰ ਫੁਟੇਜ ਮਿਲਣ ਤੋਂ ਬਾਅਦ ਸ਼ੱਕ ਪੱਕਾ ਹੋ ਗਿਆ। ਉਸ ਨੇ ਕਬੱਡੀ ਖਿਡਾਰੀ ਦਾ ਕਤਲ ਅਨਮੋਲ ਬਿਸ਼ਨੋਈ ਦੇ ਕਹਿਣ 'ਤੇ ਕੀਤਾ ਸੀ। ਪੰਚਕੂਲਾ ਪੁਲਸ ਲਈ ਪੀਯੂਸ਼ ਵਾਂਟੇਡ ਚੱਲ ਰਿਹਾ ਹੈ।



ਲਾਰੈਂਸ ਨੇ ਹਥਿਆਰ ਤੇ ਗੱਡੀ ਮੁਹੱਈਆ ਕਰਵਾਈ ਸੀ-ਲਾਰੈਂਸ ਦੇ ਗਿਰੋਹ ਦੇ ਇਕ ਮੈਂਬਰ ਨੇ ਪੈਰੀ ਦੇ ਕਤਲ ਲਈ ਪੀਯੂਸ਼ ਨੂੰ ਪਿਸਤੌਲ ਮੁਹੱਈਆ ਕਰਵਾਈ ਸੀ। ਘਟਨਾ ਤੋਂ ਬਾਅਦ ਪਿਸਤੌਲ ਗਿਰੋਹ ਦੇ ਮੈਂਬਰ ਨੂੰ ਵਾਪਸ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਇਕ ਹਫ਼ਤਾ ਪਹਿਲਾਂ ਗਿਰੋਹ ਦੇ ਮੈਂਬਰ ਨੇ ਪੈਰੀ ਦੀ ਰੇਕੀ ਕਰਨ ਲਈ ਕਾਰ ਵੀ ਦਿੱਤੀ ਸੀ। ਪੀਯੂਸ਼ ਟ੍ਰਾਈਸਿਟੀ ਦੇ ਰੂਟਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੈ। ਇਸ ਲਈ ਸੈਕਟਰ-26 'ਚ ਪੈਰੀ ਨੂੰ ਮਾਰਨ ਤੋਂ ਬਾਅਦ ਉਹ ਪੰਚਕੂਲਾ ਗਏ ਸਨ। ਉੱਥੋਂ ਪੀਯੂਸ਼ ਆਪਣੇ ਸਾਥੀ ਨਾਲ ਫ਼ਰਾਰ ਹੋ ਗਿਆ ਸੀ।

# ਨਸ਼ੇੜੀ ਨੇ ਆਪਣੇ ਘਰ ਨੂੰ ਲਗਾ ਦਿੱਤੀ ਅੱਗ



ਕਪੂਰਥਲਾ-ਨਸ਼ਿਆਂ ਲਈ ਮਾਂ ਵੱਲੋਂ ਪੈਸੇ ਨਾ ਦੇਣ ਤੋਂ ਗੁੱਸੇ ਵਿੱਚ ਆਏ ਪੁੱਤ ਨੇ ਘਰ ਨੂੰ ਅੱਗ ਲਗਾ ਦਿੱਤੀ। ਸਿਟੀ ਪੁਲੀਸ ਨੇ ਨੌਜਵਾਨ ਜਸਪ੍ਰੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਸ਼ਾਂਤੀ ਦੇਵੀ ਪਤਨੀ ਮਰਹੂਮ ਸੰਤਰੈਣ ਸਿੰਘ ਨੇ ਪੁਲੀਸ ਨੂੰ ਦੱਸਿਆ ਘਰ ਅੰਦਰ ਪਿਆ ਸਾਮਾਨ ਅਤੇ ਕਮਰਾ ਸੜ ਗਿਆ ਹੈ।

# ਬਟਾਲਾ ਵਿਖੇ ਰਾਤ ਦੌਰਾਨ ਚੱਲੀਆਂ ਗੋਲੀਆਂ, ਗੱਡੀ ਲੰਘਾਉਣ ਲਈ ਮੰਗਿਆ ਸੀ ਰਸਤਾ; ਦੋ ਜ਼ਖਮੀ

ਬਟਾਲਾ-ਬਟਾਲਾ ਦੇ ਸਟਾਫ ਰੋਡ 'ਤੇ ਗੱਡੀ ਲੰਘਾਉਣ ਲਈ ਰਸਤਾ ਮੰਗਣ ਉੱਤੇ ਦੋ ਧਿਰਾਂ ਵਿੱਚ ਤਕਰਾਰ ਹੋ ਗਿਆ। ਇਸ ਦੌਰਾਨ ਇੱਕ ਧਿਰ ਵੱਲੋਂ ਗੋਲੀਆਂ ਚਲਾ ਦਿੱਤੀਆਂ ਗਈਆਂ। ਗੋਲੀ ਕਾਂਡ ਵਿਚ ਦੋ ਨੌਜਵਾਨ ਜ਼ਖ਼ਮੀ ਹੋ ਗਏ ਹਨ, ਜਿਨਾਂ ਨੂੰ ਇਲਾਜ ਲਈ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ।

ਜ਼ਖ਼ਮੀ ਨੌਜਵਾਨਾਂ ਦੀ ਪਛਾਣ ਚੰਦਨ ਕੁਮਾਰ ਬਟਾਲਾ ਅਤੇ ਸੌਰਵ ਭਗਤ ਬਟਾਲਾ ਵਜੋਂ ਹੋਈ ਹੈ। ਗੋਲੀ ਲੱਗਣ ਨਾਲ ਜ਼ਖ਼ਮੀ ਹੋਏ





ਨੌਜਵਾਨ ਚੰਦਨ ਕੁਮਾਰ ਦੇ ਪਿਤਾ ਅਸ਼ੋਕ ਕੁਮਾਰ ਨੇ ਦੱਸਿਆ ਕਿ ਉਹਨਾਂ ਨੂੰ ਉਸਦੇ ਪੁੱਤਰ ਦਾ ਫੋਨ ਆਇਆ ਸੀ ਕਿ ਉਸਨੂੰ ਗੋਲੀ ਲੱਗ ਗਈ ਹੈ। ਉਸ ਨੇ ਦੱਸਿਆ ਕਿ ਸਿਵਲ ਹਸਪਤਾਲ ਬਟਾਲਾ ਵਿਚ ਆਣ ਕੇ ਪਤਾ ਲੱਗਾ ਕਿ ਉਸਦਾ ਪੁੱਤਰ ਚੰਦਨ ਅਤੇ ਸੌਰਵ ਆਪਣੇ ਕੰਮ ਤੋਂ ਵਾਪਸ ਘਰ ਨੂੰ ਆ ਰਹੇ ਸਨ ਕਿ ਸਟਾਫ ਰੋਡ 'ਤੇ ਰਾਹ 'ਚ ਗੱਡੀ ਖੜ੍ਹੋਤੀ ਸੀ ਜਦੋਂ ਉਨ੍ਹਾਂ ਕੋਲੋਂ ਰਸਤਾ ਮੰਗਿਆ ਤਾਂ ਗੱਡੀ ਸਵਾਰ ਨੌਜਵਾਨਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਦੱਸਿਆ ਕਿ ਚੰਦਨ ਅਤੇ ਸੌਰਵ ਦੇ ਪੱਟਾਂ ਅਤੇ ਲੱਤਾਂ 'ਚ ਗੋਲੀਆਂ ਲੱਗੀਆਂ ਹਨ। ਅਸ਼ੋਕ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਕਿਸੇ ਨਾਲ ਦੁਸ਼ਮਣੀ ਨਹੀਂ ਹੈ ਅਤੇ ਉਨ੍ਹਾਂ ਨੂੰ ਗੋਲੀਆਂ ਚਲਾਉਣ ਵਾਲਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਉਨ੍ਹਾਂ ਪੁਲਿਸ ਤੋਂ ਇਨਸਾਫ ਦੀ ਗੁਹਾਰ ਲਗਾਈ ਹੈ। ਸਿਵਲ ਹਸਪਤਾਲ ਬਟਾਲਾ ਦੇ ਐਮਰਜੈਂਸੀ ਵਾਰਡ ਦੇ ਡਾਕਟਰ ਨੇ ਕਿਹਾ ਕਿ ਗੋਲੀ ਲੱਗਣ ਨਾਲ ਜ਼ਖ਼ਮੀ ਦੋ ਨੌਜਵਾਨ ਇਲਾਜ ਲਈ ਹਸਪਤਾਲ ਆਏ ਸੀ, ਜਿਨ੍ਹਾਂ ਨੂੰ ਫਸਟ ਏਡ ਦੇ ਕੇ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ। ਉਧਰ ਉਕਤ ਮਾਮਲੇ ਦੀ ਜਾਂਚ ਸਿਵਲ ਲਾਈਨ ਥਾਣੇ ਦੀ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

# ਬਾਲਾ ਸੰਧੂ ਬਨਾਮ ਬਾਲਾ ਘਣਘਸ

ਸਰਵਜੀਤ ਸਿੰਘ ਸੈਕਰਾਮੈਂਟੋ



ਸਿੱਖ ਸਾਹਿਤ ਵਿੱਚ ਜਨਮਸਾਖੀਆਂ ਬਹੁਤ ਹੀ ਅਹਿਮ ਅਸਥਾਨ ਰੱਖਦੀਆਂ ਹਨ। ਮੁਖ ਤੌਰ ਤੇ ਚਾਰ ਜਨਮਸਾਖੀਆਂ (ਮਿਹਰਵਾਨ ਵਾਲੀ ਜਨਮਸਾਖੀ, ਪੁਰਾਤਨ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ) ਚਰਚਾ ਦਾ ਵਿਸ਼ਾ ਬਣੀਆਂ ਹਨ। ਇਨ੍ਹਾਂ ਵਿੱਚ ਵੀ ਸੱਭ ਤੋਂ ਵੱਧ ਪ੍ਰਚਾਰ,ਪਸਾਰ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਦਾ ਹੋਇਆ ਹੈ। ਦੂਜੇ ਪਾਸ ਇਹ ਵੀ ਸੱਚ ਹੈ ਸਭ ਤੋਂ ਵੱਧ ਅਲੋਚਨਾ ਵੀ ਇਸੇ ਜਨਮਸਾਖੀ ਦੀ ਹੀ ਹੋਈ ਹੈ।

ਬਾਲਾ ਸੰਧੂ:-ਪ੍ਰਚਲੱਤ ਰਵਾਇਤ ਮੁਤਾਬਕ ਇਹ ਗੁਰੂ ਨਾਨਕ ਜੀ ਦੇ ਸਫਰਾਂ ਦੇ ਸਾਥੀ ਸੀ। ਭਾਈ ਬਾਲੇ ਨੇ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰੂ ਨਾਨਕ ਜੀ ਦੇ ਸਬੰਧੀ ਸਾਖੀਆਂ ਸੁਣਾਈਆਂ ਸਨ। ਜਿਨ੍ਹਾਂ ਨੂੰ ਮੋਖੇ ਪੈੜੇ ਨੇ ਲਿਖਿਆ ਸੀ। ਜਿਸ ਨੂੰ ਭਾਈ ਬਾਲੇ ਵਾਲੀ ਜਨਮਸਾਖੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੰਧੂ ਗੋਤ ਦਾ ਜੱਟ, ਭਾਈ ਬਾਲੇ ਦਾ ਜਨਮ 1523 ਬਿਕ੍ਰਮੀ (1466 ਈ:) ਨੂੰ ਚੰਦਰ ਭਾਨ ਸੰਧੂ ਦੇ ਘਰ, ਰਾਇ ਭੋਇ ਕੀ ਤਲਵੰਡੀ ਹੋਇਆ ਸੀ। ਪਰ ਜਦੋਂ ਅਸੀ ਜਨਮਸਾਖੀ ਵੇਖਦੇ ਹਾਂ ਤਾਂ ਉਸ ਮੁਤਾਬਕ ਬਾਲੇ ਦੇ ਜਨਮ ਸਾਲ ਠੀਕ ਨਹੀਂ ਬੈਠਦਾ, " ਜੀ ਮੈਥੋ ਤ੍ਰੈ ਵਰ੍ਹੇ ਗੁਰੂ ਨਾਨਕ ਵਡਾ ਸੀ। ਮੈਂ ਗੁਰੂ ਨਾਨਕ ਜੀ ਦੇ ਨਾਲਿ ਪਿਛੇ ਲਗਾ ਫਿਰਦਾ ਸੀ"। ( ਡਾ ਸੁਖਦਿਆਲ ਸਿੰਘ, ਜੀਵਨ-ਇਤਿਹਾਸ ਗੁਰੂ ਨਾਨਕ ਸਾਹਿਬ, ਪੰਨਾ 48) ਇਸ ਮੁਤਾਬਕ ਤਾਂ ਬਾਲੇ ਦਾ ਜਨਮ 1529 ਬਿਕ੍ਰਮੀ (1472 ਈ:) ਬਣਦਾ ਹੈ। ਬਾਲੇ ਸੰਧੂ ਦਾ ਦਿਹਾਤ 1601 ਬਿਕ੍ਰਮੀ, (1544 ਈ:) ਵਿੱਚ ਹੋਇਆ ਮੰਨਿਆ ਜਾਂਦਾ ਹੈ। ਭਾਵ ਗੁਰੂ ਨਾਨਕ ਜੀ ਦੇ ਦੇਹਾਂਤ ਤੋਂ ਪੰਜ ਵਰ੍ਹੇ ਪਿੱਛੋਂ। ਇਸ ਦਾ ਅੰਤਿਮ ਸੰਸਕਾਰ ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਹੱਥੀ ਕੀਤਾ ਸੀ। ਇਸ ਦੀ ਯਾਦ ਵਿੱਚ ਖਡੂਰ ਸਾਹਿਬ ਵਿਖੇ ਗੁਰਦੁਆਰਾ ਤਪਿਆਣਾ ਸਾਹਿਬ ਬਣਿਆ ਹੋਇਆ ਹੈ। ਇਸ ਦੀ ਕੁਲ ਉਮਰ 78 ਸਾਲ ਜਾਂ 72 ਸਾਲ ਵਿੱਚੋਂ ਇਕ ਮੰਨਣੀ ਪਵੇਗੀ।

ਬਾਲਾ ਘਣਘਸ:- ਬਾਲ ਚੰਦ ਉਰਫ ਬਾਲਾ, ਬਾਬਾ ਹੰਦਾਲ (1630-1705 ਬਿ:) ਦਾ ਜੇਠਾ ਪੁੱਤਰ ਸੀ। ਇਸ ਦਾ ਜਨਮ 1657 ਬਿਕ੍ਰਮੀ ਅਤੇ ਇਸ ਦੇ ਛੋਟੇ ਭਰਾ ਵਿਧੀ ਚੰਦ ਦਾ ਜਨਮ 1660 ਬਿਕ੍ਰਮੀ ਵਿੱਚ ਹੋਇਆ ਮੰਨਿਆ ਜਾਂਦਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਦਾ ਮੁਖ ਪਾਤਰ ਭਾਈ ਬਾਲਾ, ਇਹ ਬਾਲ ਚੰਦ ਹੀ ਹੈ। ਮੌਜੂਦਾ ਜਨਮ ਸਾਖੀ ਬਾਲੇ ਦੇ ਛੋਟੇ ਭਰਾ ਵਿਧੀ ਚੰਦ ਨੇ, ਲਹੌਰ ਨਿਵਾਸੀ ਗੋਰਖਦਾਸ ਤੋਂ ਲਿਖਵਾਈ ਸੀ। ਅਤੇ ਉਸ ਦਾ ਮੁਖ ਮਾਤਰ ਆਪਣੇ ਵੱਡੇ ਭਰਾ ਬਾਲ ਚੰਦ ਨੂੰ ਰੱਖਿਆ ਸੀ।

"ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਹੀਈਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਛੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ" । (ਡਾ. ਗੁਰਬਚਨ ਕੌਰ, ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ,ਪੰਨਾ 146)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ: ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼ ॥੧੩॥

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜਿਕਰ ਕਰ ਰਹੇ ਹਨ ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ।
ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ
ਦਈ ਬਿਆਸ ਬੀਚ ਡਬੋਇ॥੨੭॥
ਪੰਨੇ ਛੇਦੇ ਦਈ ਬਹਾਈ।
ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹ ਕੋ ਤਾਤਪਰਜ ਸਭਿ ਚੀਨੇ।
ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ ਤਾ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ? ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਦੇ ਕੱਟੜ ਹਮਾਇਤੀ , ਮੌਜੂਦਾ ਸਾਰੇ ਵਿਦਵਾਨ / ਇਤਿਹਾਸਕਾਰ ਇਹ ਮੰਨਦੇ ਹਨ



ਕਿ , ਮੌਜੂਦਾ ਜਨਮਸਾਖੀ ਹਿੰਦਾਲੀਆਂ ਵੱਲੋਂ ਤਿਆਰ ਕਰਵਾਈ ਹੋਈ ਹੈ।

ਡਾ ਹਰਪਾਲ ਸਿੰਘ ਪੰਨੂ, ਜੋ ਇਕ ਵੀਡੀਓ ਵਿੱਚ ਦੱਸਦੇ ਹਨ ਉਨ੍ਹਾਂ ਨੇ ਚੌਹਾ ਜਨਮਸਾਖੀਆਂ ਦਾ ਅਧਿਐਨ ਕੀਤਾ ਹੈ, ਵਿਦਿਆਰਥੀਆਂ ਨੂੰ ਪੜ੍ਹਾਈਆਂ ਹਨ ਅਤੇ ਫ਼ਹ.ਧ ਵੀ ਕਰਵਾਈ ਹੈ। ਅੱਜ ਵੀ ਉਹ ਜਨਮਸਾਖੀਆਂ ਦਾ ਪ੍ਰਚਾਰ ਕਰਦੇ ਹਨ। ਉਹ ਆਪਣੇ ਲੇਖ, "ਕੋਹਿਨੂਰ ਦਾ ਪਾਰਖੂ, ਰਾਇ ਬੁਲਾਰ ਖਾਨ ਸਾਹਿਬ" (ਗੋਤਮ ਤੋਂ ਤਾਸਕੀ ਤੱਕ, ਪੰਨਾ 99) ਵਿੱਚ, ਭਾਈ 'ਬਾਲੇ ਸੰਧੂ' ਨੂੰ ਗੁਰੂ ਨਾਨਕ ਜੀ ਦੇ ਸਿੱਖਾਂ ਵਿੱਚ ਵੀ ਸ਼ਾਮਿਲ ਨਹੀਂ ਕਰਦੇ। 'ਬਾਲੇ ਘਣਘਸ' ਵਾਲੀ ਮੌਜੂਦਾ ਜਨਮਸਾਖੀ ਦੀ ਵਰਤੋਂ ਹਵਾਲੇ ਦੇਣ ਲਈ ਜਰੂਰ ਕਰਦੇ ਹਨ।

"ਬਾਕੀ ਸੰਸਾਰ ਜਿਸ ਤੋਂ ਵੰਚਿਤ ਸੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ ਜੀ ਅਤੇ ਰਾਇ ਬੁਲਾਰ ਖ਼ਾਨ ਸਾਹਿਬ ਨੂੰ ਰੱਬ ਨੇ ਉਹ ਨਜ਼ਰ ਦਿੱਤੀ। ਅਸੀਂ ਭਾਈ ਲਹਿਣਾ ਜੀ ਦਾ ਨਾਮ ਜਾਣ ਕੇ ਨਹੀਂ ਲਿਆ ਕਿਉਂਕਿ ਇਸ ਸੰਖੇਪ ਨਿਬੰਧ ਵਿਚ ਗੁਰੂ ਜੀ ਦੀ ਨਹੀਂ, ਸਿੱਖ ਦੀ ਤਸਵੀਰ ਦੇਖਣ ਦਾ ਯਤਨ ਕਰਾਂਗੇ। ਗੁਰੂ ਬਾਬਾ ਜੀ ਦੇ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿਚੋਂ ਅਨੰਤ ਰੂਹਾਨੀਅਤ ਦਾ ਸੂਰਜ ਉਦੈ ਹੁੰਦਿਆਂ ਇਨ੍ਹਾਂ ਤਿੰਨ ਸਿੱਖਾਂ ਨੇ ਪ੍ਰਤੱਖ ਦੇਖਿਆ। ਬੇਬੇ ਨਾਨਕੀ ਬਾਬਾ ਜੀ ਤੋਂ ਚਾਰ ਸਾਲ ਵੱਡੇ ਸਨ, ਭਾਈ ਮਰਦਾਨਾ ਜੀ ਦਸ ਸਾਲ ਅਤੇ ਰਾਇ ਬੁਲਾਰ ਸਾਹਿਬ ਪੱਚੀ ਸਾਲ ਦੇ ਕਰੀਬ ਵੱਡੇ ਸਨ। ਤਿੰਨੇ ਗੁਰੂ ਬਾਬੇ ਦੀ ਸ਼ਖ਼ਸੀਅਤ ਉਪਰ ਫ਼ਿਦਾ ਸਨ। ਸਾਖੀ ਦੱਸਦੀ ਹੈ ਕਿ ਬਾਬਾ ਜੀ ਧੁਰ ਦਿਲ ਦੀਆਂ ਡੂੰਘਾਣਾਂ ਵਿਚੋਂ ਇਨ੍ਹਾਂ ਨੂੰ ਪਿਆਰ ਕਰਦੇ ਸਨ। ਬਿਖੜੇ ਪੰਧ ਵਿਚ ਭਾਈ ਮਰਦਾਨਾ ਜਦੋਂ ਕਿਸੇ ਲੋੜੀਂਦੀ ਵਸਤੂ ਦੀ ਮੰਗ ਕਰਦੇ ਤਾਂ ਮਹਾਰਾਜ ਨਾਰਾਜ਼ ਨਹੀਂ ਹੁੰਦੇ ਸਨ"। (ਉਹੀ ਪੰਨਾ 99)

"ਬੇਬੇ ਨਾਨਕੀ ਦੀ ਮੰਗਣੀ ਦਾ ਫੈਸਲਾ ਰਾਇ ਬੁਲਾਰ ਸਾਹਿਬ ਦੀ ਹਵੇਲੀ ਵਿਚ ਹੋਇਆ। ਭਾਈ ਬਾਲੇ ਵਾਲੀ ਸਾਖੀ ਵਿਚ ਇਹ ਸ਼ਬਦ ਦਰਜ ਹਨ-ਚੇਤ ਵਸਾਖ ਦੇ ਦਿਨ ਆਹੇ। ਵਾਰ ਛਨਿਛਰ ਦਿਨ। ਜੈਰਾਮ ਅਤੇ ਨਾਨਕੀ ਦੀ ਕੁੜਮਾਈ ਹੋਈ। ਮੱਘਰ ਵਿਚ ਵਿਆਹ ਹੋਇਆ"। (ਉਹੀ, ਪੰਨਾ 103)

"ਫਿਰ ਰਾਏ ਨੇ ਹਮੀਦੇ ਨੌਕਰ ਨੂੰ ਬੁਲਾਇਆ ਤੇ ਕਿਹਾ, "ਸੁਧੇ ਨੂੰ ਬੁਲਾ ਲਿਆ। ਕਮਾਲ ਖਾਣਾ ਉਹੋ ਬਣਾ ਸਕਦਾ ਹੈ ।" ਹਮੀਦਾ ਗਿਆ ਤਾਂ ਪੁੱਛਿਆ, "ਦਸੋ ਬਾਬਾ ਜੀ ਕੀ ਛਕਣਾ ਹੈ।" ਬਾਬਾ ਜੀ ਨੇ ਕਿਹਾ, "ਕਰਤਾਰ ਜੋ ਭੇਜਦਾ ਹੈ ਖਾ ਲੈਂਦੇ ਹਾਂ।" ਰਾਇ ਨੇ ਪੁੱਛਿਆ, "ਆਗਿਆ ਹੋਵੇ ਤਾਂ ਬੱਕਰਾ ਬਣਾ ਲਈਏ?" ਬਾਬਾ ਜੀ ਨੇ ਕਿਹਾ, "ਪੁੱਛਣ ਦੱਸਣ ਫਰਮਾਇਸ਼ਾਂ ਦੀ ਕੀ ਲੋੜ ਇਥੇ। ਖੁਸ਼ ਹੋ ਕੇ ਜੋ ਖੁਆਓਗੇ ਖਾਵਾਂਗੇ । ਜੋ ਤੁਸਾਂ ਨੂੰ ਭਾਵੇ ਸੋਈ ਅਸਾਂ ਲਈ ਅੱਛਾ ਹੈ।" ਰਾਇ ਨੇ ਰਸੋਈਏ ਨੂੰ ਕਿਹਾ, "ਪਹਿਲੋਂ ਮਿੱਠਾ ਬਣਾਉ। ਸਲੂਣਾ ਬਾਅਦ ਵਿਚ ਛਕਾਂਗੇ।" ਇਹ ਪ੍ਰਸੰਗ ਭਾਈ ਬਾਲੇ ਜੀ ਦੀ ਸਾਖੀ ਵਿਚੋਂ ਹੈ"। (ਉਹੀ ਪੰਨਾ 107)

ਇਸੇ ਕਿਤਾਬ ਵਿੱਚ ਭਾਈ ਮਰਦਾਨਾ ਜੀ ਬਾਰੇ ਤਾਂ 11 ਪੰਨਿਆ ਦਾ ਲੇਖ ਹੈ ਪਰ ਬਾਲਾ ਸੰਧੂ ਇਥੇ ਵੀ ਗੈਰਹਾਜ਼ਰ ਹੈ। ਹਾਂ, ਇਕ ਵਾਰ ਬਾਲੇ ਦਾ ਜਿਕਰ ਮਿਲਦਾ ਹੈ ਜਿਸ ਦਾ ਚਲ ਰਹੇ ਪ੍ਰਸੰਗ ਨਾਲ ਕੋਈ ਸਬੰਧ ਨਹੀਂ ਹੈ। "ਸਿੱਖ ਦੇ ਮਨ ਵਿਚ ਗੁਰੂ ਬਾਬੇ ਦੀ ਇਕੱਲਿਆਂ ਦੀ ਤਸਵੀਰ ਕਦੀ ਨਹੀਂ ਆਉਂਦੀ। ਆ ਹੀ ਨਹੀਂ ਸਕਦੀ। ਰਬਾਬ ਮੋਢੇ ਤੇ ਲਟਕਾਈ ਉਹ ਅਨੰਤ ਦੇ ਸਫ਼ਰ ਵਿਚ ਨਾਲ-ਨਾਲ ਹਨ ਹਮੇਸਾ ਇਕ ਪਾਸੇ ਭਾਈ ਬਾਲਾ ਦੂਜੇ ਪਾਸੇ ਮਰਦਾਨਾ"। (ਉਹੀ ਪੰਨਾ 124)

ਹੋ ਸਕਦਾ ਹੈ ਕਿ ਜਿਥੇ ਬੈਠ ਕੇ ਡਾ ਪਨੂੰ ਇਹ ਲੇਖ ਲਿਖ ਰਿਹਾ ਹੋਵੇ, ਉਥੇ ਕੰਧ ਤੇ ਕੈਲੰਡਰ ਟੰਗਿਆ ਹੋਵੇ ਤਾਂ ਉਸ ਫੋਟੋ ਦਾ ਜਿਕਰ ਕਰ ਦਿੱਤਾ ਹੋਵੇ। ਉਞ ਦੋਵਾਂ ਲੇਖਾਂ ਵਿੱਚ ਬਾਲੇ ਸੰਧੂ ਦਾ ਜਿਕਰ ਨਾ ਕਰਨਾ ਜਾਂ ਬਾਲੇ ਸੰਧੂ ਨੂੰ ਗੁਰੂ ਜੀ ਦਾ ਸਿੱਖ ਨਾ ਮੰਨਣਾ, ਇਸ ਗੱਲ ਦਾ ਸਬੂਤ ਹੈ ਕਿ ਡਾ ਪਨੂੰ ਵੀ ਬਾਲਾ ਸੰਧੂ ਨੂੰ ਫਰਜੀ ਪਾਤਰ ਹੀ ਮੰਨਦਾ ਹੈ।

ਹੁਣ ਸਾਡੇ ਸਾਹਮਣੇ ਦੋ ਪਾਤਰ ਬਾਲਾ ਸੰਧੂ ਅਤੇ ਬਾਲਾ ਘਣਘਸ ਹਨ। ਪ੍ਰਚੱਲਿਤ ਜਨਮਸਾਖੀ ਭਾਈ ਬਾਲਾ , ਹਿੰਦਾਲੀਆਂ ਵੱਲੋਂ 1715 ਬਿ: (1658 ਈ:) ਵਿੱਚ ਲਿਖਵਾਈ ਗਈ ਸੀ। ਇਸ ਦਾ ਮੁਖ ਪਾਤਰ ਬਾਲਾ ਘਣਘਸ ਹੈ। ਬਾਲਾ ਸੰਧੂ ਫਰਜੀ ਪਾਤਰ ਹੈ। ਉਸ ਨੇ ਕੋਈ ਜਨਮਸਾਖੀ ਨਹੀਂ ਲਿਖਵਾਈ। ਇਹ ਸਾਰੀ ਕਹਾਣੀ ਬਾਲੇ ਘਣਘਸ ਵਾਲੀ ਜਨਮਸਾਖੀ ਪੜ੍ਹ ਕੇ ਘੜੀ ਗਈ ਹੋ ਸਕਦੀ ਹੈ। ਪਰ ਜਦੋਂ ਇਸ ਦੀ ਪਰਖ-ਪੜਤਾਲ ਹੋਈ ਤਾਂ ਇਹ ਕਹਾਣੀ ਰੇਤ ਦੇ ਮਹਿਲ ਵਾਗੂੰ ਢਹਿ ਢੇਰੀ ਹੋ ਗਈ। ਇਸ ਜਨਮ ਸਾਖੀ ਦੇ ਅੰਦਰਲੀਆਂ ਗਵਾਹੀਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਹਨ। ਬਾਲਾ ਸੰਧੂ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1597 ਬਿਕ੍ਰਮੀ (1540 ਈ:) ਦੀ ਲਿਖੀ ਹੋਈ ਭਾਈ ਬਾਲੇ ਸੰਧੂ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ।

# ਪੰਜਾਬ ਵਿਚੋਂ ਭਈਏ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ

ਡਾਕਟਰ ਅਮਨਪ੍ਰੀਤ ਸਿੰਘ ਬਰਾੜ



ਅੱਜ-ਕਲ੍ਹ ਪੰਜਾਬ ਵਿਚ ਇਕ ਖ਼ਾਸ ਚਰਚਾ ਹੈ ਕਿ ਪੰਜਾਬ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਵਿਦੇਸ਼ ਤੁਰ ਜਾਣ ਨਾਲ ਪੰਜਾਬ ਖਾਲੀ ਹੋਣ ਲੱਗਾ ਹੈ। ਉਨ੍ਹਾਂ ਦੀ ਜਗ੍ਹਾ ਇੱਥੇ ਦੂਜੇ ਸੂਬਿਆਂ ਤੋਂ ਆਏ ਲੋਕਾਂ, ਖਾਸ ਕਰਕੇ ਬਿਹਾਰ ਤੇ ਯੂ.ਪੀ. ਵਾਲਿਆਂ ਲੈ ਲਈ ਹੈ। ਪੰਜਾਬ ਵਿਚ ਸਭ ਤੋਂ ਪਹਿਲਾਂ ਦੁਆਬੇ ਦੇ ਪਿੰਡਾਂ 'ਚੋਂ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ ਸੀ। ਇਸ ਦਾ ਮੁੱਖ ਕਾਰਨ ਜ਼ਮੀਨਾਂ ਥੋੜ੍ਹੀਆਂ ਹੋਣ ਕਰਕੇ ਲੋਕਾਂ ਦਾ ਗੁਜ਼ਾਰਾ ਔਖਾ ਹੁੰਦਾ ਸੀ, ਪੜ੍ਹੇ-ਲਿਖੇ ਲੋਕਾਂ ਦੇ ਬਾਹਰ ਚਲੇ ਜਾਣ ਨਾਲ ਪਿੱਛੇ ਪਰਿਵਾਰਾਂ ਦਾ ਗੁਜ਼ਾਰਾ ਸੌਖਾ ਹੋਣ ਲੱਗਾ। ਜਦੋਂ ਬਾਹਰੋਂ ਪੌਂਡ/ਡਾਲਰ ਆਉਣ ਲੱਗੇ ਤਾਂ ਮਗਰ ਵਾਲਿਆਂ ਨੇ ਜ਼ਮੀਨਾਂ ਤੇ ਵੱਡੇ ਘਰ ਬਣਾਉਣ ਤੋਂ ਇਲਾਵਾ ਸਾਧਾਰਨ ਕਿਸਾਨ ਤੋਂ ਸਰਦਾਰੀ ਤੱਕ ਦਾ ਸ.ਫਰ ਤਹਿ ਕੀਤਾ।

ਪੰਜਾਬ ਤੋਂ ਪ੍ਰਵਾਸ ਨੂੰ ਵੱਡਾ ਹੁਲਾਰਾ ਸਾਲ 1984 ਵਿਚ ਵੀ ਮਿਲਿਆ, ਜਦੋਂ ਲੋਕਾਂ ਨੇ ਪੰਜਾਬ ਦੇ ਮਾਹੌਲ ਤੋਂ ਡਰਦਿਆਂ ਆਪਣੇ ਬੱਚੇ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ। ਸਮਾਂ ਬੀਤਣ 'ਤੇ ਬਾਹਰਲਿਆਂ ਦੀ ਚੜ੍ਹਾਈ ਵੇਖ ਕੇ ਵਿਦੇਸ਼ ਜਾਣ ਦਾ ਰੁਝਾਨ ਵਧ ਗਿਆ। ਫਿਰ ਪੰਜਾਬੀਆਂ ਦੀ ਵਿਦੇਸ਼ਾਂ 'ਚ ਤੂਤੀ ਬੋਲਣ ਲੱਗੀ, ਅੱਜ ਉਹ ਬਾਹਰਲੇ ਦੇਸ਼ਾਂ ਦੀ ਪਾਰਲੀਮੈਂਟ ਵਿਚ ਪਹੁੰਚ ਕੇ ਵਜ਼ੀਰ ਤੱਕ ਬਣ ਚੁੱਕੇ ਹਨ। ਇੱਥੇ ਅਸੀਂ ਉਨ੍ਹਾਂ ਦੀ ਉੱਥੇ ਤਰੱਕੀ ਦੇਖ ਕੇ ਖ਼ੁਸ਼ ਹੁੰਦੇ ਹਾਂ, ਪਰ ਇਹ ਕਦੇ ਨਹੀਂ ਸੋਚਿਆ ਕਿ ਪਿੱਛੇ ਪੰਜਾਬ ਖਾਲੀ ਹੁੰਦਾ ਜਾ ਰਿਹਾ ਹੈ। ਜਦਕਿ ਬਿਹਾਰ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ ਤੋਂ ਧੜਾਧੜ ਪ੍ਰਵਾਸੀ ਆ ਰਹੇ ਹਨ। ਭਾਵੇਂ ਹੁਣ ਪ੍ਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਦੇ ਚਰਚੇ ਚੱਲ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਮਿਸਤਰੀਆਂ ਤੇ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਵੇਗੀ ਤੇ ਕਈ ਤਰ੍ਹਾਂ ਦੇ ਵਪਾਰ ਰੁਕ ਜਾਣਗੇ। ਇਕ ਉਦਾਹਰਨ ਨਾਲ ਸਮਝਦੇ ਹਾਂ, ਸਾਡੇ ਇਕ ਰਿਸ਼ਤੇਦਾਰ ਨੇ ਦੋ ਕਮਰੇ ਬਣਾਉਣੇ ਸੀ ਤੇ ਉਹ ਕੰਮ ਸਿਰ.ਫ ਪੰਜਾਬੀ ਮਿਸਤਰੀ ਤੋਂ ਕਰਵਾਉਣਾ ਚਾਹੁੰਦਾ ਸੀ। ਜਦੋਂ ਉਸ ਨੂੰ ਇਕ ਪੰਜਾਬੀ ਮਿਸਤਰੀ ਮਿਲਿਆ ਤਾਂ ਉਸ ਨੇ ਕੰਮ ਦਾ ਰੇਟ ਇੰਨਾ ਜ਼ਿਆਦਾ ਮੰਗਿਆ ਕਿ ਆਖਰ ਉਸ ਨੂੰ ਪ੍ਰਵਾਸੀਆਂ ਤੋਂ ਹੀ ਕਮਰੇ ਬਣਵਾਉਣੇ ਪਏ। ਫਿਰ ਬਿਜਲੀ ਦਾ ਕੰਮ ਕਰਨ ਵਾਲੇ ਪੰਜਾਬੀ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ, ਜੋ ਕੁਝ ਦੱਸਣ ਜਾਂ ਪੁੱਛਣ 'ਤੇ ਕੰਮ ਛੱਡ ਕੇ ਅੱਗੋਂ ਬਹਿਸ ਕਰਨ ਲੱਗ ਪੈਂਦਾ। ਉਸ ਨੇ ਦੂਜੇ ਕਮਰਿਆਂ 'ਚੋਂ ਕੁਨੈਕਸ਼ਨ ਲੈਣ ਸਮੇਂ .ਗਲਤ ਤਾਰ ਕੱਟ ਕੇ ਸਾਰੇ ਘਰ ਦੀ ਬਿਜਲੀ ਹੀ ਖਰਾਬ ਕਰ ਦਿੱਤੀ ਅਤੇ ਸਮਝਾਉਣ 'ਤੇ ਨਾਰਾਜ਼ ਹੋ ਕੇ ਘਰ ਚਲਾ ਗਿਆ। ਆਖਿਰ ਉਸ ਨੂੰ ਬਿਜਲੀ ਦਾ ਕੰਮ ਕਿਸੇ ਹੋਰ ਇਲੈਕਟ੍ਰੀਸ਼ਨ ਤੋਂ ਕਰਵਾਉਣਾ ਪਿਆ, ਇਹ ਸਾਡੇ ਅੱਖੀਂ ਦੇਖੀ ਹਕੀਕਤ ਹੈ।




ਪੰਜਾਬ ਵਿਚੋਂ ਭਈਏ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ ਹੈ, ਸਗੋਂ ਸਾਡੇ ਕਾਨੂੰਨ ਅਜਿਹੇ ਹੋਣੇ ਚਾਹੀਦੇ ਹਨ ਕਿ ਦੋਵੇਂ ਧਿਰਾਂ ਪੰਜਾਬ ਤੇ ਪ੍ਰਵਾਸੀਆਂ ਦਾ ਫਾਇਦਾ ਹੋਵੇ। ਜਿਵੇਂ ਸਾਡੇ ਲੋਕ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਜਾਂਦੇ ਸਾਰ ਕੰਮ ਕਰਨ ਦੀ ਇਜਾਜ਼ਤ ਲੈਣ ਲਈ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ, ਕੈਨੇਡਾ ਵਿਚ ਸਿੰਮ ਨੰਬਰ ਤੇ ਅਮਰੀਕਾ 'ਚ ਗ੍ਰੀਨ ਕਾਰਡ ਹੁੰਦਾ ਹੈ। ਅਜਿਹੀ ਵਿਵਸਥਾ ਪੰਜਾਬ ਵਿਚ ਵੀ ਹੋਣੀ ਚਾਹੀਦੀ ਹੈ, ਕੋਈ ਵੀ ਪ੍ਰਵਾਸੀ ਪੰਜਾਬ ਆਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਰਜਿਸਟ੍ਰੇਸ਼ਨ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ 'ਤੇ ਹੀ ਹੋ ਜਾਣੀ ਚਾਹੀਦੀ ਹੈ। ਉਨ੍ਹਾਂ ਕੋਲ ਕਾਰਡ ਹੋਵੇ ਤਾਂ ਹੀ ਉਨ੍ਹਾਂ ਨੂੰ ਕੰਮ 'ਤੇ ਰੱਖਿਆ ਜਾਵੇ, ਸਰਕਾਰ ਕੋਲ ਹਰ ਸੂਚਨਾ ਹੋਵੇ ਕਿ ਉਹ ਕਿੱਥੇ ਕੰਮ ਕਰਦੇ ਹਨ ਜਾਂ ਰਹਿ ਰਹੇ ਹਨ। ਇਸੇ ਤਰ੍ਹਾਂ ਪ੍ਰਵਾਸੀ ਠੇਕੇਦਾਰਾਂ ਦੇ ਵੱਖ-ਵੱਖ ਕੰਮਾਂ ਦੇ ਲਾਇਸੰਸ ਬਣਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਕੰਮ ਕਰਦੇ ਕਿਰਤੀਆਂ ਬਾਰੇ ਵੀ ਪੱਕੀ ਜਾਣਕਾਰੀ ਰੱਖਣੀ ਚਾਹੀਦੀ ਹੈ। ਜਿਹੜੇ ਲੋਕ ਕਿਰਤੀਆਂ ਨੂੰ ਕਿਰਾਏ 'ਤੇ ਕੁਆਟਰ ਜਾਂ ਮਕਾਨ ਦਿੰਦੇ ਹਨ, ਉਨ੍ਹਾਂ ਨੂੰ ਵੀ ਕਾਰਡ ਵੇਖ ਕੇ ਮਕਾਨ ਕਿਰਾਏ 'ਤੇ ਦੇਣਾ ਚਾਹੀਦਾ ਹੈ, ਅਜਿਹਾ ਨਾ ਕਰਨ 'ਤੇ ਮਕਾਨ ਮਾਲਕ ਨੂੰ ਜੁਰਮਾਨਾ ਹੋਣਾ ਚਾਹੀਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਪ੍ਰਵਾਸੀਆਂ ਦੀ ਪੰਜਾਬ ਵਿਚ ਆਮਦ ਦੀ ਸ਼ੁਰੂਆਤ ਕਿਵੇਂ ਹੋਈ? ਦਰਅਸਲ ਜਦੋਂ ਪੰਜਾਬੀ ਪੱਕੇ ਤੌਰ 'ਤੇ ਬਾਹਰ ਜਾਣ ਲੱਗੇ ਤਾਂ ਆਪਣੇ ਘਰ ਤੇ ਜ਼ਮੀਨਾਂ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ ਗਏ। ਫਿਰ ਰਿਸ਼ਤੇਦਾਰ ਘਰਾਂ ਜ਼ਮੀਨਾਂ ਦੀ ਦੇਖਭਾਲ ਕਰਦੇ-ਕਰਦੇ ਲਾਲਚ ਵੱਸ ਉਨ੍ਹਾਂ 'ਤੇ ਕਬਜ਼ੇ ਕਰਨ ਲੱਗ ਪਏ ਤਾਂ ਝਗੜੇ ਤੋਂ ਬਚਣ ਲਈ ਐੱਨ.ਆਰ.ਆਈ. ਆਪਣੇ ਘਰਾਂ ਦੀ ਦੇਖਭਾਲ ਪ੍ਰਵਾਸੀਆਂ ਹਵਾਲੇ ਕਰਨ ਲੱਗੇ। ਅੱਜ ਹਾਲਾਤ ਅਜਿਹੇ ਹੋ ਗਏ ਹਨ ਕਿ ਪ੍ਰਵਾਸੀ ਵੀ ਧੱਕੇਸ਼ਾਹੀ ਕਰਨ ਲੱਗ ਪਏ ਹਨ।

ਕਿਸੇ ਸੂਬੇ 'ਚ ਕੰਮ ਕਰਨ ਲਈ ਆਉਣ ਤੇ ਜ਼ਮੀਨ ਜਾਇਦਾਦ ਖਰੀਦ ਕੇ ਪੱਕੇ ਹੋਣ ਵਿਚ ਬਹੁਤ ਅੰਤਰ ਹੁੰਦਾ ਹੈ। ਇਨ੍ਹਾਂ ਪ੍ਰਵਾਸੀਆਂ ਕਰਕੇ ਪੰਜਾਬ 'ਚ ਬਿਮਾਰੀਆਂ ਤੇ ਜੁਰਮ ਵੀ ਵਧੇ ਹਨ। ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਤੁਹਾਨੂੰ ਬਹੁਤੇ ਪ੍ਰਵਾਸੀ ਹੀ ਨਜ਼ਰ ਆਉਣਗੇ। ਕਈ ਇਥੇ ਵਸਦੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਆ ਗਈ ਹੈ, ਉਨ੍ਹਾਂ 'ਚੋਂ ਕਈ ਦਾਹੜੀ ਰੱਖ ਕੇ ਪੰਜਾਬੀਆਂ ਵਾਂਗ ਪੱਗਾਂ ਵੀ ਬੰਨ੍ਹਣ ਲੱਗੇ ਹਨ। ਉਨ੍ਹਾਂ ਦੇ ਨਾਂਅ, ਬੋਲੀ ਸਭ ਕੁਝ ਬਦਲ ਚੁੱਕਾ ਹੈ, ਪਰ ਸੋਚ ਤੇ ਸੰਸਕਾਰ ਨਹੀਂ ਬਦਲੇ। ਬਹੁਤੇ ਪ੍ਰਵਾਸੀਆਂ ਦੇ ਬੱਚੇ ਇੱਥੇ ਸਰਕਾਰੀ ਸਕੂਲਾਂ 'ਚ ਵੀ ਪੜ੍ਹ ਰਹੇ ਹਨ। ਅਜਿਹਾ ਹੀ ਹਾਲ ਕੈਨੇਡਾ ਵਿਚ ਪੰਜਾਬੀਆਂ ਨੇ ਕੀਤਾ ਹੋਇਆ ਹੈ, ਜੋ ਹੁਣ ਦੁਨੀਆ ਤੋਂ ਛੁਪਿਆ ਹੋਇਆ ਨਹੀਂ। ਸ਼ਾਇਦ ਉਨ੍ਹਾਂ ਦੀਆਂ ਆਪਹੁਦਰੀਆਂ ਕਾਰਨ ਹੀ ਵੀਜ਼ੇ ਨਾ ਮਿਲਣ ਜਾਂ ਹੋਰ ਸਖਤੀਆਂ ਦਾ ਸੰਤਾਪ ਚੰਗੇ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਵਿਚ ਕਈਆਂ ਦੇ ਡਿਪੋਰਟ ਕੀਤੇ ਜਾਣ ਦੀ ਵੀ ਸੰਭਾਵਨਾ ਬਣੀ ਹੋਈ ਹੈ। ਭਾਵੇਂ ਬਹੁਤੇ ਲੋਕ ਪ੍ਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਬਾਰੇ ਕਹਿ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਕਾਰਖਾਨਿਆਂ, ਝੋਨੇ ਦੀ ਲਵਾਈ ਤੇ ਘਰੇਲੂ ਕੰਮਾਂ ਲਈ ਮਜ਼ਦੂਰ ਨਹੀਂ ਮਿਲਣੇ ਅਤੇ ਪੰਜਾਬੀ ਕਿਰਤੀਆਂ ਦੀ ਮਜ਼ਦੂਰੀ ਦੇਣੀ ਬਹੁਤੇ ਲੋਕਾਂ ਦੀ ਜੇਬ ਤੋਂ ਬਾਹਰ ਹੋਵੇਗੀ। ਜਦੋਂ ਛੱਠ ਪੂਜਾ ਦੌਰਾਨ ਬਹੁਤ ਸਾਰੇ ਪ੍ਰਵਾਸੀ ਆਪਣੇ ਘਰਾਂ ਨੂੰ ਚਲੇ ਗਏ ਤਾਂ ਲੁਧਿਆਣੇ ਵਿਚ ਕੰਮ ਠੱਪ ਹੋਣ ਲੱਗ ਪਏ ਸਨ। ਖਾਣੇ ਦੀਆਂ ਰੇਹੜੀਆਂ ਲਾਉਣ ਵਾਲੇ ਪ੍ਰਵਾਸੀਆਂ ਦੀ ਚਰਚਾ ਅਕਸਰ ਸੋਸ਼ਲ ਮੀਡੀਆ 'ਤੇ ਬਹੁਤ ਹੁੰਦੀ ਹੈ ਕਿ ਇਹ ਲੋਕਾਂ ਨੂੰ ਗੰਦ ਖੁਆ ਰਹੇ ਹਨ। ਪਰ ਜਿਹੜੇ ਪੰਜਾਬੀ ਇਹੀ ਕੰਮ ਧੰਦੇ ਕਰਦੇ ਹਨ, ਅਸੀਂ ਉਨ੍ਹਾਂ ਦਾ ਸਾਥ ਹੀ ਨਹੀਂ ਦਿੰਦੇ। ਜਦੋਂ ਗੱਲ ਸਿਹਤ ਦੀ ਆਉਂਦੀ ਹੈ ਤਾਂ ਜ਼ਰੂਰੀ ਹੈ ਕਿ ਕੋਈ ਵੀ ਰੇਹੜੀ ਲਾਉਣ ਵਾਲਾ, ਫਾਸਟ ਫੂਡ ਦੀ ਦੁਕਾਨ ਜਾਂ ਢਾਬਾ ਚਲਾਉਣ ਵਾਲਾ ਹੋਵੇ ਪਰ ਖਾਣੇ ਦੀ ਗੁਣਵੱਤਾ ਦੇ ਨਾਲ-ਨਾਲ ਸਾਫ ਸ.ਫਾਈ ਦਾ ਵੀ ਖਿਆਲ ਜ਼ਰੂਰ ਰੱਖੇ। ਉਨ੍ਹਾਂ ਘੱਟੋ-ਘੱਟ ਦਸਵੀਂ ਪਾਸ ਕੀਤੀ ਹੋਵੇ ਅਤੇ ਉਸ ਨੇ ਖਾਣ ਦਾ ਸਾਮਾਨ ਬਣਾਉਣ ਦਾ ਮੁੱਢਲਾ ਕੋਰਸ ਜ਼ਰੂਰ ਕੀਤਾ ਹੋਵੇ, ਜਿਵੇਂ ਬਾਹਰਲੇ ਦੇਸ਼ਾਂ ਵਿਚ ਹੁੰਦਾ ਹੈ।

ਭਾਵੇਂ ਕੁਝ ਸਿਆਸੀ ਲੋਕ ਬਹੁਤ ਦੇਰ ਤੋਂ ਕਹਿ ਰਹੇ ਹਨ ਕਿ .ਗੈਰ ਪੰਜਾਬੀਆਂ ਨੂੰ ਪੰਜਾਬ ਵਿਚ ਜ਼ਮੀਨ ਖਰੀਦਣ ਦੀ ਇਜਾਜ਼ਤ ਨਾ ਹੋਵੇ। ਇਹ ਗੱਲ ਠੀਕ ਵੀ ਹੈ ਕਿ ਇਕ ਦੇਸ਼ ਇਕ ਕਾਨੂੰਨ ਕਿਉਂ ਨਹੀਂ, ਜਦੋਂ ਪੰਜਾਬੀ ਕਈਆਂ ਹੋਰ ਸੂਬਿਆਂ 'ਚ ਜ਼ਮੀਨ ਨਹੀਂ ਖਰੀਦ ਸਕਦੇ ਤਾਂ ਫਿਰ ਦੂਜੇ ਸੂਬਿਆਂ ਦੇ ਲੋਕ ਇੱਥੇ ਆ ਕੇ ਜ਼ਮੀਨ ਕਿਵੇਂ ਖਰੀਦ ਸਕਦੇ ਹਨ? ਪਰ ਸਿਆਸਤਦਾਨ ਇਸ ਦਾ ਕੋਈ ਪੱਕਾ ਹੱਲ ਲੱਭਣ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਲਈ ਪ੍ਰਵਾਸੀ ਇਕ ਵੱਡਾ ਵੋਟ ਬੈਂਕ ਹੈ, ਜਿਸ ਦੀ ਅਸਾਨੀ ਨਾਲ ਖਰੀਦੋ-ਫਰੋਖਤ ਹੋ ਸਕਦੀ ਹੈ। ਮੁੱਕਦੀ ਗੱਲ ਇਹ ਹੈ ਕਿ ਜੇ ਉਨ੍ਹਾਂ ਦੀਆਂ ਵੋਟਾਂ ਬਣਾਉਗੇ ਤਾਂ ਫਿਰ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੇ ਕੌਂਸਲਰ, ਐਮ.ਐਲ.ਏ., ਐਮ.ਪੀ. ਵੀ ਬਣਨਗੇ। ਪਰ ਪ੍ਰਵਾਸੀਆਂ ਨੂੰ ਭਜਾਉਣਾ ਕਿਸੇ ਵੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ, ਇਨ੍ਹਾਂ ਨੂੰ ਰਜਿਸਟਰ ਕਰਕੇ ਸਿਰ.ਫ ਕੰਮ ਕਰਨ ਦੀ ਆਗਿਆ ਦਿੱਤੀ ਜਾਵੇ। ਜੇ ਕੋਈ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਬਣਦੀ ਸਜ਼ਾ ਵੀ ਜ਼ਰੂਰ ਦਿੱਤੀ ਜਾਵੇ। ਕੋਈ ਵੀ ਨੀਤੀ ਬਣਾਉਣ ਤੇ ਲਾਗੂ ਕਰਨ ਵਾਲਿਆਂ ਦੀ ਨੀਯਤ ਵੀ ਠੀਕ ਹੋਣੀ ਜ਼ਰੂਰੀ ਹੈ।



# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**637. ਪ੍ਰਭੂ ਦੀ ਦਰਗਹ ਵਿਚ ਕੌਣ ਪਰਵਾਨ ਹੁੰਦਾ ਹੈ?**

ਗੁਰੂ ਨੂੰ ਮਿਲ ਕੇ ਡਰਾਉਣੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਪ੍ਰਭੂ ਦੀ ਦਰਗਹ ਵਿਚ ਇੱਜ਼ਤ ਮਿਲਦੀ ਹੈ ਤੇ ਪਰਵਾਨ ਹੋ ਜਾਈਦਾ ਹੈ । "ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ॥ ਅੰਗ 22" ॥ ਸਤਿਗੁਰੂ ਨਾਨਕ ਦੇਵ ਜੀ ਬੇਨਤੀ ਸਰੂਪ ਪ੍ਰਸ਼ਨ ਕਰਦੇ ਹਨ ਕਿ ਗਿਆਨੀ ਕਿੱਦਾਂ ਦਾ ਹੁੰਦਾ ਹੈ? ਅਤੇ ਆਪ ਹੀ ਉੱਤਰ ਦਿੰਦੇ ਹਨ ਕਿ ਉਹ ਜੋ ਆਪਣੇ ਆਪ ਨੂੰ ਪਛਾਣਦਾ ਹੈ ਤੇ ਉਸ ਪਰਮਾਤਮਾ ਨੂੰ ਜਾਣ ਲੈਂਦਾ ਹੈ । ਜੋ ਗੁਰੂ ਦੀ ਮਿਹਰ ਨਾਲ਼ ਬ੍ਰਹਮ ਦੀ ਵਿਚਾਰ ਕਰਦਾ ਹੈ । ਅਜਿਹਾ ਗਿਆਨੀ ਪ੍ਰਭੂ ਦੀ ਦਰਗਹ ਵਿਚ ਪਰਵਾਨ ਹੁੰਦਾ ਹੈ । "ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥4॥30॥ ਅੰਗ 25" । ਉਹੀ ਮਨੁੱਖ ਪਰਮਾਤਮਾ ਦਾ ਸੇਵਕ ਆਖਿਆ ਜਾ ਸਕਦਾ ਹੈ, ਜੇਹੜਾ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾਈ ਰੱਖਦਾ ਹੈ । ਜਿਹੜਾ ਆਪਣੇ ਅੰਦਰੋਂ ਹਉਮੈ ਮਾਰ ਕੇ ਆਪਣਾ ਮਨ ਤੇ ਸਰੀਰ ਪ੍ਰਭੂ ਦੇ ਹਵਾਲੇ ਕਰ ਦਿੰਦਾ ਹੈ । ਅਜਿਹਾ ਗੁਰੂ ਅਨੁਸਾਰੀ ਧੰਨ ਹੈ ਤੇ (ਪ੍ਰਭੂ ਦੀ ਦਰਗਹ ਵਿਚ) ਪਰਵਾਨ ਹੈ ਜੋ ਕਿ ਜਨਮ ਦੀ ਬਾਜ਼ੀ ਕਦੇ ਵੀ ਹਾਰ ਕੇ ਨਹੀਂ ਆਉਂਦਾ। "ਸੋ ਸੇਵਕ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੈ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥3॥ ਅੰਗ 28" । ਜਿਹੜਾ 24 ਘੰਟੇ ਮਨ 'ਚ ਪ੍ਰਭੂ ਦਾ ਜਾਪ ਕਰਦਾ ਹੈ, ਉਸਦਾ ਜਨਮ ਸਫਲਾ ਹੁੰਦਾ ਹੈ ਤੇ ਉਹ (ਪ੍ਰਭੂ ਦੀ ਹਜ਼ੂਰੀ) ਵਿਚ ਪਰਵਾਨ ਹੁੰਦਾ ਹੈ। "ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਗ 298" । ਸਦੀਵੀ ਸ਼ਾਹ (ਅਵਿਨਾਸ਼ੀ ਪ੍ਰਭੂ) ਦੇ ਸੇਵਕ (ਭਗਤ) ਹੀ ਪਰਵਾਨ ਹੁੰਦੇ ਹਨ । "ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ ਅੰਗ 315" । ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਬਾਣੀ ਨਾਲ ਆਪਣਾ ਚਿੱਤ ਜੋੜਿਆ ਹੈ ਉਹ ਮਨੁੱਖ ਪਵਿਤ੍ਰ ਹੋ ਜਾਂਦੇ ਹਨ ਤੇ ਪਰਵਾਨ ਹੁੰਦੇ ਹਨ। ਹੇ ਨਾਨਕ! ਉਹਨਾਂ ਨੂੰ ਪਰਮਾਤਮਾ ਦਾ ਨਾਮ ਕਦੇ ਭੁੱਲਦਾ ਨਹੀਂ, ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਦਰ ਤੇ ਉਹ ਸੱਚੇ ਜਾਣੇ ਜਾਂਦੇ ਹਨ । "ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥ ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥9॥13॥35॥ ਅੰਗ 429"। ਜਿਹੜੇ ਮਨੁੱਖ ਇਕ ਪ੍ਰਭੂ ਦੇ ਨਾਮ ਨੂੰ ਦ੍ਰਿੜ ਕਰ ਲੈਂਦੇ ਹਨ ਤੇ ਮਾਇਆ ਦਾ ਮੋਹ ਦੂਰ ਕਰ ਲੈਂਦੇ ਹਨ, ਉਹ ਪਰਮਾਤਮਾ ਦੀ ਦਰਗਹ ਵਿਚ ਪਰਵਾਨ ਹੋ ਜਾਂਦੇ ਹਨ । "ਸੇ ਜਨ ਪਰਵਾਣੁ ਹੋਏ ਜਿਨ੍ਹੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥ ਅੰਗ 441" ।

ਜਿਨ੍ਹਾਂ ਨੇ ਧੁਰ ਦਰਗਾਹ ਤੋਂ ਲਿਖੇ ਭਾਗਾਂ ਅਨੁਸਾਰ ਪ੍ਰਭੂ ਦਾ ਨਾਮ ਸਿਮਰਿਆ, ਉਹਨਾਂ ਦਾ ਜੀਵਨ ਸਫਲਾ ਹੋ ਗਿਆ ਤੇ ਉਹ ਪ੍ਰਭੂ ਦੀ ਦਰਗਹ ਵਿਚ ਪਰਵਾਨ ਹੋ ਗਏ । "ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥ ਅੰਗ 444" । ਪ੍ਰਭੂ ਦਾ ਹੁਕਮ ਮੰਨਣ ਕਰਕੇ (ਸੇਵਕ) ਪ੍ਰਭੂ ਦੇ ਦਰ ਤੇ ਪਰਵਾਨ ਹੁੰਦਾ ਹੈ ਅਤੇ ਮਾਲਕ ਪ੍ਰਭੂ ਦਾ ਘਰ ਪ੍ਰਾਪਤ ਕਰ ਲੈਂਦਾ ਹੈ । "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਅੰਗ 471" । ਪਰਮਾਤਮਾ ਹੀ ਨਾਸ-ਰਹਿਤ ਹੈ, ਸਦਾ ਰਹਿਣ ਵਾਲਾ ਹੈ, ਅਟੱਲ ਹੈ; ਹੇ ਮੇਰੇ ਮਨ! ਉਸ ਪਰਮਾਤਮਾ ਦਾ ਨਾਮ ਜਪ ਤਾਂ ਕਿ ਤੂੰ ਪਰਵਾਨ ਹੋ ਜਾਏਂ । "ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ ॥1॥ ਅੰਗ 861" । ਉਹ ਪੰਡਿਤ ਹੈ ਜੋ (ਆਪਣੇ ਉੱਤੋਂ) ਮਾਇਆ ਦੇ ਤਿੰਨਾਂ ਗੁਣਾਂ ਦਾ ਭਾਰ ਉਤਾਰ ਲੈਂਦਾ ਹੈ, ਰਾਤ ਦਿਨ ਇਕ ਪ੍ਰਭੂ ਦਾ ਨਾਮ ਉਚਾਰਦਾ ਹੈ । ਉਹ ਪੰਡਿਤ ਗੁਰੂ ਦੀ ਸਿੱਖਿਆ ਗ੍ਰਹਿਣ ਕਰਦਾ ਹੈ, ਗੁਰੂ ਦੇ ਅੱਗੇ ਆਪਣਾ ਸਿਰ ਅਰਪਨ ਕਰ ਦਿੰਦਾ ਹੈ (ਭਾਵ ਗੁਰੂ ਦੇ ਹੁਕਮ ਵਿਚ ਤੁਰਦਾ ਹੈ) । ਉਹ ਮਾਇਆ ਮੋਹ ਤੋਂ ਸਦਾ ਦੂਰ ਰਹਿੰਦਾ ਹੈ ਤੇ ਨਿਰਲੇਪ ਰਹਿੰਦਾ ਹੈ । ਅਜਿਹਾ ਪੰਡਿਤ ਪ੍ਰਭੂ ਦੀ ਦਰਗਹ ਵਿਚ ਪ੍ਰਵਾਨ ਹੁੰਦਾ ਹੈ । "ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥ ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥3॥ ਅੰਗ 1261" । ਹੇ ਨਾਨਕ! ਗੁਰੂ ਅਨੁਸਾਰੀ ਹੋ ਕੇ ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਸਿਮਰਿਆ ਹੈ, ਜਗਤ ਵਿਚ ਆਏ (ਜੰਮੇ) ਉਹ ਪਰਵਾਨ ਹੁੰਦੇ ਹਨ । "ਨਾਨਕ ਗੁਰਮੁਖਿ ਜਿਨ੍ਹੀ ਧਿਆਇਆ ਆਏ ਸੇ ਪਰਵਾਣੁ ॥63॥ ਅੰਗ 1421" । ਉਹੀ ਮਨੁੱਖ ਖੱਤ੍ਰੀ ਹੈ ਜੋ (ਕਾਮਾਦਿਕ ਵੈਰੀਆਂ ਨੂੰ ਮਾਰ-ਮੁਕਾਣ ਲਈ) ਨੇਕ ਕਰਮ ਕਰਨ ਵਾਲਾ ਸੂਰਮਾ ਹੈ । ਜੋ ਆਪਣੇ ਸਰੀਰ ਨੂੰ ਪੁੰਨ ਦਾਨ ਕਰਨ ਲਈ ਵਰਤਦਾ ਹੈ । ਜੋ ਸਰੀਰ ਨੂੰ ਖੇਤ ਜਾਣ ਕੇ ਪਰਮਾਤਮਾ ਦੇ ਨਾਮ ਦਾ ਦਾਨ ਰੂਪੀ ਬੀਜ ਬੀਜਦਾ ਹੈ । ਅਜਿਹਾ ਖੱਤ੍ਰੀ ਪਰਮਾਤਮਾ ਦੀ ਦਰਗਹ ਵਿਚ ਪਰਵਾਨ ਹੁੰਦਾ ਹੈ । "ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥ ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਣੁ ॥ ਅੰਗ 1411" ।

**638. ਕਿਹੜਾ ਵਿਚੋਲਾ ਪਰਵਾਨ ਹੁੰਦਾ ਹੈ?**

ਜੋ ਲੋਭ ਦੇ ਰਾਹ ਤੇ ਨਾ ਤੁਰੇ ਤੇ ਸੱਚੇ ਨਾਮ ਵਿਚ ਜੁੜਿਆ ਰਹੇ, ਉਹ ਵਿਚੋਲਾ ਪਰਵਾਨ ਹੁੰਦਾ ਹੈ । "ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ ਅੰਗ 148" ।

**639. ਪ੍ਰਭੂ ਨੂੰ ਕੌਣ ਬੁੱਝ ਲੈਂਦਾ ਹੈ?**

ਪ੍ਰਭੂ ਨੂੰ ਆਖ ਆਖ ਕੇ ਸਭ ਕੋਈ ਕਥਨ ਕਰਦਾ ਹੈ, ਪਰ ਬੁੱਝਦਾ ਉਹੀ ਹੈ ਜੋ (ਗੁਰੂ ਦੇ) ਸ਼ਬਦ ਵਿਚ ਲੀਨ ਹੋ ਜਾਂਦਾ ਹੈ । "ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥3॥ ਅੰਗ 160" ।

**640. ਵੱਡੀ ਵਡਿਆਈ ਕਿੱਦਾਂ ਮਿਲਦੀ ਹੈ? ਨਾਮ 'ਚ ਸਮਾਈ ਕਿੱਦਾਂ ਹੁੰਦੀ ਹੈ?**

ਵੱਡੀ ਵਡਿਆਈ ਗੁਰੂ ਦੀ ਸੇਵਾ (ਸ਼ਬਦ ਵਿਚਾਰ) ਤੋਂ ਪ੍ਰਾਪਤ ਹੁੰਦੀ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਵਿਚ ਰੱਤਿਆਂ/ਰੰਗਿਆਂ ਨਾਮ 'ਚ ਸਮਾਈ ਹੁੰਦੀ ਹੈ । "ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥4॥9॥29॥ ਅੰਗ 160" ।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME............................................................................

ADDRESS......................................................................

...............................................POST CODE..........................

TEL................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


# ਅਮਰੀਕਾ ਵਿੱਚ ਰਹਿਣ ਸਹਿਣ ਦੀਆਂ ਲਾਗਤਾਂ ਦੁੱਗਣੀਆਂ ਹੋਈਆਂ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿੱਚ ਮਹਿੰਗਾਈ ਵਧਣ ਦੇ ਨਾਲ ਰਹਿਣ ਸਹਿਣ ਦੀਆਂ ਲਾਗਤਾਂ ਦੁੱਗਣੀਆਂ ਹੋ ਗਈਆਂ ਹਨ। ਇਸ ਸਬੰਧ ਵਿੱਚ ਗਾਹਕਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਕਰਿਆਣੇ ਉਪਰ ਖਰਚ ਦੁੱਗਣਾ ਹੋ ਗਿਆ ਹੈ। ਉੱਤਰੀ ਕੈਰੋਲੀਨਾ ਵਿੱਚ ਮਾਊਂਟ ਏਅਰੀ ਦੀ ਵਸਨੀਕ ਜੈਸੀ ਅਵਿਲਸ ਦਾ ਕਹਿਣਾ ਹੈ ਕਿ ਦੋ ਸਾਲ ਪਹਿਲਾਂ ਪਰਿਵਾਰ ਦੇ ਕਰਿਆਨੇ ਦਾ ਬਿੱਲ 200 ਡਾਲਰ ਪ੍ਰਤੀ ਹਫਤਾ ਸੀ ਜੋ ਹੁਣ 400 ਡਾਲਰ ਪ੍ਰਤੀ ਹਫਤਾ ਹੋ ਗਿਆ ਹੈ। ਇਸ ਤਰਾਂ ਉਨਾਂ ਨੂੰ 1600 ਡਾਲਰ ਹਰ ਮਹੀਨੇ ਕਰਿਆਨੇ ਉਪਰ ਖਰਚਣੇ ਪੈਂਦੇ ਹਨ ਜਦ ਕਿ ਪਹਿਲਾਂ 800 ਡਾਲਰ ਵਿੱਚ ਹੀ ਖਾਣ ਪੀਣ ਦਾ ਸਮਾਨ ਆ ਜਾਂਦਾ ਸੀ। 32 ਸਾਲਾ ਅਵਿਲਸ ਦਾ ਪਰਿਵਾਰ 850 ਡਾਲਰ ਮਕਾਨ ਦਾ ਕਿਰਾਇਆ ਦਿੰਦਾ ਹੈ। ਅਵਿਲਸ ਦਾ ਤਜ਼ਰਬਾ ਕੌਮੀ ਹਕੀਕਤ ਦਾ ਪ੍ਰਤੀਕ ਹੈ। ਪੂਰੇ ਅਮਰੀਕਾ ਵਿੱਚ ਇਹ ਹੀ ਹਾਲ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਅਮਰੀਕਾ ਵਿੱਚ ਖਾਣ ਪੀਣ ਦੀ ਵਸਤਾਂ ਸਸਤੀਆਂ ਹਨ ਪਰੰਤੂ ਹੁਣ ਅਜਿਹਾ ਨਹੀਂ ਹੈ। ਲੋਕਾਂ ਨੂੰ ਵਧ ਰਹੀਆਂ ਕੀਮਤਾਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ ਜਦ ਕਿ ਤਨਖਾਹ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ।

# ਅਮਰੀਕਾ ਨੇ ਡਿਪੋਰਟ ਕੀਤੇ 18,822 ਭਾਰਤੀ

**ਵਾਸ਼ਿੰਗਟਨ :** ਅਮਰੀਕਾ ਤੋਂ 18,822 ਭਾਰਤੀ ਡਿਪੋਰਟ ਕੀਤੇ ਜਾ ਚੁੱਕੇ ਹਨ ਅਤੇ ਟਰੰਪ ਸਰਕਾਰ ਦੀ ਕਾਰਵਾਈ ਇਸੇ ਤਰ੍ਹਾਂ ਜਾਰੀ ਰਹੀ ਤਾਂ ਦੇਸ਼ ਨਿਕਾਲੇ ਦੇ ਸਾਰੇ ਰਿਕਾਰਡ ਟੁੱਟ ਜਾਣਗੇ। ਜੀ ਹਾਂ, ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵੱਲੋਂ ਸੰਸਦ ਵਿਚ ਪੇਸ਼ ਅੰਕੜਿਆਂ ਮੁਤਾਬਕ 28 ਨਵੰਬਰ ਤੱਕ ਟਰੰਪ ਸਰਕਾਰ 3,258 ਭਾਰਤੀਆਂ ਨੂੰ ਅਮਰੀਕਾ ਵਿਚੋਂ ਕੱਢ ਚੁੱਕੀ ਹੈ ਅਤੇ 2009 ਤੋਂ ਬਾਅਦ ਕਿਸੇ ਵੀ ਵਰ੍ਹੇ ਦਾ ਇਹ ਸਭ ਤੋਂ ਉਚਾ ਅੰਕੜਾ ਮੰਨਿਆ ਜਾ ਰਿਹਾ ਹੈ। ਟਰੰਪ ਸਰਕਾਰ ਵੱਲੋਂ ਅਮਰੀਕਾ ਤੋਂ ਡਿਪੋਰਟ ਭਾਰਤੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਅਤੇ ਹਰਿਆਣੇ ਵਾਲਿਆਂ ਦੀ ਹੈ। ਡਿਪੋਰਟ ਹੋ ਕੇ ਭਾਰਤ ਪੁੱਜੇ ਜ਼ਿਆਦਾਤਰ ਭਾਰਤੀ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਏ ਜਦਕਿ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵਾਪਸੀ ਨਾ ਕਰਨ ਵਾਲੇ ਅਤੇ ਅਪਰਾਧਕ ਮਾਮਲਿਆਂ ਵਿਚ ਦੋਸ਼ੀ ਕਰਾਰ ਦਿਤੇ ਭਾਰਤੀ ਨਾਗਰਿਕ ਵੀ ਸ਼ਾਮਲ ਸਨ। ਮੌਜੂਦਾ ਵਰ੍ਹੇ ਦੌਰਾਨ ਡਿਪੋਰਟ ਭਾਰਤੀ ਨਾਗਰਿਕਾਂ ਵਿਚੋਂ 2,032 ਕਮਰਸ਼ੀਅਲ ਫਲਾਈਟਸ ਰਾਹੀਂ ਦਿੱਲੀ ਪੁੱਜੇ ।

# ਸਿਦਕੀ ਸਿੱਖ ਸ਼ਹੀਦ ਭਾਈ ਤਾਰਾ ਸਿੰਘ ਵਾਂ

**24 ਦਸੰਬਰ ਸ਼ਹੀਦੀ ਦਿਨ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com





ਸ਼ਹੀਦ ਕੌਮਾਂ ਦਾ ਕੀਮਤੀ ਸਰਮਾਇਆ ਹੁੰਦੇ ਹਨ। ਸ਼ਹੀਦਾਂ ਦਾ ਡੁੱਲ੍ਹਿਆ ਲਹੂ ਕੌਮਾਂ ਨੂੰ ਨਵੀਂ ਜ਼ਿੰਦਗੀ ਦਿੰਦਾ ਹੈ। ਸਰਬੰਸ ਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਜਿਸ ਮਕਸਦ ਦੀ ਪੂਰਤੀ ਲਈ ਕੀਤੀ ਸੀ, ਉਸ ਸੰਘਰਸ਼ ਦੀ ਲੰਮੀ ਗਾਥਾ ਹੈ। ਅਠਾਰ੍ਹਵੀਂ ਸਦੀ ਵਿੱਚ ਸਿਰੜੀ ਅਤੇ ਸਿਦਕੀ ਸਿੰਘਾਂ ਨੇ ਜੰਗਲਾਂ ਵਿੱਚ ਰਹਿ ਕੇ ਖ਼ਾਲਸੇ ਦੀ ਹੋਂਦ ਨੂੰ ਬਚਾਉਣ ਲਈ ਜਿਹੜੀ ਕੁਰਬਾਨੀ ਕੀਤੀ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਕੋਈ ਵਿਰਲੀ-ਟਾਂਵੀਂ ਹੀ ਮਿਲੇਗੀ। ਮੌਜੂਦਾ ਪਾਕਿਸਤਾਨ ਦੀ ਸਰਹੱਦ ਨੇੜੇ ਵੱਸੇ ਪੰਜਾਬ ਦੇ ਪਿੰਡ ਵਾਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਤੋਂ ਪੰਜ-ਛੇ ਸਾਲ ਪਹਿਲਾਂ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਦੋ ਸਾਲ ਪਹਿਲਾਂ 1702 ਈ: ਵਿੱਚ ਇਕ ਕਿਰਤੀ ਕਿਸਾਨ ਭਾਈ ਗੁਰਦਾਸ ਦੇ ਗ੍ਰਹਿ ਵਿਖੇ ਭਾਈ ਤਾਰਾ ਸਿੰਘ ਦਾ ਜਨਮ ਹੋਇਆ। ਜਦੋਂ ਕਲਗੀਧਰ ਪਾਤਸ਼ਾਹ ਦੇ ਹੁਕਮ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਘਰਸ਼ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਇਸ ਕਿਰਤੀ ਕਿਸਾਨ ਭਾਈ ਗੁਰਦਾਸ ਨੇ ਮਾਝੇ ਦੇ ਸਿੱਖਾਂ ਨੂੰ ਲਾਮਬੰਦ ਕਰਨ ਦੇ ਫਰਜ਼ ਨੂੰ ਬਾਖ਼ੂਬੀ ਨਿਭਾਇਆ।

ਭਾਈ ਗੁਰਦਾਸ ਗੁਰੂ ਸਾਹਿਬ ਦਾ ਅਜਿਹਾ ਭਰੋਸੇ ਵਾਲਾ ਸਿੱਖ ਸੀ ਜਿਸ ਦੇ ਪਰਿਵਾਰ ਵਿੱਚੋਂ ਸਿੱਖ ਸਿਧਾਂਤਾਂ ਦੀ ਖ਼ੁਸ਼ਬੂ ਤੋਂ ਇਲਾਕੇ ਦੀ ਸੰਗਤ ਪ੍ਰੇਰਨਾ ਪ੍ਰਾਪਤ ਕਰਦੀ ਸੀ। ਭਾਈ ਗੁਰਦਾਸ ਜੀ ਦੇ ਪੰਜ ਪੁੱਤਰਾਂ ਵਿੱਚੋਂ ਵੱਡੇ ਭਾਈ ਤਾਰਾ ਸਿੰਘ ਸਨ, ਜਿਨ੍ਹਾਂ ਜਵਾਨੀ ਦੇ ਮੁੱਢਲੇ ਦਿਨਾਂ ਵਿੱਚ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਜਦੋਂ ਲਾਹੌਰ ਦਾ ਪ੍ਰਬੰਧ ਜ਼ਕਰੀਆ ਖ਼ਾਨ ਨੇ ਸੰਭਾਲਿਆ ਤਾਂ ਹਰ ਜਣਾ-ਖਣਾ ਸਿੱਖਾਂ ਉੱਪਰ ਜ਼ੁਲਮ ਕਰਨ ਲੱਗ ਪਿਆ। ਚੌਧਰੀ ਸਾਹਿਬ ਰਾਏ ਨੌਸ਼ਹਿਰਾ ਢਾਲਾ ਨੇ ਭਾਈ ਤਾਰਾ ਸਿੰਘ ਵਾਂ ਉੱਪਰ ਆਪਣੀਆਂ ਘੋੜੀਆਂ ਚੋਰੀ ਹੋਣ ਦਾ ਦੋਸ਼ ਮੜ੍ਹ ਕੇ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਨੂੰ ਉਕਸਾਇਆ। ਜ਼ਕਰੀਆ ਖ਼ਾਨ ਦੇ ਹੁਕਮ ਦੀ ਤਾਮੀਲ ਕਰਨ ਲਈ ਇਲਾਕੇ ਦੇ ਸਾਰੇ ਫ਼ੌਜਦਾਰ ਸਿੱਖਾਂ ਨੂੰ ਫੜਵਾ ਕੇ ਲਾਹੌਰ ਸਰਕਾਰ ਦੀ ਖ਼ੁਸ਼ਨੂਦੀ ਪ੍ਰਾਪਤ ਕਰਨ ਵਿੱਚ ਦੂਜੇ ਤੋਂ ਮੂਹਰੇ ਹੋ ਕੇ ਤੁਰਦੇ ਸਨ। ਫ਼ੌਜਦਾਰ ਜਾਫ਼ਰ ਬੇਗ ਨੇ ਭਾਈ ਤਾਰਾ ਸਿੰਘ ਵਾਂ ਉੱਪਰ ਹਮਲਾ ਕਰਵਾ ਦਿੱਤਾ। ਜਦੋਂ ਜਾਫ਼ਰ ਬੇਗ ਨੂੰ ਇਸ ਹਮਲੇ ਵਿੱਚ ਮੂੰਹ ਦੀ ਖਾਣੀ ਪਈ ਤਾਂ ਉਹ ਇਲਾਕੇ ਦੇ ਚੌਧਰੀ ਸਾਹਿਬਰਾਏ ਨੂੰ ਆਪਣੇ ਨਾਲ ਜ਼ਕਰੀਆ ਖ਼ਾਨ ਦੇ ਕੋਲ ਲਾਹੌਰ ਲੈ ਗਿਆ। ਹੁਣ ਇਨ੍ਹਾਂ ਫ਼ੌਜਦਾਰ ਦੀ ਅਗਵਾਈ ਵਿੱਚ ਸਿੰਘਾਂ ਦੀ ਵੱਧ ਰਹੀ ਤਾਕਤ ਦਾ ਜ਼ਿਕਰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ।

ਗੁੱਸੇ ਵਿੱਚ ਆਏ ਜ਼ਕਰੀਆ ਖ਼ਾਨ ਨੇ ਅਪਣੇ ਸੈਨਾਪਤੀ ਮੋਮਨ ਖ਼ਾਨ ਨੂੰ ਲਾਹੌਰ 2500 ਘੋੜ ਸਵਾਰ, ਪੰਜ ਹਾਥੀ ਅਤੇ ਕਈ ਤੋਪਾਂ ਦੇ ਕੇ ਭਾਈ ਤਾਰਾ ਸਿੰਘ ਵਾਂ ਨੂੰ ਗ੍ਰਿਫ਼ਤਾਰ ਕਰਨ ਲਈ ਭੇਜਿਆ। ਜਦੋਂ ਸੈਨਾਪਤੀ ਮੋਮਨ ਖ਼ਾਨ ਦੇ ਲਾਹੌਰ ਤੋਂ ਚੜ੍ਹ ਕੇ ਆਉਣ ਦੀ ਖ਼ਬਰ ਭਾਈ ਤਾਰਾ ਸਿੰਘ ਨੂੰ ਮਿਲੀ ਤਾਂ ਉਸ ਨੇ ਪਿੰਡ ਵਿੱਚ ਇਕੱਠੇ ਹੋਈ ਸਿੰਘਾਂ ਦੀ ਵਹੀਰ ਨੂੰ ਮਾਲਵੇ ਵੱਲ ਤੋਰ ਦਿੱਤਾ। ਭਾਈ ਤਾਰਾ ਸਿੰਘ ਨੇ ਆਪਣੇ ਨਾਲ ਕੇਵਲ 18 ਜੁਝਾਰੂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣ ਲਈ ਰੱਖ ਲਿਆ। ਸੈਨਾਪਤੀ ਮੋਮਨ ਖ਼ਾਨ ਦੀ ਵੱਡੀ ਫ਼ੌਜੀ ਟੁੱਕੜੀ ਨਾਲ ਮੁਕਾਬਲਾ ਕਰਨ ਲਈ ਸਿੰਘ ਮੈਦਾਨ ਵਿੱਚ ਡੱਟ ਗਏ। ਭਾਈ ਸਾਹਿਬ ਨਾਲ ਹਮਦਰਦੀ ਪ੍ਰਗਟ ਕਰਨ ਵਾਲੇ ਇਲਾਕੇ ਦੇ ਸਿੱਖਾਂ ਨੇ ਭਾਈ ਤਾਰਾ ਸਿੰਘ ਨੂੰ ਬਚ ਕੇ ਰਹਿਣ ਲਈ ਬੇਨਤੀਆਂ ਕੀਤੀਆਂ। ਇਲਾਕੇ ਦੇ ਸਿੱਖਾਂ ਦਾ ਕਹਿਣਾ ਸੀ, ਇਲਾਕੇ ਦੇ ਗਰੀਬ ਗੁਰਬੇ ਦੀ ਰੱਖਿਆ ਖ਼ਾਤਰ ਤੁਹਾਨੂੰ ਸਰੀਰ ਕਰਕੇ ਸਾਡੀ ਅਗਵਾਈ ਕਰਨੀ ਜ਼ਰੂਰੀ ਹੈ।

ਰਾਤ ਦੇ ਹਨ੍ਹੇਰੇ ਦੇ ਵਿੱਚ ਮੋਮਨ ਖ਼ਾਨ ਦੀਆਂ ਫ਼ੌਜਾਂ ਨੇ ਪਿੰਡ ਵਾਂ ਨੂੰ ਘੇਰਾ ਪਾ ਲਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਅਤੇ ਨਿੱਤਨੇਮ ਤੋਂ ਉਪਰੰਤ ਭਾਈ ਤਾਰਾ ਸਿੰਘ ਦੀ ਅਗਵਾਈ ਵਿੱਚ ਸਿੰਘ ਆਪਣੇ-ਆਪਣੇ ਮੋਰਚਿਆਂ ਵਿੱਚ ਡੱਟ ਗਏ। ਗਹਿਗੱਚ ਯੁੱਧ ਹੋਇਆ। ਹਰ ਇਕ ਸਿੰਘ ਜਾਨ ਹੂਲ ਕੇ ਲੜਿਆ। ਰਾਤ ਪੈ ਜਾਣ ਕਾਰਨ ਲੜਾਈ ਬੰਦ ਹੋ ਗਈ। 24 ਦਸੰਬਰ, 1725 ਨੂੰ ਸਵੇਰ ਸਮੇਂ ਮੁੜ ਯੁੱਧ ਆਰੰਭ ਹੋ ਗਿਆ। ਭਾਈ ਤਾਰਾ ਸਿੰਘ ਵਾਂ ਦੀ ਅਗਵਾਈ ਵਿੱਚ 21 ਸਿੰਘਾਂ ਨੇ ਆਪਣੇ-ਆਪਣੇ ਸ਼ਸਤਰਾਂ ਦੀ ਵਰਤੋਂ ਕਰਦਿਆਂ ਦੁਸ਼ਮਣ ਨੂੰ ਭਾਜੜਾਂ ਪੁਆ ਦਿੱਤੀਆਂ। ਸੈਨਾਪਤੀ ਮੋਮਨ ਖ਼ਾਨ ਦੀਆਂ ਫੌਜਾਂ ਦਾ ਨੁਕਸਾਨ ਹੱਦ ਤੋਂ ਵੀ ਵੱਧ ਹੋਇਆ। ਹੁਣ 21 ਸਿੰਘਾਂ ਦੇ ਸ਼ਹੀਦੀ ਜਾਮ ਪੀਣ ਤੋਂ ਪਿੱਛੋਂ ਇਨ੍ਹਾਂ ਸਾਰੇ ਯੋਧਿਆਂ ਦੇ ਸਿਰਾਂ ਨੂੰ ਨੇਜਿਆਂ ਉੱਪਰ ਟੰਗ ਕੇ ਮੋਮਨ ਖ਼ਾਨ ਜਿੱਤ ਦੇ ਨਗਾਰੇ ਵਜਾਉਂਦਾ ਅਤੇ ਜਿੱਤ ਦੇ ਜਸ਼ਨ ਮਨਾਉਂਦਾ ਬਾਕੀ ਬਚੇ ਫ਼ੌਜੀਆਂ ਸਮੇਤ ਜ਼ਕਰੀਆ ਖ਼ਾਨ ਦੇ ਦਰਬਾਰ ਵਿੱਚ ਲਾਹੌਰ ਪੁੱਜਾ। ਮੋਮਨ ਖ਼ਾਨ ਨੇ ਆਪਣੇ ਨੇਜੇ ਉੱਪਰ ਸ਼ਹੀਦ ਭਾਈ ਤਾਰਾ ਸਿੰਘ ਵਾਂ ਦਾ ਸੀਸ ਟੰਗਿਆ ਹੋਇਆ ਸੀ।

ਜਦੋਂ ਇਸ ਮੁਖ਼ਬਰੀ ਕਾਰਨ ਹੋਏ ਹਮਲੇ ਵਿੱਚ ਹੋਈਆਂ ਇਨ੍ਹਾਂ ਸ਼ਹਾਦਤਾਂ ਦੀ ਖ਼ਬਰ ਖ਼ਾਲਸੇ ਨੂੰ ਮਿਲੀ ਤਾਂ ਦੂਰ ਦੁਰਾਡੇ ਜੰਗਲਾਂ-ਬੇਲਿਆਂ ਵਿੱਚ ਰਹਿੰਦੇ ਖ਼ਾਲਸਾ ਪੰਥ ਨੇ 1726 ਦਾ ਸਾਲ ਚੜ੍ਹਦਿਆਂ ਹੀ ਸਰਬੱਤ-ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਬੁਲਾਇਆ। ਸਰਬੱਤ-ਖ਼ਾਲਸਾ ਦੇ ਗੁਰਮਤੇ ਮੁਤਾਬਿਕ ਇਨ੍ਹਾਂ ਸ਼ਹਾਦਤਾਂ ਦਾ ਬਦਲਾ ਲੈਣ ਤੋਂ ਇਲਾਵਾ ਮੁਖ਼ਬਰੀ ਕਰਨ ਵਾਲੇ ਦੋਖੀਆਂ ਨੂੰ ਸਖ਼ਤ ਸਜਾਵਾਂ ਦੇਣ ਅਤੇ ਸੋਧਣ ਦਾ ਫ਼ੈਸਲਾ ਕੀਤਾ ਗਿਆ। ਇਸ ਮਹਾਨ ਸ਼ਹੀਦ ਭਾਈ ਤਾਰਾ ਸਿੰਘ ਵਾਂ ਦੇ ਸਿਦਕ, ਸਿਰੜ ਤੇ ਕੌਮੀ ਸੇਵਾ ਦੀ ਚਰਚਾ ਉਸ ਸਮੇਂ ਦੇ ਸਮੁੱਚੇ ਸਿੱਖ ਪੰਥ ਵਿੱਚ ਹੋ ਰਹੀ ਸੀ। ਸ਼ਹੀਦ ਭਾਈ ਤਾਰਾ ਸਿੰਘ ਵਾਂ ਅਤੇ ਇਸ ਅਸਾਂਵੇ ਯੁੱਧ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।


## ਮਾਂ ਬੋਲੀ ਜੇ ਭੁੱਲ ਜਾਓਗੇ ਕੱਖਾਂ ਵਾਂਗੂੰ ਰੁਲ ਜਾਓਗੇ

**ਮਾਂ ਬੋਲੀ ਦੀ ਸੇਵਾ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਹੈ । ਆਪਣੀ ਬੋਲੀ ਨਾ ਰਹੀ ਤਾਂ ਕੁਝ ਵੀ ਨਹੀਂ ਰਹੇਗਾ । ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਆਪ ਪੰਜਾਬੀ ਅਖ਼ਬਾਰ ਪੰਜਾਬ ਟਾਈਮਜ਼ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਪੜ੍ਹਨ ਲਈ ਉਤਸਾਹਿਤ ਕਰੋ ।**

**ਬੈਠੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ।**

**ਫ਼ੋਨ: 01332 372851**



ਜੈ ਗੁਰਦੇਵ

## ਸ੍ਰੀ ਗੁਰੂ ਰਵਿਦਾਸ ਭਵਨ ਸਟਰੂਡ ਵਿਖੇ ਇਕ ਗ੍ਰੰਥੀ ਸੇਵਾਦਾਰ ਦੀ ਲੋੜ

**ਸ੍ਰੀ ਗੁਰੂ ਰਵਿਦਾਸ ਸਭਾ ਮਿਡਵੇਅ ਵਿਖੇ ਗ੍ਰੰਥੀ ਦੀਆਂ ਸੇਵਾਵਾਂ ਨਿਭਾਉਣ ਵਾਲੇ ਇੱਕ ਗੁਰਸਿੱਖ ਗ੍ਰੰਥੀ ਦੀ ਜ਼ਰੂਰਤ ਹੈ। ਉਹਨਾਂ ਦੀਆਂ ਸੇਵਾਵਾਂ ਵਿਚ ਸ਼ਾਮਿਲ ਹਨ: ਰੋਜ਼ਾਨਾ ਨਿੱਤਨੇਮ ਅਤੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਮੋਹਰੀ ਰੋਲ ਨਿਭਾਉਣਾ, ਬੱਚਿਆਂ ਅਤੇ ਨੌਜਵਾਨਾਂ ਨੂੰ ਧਾਰਮਿਕ ਵਿੱਦਿਆ ਦੇਣਾ, ਵਿਆਹ ਸ਼ਾਦੀਆਂ, ਅੰਤਿਮ ਸੰਸਕਾਰ ਅਤੇ ਹੋਰ ਵਿਸ਼ੇਸ਼ ਸੇਵਾਵਾਂ ਨਿਭਾਉਣਾ ਅਤੇ ਸੰਗਤ ਦੀ ਭਲਾਈ ਲਈ ਉਹਨਾਂ ਨੂੰ ਗੁਰਬਾਣੀ ਮੁਤਾਬਕ ਸਲਾਹ ਦੇਣਾ ਅਤੇ ਲੋਕਲ ਸੰਗਤ ਵਿਚੋਂ ਜੇ ਕੋਈ ਧਾਰਮਿਕ ਸੇਵਾਵਾਂ ਕਰਨ ਦਾ ਚਾਹਵਾਨ ਹੋਵੇ ਤਾਂ ਉਹਨਾਂ ਨੂੰ ਸਿਖਲਾਈ ਪ੍ਰਦਾਨ ਕਰਨਾ ਆਦਿ। ਉਹਨਾਂ ਦੇ ਯੂ ਕੇ ਵਿਚ ਰਹਿਣ ਸਹਿਣ ਅਤੇ ਖਾਣ ਪੀਣ ਦਾ ਖਰਚਾ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਵੇਗਾ।ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤਨਖਾਹ ਅਤੇ ਕੰਮ ਹਫ਼ਤੇ ਦੇ 35 ਘੰਟੇ ਹੋਵੇਗਾ। ਉਹਨਾਂ ਦੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਯੋਗ ਉਮੀਦਵਾਰ ਯੋਗਤਾ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ ਜਾਂ ਈਮੇਲ ਰਾਹੀਂ 19 ਦਸੰਬਰ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜਾਂ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਸੰਪਰਕ ਕਰਨ ਜੀ ।**

## VACANCYTIER-5 RELIGIOUS WORKER REQUIRED

Preaching and performing pastoral duties in a religious order in a community which involves a permanent commitment.

***PASTORAL DUTIES INCLUDE:*** Leading worship regularly and on special occasions; giving religious education to children and adults by preachiing or teaching; officiating at marriages, funerals and other special services; and offering counselling and welfare support to members of the congregation; and recruting, training and co-ordinating the work of any local volunteers and lay preachers. The living and food expenses for the Religious workder will be paid for by the Gurdwara for the duration of employment. Salary will be according to qualifications and under U.K. employment law. Work per week 35 hours. Must have right to work in U.K.

**Please apply with your CV'S via Email:ravidassiamedway@gmail.com**

**Closing date: 19-12-2025**

**Contact: President Mr. Harjinder Bagha 07784 298 027**

**SRI GURU RAVIDASS SABHA MEDWAY**

**SRI GURU RAVIDASS BHAWAN,**

**1 VICARAGE ROAD, STROOD KENT, ME2 4DG, U.K.**

# ਪਾਠਕਾਂ ਦੇ ਪੱਤਰ




ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਦੀ ਮ੍ਰਿਤਕ ਦੇਹ ਨੂੰ ਸਪੁਰਦ-ਏ-ਖ਼ਾਕ ਨਹੀਂ ਸੀ ਕੀਤਾ ਉਸ ਦਾ ਸਸਕਾਰ ਕੀਤਾ ਸੀ

ਸਤਿਕਾਰ ਯੋਗ ਸੰਪਾਦਕ ਜੀਓ


ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹਿ

ਪਿਛਲੇ ਹਫ਼ਤੇ 4 ਤੋਂ 11-12-2025 ਪੰਜਾਬ ਟਾਈਮਜ਼ ਅੰਕ ਨੰ: 3109 ਦੇ ਸਫ਼ਾ 34 ਉੱਤੇ ਭਾਈ ਮਰਦਾਨਾ ਜੀ ਦੀ ਬਰਸੀ 'ਤੇ ਵਿਸ਼ੇਸ਼ ਰਮੇਸ਼ ਬੱਗਾ ਚੋਹਲਾ ਦਾ ਲੇਖ, ਗੁਰਮਤਿ ਦਾ ਪਹਿਲਾ ਪ੍ਰਚਾਰਕ ਭਾਈ ਮਰਦਾਨਾ ਜੀ ਦੇ ਸਿਰਲੇਖ ਹੇਠ ਛਪਿਆ ਹੈ। ਲੇਖ ਦੇ ਅੰਤ ਵਿੱਚ ਲੇਖਕ ਲਿਖਦਾ ਹੈ ਕਿ ਆਪਣੇ ਸੱਚੇ ਤੇ ਪੱਕੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 28 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਆਪਣੇ ਦੁੱਖ-ਸੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖ਼ਾਕ (ਦਫ਼ਨਾ ਦਿੱਤਾ) ਕਰ ਦਿੱਤਾ ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ। ਹੁਣ ਲੇਖਕ ਨੂੰ ਪੁੱਛਣਾ ਇਹ ਬਣਦਾ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੀ ਭਾਈ ਸਾਹਿਬ ਦੀ ਉਪਾਧੀ ਵਾਲੇ ਗੁਰਮਤਿ ਦੇ ਪ੍ਰਚਾਰਕ ਭਾਈ ਮਰਦਾਨੇ ਦੀ ਮ੍ਰਿਤਕ ਦੇਹ ਦਾ ਸਸਕਾਰ ਕਰਨ ਦੀ ਬਜਾਏ ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਸਪੁਰਦ-ਏ-ਖ਼ਾਕ ਕਿਵੇਂ ਕਰ ਦਿੱਤਾ ਭਾਵ ਦਫ਼ਨਾ ਦਿੱਤਾ? ਕਿਸ ਸ਼ਹਿਰ, ਕਿਸ ਜਗਹ ਗੁਰਮਤਿ ਦੇ ਪ੍ਰਚਾਰਕ ਭਾਈ ਮਰਦਾਨੇ ਨੇ ਆਪਣਾ ਪੰਜ ਭੌਤਿਕ ਸਰੀਰ ਤਿਆਗਿਆ, ਇਸ ਬਾਰੇ ਇਤਿਹਾਸਕਾਰਾਂ ਦੇ ਮੱਤਭੇਦ ਜ਼ਰੂਰ ਹਨ, ਪਰ ਦੋਵੀਂ ਥਾਈਂ ਭਾਈ ਮਰਦਾਨੇ ਦੀ ਮ੍ਰਿਤਕ ਦੇਹ ਦਾ ਸਸਕਾਰ ਹੋਣਾ ਹੀ ਲਿਖਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ: ਲੱਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁੱਤਰ, ਜੋ ਸੰਮਤ 1516 ਵਿੱਚ ਤਲਵੰਡੀ ਜਨਮਿਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਕੇ ਭਾਈ ਪਦ ਦਾ ਅਧਿਕਾਰੀ ਹੋਇਆ। ਇਹ ਦੇਸ਼ ਦੇਸ਼ਾਤਰਾਂ ਵਿੱਚ ਜਗਤ ਗੁਰੂ ਦੀ ਸੇਵਾ ਵਿੱਚ ਹਾਜ਼ਿਰ ਰਹਿ ਕੇ ਕੀਰਤਨ ਕਰਦਾ ਰਿਹਾ, ਇਸ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫ਼ਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁਰਮ ਨਗਰ ਵਿੱਚ ਹੋਇਆ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸਸਕਾਰੀ (ਭਾਵ ਆਪਣੇ ਹੱਥੀਂ ਸਸਕਾਰ ਕੀਤਾ) ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ, ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।

ਪ੍ਰਿੰ: ਸਤਿਬੀਰ ਸਿੰਘ ਪੁਰਾਤਨ ਇਤਿਹਾਸਕ ਜੀਵਨੀਆਂ ਦੇ ਸਫ਼ਾ 15 'ਤੇ ਲਿਖਦੇ ਹਨ ਕਿ ਗੁਰੂ ਨਾਨਕ ਤੇ ਭਾਈ ਮਰਦਾਨਾ 1534 ਈ: (ਸੰਮਤ 1591) ਨੂੰ ਕਿਸੇ ਹਿਸਾਬ ਨਾਲ ਵੀ ਅਫ਼ਗਾਨਿਸਤਾਨ ਦੇ ਸ਼ਹਿਰ ਕੁਰਮ ਵਿੱਚ ਨਹੀਂ ਹੋ ਸਕਦੇ। ਸੋ ਠੀਕ ਤੇ ਜੱਚਦਾ ਹੈ ਕਿ ਭਾਈ ਮਰਦਾਨਾ ਜੀ ਨੇ ਕਰਤਾਰਪੁਰ ਹੀ ਪ੍ਰਾਣ ਤਿਆਗੇ ਤੇ ਗੁਰੂ ਨਾਨਕ ਜੀ ਨੇ ਆਪਣੇ ਹੱਥੀਂ ਭਾਈ ਮਰਦਾਨੇ ਦੀ ਮ੍ਰਿਤਕ ਦੇਹ ਦਾ ਰਾਵੀ ਦੇ ਕਿਨਾਰੇ ਸਸਕਾਰ ਕੀਤਾ। ਜਿਥੇ ਤੱਕ ਭਾਈ ਮਰਦਾਨਾ ਜੀ ਦੀ ਔਲਾਦ ਦਾ ਉਨ੍ਹਾਂ ਦੀ ਯਾਦ ਨੂੰ ਸੰਭਾਲਣ ਦਾ ਸੁਆਲ ਹੈ, ਭਾਈ ਮਰਦਾਨਾ ਜੀ ਦੇ ਦੋ ਪੁੱਤਰ ਰਜਾਦਾ ਤੇ ਸਜਾਦਾ ਸਨ। ਸਜਾਦਾ ਜੀ ਤਲਵੰਡੀ ਹੀ ਰਹੇ ਤੇ ਰਜਾਦਾ ਜੀ ਕਰਤਾਰਪੁਰ ਗੁਰੂ ਨਾਨਕ ਸਾਹਿਬ ਕੋਲ ਆ ਟਿਕੇ। 20 ਅਕਤੂਬਰ 2022, ਪੰਜਾਬ ਟਾਈਮਜ਼ ਦੇ ਅੰਕ 2949 ਉੱਤੇ ਦਾਸ ਦਾ ਲੇਖ ਭਾਈ ਮਰਦਾਨੇ ਨੇ ਗੁਰਸਿੱਖੀ ਧਾਰਨ ਕੀਤੀ ਦੇ ਸਿਰਲੇਖ ਹੇਠ ਛਪਿਆ ਸੀ, ਉਹੀ ਲੇਖ ਦਾਸ ਦੇ ਤੀਸਰੇ ਲੇਖ ਸੰਗ੍ਰਹਿ, ਸਿੱਖ ਕੌਮ ਦੀ ਵਿਲੱਖਣ ਹੋਂਦ ਹਸਤੀ ਉੱਤੇ ਹਿੰਦੂਤਵ ਵੱਲੋਂ ਸਿਧਾਂਤਕ ਹਮਲੇ ਦੇ ਸਫ਼ਾ 178 ਉੱਤੇ ਪੜ੍ਹਿਆ ਜਾ ਸਕਦਾ ਹੈ।



ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਦੀ ਮ੍ਰਿਤਕ ਦੇਹ ਨੂੰ ਸਪੁਰਦ-ਏ-ਖ਼ਾਕ ਨਹੀਂ ਸੀ ਕੀਤਾ ਉਸ ਦਾ ਸਸਕਾਰ ਕੀਤਾ ਸੀ।

ਭੁੱਲਾਂ ਚੁੱਕਾਂ ਦੀ ਖ਼ਿਮਾਂ

ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਭਾਰਤ ਵਿੱਚ ਨਹੀਂ, ਬਾਕੀ ਮੁਲਕਾਂ ਵਿੱਚ ਵੀ ਸਹੀ ਇਨਸਾਫ ਲੈਣਾ ਗਰੀਬ ਲਈ ਔਖਾ ਹੈ

ਸਾਡੇ ਮੁਲਕ ਵਿੱਚ ਇਨਸਾਫ ਰੋਟੀ ਖਾਂਦੇ ਇਨਸਾਨ ਨੂੰ ਮਿਲਦਾ ਹੈ। ਭਾਰਤ ਵਿੱਚ ਨਹੀਂ ਬਲਕਿ ਬਾਕੀ ਮੁਲਕਾਂ ਵਿੱਚ ਭੀ ਸਹੀ ਇਨਸਾਫ ਲੈਣਾ ਗਰੀਬ ਲਈ ਔਖਾ। ਗਰੀਬ ਦੀ ਜ਼ਿੰਦਗੀ ਕੰਮ ਕਰਨਾ, ਮਾਲਕ ਦਾ ਹੁਕਮ ਮੰਨਣਾ, ਨਹੀਂ ਤਾਂ ਜ਼ਿੰਦਗੀ ਔਖੀ। ਮਸਲੇ ਦੇ ਤੌਰ 'ਤੇ ਇਕ ਪੁਲਸ ਮੁਲਾਜ਼ਮ ਹੈ ਸਿਪਾਹੀ ਨੂੰ ਈਮਾਨਦਾਰੀ ਨਾਲ ਨੌਕਰੀ ਕਰਨੀ ਔਖੀ ਹੈ ਅਗਰ ਉਹ ਕਿਸੇ ਭੀ ਤਫ਼ਤੀਸ਼ ਲਈ ਬਾਹਰ ਜਾਂਦਾ ਹੈ। ਫਾਈਲ ਥਾਣੇਦਾਰ ਸਾਹਿਬ ਉਸ ਨੂੰ ਦੇਣਗੇ, ਪਹਿਲਾਂ ਉਸ ਨੂੰ ਦੱਸ ਦਿੱਤਾ ਜਾਂਦਾ ਹੈ ਉਸ ਦਾ ਹਿੱਸਾ ਕੀ ਹੈ। ਹੁਣ ਉਹ ਇਨਕੁਆਰੀ ਕਰਨ ਵੇਲੇ ਪਹਿਲਾਂ ਆਪਣੇ ਅਫ਼ਸਰ ਫਿਰ ਆਪਣੀ ਜੇਬ ਵੱਲ ਤੱਕਦਾ ਹੈ। ਐਵੇਂ ਪੁੱਠੇ ਸਿੱਧੇ ਸਵਾਲ ਕਰਦਾ ਹੈ। ਅੰਤ ਵਿੱਚ ਗੱਲ ਸੌਦਾ ਹੁੰਦਾ ਹੈ। ਬੱਸ ਪੈਸੇ ਦੇਵੋ ਜਿਵੇਂ ਤੁਸੀਂ ਕਹਿੰਦੇ ਹੋ, ਹੋ ਜਾਵੇਗਾ। ਕਈ ਵਾਰ ਐਵੇਂ ਥਾਣੇਦਾਰ ਸਾਹਿਬ ਲਿਖ ਦੇਂਦੇ ਹਨ ਕਿ ਦੋਵੇਂ ਧਿਰਾਂ ਨੂੰ ਥਾਣੇ ਸੱਦਿਆ ਇਹ ਸਮਝੌਤਾ ਕਰਵਾ ਦਿੱਤਾ, ਭਾਵੇਂ ਇਕ ਮੁਲਜ਼ਮ ਪ੍ਰਦੇਸ ਵਿੱਚ ਹੋਵੇ, ਗੱਲ ਪੈਸੇ ਨਾਲ ਮੁਕਦੀ ਹੈ। ਪ੍ਰਦੇਸੀ ਭਾਵੇਂ ਜਿਥੇ ਮਰਜੀ ਸ਼ਿਕਾਇਤਾਂ ਕਰ ਜਾਵੇ ਉਸ ਦੀ ਕੋਈ ਸੁਣਵਾਈ ਨਹੀਂ। ਗਰੀਬ ਨੂੰ ਨੌਕਰੀ ਮਿਲਣੀ ਔਖੀ ਹੈ ਭਾਵੇਂ ਕੋਲ ਐੱਮ.ਏ. ਦੀ ਡਿਗਰੀ ਹੈ, ਨੰਬਰ ਭਾਵੇਂ ਫਸਟ ਕਲਾਸ ਅੰਗ੍ਰੇਜ਼ੀ ਹੋਵੇ ਜਾਂ ਜਿਸ ਮਜਮੂਨ ਦੀ ਡਿਗਰੀ ਹੋਵੇ, ਬਗੈਰ ਵੱਡੀ ਸਿਫਾਰਿਸ਼ ਨਾਲ ਪੈਸਾ ਦੇ ਕੇ ਨੌਕਰੀ ਮਿਲਦੀ ਹੈ। ਕਿਸੇ ਬਾਬਾ ਜੀ ਦਾ ਭਾਣਜਾ ਹੋਵੇ ਜਾਂ ਕੋਈ ਹੋਰ ਐੱਮ.ਏ. ਪਾਸ, ਝੱਟ ਕਾਲਜ ਵਿੱਚ ਪ੍ਰੋਫ਼ੈਸਰ ਲੱਗ ਜਾਂਦਾ ਹੈ। ਨਹੀਂ ਤਾਂ ਰਿਕਸ਼ਾ ਚਲਾ ਲਵੋ ਜਾਂ ਜਿਸ ਤਰ੍ਹਾਂ ਗੁਜ਼ਾਰਾ ਕਰੋ। ਪ੍ਰਾਈਵੇਟ ਸਕੂਲ ਵਿੱਚ ਭੀ 5-7 ਹਜ਼ਾਰ 'ਤੇ ਨੌਕਰੀ ਮਿਲੇ-ਗੀ, ਉਹ ਭੀ ਰੋਜ਼ ਪ੍ਰਿੰਸੀਪਲ ਸਾਹਿਬ ਅਤੇ ਕਮੇਟੀ ਦੇ ਹੁਕਮ ਅਧੀਨ ਚੱਲਣਾ ਪਵੇਗਾ। ਆਮ ਜ਼ਿਮੀਂਦਾਰ ਦਾ ਨੌਕਰ ਲੱਗਣ ਲਈ ਤੁਹਾਡੀ ਹੈਲਥ ਬਿਲਕੁੱਲ ਠੀਕ ਹੋਣੀ ਚਾਹੀਦੀ ਹੈ 24 ਘੰਟੇ ਨੌਕਰੀ। ਪੈਸੇ ਆਮ ਕੋਈ ਸਹੂਲਤ ਨਹੀਂ ਕੱਪੜਾ-ਬੀਮਾਰੀ ਵੇਲੇ ਸਹਾਇਤਾ ਘਰ ਵਿੱਚ ਪਰਿਵਾਰ ਵਿੱਚ ਕੋਈ ਮੁਸੀਬਤ ਬਣੇ ਪੈਸੇ ਵਿਆਜ 'ਤੇ ਮਿਲ ਸਕਦੇ ਹਨ, ਵਿਆਜ ਦਾ ਹਿਸਾਬ ਨਹੀਂ ਕਿਤੇ ਰਿਪੋਰਟ ਨਹੀਂ ਇਨਸਾਫ ਕਿਥੋਂ ਮਿਲੇ ਪਤਾ ਨਹੀਂ। ਪਰਿ-ਵਾਰਕ ਵੰਡ ਵੇਲੇ ਦੇਖੋ ਪਰਿਵਾਰ ਪੂਰਾ ਇਕੱਠਾ ਕੰਮ ਕਰਦਾ ਹੈ। ਘਰ ਵਿੱਚ ਇਕ ਮੁਖ਼ਤਿਆਰ ਹੁੰਦਾ ਹੈ। ਖ਼ਰਚ ਕਰਨਾ ਆਮਦਨ ਦਾ ਕੰਮ ਸਾਰਾ ਉਸ ਦੇ ਜ਼ਿੰਮੇ ਹੈ। ਪਰਿਵਾਰ ਦਾ ਲੀੜਾ ਕੱਪੜਾ ਉਸ ਦੀ ਮਰਜੀ ਮੁਤਾਬਕ ਮਿਲਦਾ ਹੈ। ਜਦੋਂ ਪਰਿ-ਵਾਰ ਵਿੱਚ ਕੋਈ ਝਗੜਾ ਹੁੰਦਾ ਹੈ ਫਿਰ ਮੁਖ਼ਤਿਆਰ ਮਰਜੀ ਮੁਤਾਬਕ ਕੁਝ ਦੇਵੇ ਨਾ ਦੇਵੇ। ਤੁਸੀਂ ਕਿਸੇ ਪਾਸੇ ਇਨਸਾਫ ਲਈ ਨਹੀਂ ਜਾ ਸਕਦੇ, ਕਿਉਂ, ਪੈਸਾ ਕੋਲ ਹੋਵੇਗਾ ਤਦ ਕਿਸੇ ਕੋਰਟ ਕਚਹਿਰੀ ਦਾ ਰੁੱਖ ਕਰੋਗੇ। ਬੱਸ ਜਿਸ ਤਰ੍ਹਾਂ ਹੈ ਬਾਕੀ ਜੀਵਨ ਬਤੀਤ ਕਰੋ। ਕਿਉਂ ਸਾਡੇ ਦੇਸ਼ ਵਿੱਚ ਸਰਕਾਰ ਦੀ ਕਾਨੂੰਨੀ ਕਾਰਵਾਈ ਇਤਨੀ ਮਹਿੰਗੀ ਹੈ, ਆਮ ਆਦਮੀ ਦਾ ਕੰਮ ਨਹੀਂ ਕਿ ਸਰਕਾਰੀ ਦਫ਼ਤਰ ਵਿੱਚ ਆਪਣੀ ਫਰਿਆਦ ਰੱਖੇ। ਕਿ ਉਸ ਦੀ ਜ਼ਿੰਦਗੀ ਵਿੱਚ ਆਹ ਹੋਇਆ ਹੈ। ਬਗੈਰ ਪੈਸੇ ਦੇ ਕੋਈ ਕੰਮ ਨਹੀਂ ਹੁੰਦਾ। ਚੰਗੇ ਦਿਨਾਂ ਵਿੱਚ ਤੁਹਾਡੇ ਸਾਰੇ ਹਨ, ਪਰ ਮਾੜੇ ਦਿਨਾਂ ਨੂੰ ਤੁਹਾਡੇ ਨਾਲ ਕੋਈ ਨਹੀਂ, ਭਾਵੇਂ ਸਾਡੀ ਬਾਣੀ ਵਿੱਚ ਇਹ ਦਰਜ ਹੈ, ਪਰ ਫਿਰ ਅਸੀਂ ਸਿਰਫ਼ ਸ਼ੁਕਰ ਗੁਜ਼ਾਰ ਹੋ ਕੇ ਦਿਨ ਕੱਟਦੇ ਹਾਂ। ਸਰਕਾਰ ਕਾਨੂੰਨ ਬਣਾ ਜਰੂਰ ਦਿੰਦੀ ਹੈ ਪਰ ਆਮ ਆਦਮੀ ਲਈ ਉਸ ਦਾ ਫਾਇਦਾ ਲੈਣਾ ਔਖਾ ਹੈ। ਕਿਸੇ ਭੀ ਡਿਪਾਰਟਮੈਂਟ ਦੀ ਗੱਲ ਕਰ ਲਵੋ। ਹੁਣ ਹੀ ਪੰਜਾਬ ਵਿੱਚ ਹੜ੍ਹ ਆਏ ਹਨ ਪੈਸੇ ਵੰਡ ਅਮੀਰ ਲਈ ਵੱਖਰੀ ਹੋਵੇਗੀ, ਪੈਸੇ ਵਾਲਾ ਹਰਜਾਨਾ ਜ਼ਿਆਦਾ ਲੈ ਜਾਵੇਗਾ। ਪਰ ਗਰੀਬ ਦਾ ਹਾਲ ਉਹ ਹੀ ਹੈ ਜਿਸ ਕੋਲ ਇਕ ਮੱਝ ਸੀ ਉਹ ਮਰ ਗਈ, ਪੈਸੇ ਬਕਰੀ ਖਰੀਦਣ ਜੋਗੇ ਭੀ ਨਹੀਂ ਮਿਲਣੇ। ਸਾਡੇ ਸੁਧਾਰ ਹੋਣਾ ਬਹੁਤ ਔਖਾ ਹੈ। ਸਾਡਾ ਸਿਸਟਮ ਇਤਨਾ ਵਿਗੜ ਚੁੱਕਾ ਹੈ ਕਿ ਇਸ ਨੂੰ ਠੀਕ ਕਰਨ ਲਈ ਸ਼ਾਇਦ ਗੁਰੂ ਨਾਨਕ ਦੇਵ ਜੀ ਵਰਗਾ ਮਹਾਂਪੁਰਖ ਮੁੜ ਜਨਮ ਲਵੇ। ਫਿਰ ਭਾਵੇਂ ਠੀਕ ਹੋਵੇਗਾ ਨਹੀਂ ਤਾਂ ਦਰ ਗੁਜ਼ਰ ਹੁੰਦੀ ਰਹੇਗੀ। ਨੇਤਾ ਨੇਤਾ ਰਹੇਗਾ, ਨੌਕਰ ਨੌਕਰ ਹੀ ਰਹੇਗਾ।



ਗਲਤੀ ਮੁਆਫ਼

K.Singh Jogi

## ਰੇਲ ਗੱਡੀ ਵਿੱਚ ਸੁੱਤੇ ਪਏ ਯਾਤਰੀ ਨੂੰ ਲਾਈ ਅੱਗ, ਵਿਦਿਆਰਥੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਨਿਊਯਾਰਕ ਵਿੱਚ ਇੱਕ ਰੇਲ ਗੱਡੀ ਵਿੱਚ ਸੁੱਤੇ ਪਏ ਇਕ ਬਜੁਰਗ ਯਾਤਰੀ ਨੂੰ ਅੱਗ ਲਾ ਦੇਣ ਦੀ ਖਬਰ ਹੈ। ਇਸ ਘਟਨਾ ਵਿੱਚ ਯਾਤਰੀ ਬੁਰੀ ਤਰਾਂ ਝੁਲਸ ਗਿਆ ਤੇ ਉਸ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਇਕ ਹਾਈ ਸਕੂਲ ਦੇ ਸੀਨੀਅਰ 18 ਸਾਲਾ ਵਿਦਿਆਰਥੀ ਹਿਰਾਮ ਕੇਰੀਰੋ ਨੂੰ ਗ੍ਰਿਫਤਾਰ ਕੀਤਾ ਹੈ। ਉਸ ਵਿਰੁੱਧ ਅਗਜਨੀ ਦੇ ਸੰਗੀ ਦੋਸ਼ ਲਾਏ ਗਏ ਹਨ। ਨਿਆਂ ਵਿਭਾਗ ਨੇ ਕਿਹਾ ਹੈ ਕਿ ਹਿਰਾਮ ਕੇਰੀਰੋ ਨੇ ਇੱਕ ਕਾਗਜ਼ ਦੇ ਟੁੱਕੜੇ ਨੂੰ ਅੱਗ ਲਾ ਕੇ ਸੁੱਤੇ ਪਏ ਯਾਤਰੀ ਦੇ ਨੇੜੇ ਸੁੱਟ ਦਿੱਤਾ। ਅੱਗ ਲੱਗਣ ਉਪਰੰਤ ਯਾਤਰੀ ਬਾਹਰ ਨੂੰ ਭੱਜਾ ਤੇ 42 ਵੀਂ ਸਟਰੀਟ-ਟਾਇਮ ਸਕੁਏਅਰ ਪਲੇਟਫਾਰਮ ਉਪਰ ਡਿੱਗ ਗਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਅੱਗ ਬੁਝਾਈ। ਪੀੜਤ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਸੋਸ਼ਲ ਮੀਡੀਆ ਸਮੱਗਰੀ ਮੁੜ ਬਣੀ ਚਰਚਾ ਦਾ ਵਿਸ਼ਾ

ਪ੍ਰੋ: ਕੁਲਬੀਰ ਸਿੰਘ
9417153513



ਬੀਤੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਸਮੱਗਰੀ ਅਤੇ ਇੰਟਰਨੈੱਟ ਕਾਨਟੈਂਟ ਅਖ਼ਬਾਰਾਂ ਦੇ ਮੁੱਖ ਪੰਨੇ ਦੀਆਂ ਸੁਰਖੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਦੇ ਮਾਣਯੋਗ ਸੁਪਰੀਮਕੋਰਟ, ਕਦੇ ਰਾਸ਼ਟਰਪਤੀ, ਕਦੇ ਪ੍ਰਧਾਨ ਮੰਤਰੀ, ਕਦੇ ਸੂਝਵਾਨ ਸਿਆਸੀ ਨੇਤਾ ਅਤੇ ਕਦੇ ਸੰਵੇਦਨਸ਼ੀਲ ਲੋਕ ਚਿੰਤਾ ਦਾ ਇਜ਼ਹਾਰ ਕਰ ਰਹੇ ਹਨ।

ਸੁਪਰੀਮ ਕੋਰਟ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਹੈ ਕੀ ਇੰਟਰਨੈਟ ਮੀਡੀਆ ਲਈ ਸੁਤੰਤਰ ਰੈਗੂਲੇਟਰੀ ਜ਼ਰੂਰੀ ਹੈ ਕਿਉਂਕਿ ਆਨਲਾਈਨ ਇਤਰਾਜ਼ਯੋਗ ਸਮੱਗਰੀ ਨੂੰ ਕੰਟਰੋਲ ਕਰਨਾ ਲਾਜ਼ਮੀ ਹੈ।

ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕੀ ਸੀ.ਬੀ.ਆਈ. ਡਿਜ਼ੀਟਲ ਅਰੈੱਸਟ ਦੇ ਸਾਰੇ ਕੇਸਾਂ ਦੀ ਇਕੱਠੀ ਜਾਂਚ ਕਰੇ। ਸਾਈਬਰ ਅਪਰਾਧ ਦੇ ਖੇਤਰ ਵਿਚ ਡਿਜ਼ਿਅਲ ਅਰੈੱਟਲ ਨਵਾਂ ਪਰ ਖ਼ਤਰਨਾਕ ਤੇ ਡਰਾਉਣਾ ਰੁਝਾਨ ਸਾਹਮਣੇ ਆਇਆ ਹੈ। ਸਾਈਬਰ ਅਪਰਾਧੀ ਵਧੇਰੇ ਕਰਕੇ ਸੀਨੀਅਰ ਨਾਗਰਿਕਾਂ ਨੂੰ ਚੁੰਗਲ ਵਿਚ ਫਸਾਉਂਦੇ ਹਨ। ਇਕ ਅਨੁਮਾਨ ਅਨੁਸਾਰ ਅਜਿਹੇ ਸੀਨੀਅਰ ਨਾਗਰਿਕਾਂ ਕੋਲੋਂ ਹੁਣ ਤੱਕ 3000 ਕਰੋੜ ਰੁਪਏ ਦੀ ਹੇਰਾਫੇਰੀ ਕੀਤੀ ਜਾ ਚੁੱਕੀ ਹੈ। ਸੁਪਰੀਮ ਕੋਰਟ ਨੇ ਹੈਰਾਨੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਅਜਿਹਾ ਕਿਵੇਂ ਸੰਭਵ ਹੋ ਸਕਦਾ ਹੈ?

ਉਧਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਏ. ਆਈ. ਦੀ ਗਲਤ ਵਰਤੋਂ ਰੋਕੀ ਜਾਣੀ ਜ਼ਰੂਰੀ ਹੈ ਅਤੇ ਇਸ ਮਕਸਦ ਲਈ ਵਿਸ਼ਵ ਸਮਝੌਤਾ ਕੀਤਾ ਜਾਣਾ ਚਾਹੀਦਾ ਹੈ। ਨਿੱਤ ਨਵੀਆਂ ਤਕਨੀਕਾਂ ਆਉਣੇ ਬਾਵਜੂਦ ਵਿਅਕਤੀ ਦੀ ਨਿੱਜਤਾ ਅਤੇ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕੀ ਡੀਪਫੇਕ 'ਚ ਏ.ਆਈ. ਦੀ ਵਰਤੋਂ ਚਿੰਤਾਜਨਕ ਹੈ। ਏ.ਆਈ. ਦੇ ਇਸ ਯੁੱਗ ਵਿਚ ਮਨੁੱਖ ਨੂੰ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ।

ਰਾਜ ਸਭਾ ਨੂੰ ਸੰਬੋਧਨ ਕਰਦੇ ਹੋਏ ਸੰਸਦ ਮੈਂਬਰ ਸੁਧਾ ਮੂਰਤੀ ਨੇ ਜ਼ੋਰ ਦੇ ਕੇ ਕਿਹਾ ਕਿ ਇੰਟਰਨੈੱਟ ਮੀਡੀਆ 'ਤੇ ਬੱਚਿਆਂ ਨੂੰ ਸਮਗਰੀ ਵਿਖਾਉਣ ਸੰਬੰਧੀ ਸਪੱਸ਼ਟ ਨਿਯਮ ਬਣਾਏ ਜਾਣੇ ਚਾਹੀਦੇ ਹਨ। ਬਹੁਤ ਸਾਰੀ ਸਮੱਗਰੀ ਅਜਿਹੀ ਹੈ ਜਿਸਨੂੰ ਬੱਚਿਆਂ ਨੂੰ ਵਿਖਾਉਣ ਦੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ ਹੈ ਪਰ ਉਹ ਬੱਚਿਆਂ ਨੂੰ ਵਿਖਾਉਣ ਯੋਗ ਨਹੀਂ ਹੈ। ਇੰਝ ਕਰਕੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹਿਆ ਜਾ ਰਿਹਾ ਹੈ। ਪੂਰਾ ਧਿਆਨ ਕੇਵਲ ਕਮਾਈ ਕਰਨ 'ਤੇ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਫਰਾਂਸ ਸਮੇਤ ਕਈ ਮੁਲਕਾਂ ਦੀ ਉਦਾਹਰਨ ਦਿੱਤੀ ਜਿੱਥੇ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਿਆ ਜਾਂਦਾ ਹੈ।



ਉਨ੍ਹਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਜੋ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਇਸਦੇ ਮੱਦੇ-ਨਜ਼ਰ ਹੋਣੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਨਿਯਮ ਕਾਨੂੰਨ ਨਾ ਬਣਾਇਆ ਗਿਆ ਤਾਂ ਭਵਿੱਖ ਵਿਚ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ।

ਓਧਰ ਆਸਟਰੇਲੀਆ ਦੀ ਸਰਕਾਰ ਵੱਲੋਂ ਇਸ ਸਿਲਸਿਲੇ ਵਿਚ ਲਿਆ ਗਿਆ ਫੈਸਲਾ 10 ਦਸੰਬਰ ਤੋਂ ਲਾਗੂ ਹੋਣ ਜਾ ਰਿਹਾ ਹੈ। ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਰੋਕ ਸ਼ੁਰੂ ਹੋ ਜਾਵੇਗੀ। ਤਕਨੀਕੀ ਕੰਪਨੀਆਂ ਅਤੇ ਸਰਕਾਰ ਨੇ ਤਿਆਰੀਆਂ ਮੁਕੰਮਲੀ ਕਰ ਲਈਆਂ ਹਨ। ਸੋਲਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਯੂਟਿਊਬ, ਫੇਸਬੁੱਕ, ਟਿਕ- ਟੋਕ, ਇੰਸਟਾਗ੍ਰਾਮ, ਸਨੈਪਚੈਟ, ਰੈਡਿਫ ਆਦਿ ਪਲੈਟਫ਼ਾਰਮਾਂ 'ਤੇ ਅਕਾਊਂਟ ਬਨਾਉਣਾ ਜਾਂ ਵਰਤਣਾ ਵਰਜਿਤ ਹੋ ਜਾਏਗਾ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਥਨੀ ਅਲਬਨੀਜ਼ ਨੇ ਇਸ ਸੰਬੰਧ ਵਿਚ ਕਿਹਾ, ਬੱਚਿਆਂ ਦੀ ਮਾਨਸਿਕ ਸਿਹਤ ਅਤੇ ਸੁਰੱਖਿਆ ਸਾਡੀ ਪਹਿਲੀ ਪਹਿਲ ਹੈ।

ਦੂਸਰੇ ਪਾਸੇ ਕੁਝ ਧਿਰਾਂ ਦਾ ਕਹਿਣਾ ਹੈ ਕਿ ਰੋਕ ਲਾਉਣ ਦੀ ਬਜਾਏ ਸੋਸ਼ਲ ਮੀਡੀਆ ਤੋਂ ਗਲਤ ਸਮੱਗਰੀ, ਗਲਤ ਚੀਜ਼ਾਂ ਹਟਾਉਣੀਆਂ ਚਾਹੀਦੀਆਂ ਹਨ।

ਇਧਰ ਭਾਰਤ ਸਰਕਾਰ ਨੇ ਵਟਸਐਪ, ਸਿਰਪੁਲ, ਸਨੈਪਚੈਟ, ਟੈਲੀਗ੍ਰਾਮ, ਸ਼ੇਅਰ ਚੈਟ, ਜਿਓਚੈਟ ਜਿਹੀਆਂ ਸੇਵਾਵਾਂ 'ਤੇ ਸਖ਼ਤੀ ਕਰਦਿਆਂ ਕਿਹਾ ਹੈ ਕਿ ਹੁਣ ਇਨ੍ਹਾਂ ਸੇਵਾਵਾਂ ਸਰਗਰਮ ਸਿਮ ਤੋਂ ਬਗੈਰ ਜਾਰੀ ਨਹੀਂ ਰਹਿਣਗੀਆਂ। ਨਵੀਆਂ ਸ਼ਰਤਾਂ ਲਾਗੂ ਕਰਦਿਆਂ ਸੰਬੰਧਤ ਮਹਿਕਮੇ ਨੇ ਸਪਸ਼ਟ ਕੀਤਾ ਕਿ ਹੁਣ ਪਹਿਲਾ ਵਾਂਗ ਸਹੂਲਤ ਨਹੀਂ ਰਹੇਗੀ। ਪਹਿਲਾਂ ਇਕ ਵਾਰ ਵੈਰੀਫਿਕੇਸ਼ਨ ਹੋ ਜਾਣ 'ਤੇ ਬਿਨ੍ਹਾਂ ਸਿਮ ਤੋਂ ਵੀ ਐਪ ਚੱਲਦਾ ਰਹਿੰਦਾ ਸੀ। ਇਹੀ ਨਹੀਂ ਹੁਣ ਹਰੇਕ ਛੇ ਘੰਟੇ ਬਾਅਦ ਵਰਤਣ ਵਾਲੇ ਨੂੰ ਆਟੋ-ਲਾਗ-ਆਊਟ ਕਰਨਾ ਹੋਵੇਗਾ।

ਬੀਤੇ ਕਈ ਦਿਨਾਂ ਤੋਂ ਸੰਚਾਰ ਸਾਥੀ ਐਪ ਦਾ ਬਹੁਤ ਰੌਲਾ ਪਿਆ ਹੋਇਆ ਹੈ। ਦੂਰਸੰਚਾਰ ਮਹਿਕਮੇ ਨੇ ਸਮਾਰਟ ਫੋਨ ਕੰਪਨੀਆਂ ਨੂੰ ਕਿਹਾ ਸੀ ਕਿ 90 ਦਿਨਾਂ ਅੰਦਰ ਮਾਰਕਿਟ ਵਿਚ ਆਉਣ ਵਾਲੇ ਨਵੇਂ ਮੋਬਾਈਲ ਫੋਨਾਂ ਵਿਚ ਸਰਕਾਰੀ ਸਾਈਬਰ

**ਭਾਰਤ ਸਰਕਾਰ ਨੇ ਵਟਸਐਪ, ਸਿਰਪੁਲ, ਸਨੈਪਚੈਟ, ਟੈਲੀਗ੍ਰਾਮ, ਸ਼ੇਅਰ ਚੈਟ, ਜਿਓਚੈਟ ਜਿਹੀਆਂ ਸੇਵਾਵਾਂ 'ਤੇ ਸਖ਼ਤੀ ਕਰਦਿਆਂ ਕਿਹਾ ਹੈ ਕਿ ਹੁਣ ਇਨ੍ਹਾਂ ਸੇਵਾਵਾਂ ਸਰਗਰਮ ਸਿਮ ਤੋਂ ਬਗੈਰ ਜਾਰੀ ਨਹੀਂ ਰਹਿਣਗੀਆਂ। ਨਵੀਆਂ ਸ਼ਰਤਾਂ ਲਾਗੂ ਕਰਦਿਆਂ ਸੰਬੰਧਤ ਮਹਿਕਮੇ ਨੇ ਸਪਸ਼ਟ ਕੀਤਾ ਕਿ ਹੁਣ ਪਹਿਲਾ ਵਾਂਗ ਸਹੂਲਤ ਨਹੀਂ ਰਹੇਗੀ। ਪਹਿਲਾਂ ਇਕ ਵਾਰ ਵੈਰੀਫਿਕੇਸ਼ਨ ਹੋ ਜਾਣ 'ਤੇ ਬਿਨ੍ਹਾਂ ਸਿਮ ਤੋਂ ਵੀ ਐਪ ਚੱਲਦਾ ਰਹਿੰਦਾ ਸੀ। ਇਹੀ ਨਹੀਂ ਹੁਣ ਹਰੇਕ ਛੇ ਘੰਟੇ ਬਾਅਦ ਵਰਤਣ ਵਾਲੇ ਨੂੰ ਆਟੋ-ਲਾਗ-ਆਊਟ ਕਰਨਾ ਹੋਵੇਗਾ।**


ਸੁਰੱਖਿਆ ਐਪ ਸੰਚਾਰ ਸਾਥੀ ਨੂੰ ਪ੍ਰੀ ਲੋਡ ਕਰਨਾ ਹੋਵੇਗਾ। ਖ਼ਬਰ ਆਉਂਦੇ ਸਾਰ ਹੋ-ਹੱਲਾ ਮੱਚ ਗਿਆ ਅਤੇ ਮਹਿਕਮੇ ਨੂੰ ਆਪਣਾ ਫੈਸਲਾ ਵਾਪਿਸ ਲੈਣਾ ਪਿਆ। ਕੇਂਦਰੀ ਮੰਤਰੀ ਜਯੋਤਿਰਾਦਿੱਤਿਆ ਸਿੰਧੀਆ ਨੇ ਸੰਸਦ ਵਿਚ ਸੰਬੋਧਨ ਕਰਦੇ ਹੋਏ ਦੱਸਿਆ ਕਿ ਐਪ ਪਹਿਲਾਂ ਤੋਂ ਇੰਸਟਾਲ ਨਹੀਂ ਹੋਵੇਗਾ ਬਲ ਕਿ ਲੋਕ ਆਪਣੀ ਮਰਜ਼ੀ ਨਾਲ ਡਾਊਨਲੋਡ ਕਰ ਸਕਣਗੇ।

ਦੂਸਰੇ ਪਾਸੇ ਦੁਨੀਆਂ ਦੇ ਲੋਕਾਂ ਦੀ ਨਵੀਂ ਤਕਨੀਕ ਪ੍ਰਤੀ ਦਿਵਾਨਗੀ ਇਸ ਗੱਲ ਤੋਂ ਪਤਾ ਚੱਲਦੀ ਹੈ ਕਿ ਤਿੰਨ ਸਾਲ ਪਹਿਲਾਂ ਅਮਰੀਕੀ ਕੰਪਨੀ ਓਪਨ ਏ ਆਈ ਦੀ ਚੈਟਬਾਟ 'ਚੈਟਜੀਪੀਟੀ' ਨਾਲ ਹੁਣ ਤੱਕ 80 ਕਰੋੜ ਲੋਕ ਜੁੜ ਚੁੱਕੇ ਹਨ ਅਤੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਹੋਰ ਜੁੜ ਰਹੇ ਹਨ।

## ਫਿਲਮ "ਬੇਗੋ" ਬਿਲਕੁਲ ਹੀ ਨਿਵੇਕਲਾ ਵਿਸ਼ਾ ਹੈ- ਸ਼ਿਵਚਰਨ ਜੱਗੀ ਕੁੱਸਾ
## ਲਵਲੀ ਸ਼ਰਮਾ ਦੀ ਨਿਰਦੇਸ਼ਨਾ ਹੇਠ ਜਲਦੀ ਪਹੁੰਚੇਗੀ ਸਿਨੇਮਾਘਰਾਂ ਵਿੱਚ ਫਿਲਮ "ਬੇਗੋ"




ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਆਪਣੇ ਨਾਵਲਾਂ, ਕਹਾਣੀਆਂ ਕਰਕੇ ਤਾਂ 'ਧੁੱਕੀ-ਕੱਢ' ਲੇਖਕ ਵਜੋਂ ਪ੍ਰਸਿੱਧ ਹਨ ਹੀ, ਹੁਣ ਉਹ ਫਿਲਮ ਲੇਖਕ ਵਜੋਂ ਵੀ ਤਰਥੱਲੀ ਮਚਾਉਣ ਆ ਰਹੇ ਹਨ। ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਸੰਵਾਦ ਲੇਖਕ ਦੇ ਤੌਰ 'ਤੇ ਚਰਚਿਤ ਰਹੇ ਜੱਗੀ ਕੁੱਸਾ ਫਿਲਮ "ਬੇਗੋ" ਰਾਹੀਂ ਦਮਦਾਰ ਹਾਜਰੀ ਲਗਵਾਉਣ ਆ ਰਹੇ ਹਨ। ਫਿਲਮ ਬੇਗੋ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਸ਼ਿਵਚਰਨ ਜੱਗੀ ਕੁੱਸਾ ਦੇ ਲਿਖੇ ਹੋਏ ਹਨ। ਇਸ ਫਿਲਮ ਨੂੰ ਨਿਰਦੇਸ਼ਿਤ ਕੀਤਾ ਹੈ ਲਵਲੀ ਸ਼ਰਮਾ ਨੇ। ਲਵਲੀ ਸ਼ਰਮਾ ਦੀ ਨਿਰਦੇਸ਼ਨਾ ਤੇ ਯੁਗ ਫਿਲਮ ਸਟੂਡੀਓ ਦੀ ਇਸ ਫਿਲਮ ਵਿੱਚ ਬਤੌਰ ਮੁੱਖ ਅਦਾਕਾਰ ਕੁਲ ਸਿੱਧੂ, ਗਿਰਜਾ ਸ਼ੰਕਰ, ਨਗਿੰਦਰ ਗਾਖੜ, ਰੂਪ ਸੰਧੂ, ਕੁਲਵੰਤ ਖੁਰਮੀ, ਪਾਲੀ ਸੰਧੂ, ਹਰਸ਼ ਗਿੱਲ ਤੇ ਗੁਰਪ੍ਰੀਤ ਤੋਤੀ ਸਮੇਤ ਹੋਰ ਵੀ ਨਾਮੀ ਕਲਾਕਾਰ ਆਪਣੀ ਕਲਾ ਦੇ ਦੀਦਾਰੇ ਕਰਵਾਉਣ-



ਗੇ। ਫਿਲਮ ਦੇ ਪ੍ਰੋਡਿਊਸਰ ਮਨਿੰਦਰਪਾਲ ਸਿੰਘ, ਸ਼ੇਰਾ ਧੂੜਕੋਟੀਆ ਤੇ ਦਿਲਵੀਰ ਸਿੰਘ ਹਨ। ਕਾਬਲ ਗਿੱਲ ਨੂੰ ਪ੍ਰਾਜੈਕਟ ਹੈੱਡ ਦੀ ਸੇਵਾ ਸੌਂਪੀ ਗਈ ਹੈ। ਆਰਟ ਡਾਇਰੈਕਟਰ ਦੀਆਂ ਸੇਵਾਵਾਂ ਪਰਮਿੰਦਰ ਸਿੰਘ ਆਜ਼ਾਦ ਨਿਭਾਉਣਗੇ। ਡਾਇਰੈਕਟਰ ਲਵਲੀ ਸ਼ਰਮਾ ਨੇ ਦੱਸਿਆ ਕਿ ਫਿਲਮ ਦੇ ਸੰਗੀਤ ਦੀ ਜ਼ਿੰਮੇਵਾਰੀ ਵਿਸ਼ਵ ਪ੍ਰਸਿੱਧ ਸੰਗੀਤਕਾਰ ਗੁਰਮੀਤ ਸਿੰਘ ਜੀ ਨੇ ਸਾਂਭੀ ਹੈ ਤੇ ਇਸ ਫਿਲਮ ਵਿੱਚ ਨਛੱਤਰ ਗਿੱਲ, ਨੂਰਾਂ ਸਿਸਟਰਜ਼, ਕਮਲ ਖਾਨ ਸਮੇਤ ਹੋਰ ਵੀ ਬੇਹੱਦ ਸੁਰੀਲੀਆਂ ਆਵਾਜ਼ਾਂ ਸੁਣਨ ਨੂੰ ਮਿਲਣਗੀਆਂ। ਸ਼ਿਵਚਰਨ ਜੱਗੀ ਕੁੱਸਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਫਿਲਮ ਬੇਗੋ ਬਿਲਕੁਲ ਨਿਵੇਕਲੀ ਤੇ ਸੇਧਦਾਇਕ ਕਹਾਣੀ ਹੈ, ਜਿਸਨੂੰ ਪਰਿਵਾਰ ਸਮੇਤ ਦੇਖ ਕੇ ਮਾਣ ਮਹਿਸੂਸ ਕਰੋਗੇ। ਉਹਨਾਂ ਕਿਹਾ ਕਿ ਫਿਲਮ ਦੇ ਕਾਰਜ ਬਹੁਤ ਹੀ ਤਨਦੇਹੀ ਨਾਲ ਹੋ ਰਹੇ ਹਨ ਤੇ ਜਲਦ ਹੀ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।

ਗੁਰਮੀਤ ਸਿੰਘ ਪਲਾਹੀ
-9815802070



# ਸੰਚਾਰ ਸਾਥੀ: ਦਰਵਾਜ਼ੇ-ਖਿੜਕੀਆਂ ਬੰਦ



**ਇਸ ਵੇਲੇ ਵਿਸ਼ਵ ਵਿੱਚ ਆਮ ਰਾਏ ਇਹ ਬਣ ਰਹੀ ਹੈ ਕਿ ਭਾਰਤ ਵਿੱਚ ਲੋਕਤੰਤਰਿਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਸੀ. ਬੀ. ਆਈ. ਪਿੰਜਰੇ 'ਚ ਬੰਦ ਹੈ। ਈ. ਡੀ. ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ। ਹੋਰ ਖ਼ੁਦਮੁਖਤਾਰ ਸੰਸਥਾਵਾਂ ਇੱਥੋਂ ਤੱਕ ਕਿ ਯੂਨੀਵਰਸਿਟੀਆਂ ਵੀ ਸਰਕਾਰ ਦੇ ਦਿਸ਼ਾ-ਨਿਰਦੇਸ਼ 'ਤੇ ਕੰਮ ਕਰ ਰਹੀਆਂ ਹਨ। ਦੇਸ਼ ਦਾ ਅਕਸ ਦੁਨੀਆਂ ਵਿੱਚ ਇਹੋ-ਜਿਹਾ ਬਣ ਰਿਹਾ ਹੈ ਕਿ ਇਸ ਦੇਸ਼ 'ਚ ਲੋਕਤੰਤਰ ਨਹੀਂ ਰਿਹਾ, ਸਗੋਂ ਥੋੜ੍ਹਾ-ਬਹੁਤਾ ਰੂਸ ਅਤੇ ਪਾਕਿਸਤਾਨ ਵਰਗਾ ਬਣਦਾ ਜਾ ਰਿਹਾ ਹੈ। ਮੋਦੀ ਜੀ ਨੇ ਜਿਸ ਢੰਗ ਨਾਲ ਆਪਣੀਆਂ ਦੋ ਪਾਰੀਆਂ ਖੇਡੀਆਂ, ਅਤੇ ਹੁਣ ਤੀਜੀ ਪਾਰੀ ਖੇਡ ਰਹੇ ਹਨ, ਉਹਨਾਂ ਨੇ ਲੋਕਤੰਤਰਿਕ ਸੰਸਥਾਵਾਂ ਸਮੇਤ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਬੋਝੇ 'ਚ ਪਾਉਣ ਦਾ ਯਤਨ ਕੀਤਾ। ਉਹਨਾਂ ਨੇ ਚੁਣੇ ਹੋਏ ਸਦਨ 'ਲੋਕ ਸਭਾ' 'ਚ ਹਾਜ਼ਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ "ਠਿੱਠ" ਕਰਨ ਦਾ ਯਤਨ ਕੀਤਾ।**

ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ ਵਿੱਚ ਕੋਈ ਕਮੀ ਨਹੀਂ ਆਈ। ਪਰ ਫਿਰ ਵੀ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ; ਉਹਨਾਂ ਵਿੱਚ ਆਤਮ-ਵਿਸ਼ਵਾਸ ਦੀ ਝਲਕ ਦਿਖਾਈ ਨਹੀਂ ਦਿੰਦੀ।

ਸਾਈਬਰ ਸੁਰੱਖਿਆ ਦੇ ਬਹਾਨੇ ਮੋਦੀ ਸਰਕਾਰ ਨੇ ਸਾਈਬਰ ਡਾਕੂਆਂ ਨੂੰ ਰੋਕਣ ਲਈ ਇੱਕ ਇਹੋ ਜਿਹਾ "ਐਪ" ਤਿਆਰ ਕਰਵਾਇਆ, ਜੋ ਨਵੇਂ ਬਣਾਏ ਜਾਣ ਵਾਲੇ ਮੋਬਾਈਲ ਵਿੱਚ ਪਾਇਆ ਜਾਣਾ ਜ਼ਰੂਰੀ ਕਰਾਰ ਦਿੱਤਾ ਗਿਆ। ਇਸ "ਐਪ" ਜਿਸ ਨੂੰ "ਸੰਚਾਰ ਸਾਥੀ" ਕਿਹਾ ਜਾਂਦਾ ਹੈ, ਦਾ ਲੋਕਾਂ ਨੇ ਡਟਵਾਂ ਵਿਰੋਧ ਕੀਤਾ, ਕਿਉਂਕਿ ਇਸ "ਐਪ" ਨੇ ਉਹਨਾਂ ਦੇ ਨਿੱਜੀ ਜੀਵਨ ਵਿੱਚ ਸਰਕਾਰੀ ਨਜ਼ਰ ਰੱਖਣ ਨੂੰ ਯਕੀਨੀ ਬਣਾ ਦੇਣਾ ਸੀ।

ਜੇਕਰ ਇਹ "ਐਪ" ਹਰ ਫੋਨ ਵਿੱਚ ਇੱਕ ਜਾਸੂਸ ਦੀ ਤਰ੍ਹਾਂ ਬਿਠਾ ਦਿੱਤਾ ਜਾਂਦਾ, ਤਾਂ ਇਸ ਨੇ ਭਾਰਤੀ ਲੋਕਤੰਤਰ ਨੂੰ ਦੁਨੀਆ ਵਿੱਚ ਕਮਜ਼ੋਰ ਕਰ ਸੁੱਟਣਾ ਸੀ। ਇਹ ਇੱਕ ਇਹੋ ਜਿਹਾ ਜਾਸੂਸੀ ਐਪ ਹੈ, ਜਿਸ ਦੀ ਵਰਤੋਂ ਅਕਸਰ ਰੂਸ ਅਤੇ ਪਾਕਿਸਤਾਨ ਵਿੱਚ ਹੁੰਦੀ ਹੈ, ਜਿੱਥੇ ਚੋਣਾਂ ਦਾ ਢੋਂਗ ਤਾਂ ਰਚਿਆ ਜਾਂਦਾ ਹੈ-ਝੂਠੀਆਂ ਚੋਣਾਂ ਕਰਕੇ, ਪਰ ਜਿੱਥੇ ਲੋਕਤੰਤਰ ਦੀ ਗੱਲ ਸਿਰਫ਼ ਇੱਕ ਛਲਾਵਾ ਹੈ।

ਸੰਚਾਰ ਸਾਥੀ ਵਾਲੀ ਯੋਜਨਾ ਦਾ ਜ਼ਿਕਰ ਵਿਸ਼ਵ ਪੱਧਰ 'ਤੇ ਹੋਇਆ। ਇਕ ਦਮ ਦੇਸ਼ ਵਿੱਚ ਹੜਕੰਪ ਮਚ ਗਿਆ। ਚਰਚਾ ਹੋਣ ਲੱਗੀ ਕਿ ਇਹੋ-ਜਿਹੀਆਂ ਚੀਜ਼ਾਂ ਜੇ ਕਿਸੇ ਦੇਸ਼ ਵਿੱਚ ਹੋਣ ਲੱਗਦੀਆਂ ਹਨ, ਤਾਂ ਇਹ ਸਬੂਤ ਮਿਲਦਾ ਹੈ ਕਿ ਉੱਥੇ ਦਾ ਲੋਕਤੰਤਰ ਕਮਜ਼ੋਰ ਕੀਤਾ ਜਾ ਰਿਹਾ ਹੈ।

ਵੈਸੇ ਇਸ ਵੇਲੇ ਵਿਸ਼ਵ ਵਿੱਚ ਆਮ ਰਾਏ ਇਹ ਬਣ ਰਹੀ ਹੈ ਕਿ ਭਾਰਤ ਵਿੱਚ ਲੋਕਤੰਤਰਿਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਸੀ. ਬੀ. ਆਈ. ਪਿੰਜਰੇ 'ਚ ਬੰਦ ਹੈ। ਈ. ਡੀ. ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ। ਹੋਰ ਖ਼ੁਦਮੁਖਤਾਰ ਸੰਸਥਾਵਾਂ ਇੱਥੋਂ ਤੱਕ ਕਿ ਯੂਨੀਵਰਸਿਟੀਆਂ ਵੀ ਸਰਕਾਰ ਦੇ ਦਿਸ਼ਾ-ਨਿਰਦੇਸ਼ 'ਤੇ ਕੰਮ ਕਰ ਰਹੀਆਂ ਹਨ। ਦੇਸ਼ ਦਾ ਅਕਸ ਦੁਨੀਆਂ ਵਿੱਚ ਇਹੋ-ਜਿਹਾ ਬਣ ਰਿਹਾ ਹੈ ਕਿ ਇਸ ਦੇਸ਼ 'ਚ ਲੋਕਤੰਤਰ ਨਹੀਂ ਰਿਹਾ, ਸਗੋਂ ਥੋੜ੍ਹਾ-ਬਹੁਤਾ ਰੂਸ ਅਤੇ ਪਾਕਿਸਤਾਨ ਵਰਗਾ ਬਣਦਾ ਜਾ ਰਿਹਾ ਹੈ।

ਮੋਦੀ ਜੀ ਨੇ ਜਿਸ ਢੰਗ ਨਾਲ ਆਪਣੀਆਂ ਦੋ ਪਾਰੀਆਂ ਖੇਡੀਆਂ, ਅਤੇ ਹੁਣ ਤੀਜੀ ਪਾਰੀ ਖੇਡ ਰਹੇ ਹਨ, ਉਹਨਾਂ ਨੇ ਲੋਕਤੰਤਰਿਕ ਸੰਸਥਾਵਾਂ ਸਮੇਤ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਬੋਝੇ 'ਚ ਪਾਉਣ ਦਾ ਯਤਨ ਕੀਤਾ। ਉਹਨਾਂ ਨੇ ਚੁਣੇ ਹੋਏ ਸਦਨ 'ਲੋਕ ਸਭਾ' 'ਚ ਹਾਜ਼ਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ "ਠਿੱਠ" ਕਰਨ ਦਾ ਯਤਨ ਕੀਤਾ। ਉਹ ਆਪਣੇ ਵਿਰੋਧੀਆਂ ਨਾਲ ਕਿਵੇਂ ਵਰਤਾਉ ਕਰਦੇ ਹਨ, ਇਸ ਦੀ ਉਦ-'ਹਰਨ ਵੇਖੋ, ਉਹਨਾਂ ਦੇ ਇੱਕ ਭਾਸ਼ਣ ਦੇ ਕੁਝ ਅੰਸ਼ਾਂ ਵਿੱਚੋਂ: "ਬਦਕਿਸਮਤੀ ਨਾਲ ਇੱਕ-ਦੋ ਸਿਆਸੀ ਧਿਰਾਂ ਇਹੋ-ਜਿਹੀਆਂ ਹਨ ਜੋ ਆਪਣੀ ਹਾਰ ਨੂੰ ਬਰਦਾਸ਼ਤ ਨਹੀਂ ਕਰ ਰਹੀਆਂ। ਮੈਨੂੰ ਲੱਗਦਾ ਹੈ ਕਿ ਬਿਹਾਰ ਦੇ ਨਤੀਜਿਆਂ ਨੂੰ ਜਦੋਂ ਹੁਣ ਕਾਫ਼ੀ ਸਮਾਂ ਬੀਤ ਚੁੱਕਾ ਹੈ, ਤਾਂ ਉਹ ਸੰਭਲ ਗਏ ਹੋਣਗੇ, ਲੇਕਿਨ ਕੱਲ੍ਹ ਉਹਨਾਂ ਦੇ ਬਿਆਨ ਸੁਣ ਕੇ ਇਵੇਂ ਲੱਗਿਆ ਕਿ ਉਹਨਾਂ ਨੂੰ ਹਾਰ ਹਾਲੇ ਵੀ ਪਰੇਸ਼ਾਨ ਕਰ ਰਹੀ ਹੈ।"

ਇੱਕ ਹੋਰ ਬਿਆਨ ਵੱਲ ਵੀ ਨਜ਼ਰ ਮਾਰਨੀ ਬਣਦੀ ਹੈ: "ਦੇਸ਼ ਵਿੱਚ ਨਾਅਰੇ ਲਗਾਉਣ ਲਈ ਬਹੁਤ ਥਾਂ ਹੈ। ਤੁਸੀਂ ਉੱਥੇ ਨਾਅਰੇ ਲਗਾ ਚੁੱਕੇ ਹੋ। ਤੁਸੀਂ ਇੱਥੇ ਵੀ ਨਾਅਰੇ ਲਗਾ ਸਕਦੇ ਹੋ, ਜਿੱਥੇ ਅਗਲੀ ਵਾਰ ਹਾਰਨ ਵਾਲੇ ਹੋ। ਲੇਕਿਨ ਇੱਥੇ ਸਾਨੂੰ ਨਾਅਰਿਆਂ 'ਤੇ ਨਹੀਂ, ਨੀਤੀਆਂ 'ਤੇ ਜ਼ੋਰ ਦੇਣਾ ਚਾਹੀਦਾ ਹੈ।"

ਪਰ ਇਹ ਦੋਹਰਾ ਚਰਿੱਤਰ ਹੈ। ਸੰਸਦ ਦੇ ਹਰ ਸਤਰ ਵਿੱਚ ਕਿਹਾ ਜਾਂਦਾ ਹੈ ਕਿ ਸਰਕਾਰ ਕੋਲ ਲੁਕਾਉਣ ਲਈ ਕੁਝ ਨਹੀਂ ਹੈ, ਸਰਕਾਰ ਡਰਦੀ ਨਹੀਂ ਹੈ। ਪਰ ਸਰਕਾਰ ਵਿਰੋਧੀ ਧਿਰਾਂ ਨੂੰ ਬੋਲਣ ਦੀ ਆਗਿਆ ਵੀ ਸਰਕਾਰ ਨਹੀਂ ਦਿੰਦੀ। ਉਹਨਾਂ ਦੇ ਕੋਲ ਇੱਕ ਹੀ ਫਾਰਮੂਲਾ ਹੈ: "ਨਿਯਮਾਂ ਅਧੀਨ" ਇਸ ਮਸਲੇ 'ਤੇ ਗੱਲ ਨਹੀਂ ਹੋ ਸਕਦੀ।

ਵਿਰੋਧੀ ਧਿਰ ਭਾਰਤੀ ਚੋਣ ਕਮਿਸ਼ਨ ਅਤੇ ਵੋਟ ਚੋਰੀ ਦਾ ਮਸਲਾ ਸੰਸਦ ਵਿੱਚ ਲਿਆਉਣਾ ਚਾਹੁੰਦੀ ਹੈ, ਪਰ ਮੋਦੀ ਸਰਕਾਰ ਨਿਯਮਾਂ ਦਾ ਹਵਾਲਾ ਦੇ ਕੇ ਇਸ ਮਹੱਤਵਪੂਰਨ ਮਸਲੇ ਤੋਂ ਪਾਸਾ ਵੱਟ ਰਹੀ ਹੈ। ਅਸਲ ਵਿੱਚ, ਸੰਸਦ ਵਿੱਚ ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਤੱਥਾਂ ਨੂੰ ਸੁਣਨ ਲਈ ਉਹਨਾਂ ਕੋਲ ਦਿਲ-ਗੁਰਦਾ ਹੀ ਨਹੀਂ। ਸਹੀ ਅਰਥਾਂ 'ਚ ਇਹ ਆਤਮ-ਵਿਸ਼ਵਾਸ ਦੀ ਘਾਟ ਕਾਰਨ ਹੈ।

ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪਰਖਣ, ਸਮਝਣ ਵਾਲੇ ਲੋਕ ਜਾਣਦੇ ਹਨ ਕਿ ਸੰਸਦ ਇੱਕ ਇਹੋ-ਜਿਹੀ ਥਾਂ ਹੈ ਜਿੱਥੇ ਕੁਝ ਕੰਮ ਹੋਣੇ ਚਾਹੀਦੇ ਹਨ, ਨਾਟਕ ਨਹੀਂ। ਲੋਕਾਂ ਦਾ ਦੁੱਖ ਗ਼ਰੀਬੀ ਹੈ, ਲੋਕਾਂ ਦਾ ਦੁੱਖ ਬੇਰੁਜ਼ਗਾਰੀ ਹੈ, ਲੋਕਾਂ ਦਾ ਦੁੱਖ ਭ੍ਰਿਸ਼ਟਾਚਾਰ ਹੈ। ਲੋਕਾਂ ਦਾ ਦੁੱਖ ਸਿੱਖਿਆ , ਸਿਹਤ ਸਹੂਲਤਾਂ ਨਾ ਮਿਲਣਾ ਹੈ। ਪਰ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਵੀ ਸਰਕਾਰ ਵਿਰੋਧੀ ਧਿਰ ਨੂੰ ਸੰਸਦ ਸਤਰ ਤੋਂ ਪਹਿਲਾਂ ਸਲਾਹ-ਮਸ਼ਵਰੇ ਲਈ ਸੱਦਦੀ ਹੈ, ਤਾਂ ਆਪਣੇ ਬਿੱਲਾਂ ਅਤੇ ਬਜਟ, ਜੋ ਸਰਕਾਰ ਦਾ ਅਜੰਡਾ ਹੁੰਦਾ ਹੈ, ਬਾਰੇ ਵਿਚਾਰ ਕਰਦੀ ਹੈ-ਪਰ ਪ੍ਰਸ਼ਨ ਕਾਲ ਵਿੱਚ ਵਿਰੋਧੀ ਧਿਰ ਨੂੰ ਬੋਲਣ ਦੀ ਆਗਿਆ ਨਹੀਂ ਦਿੰਦੀ। ਅਸਲ ਵਿੱਚ ਸਰਕਾਰ ਲੋਕ ਸਭਾ,ਰਾਜ ਸਭਾ ਦੇ ਸਪੀਕਰਾਂ ਰਾਹੀਂ ਵਿਰੋਧੀ ਧਿਰ ਵੱਲੋਂ ਕੀਤੀ ਜਾਣ ਵਾਲੀ ਬਹਿਸ 'ਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸ ਕੇ ਰੱਖਦੀ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਆਪਣੇ ਮਨ ਦੀ ਗੱਲ ਦੱਸਦਾ ਹੈ, ਪਰ ਲੋਕਾਂ ਦੇ ਮਨ ਦੀ ਗੱਲ ਸੁਣਨਾ ਉਸ ਦੇ ਅਜੰਡੇ ਵਿੱਚ ਨਹੀਂ ਹੈ। ਸਾਲਾਂ ਦੇ ਸਾਲ ਬੀਤ ਗਏ ਹਨ, ਪਰ ਨਰੇਂਦਰ ਮੋਦੀ ਨੇ ਕਦੇ ਦੇਸ਼ ਦੀ ਪ੍ਰੈੱਸ ਨੂੰ ਬੁਲਾ ਕੇ ਕੋਈ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਕੀ ਮੋਦੀ ਲੋਕਾਂ ਦੇ ਮਨ ਵਿੱਚ ਜੋ ਹੈ ਅਤੇ ਪੱਤਰਕਾਰਾਂ ਦੇ ਮਨਾਂ 'ਚ ਦੇਸ਼ ਦੇ ਲੋਕਤੰਤਰ ਸੰਬੰਧੀ ਜਿਹੜੇ ਸਵਾਲ ਹਨ, ਉਹਨਾਂ ਦੇ ਜਵਾਬ ਦੇਣ ਤੋਂ ਕੰਨੀਂ ਕਤਰਾਉਂਦੇ ਹਨ? ਅਸਲ 'ਚ ਉਹ ਦੇਸ਼ ਦੀ ਅਸਲੀਅਤ ਦਾ ਸਾਹਮਣਾ ਹੀ ਨਹੀਂ ਕਰਨਾ ਚਾਹੁੰਦੇ।

ਸੰਚਾਰ ਸਾਥੀ ਜੇਕਰ ਸਾਡੇ ਸੈੱਲ ਫੋਨਾਂ ਵਿੱਚ ਪਾਏ ਜਾਂਦੇ ਹਨ, ਤਾਂ ਯਕੀਨ ਮੰਨੋ ਇਹ ਸੰਚਾਰ ਸਾਥੀ ਐਪ, ਸੁਰੱਖਿਅਤ ਐਪ ਨਹੀਂ ਹੈ, ਬਲਕਿ ਜਾਸੂਸੀ ਹੋਵੇਗੀ-ਬਿਲਕੁਲ ਉਵੇਂ ਜਿਵੇਂ ਕੁਝ ਸਾਲ ਪਹਿਲਾਂ ਸਰਕਾਰ ਨੇ "ਪੈਗਾਸਸ" ਨਾਂ ਦਾ ਐਪ ਇਜ਼ਰਾਈਲ ਤੋਂ ਖਰੀਦ ਕੇ ਪੱਤਰਕਾਰਾਂ, ਸਿਆਸਤਦਾਨਾਂ, ਗਰਮ ਖਿਆਲੀਆਂ ਵਿਰੋਧੀ ਧਿਰਾਂ, ਖੱਬੇ ਪੱਖੀਆਂ ਦੇ ਫੋਨਾਂ 'ਚ ਪਾਉਣ ਦੀ ਕੋਸ਼ਸ਼ ਕੀਤੀ ਸੀ।

ਅਸਲ ਗੱਲ ਸਾਈਬਰ ਸੁਰੱਖਿਆ ਦੀ ਹੈ ਹੀ ਨਹੀਂ। ਸਿਆਸਤਦਾਨ ਜਿੰਨੇ ਵੱਡੇ ਹੁੰਦੇ ਜਾਂਦੇ ਹਨ, ਉਤਨਾ ਹੀ ਉਹ ਆਪਣੇ ਆਪ ਨੂੰ ਅਣਸੁਰੱਖਿਅਤ ਮਹਿਸੂਸ ਕਰਨ ਲੱਗਦੇ ਹਨ-ਜਿਵੇਂ ਕਿ ਅੱਜ ਨਰੇਂਦਰ ਮੋਦੀ ਕਰ ਰਹੇ ਹਨ। ਸੱਚ ਇਹ ਹੈ ਕਿ ਜੇਕਰ ਕੋਈ ਪੱਤਰਕਾਰ ਉਹਨਾਂ ਦੇ ਵਿਰੁੱਧ ਬੋਲਦਾ ਹੈ, ਤਾਂ ਸਰਕਾਰ ਕਾਰਵਾਈ ਕਰਨ ਤੋਂ ਦਰੇਗ ਨਹੀਂ ਕਰਦੀ। ਉਹਨਾਂ ਵੱਲੋਂ ਤਿਆਰ ਕੀਤੇ "ਪੋਡਕਾਸਟ" 'ਤੇ ਵਿਚਾਰਾਂ 'ਤੇ ਰੋਕ ਲਗਾਉਣ ਲਈ ,ਉਹ ਕਿਸੇ ਨਾ ਕਿਸੇ ਢੰਗ ਨਾਲ ਬੰਦ ਕਰ ਦਿੱਤਾ ਜਾਂਦਾ ਹੈ।

ਸਰਕਾਰ ਵੱਲੋਂ ਸੰਸਦ ਵਿੱਚ ਵਿਚਾਰ ਪ੍ਰਗਟ ਨਾ ਕਰਨ ਦੇਣ ਨਾਲ ਸਿਆਸਤਦਾਨ ਦੇ ਵਿਚਾਰਾਂ ਦਾ ਦਰਵਾਜ਼ਾ ਬੰਦ। ਸੰਚਾਰ ਸਾਥੀ ਲਾਗੂ ਕਰਨ ਨਾਲ ਲੋਕਾਂ ਦੀ ਜਾਸੂਸੀ ਉਪਰੰਤ, ਲੋਕਾਂ ਦੀਆਂ ਵਿਚਾਰਾਂ ਦੀਆਂ ਖਿੜਕੀਆਂ ਬੰਦ! ਫਿਰ ਕਿੱਥੇ ਜਾਵੇਗਾ ਲੋਕਤੰਤਰ? ਫਿਰ ਕਿੱਥੇ ਜਾਵੇਗਾ ਵੋਟਤੰਤਰ? ਫਿਰ ਕਿੱਥੇ ਰਹਿ ਜਾਵੇਗੀ ਅਜ਼ਾਦੀ? ਅਤੇ ਫਿਰ ਕਿੱਥੇ ਰਹਿ ਜਾਵੇਗਾ ਸੰਵਿਧਾਨ, ਜੋ ਬੋਲਣ, ਚਲਣ, ਰਹਿਣ-ਸਹਿਣ ਅਤੇ ਹਰ ਬੋਲੀ-ਸੱਭਿਆਚਾਰ ਨੂੰ ਪਲਪਣ ਦੀ ਅਜ਼ਾਦੀ ਦਿੰਦਾ ਹੈ?

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਾਸੂਸੀ ਵਿੱਚ ਨਵੀਂ ਕੜੀ ਬਣਨ ਵਾਲ਼ੇ "ਸੰਚਾਰ ਸਾਥੀ" ਦਾ ਲੋਕਾਂ ਵੱਲੋਂ ਭਰਵਾਂ ਵਿਰੋਧ ਹੋਇਆ। ਸਰਕਾਰ ਨੇ ਸਫ਼ਾਈ ਦਿੱਤੀ ਕਿ ਇਹ ਐਪ ਫੋਨ ਵਿੱਚ ਪਾਉਣਾ ਜ਼ਰੂਰੀ ਨਹੀਂ ਹੋਵੇਗਾ ਅਤੇ ਇਸ ਨੂੰ ਕਦੇ ਵੀ ਹਟਾਇਆ ਜਾ ਸਕਦਾ ਹੈ। ਪੱਤਰਕਾਰਾਂ, ਸਿਆਸਤਦਾਨਾਂ ਅਤੇ ਸੁਚੇਤ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਭਰਪੂਰ ਵਿਰੋਧ ਕੀਤਾ। ਸਰਕਾਰ ਨੇ ਫਿਰ "ਸੰਚਾਰ ਸਾਥੀ" ਵਾਪਸ ਲੈ ਲਿਆ।

ਲੋਕਾਂ ਵਿੱਚ ਅਤੇ ਵਿਸ਼ਵ ਦੇ ਲੋਕਾਂ ਵਿੱਚ ਨਰੇਂਦਰ ਮੋਦੀ ਦਾ ਅਕਸ ਲੋਕਤੰਤਰਿਕ ਨੇਤਾ ਦਾ ਨਹੀਂ, ਸਗੋਂ ਤਾਨਾਸ਼ਾਹੀ ਫ਼ਿਤਰਤ ਵਾਲੇ ਨੇਤਾ ਦਾ ਬਣ ਰਿਹਾ ਹੈ। ਜਦੋਂ ਹਰ ਹੀਲੇ-ਸਦਨ ਦੇ ਅੰਦਰ ਅਤੇ ਬਾਹਰ-ਵਿਚਾਰਾਂ ਦੀਆਂ ਗਲੀਆਂ-ਦਰਵਾਜ਼ੇ ਬੰਦ ਕਰਨ ਵੱਲ ਕਦਮ ਵੱਧਦੇ ਹਨ, ਤਾਂ ਮੋਦੀ ਦੀ ਅਗਵਾਈ ਵਾਲੀ ਸਰਕਾਰ ਨਾ ਤਾਂ ਕੋਈ ਬਹਿਸ ਚਾਹੁੰਦੀ ਹੈ, ਨਾ ਖੁੱਲ੍ਹੇਆਮ ਵਿਚਾਰਾਂ ਦਾ ਬੁੱਲਾ। ਉਹ ਕਿਸੇ ਚਰਚਾ 'ਚ ਵੀ ਨਹੀਂ ਪੈਣਾ ਚਾਹੁੰਦੀ। ਉਹ ਕਿਸੇ ਚਰਚਾ 'ਚ ਸ਼ਾਮਲ ਹੋਣ ਦੇ ਵੀ ਸਖ਼ਤ ਖਿਲਾਫ਼ ਹੈ।

ਮੋਦੀ ਦੀ ਸਰਕਾਰ 'ਚ "ਵਿਚਾਰਾਂ ਦੇ ਖੁੱਲ੍ਹੇਪਨ" ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਕਿਉਂਕਿ ਮੋਦੀ ਸਰਕਾਰ ਲਗਾਤਾਰ ਅੜੀਅਲ ਵਤੀਰੇ ਲਈ ਜਾਣੀ ਜਾਣ ਲੱਗੀ ਹੈ। ਪਰ ਜਦੋਂ ਉਸ ਨੂੰ ਲੋਕ-ਕ੍ਰਾਂਤੀ ਦਾ ਡਰ ਸਤਾਉਂਦਾ ਹੈ, ਤਾਂ ਉਹ ਡਰਪੋਕ ਬਣੀ ਆਤਮ-ਵਿਸ਼ਵਾਸ ਤੋਂ ਊਣੀ, ਆਪਣੇ ਫ਼ੈਸਲਿਆਂ ਤੋਂ ਯੂ-ਟਰਨ ਲੈਣ ਤੋਂ ਵੀ ਸ਼ਰਮਿੰਦੀ ਨਹੀਂ ਹੁੰਦੀ। ਜਿਵੇਂ ਉਸ ਨੇ ਹੁਣ "ਸੰਚਾਰ ਸਾਥੀ" ਸਮੇਂ ਅਤੇ ਪਹਿਲਾਂ 2021 'ਚ ਖੇਤੀ ਦੇ ਕਾਲੇ ਕਨੂੰਨਾਂ ਨੂੰ, 2015 'ਚ ਵਿਵਾਦਿਤ ਭੂਮੀ ਕਾਨੂੰਨ ਨੂੰ ਅਤੇ ਬ੍ਰਾਡਕਾਸਟਿੰਗ ਬਿੱਲ ਡਰਾਫਟ ਦਾ ਤਿੱਖਾ ਵਿਰੋਧ ਹੋਣ 'ਤੇ ਵਾਪਸ ਲੈਣ ਸਮੇਂ ਰਤਾ ਭਰ ਸ਼ਰਮਿੰਦਗੀ ਮਹਿਸੂਸ ਨਹੀਂ ਕੀਤੀ।

# A TROUBLING TURN IN THE UK'S IMMIGRATION POLICY

The immigration reforms proposed by Home Secretary Shabana Mehmood mark a deeply troubling shift in the UK's approach to human dignity and fundamental rights. Far from addressing the country's challenges with compassion or clarity, the proposals appear to revive some of the harshest instincts in modern policymaking.

At the heart of these reforms are changes to asylum and immigration law that many observers consider draconian. The measures seem designed to disproportionately deter people from the Global South, particularly refugees and political dissidents. This raises serious questions about the UK's commitment to the Geneva Convention and longstanding United Nations human-rights standards. It is difficult to ignore the implication that these reforms are less about border management and more about political convenience.

For years, successive governments have struggled to manage economic inequality, underfunded public services, and long-term structural problems. Rather than confront the root causes of these crises, the political establishment has found it easier to redirect frustration toward migrants and refugees. The result is a narrative that blames some of the world's most vulnerable people for failures created by those in positions of power. As always, it is working families, people with disabilities, and low-income households who bear the brunt of these economic and social missteps.

These proposals cannot be viewed in isolation. They form part of a broader historical pattern in which powerful nations deflect responsibility by targeting marginalised groups, echoing behaviours rooted in colonialism and imperial domination. History offers countless examples of Indigenous communities and oppressed populations who suffered under similar policies dressed in the language of "order," "security," or "national interest."

This troubling dynamic is not limited to domestic affairs. The perceived hypocrisy of several Western governments on international law and human rights, highlighted by their continued support for Israel's actions in Gaza, further erodes confidence in their moral credibility. For many observers, the willingness to overlook mass civilian suffering while simultaneously advocating strict new immigration restrictions reveals a stark inconsistency in values.

The proposed asylum and immigration bill thus stands as more than a policy adjustment: it is a reflection of a broader, regressive shift in political behaviour. It signals a willingness to sacrifice principle for convenience and to stigmatise the vulnerable to shield the powerful. In a country that once prided itself on fairness and humanitarian leadership, this is a profoundly disappointing turn.

Indian Workers Association (GB) strongly condemns and opposes this newly purposed inhumane Asylum and Immigration bill.

Tari Atwal
Branch Secretary B&BC
Indian Workers Association (GB)
Shaheed Udham Singh Welfare Centre Birmingham

## TAIL PIECE

## In present situations our Parliament cannot work smoothly

This time our elections came with different type of results. Government could be formed with simple majority and since the House is with two opposing contesting groups, no Bill, Project, Scheme or Policy could be discussed and passed for final signature of our worthy President of India. Wasting a period of five years shall disturb our final date 2047. These situations would not allow the oppositions to come forward with their Bills on Farms because both the sides are facing the same situations.

None knows the present government shall work or shall resign and the nation shall have to waste time, energy, resources for a long time to establish a new government. Elections are very costly here and now in the present situations, next results too could be be the same. Some revolutionary change is not expected.

The people of India too have lost interest in elections because the opposing groups are not coming with clear targets with which we shall be reaching the final stage by 2047. What has been done update too is creating so many doubts because still most of the people are not with proper health, proper education and proper training and because of these short-comings most of them are still unemployed and are not with proper income. How all thse troubles shall be rooted out and how poverty too shall go out of india. None is coming with plans and targets and people too are confused to whom they should give power to see better results.

Better results are not expected. Oly one suggestion can be there that both the contesting groups must merge and become one for the present tenure and this House of the people must work jointly. All Bills, Projects, Shemes and Policies brought in the house must be taken as good and be passed on merits with minor improvementys believing that whosoever, has put up the same had done it in good faith and only welfare of the4 people had been in his mnd. All the members must be free to use their own conscience, will, wisdom, knowledge and discretion independently in the best welfare of the people and work as true and faithful public Servants. And if this decision comes up with better results, let us follow this system for all the times to come till 2047 so that we could reach the expected results.

## Presentations in Parliament must have approvals of the Executive Committees



All the members present in the Parliament are the nominees of the political parties and therefore even after their election and becoming members of the Parliament they are bound to work as per party directions passed through the Executive Committees of each party they belong. Even Prime Minister and head of opposition must obey and follow resolutions passed by the executive committees they belong.

The Executives must remain alive and none of the members is allowed to work in the Parliament without having permission and approval of the executive committee of the party he belongs and therefore, each Bill, Project, Scheme ad Policy must be framed or approved by the Executive Committee of the party and members present from all the sides here can only sugest certain improvements not total rejection. We cannot accept that the Executive /comjittes to are working with malafide mind because they are working on behalf of the people and shall face displeasure of the people in elections. Fearing displeasure, executive committees are working for the welfare of he people and the country as a whole.

We have noted that at one stage the PM presented Far-Blls, were passed because of absolute majority, were notified and operated upon. Because opposition and agitations from the side of farmig communities, the PM himself all alone came forward and withdrew the same and even Notification was cancelled. Such things must be avoided. When the members shall be allowed to work as per their own conscience, will, wisdom and discretion, none knows the time and therefore, in the present situations, the executive committees of each political party and contesting groups must be alive during all occasions and control powers of the members. Proceedings of the executive committees too must e public so that the public who are the masters of the country too must participate and give suggestions.

***Advocate Dalip Singh Wasan,***
***Email dalipsinghwassan@yahoo.co.in***

* * * * * * *

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**

Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 52**

# ਇੱਕ ਮੇਰੀ ਅੱਖ ਕਾਸ਼ਣੀ...

**-"ਮੇਰੀ ਮੰਨੋ, ਖੇਤਾਂ 'ਚ ਸਿੱਟ੍ਹ ਦਿਓ ਤੇ ਰੌਲ਼ਾ ਪਾ ਦਿਓ ਬਈ ਖੇਤਾਂ 'ਚੋਂ ਲਾਸ਼ ਮਿਲੀ ਐ...।" ਨੰਬਰਦਾਰ ਸਾਰੇ ਪਿੰਡ ਨੂੰ ਵਲ਼ੀ ਆ ਰਿਹਾ ਸੀ। ਪਰ ਸਾਰਾ ਪਿੰਡ ਬੌਂਦਲ਼ਿਆ ਜਿਹਾ ਖੜ੍ਹਾ ਸੀ। ਕਿਸੇ ਨੂੰ ਇਹ ਨਹੀਂ ਸਮਝ ਲੱਗ ਰਹੀ ਸੀ ਕਿ ਹੁਣ ਕੀ ਕੀਤਾ ਜਾਵੇ...?**

**ਭੋਲੇ ਅਤੇ ਜੱਸੀ ਨੇ ਟੁੰਡੇ ਦੀ ਲਾਸ਼ ਚੁੱਕੀ ਅਤੇ ਖੇਤਾਂ ਵਿੱਚ ਸੁੱਟ ਆਏ।**

**ਓਧਰ ਟੁੰਡੇ ਦੇ ਮਰਨ ਦੀ ਕਨਸੋਅ ਲੱਗਣ 'ਤੇ ਡੋਗਰ ਨੇ ਜਾਣੂੰ ਠਾਣੇਦਾਰ ਨੂੰ ਥੱਬਾ ਰੁਪਈਆਂ ਦਾ ਸੁੱਟ ਕੇ ਬੱਲੀ ਅਤੇ ਜੱਸੀ 'ਤੇ ਪੁਲਸ ਚਾੜ੍ਹ ਦਿੱਤੀ।**

**ਮੂੰਹ ਹਨ੍ਹੇਰੇ ਜਿਹੇ ਹੋਏ ਹੀ ਪਿੰਡ ਵਿੱਚ ਪੁਲਸ ਉੱਤਰ ਪਈ।**

**ਪੁਲ਼ਸ ਦਾ ਪੂਰਾ ਟਰੱਕ ਭਰਿਆ ਹੋਇਆ ਸੀ।**

**ਲਾਲ ਪੱਗਾਂ ਵਾਲ਼ਿਆਂ ਦਾ ਹੜ੍ਹ ਆਇਆ ਹੋਇਆ ਸੀ।**

## ਕਾਂਡ 24

-"ਘੱਟ ਤਾਂ ਡੋਗਰ ਤੇ ਬੇਲੇ ਨੇ ਵੀ ਨੀ ਕੀਤੀ...।"

-"ਦੁਨੀਆਂ ਦੀ ਜੂਠ ਨੂੰ ਪਿੰਡ ਦੀ ਇੱਜ਼ਤ 'ਤੇ ਚਾੜ੍ਹ ਲਿਆਂਦਾ...।"

-"ਫ਼ੇਰ ਇਹਨੂੰ ਕਿਹੜਾ ਤਿੰਨ ਮੇਲ ਦਾ ਪ੍ਰਸ਼ਾਦ ਛਕਾਤਾ...? ਆਹ ਪਿਐ ਬੱਕਰੇ ਮਾਂਗੂੰ ਕੁਤਰਿਆ...।"

-"ਓਏ ਇਹ ਤਾਂ ਮਰ ਗਿਆ ਭਾਈ...।" ਕਿਸੇ ਨੇ ਅਜੀਬ ਅਕਾਸ਼ਬਾਣੀ ਕੀਤੀ ਤਾਂ ਸਾਰੇ ਇੱਕ ਦਮ ਧਰਤੀ 'ਤੇ ਪਏ ਟੁੰਡੇ ਵੱਲ ਝਾਕੇ। ਟੁੰਡਾ ਅੱਖਾਂ ਡਬੇਰੀ ਚੌਫ਼ਾਲ਼ ਪਿਆ ਸੀ।

-"ਇਹ ਸਾਰੀ ਗਲਤੀ ਡੋਗਰ ਭਰਾਵਾਂ ਦੀ ਐ...। ਜੇ ਇਹਨੂੰ ਸ਼ਰਾਬੀ ਕਰ ਕੇ ਨਾ ਭੇਜਦੇ, ਇਹ ਮਰਦਾ ਨਾ...।"

-"...ਤੇ ਇਹਦੀ ਆਬਦੀ ਅਕਲ ਬਠਿੰਡੇ ਗਈ ਵੀ ਸੀ...? ਸੋਚਣਾ ਤਾਂ ਇਹਨੂੰ ਵੀ ਚਾਹੀਦਾ ਸੀ...।"

-"ਇਹਦੀ ਲਾਸ਼ ਦਾ ਕਰੋ ਕੁਛ, ਨਹੀਂ ਤਾਂ ਪਿੰਡ ਨੂੰ ਪੁਲਸ ਨਾ ਘੇਰੀ ਫਿਰੇ...।" ਚੁਸਤ ਨੰਬਰਦਾਰ ਬੋਲਿਆ।

-"ਕੀ ਕਰਨੈ..?" ਕਿਸੇ ਨੇ ਸੁਆਲ ਕੀਤਾ।

-"ਚਾਰ ਲੱਕੜਾਂ ਸਿੱਟ੍ਹ ਕੇ ਅੱਗ ਲਾ ਦਿਓ...।"

-"ਮੇਰੀ ਮੰਨੋ, ਖੇਤਾਂ 'ਚ ਸਿੱਟ੍ਹ ਦਿਓ ਤੇ ਰੌਲ਼ਾ ਪਾ ਦਿਓ ਬਈ ਖੇਤਾਂ 'ਚੋਂ ਲਾਸ਼ ਮਿਲੀ ਐ...।" ਨੰਬਰਦਾਰ ਸਾਰੇ ਪਿੰਡ ਨੂੰ ਵਲ਼ੀ ਆ ਰਿਹਾ ਸੀ। ਪਰ ਸਾਰਾ ਪਿੰਡ ਬੌਂਦਲ਼ਿਆ ਜਿਹਾ ਖੜ੍ਹਾ ਸੀ। ਕਿਸੇ ਨੂੰ ਇਹ ਨਹੀਂ ਸਮਝ ਲੱਗ ਰਹੀ ਸੀ ਕਿ ਹੁਣ ਕੀ ਕੀਤਾ ਜਾਵੇ...?

ਭੋਲੇ ਅਤੇ ਜੱਸੀ ਨੇ ਟੁੰਡੇ ਦੀ ਲਾਸ਼ ਚੁੱਕੀ ਅਤੇ ਖੇਤਾਂ ਵਿੱਚ ਸੁੱਟ ਆਏ।

ਓਧਰ ਟੁੰਡੇ ਦੇ ਮਰਨ ਦੀ ਕਨਸੋਅ ਲੱਗਣ 'ਤੇ ਡੋਗਰ ਨੇ ਜਾਣੂੰ ਠਾਣੇਦਾਰ ਨੂੰ ਥੱਬਾ ਰੁਪਈਆਂ ਦਾ ਸੁੱਟ ਕੇ ਬੱਲੀ ਅਤੇ ਜੱਸੀ 'ਤੇ ਪੁਲਸ ਚਾੜ੍ਹ ਦਿੱਤੀ।

ਮੂੰਹ ਹਨ੍ਹੇਰੇ ਜਿਹੇ ਹੋਏ ਹੀ ਪਿੰਡ ਵਿੱਚ ਪੁਲਸ ਉੱਤਰ ਪਈ।

ਪੁਲ਼ਸ ਦਾ ਪੂਰਾ ਟਰੱਕ ਭਰਿਆ ਹੋਇਆ ਸੀ।

ਲਾਲ ਪੱਗਾਂ ਵਾਲ਼ਿਆਂ ਦਾ ਹੜ੍ਹ ਆਇਆ ਹੋਇਆ ਸੀ।

ਸਾਰਾ ਪਿੰਡ ਬੱਲੀ ਅਤੇ ਜੱਸੀ ਦੇ ਹੱਕ ਵਿੱਚ ਇੱਕ ਮੋਰੀ ਨਿਕਲ਼ ਗਿਆ ਸੀ। ਪਰ ਡੋਗਰ ਅਤੇ ਬੇਲਾ ਗਵਾਹ ਸਨ ਕਿ ਟੁੰਡੇ ਬਦਮਾਸ਼ ਦਾ ਕਤਲ ਬੱਲੀ ਅਤੇ ਜੱਸੀ ਨੇ ਕੀਤਾ ਸੀ। ਸਰਪੰਚ ਅਤੇ ਨੰਬਰਦਾਰ ਉਹਨਾਂ ਦੀ ਗੁੱਝੀ ਮੱਦਦ ਕਰ ਰਹੇ ਸਨ। ਠਾਣੇਦਾਰ ਦੀ ਜੇਬ ਗਰਮ ਹੋਣ ਕਾਰਨ ਉਹ ਡੋਗਰ ਅਤੇ ਬੇਲੇ ਦੇ ਪੱਖ ਦੀ ਗੱਲ ਕਰਦਾ ਸੀ। ਉਸ ਦੀ ਜੇਬ ਦਾ ਨਿਘਾਸ ਹੀ ਉਸ ਨੂੰ ਉਡਾਈ ਫ਼ਿਰਦਾ ਸੀ।

ਟੁੰਡੇ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਧਰਮਸਾਲ਼ਾ ਵਿੱਚ ਰੱਖੀ ਹੋਈ ਸੀ।

ਠਾਣੇਦਾਰ ਦੇ ਸਿਰ ਉਪਰ ਜਗਦੇ ਬੱਲ੍ਹਬ ਕਾਰਨ ਉਸ ਦਾ ਮੂੰਹ ਹੋਰ ਰੱਤਾ ਜਾਪਦਾ ਸੀ।

-"ਦਿਨ ਦਿਹਾੜੇ ਕਤਲ ਹੋਇਐ, ਸਾਰੇ ਪਿੰਡ 'ਤੇ ਦਫ਼ਾ ਤਿੰਨ ਸੌ ਦੋ ਲੱਗ ਸਕਦੀ ਐ...।" ਠਾਣੇਦਾਰ ਦੇ ਫੋਕੇ ਦਬਕਾੜੇ ਨੇ ਅੱਧਾ ਪਿੰਡ ਪਰਾਲ਼ ਕਰ ਦਿੱਤਾ ਅਤੇ ਮਹਾਤੜ ਘਰਾਂ ਨੂੰ ਖਿਸਕਣੇ ਸ਼ੁਰੂ ਹੋ ਗਏ।

-"ਸਰਦਾਰਾ, ਪੂਰਾ ਠੋਕ ਵਜਾ ਕੇ ਕਤਲ ਕੀਤੈ ਮੁੰਡਿਆਂ ਨੇ, ਹੁਣ ਅੱਧਾ ਪਿੰਡ ਵਾਰਦਾਤ ਨੂੰ ਘੱਟੇ ਪਾਉਣ ਨੂੰ ਫਿਰਦੈ, ਲੋਹੜਾ ਨੀ...?" ਠਾਣੇਦਾਰ ਦੇ ਨਾਲ਼ ਨੰਬਰਦਾਰ ਵੀ ਦੋ ਪੈੱਗ ਸੰਤਰਾ ਦੇ ਮਾਰ ਚੁੱਕਿਆ ਸੀ। ਸੰਤਰਾ ਦੀ ਪੇਟੀ ਡੋਗਰ ਦੇ ਘਰੋਂ ਠਾਣੇਦਾਰ ਦੀ ਜੀਪ ਵਿੱਚ ਆ ਟਿਕੀ ਸੀ।

-"ਤੇਰੇ ਭਾਅ ਦਾ ਮੈਂ ਫੁੱਦੂ ਐਂ...? ਨਾ ਤੂੰ ਮੈਨੂੰ ਫੁੱਦੂ ਸਮਝਦੈਂ ਨੰਬਰਦਾਰਾ...?" ਠਾਣੇਦਾਰ ਨੂੰ ਕਰੋਧ ਆ ਗਿਆ।

-"ਮੈਂ ਕਾਹਨੂੰ ਸਮਝਦੈਂ ਸਰਦਾਰ ਜੀ...? ਤੁਸੀਂ ਤਾਂ ਖਾਹ ਮਖਾਹ ਮੇਰਾ ਗਲ਼ ਘੁੱਟਣ ਨੂੰ ਤਿਆਰ ਹੋ ਜਾਨੇ ਐਂ...। ਅਖੇ ਡਿੱਗੀ ਖੋਤੇ ਤੋਂ ਤੇ ਗੁੱਸਾ ਵਿਚਾਰੇ ਘੁਮਿਆਰ 'ਤੇ...!"

-"ਚਲੋ ਓਏ, ਲਾਸ਼ ਪੋਸਟ ਮਾਰਟਮ ਲਈ ਲੈ ਕੇ ਜਾਓ, ਤੇ ਦੋਸ਼ੀਆਂ ਨੂੰ ਸਵੇਰ ਤੱਕ ਪੇਸ਼ ਕਰੋ, ਨਹੀਂ ਸਾਰੇ ਪਿੰਡ ਨੂੰ ਵੱਟ ਚਾੜੂੰਗਾ...।" ਠਾਣੇਦਾਰ ਨੇ ਲੰਡਾ ਪੈੱਗ ਅੰਦਰ ਸੁੱਟ ਕੇ ਕੁਰਸੀ ਛੱਡ ਦਿੱਤੀ ਅਤੇ ਰਾਵਣ ਦੇ ਬੁੱਤ ਵਾਂਗ ਖੜ੍ਹ ਗਿਆ।

ਅਗਲੇ ਦਿਨ ਪੁਲੀਸ ਨੇ ਫ਼ਿਰ ਛਾਪਾ ਮਾਰਿਆ। ਬੱਲੀ, ਭੋਲਾ ਅਤੇ ਜੱਸੀ ਗਾਇਬ ਸਨ। ਠਾਣੇਦਾਰ ਕੰਧਾਂ ਵਿੱਚ ਰੁਲ ਮਾਰਦਾ ਫਿਰਦਾ ਸੀ।

ਉਸ ਨੇ ਸਰਦਾਰੇ ਅਤੇ ਗੁਰਮੇਲ ਕੌਰ ਨੂੰ ਬੰਨ੍ਹ ਕੇ ਸੱਥ ਵਿੱਚ ਬਿਠਾ ਲਿਆ।

-"ਸਰਦਾਰ ਜੀ, ਔਰਤ ਪਿੰਡ ਦੀ ਇੱਜ਼ਤ ਹੁੰਦੀ ਐ, ਐਡਾ ਕਹਿਰ ਨਾ ਕਰੋ...।" ਇੱਕ ਬਜ਼ੁਰਗ ਹੱਥ ਜੋੜ ਕੇ ਠਾਣੇਦਾਰ ਨੂੰ ਸੰਬੋਧਨ ਹੋਇਆ।

-"ਬਕਵਾਸ ਬੰਦ ਕਰ ਚੌਰਿਆ...! ਉਹ ਤੇਰੇ ਪਤੰਦਰ ਪੇਸ਼ ਕਿਵੇਂ ਹੋਣਗੇ...?"

-"ਦੋਸ਼ੀਆਂ ਨੂੰ ਨਿਸ਼ੰਗ ਫੜੋ ਸਰਕਾਰ...। ਪਰ ਆਹ ਬੀਬੀ ਦਾ ਕੋਈ ਕਸੂਰ ਨੀ...।"

-"ਤੂੰ ਦੱਸ ਸਾਰੇ ਪਿੰਡ ਦਾ ਠੇਕਾ ਲਿਐ...?"

-"ਸਰਕਾਰ ਅਗਲਾ ਸ਼ਰੇਆਮ ਦਾਰੂ ਪੀ ਕੇ ਆ ਕੇ ਐਸ ਬੀਬੀ ਦੀ ਇੱਜ਼ਤ ਨੂੰ ਚਿੰਬੜਿਆ, ਜੇ ਅਣਖੀ ਖੂਨ ਖੌਲ਼ ਉਠਿਆ, ਤਾਂ ਬਰਾਬਰ ਦਾ ਦੋਸ਼ੀ ਤਾਂ ਮਰਨ ਵਾਲ਼ਾ ਵੀ ਬਰੋਬਰ ਦਾ ਐ...। ਸਾਰਾ ਪਿੰਡ ਇਸ ਵਾਰਦਾਤ ਦਾ ਗਵਾਹ ਐ..।" ਅਜੀਬ ਘਟਨਾ ਹੋਈ।

ਸਰਦਾਰੇ ਦੀਆਂ ਮੱਝਾਂ ਅਤੇ ਕੱਟਾ ਵੱਛਾ ਠਾਣੇ ਲਿਆ ਬੰਨ੍ਹਿਆਂ। ਖੇਤੋਂ ਇੰਜਣ ਅਤੇ ਮੋਟਰ ਖੋਲ੍ਹ ਲਿਆਂਦੀ ਅਤੇ ਫ਼ਸਲ ਉਜਾੜ ਦਿੱਤੀ ਗਈ।

ਗੁਰਮੇਲ ਕੌਰ ਅਤੇ ਸਰਦਾਰੇ ਨੂੰ ਠਾਣੇਦਾਰ ਨੇ ਹਵਾਲਾਤ ਵਿੱਚ ਲਿਆ ਤਾੜਿਆ।

ਬੱਲੀ, ਭੋਲਾ ਅਤੇ ਜੱਸੀ ਤਿੰਨੇ ਟੁੰਡੇ ਦੇ ਕਤਲ ਵਿੱਚ ਨਾਮਜ਼ਦ ਕਰ ਦਿੱਤੇ।

ਪੋਸਟ ਮਾਰਟਮ ਵਿੱਚ ਬੁਰੀ ਤਰ੍ਹਾਂ ਕੁੱਟ ਮਾਰ ਹੋਣ ਕਾਰਨ ਟੁੰਡੇ ਦੀ ਮੌਤ ਹੋਈ ਸਾਬਤ ਹੋ ਗਈ। ਉਸ ਦੇ ਸਿਰ ਵਿੱਚ ਗੁੱਝੀਆਂ ਅਤੇ ਘਾਤਕ ਸੱਟਾਂ ਸਨ, ਜੋ ਮੌਤ ਦਾ ਕਾਰਨ ਬਣੀਆਂ।


-"ਦੋ ਚਾਰ ਦਿਨ ਪਾਸਾ ਵੱਟ ਕੇ ਪਿੰਡੋਂ ਬਾਹਰ ਰਿਹੋ...।" ਸ਼ਹਿਰ ਦੇ ਹਾਤੇ ਵਿੱਚ ਡੋਗਰ ਨਾਲ਼ ਪੈੱਗ ਪੀਂਦਾ ਨੰਬਰਦਾਰ ਖ਼ਬਰਦਾਰ ਕਰ ਰਿਹਾ ਸੀ।

-"ਓਏ ਚਾਚਾ, ਮੈਂ ਉਹਨਾਂ ਨੂੰ ਕੀ ਦਬਾਲ਼ ਐਂ...? ਮੇਰੀ ਇੱਕ ਮੁੱਕੀ ਦੀ ਮਾਰ ਐ ਸਾਲ਼ੇ...।" ਡੋਗਰ ਨੇ ਪੈੱਗ ਸੂਤਿਆ।

-"ਹਲ਼ਕੇ ਕੁੱਤੇ ਤੇ ਭਗੌੜ੍ਹੇ ਕਾਤਲ ਦਾ ਕਦੇ ਵਿਸਾਹ ਨਾ ਖਾਈਏ ਡੋਗਰਾ...! ਖ਼ਤਰਨਾਕ ਹੁੰਦੇ ਐ...। ਕਾਤਲ ਸੋਚਦੈ ਬਈ ਕਤਲ ਚਾਹੇ ਇੱਕ ਕਰ ਲਈਏ ਤੇ ਚਾਹੇ ਸੌ, ਫਾਹੇ ਤਾਂ ਗੌਰਮਿੰਟ ਨੇ ਇੱਕ ਵਾਰੀ ਈ ਲਾਉਣੈ, ਮੌਕਾ ਵਿਚਾਰੀਏ ਡੋਗਰਾ..! ਜਿੰਨਾਂ ਚਿਰ ਅਗਲੇ ਪੇਸ਼ ਨੀ ਹੁੰਦੇ, ਪਿੰਡੋਂ ਟਾਲ਼ਾ ਈ ਵੱਟ...।"

-"ਇਉਂ ਸ਼ਰੀਕਾਂ ਤੋਂ ਡਰ ਕੇ ਕਿੰਨਾਂ ਕੁ ਚਿਰ ਦਿਨ ਕੱਟਾਂਗੇ ਚਾਚਾ...? ਇਉਂ ਤਾਂ ਸ਼ਰੀਕ ਗਲ 'ਤੇ ਆ ਚੜ੍ਹਨਗੇ..।"

-"ਜਿਹੜਾ ਨਿੰਡਰ ਬਣਦੈ, ਉਹ ਸਿਰੇ ਦਾ ਮੂਰਖ ਹੁੰਦੈ ਡੋਗਰਾ...! ਸਭ ਤੋਂ ਵੱਧ ਬੰਦੇ ਦੀ ਜਾਨ ਕੀਮਤੀ ਐ...। ਟੁੰਡਾ ਦੇਖ ਲੈ ਕਿੱਡਾ ਬੈਲੀ ਸੀ, ਸਿਰੇ ਦਾ ਬਦਮਾਸ਼ ਸੀ ਅਗਲਾ, ਤੇਰੇ ਸਾਹਮਣੇ ਕੀ ਹੋਇਆ..? ਅਗਲਿਆਂ ਨੇ ਮਿਲਟ 'ਚ ਘੋਗਾ ਚਿੱਤ ਕਰ ਕੇ ਰੱਖਤਾ...। ਰੱਖਤਾ ਨ੍ਹਾਂ...?"




-"..................।" ਡੋਗਰ ਨੇ ਲੰਮਾਂ ਸਾਹ ਖਿੱਚਿਆ।

-"ਜਦੋਂ ਆਈ 'ਤੇ ਆ ਜਾਣ, ਤਾਂ ਬਿਗਾਨੇ ਪੁੱਤ ਭੈੜੇ ਹੁੰਦੇ ਐ...! ਬੱਸ, ਬਚਾਅ ਕਰੋ ਮੇਰੇ ਸ਼ੇਰ...। ਥੋਡੇ ਬਿਨਾ ਤਾਂ ਤੇਰਾ ਆਹ ਚਾਚਾ ਕੱਖ ਦਾ ਨੀ...।" ਨੰਬਰਦਾਰ ਨੇ ਇੱਕ ਲੰਡਾ ਪੈੱਗ ਹੋਰ ਅੰਦਰ ਸੁੱਟਿਆ, "ਠਾਣੇਦਾਰ ਅੱਗੇ ਗਵਾਹੀ ਮੈਂ ਠੋਕ ਕੇ ਭਰਤੀ ਸੀ...। ਮੇਰੇ 'ਚ ਕੋਈ ਕਾਣ ਐਂ ਤਾਂ ਦੱਸ...?"

-"ਮਖ ਜਮਾਂ ਈ ਨੀ ਚਾਚਾ...! ਤਾਬਿਆਦਾਰ ਆਂ ਤੇਰੇ...! ਆਬਦਿਆਂ ਦੇ ਖੰਭਾਂ 'ਤੇ ਤਾਂ ਬੰਦਾ ਉਡਦੈ...।" ਡੋਗਰ ਨੇ ਉਠ ਕੇ ਨੰਬਰਦਾਰ ਚਾਚੇ ਨੂੰ ਜੱਫੀ ਪਾ ਲਈ, "ਕੱਲਾ ਕੋਈ ਵੱਡਾ ਨੀ ਹੁੰਦਾ ਚਾਚਾ ਸਿਆਂ...।"

-"ਆਪਣਾ ਬੇਲਾ ਕਿੱਥੇ ਐ...?" ਅਚਾਨਕ ਨੰਬਰਦਾਰ ਨੂੰ ਯਾਦ ਆਇਆ।

-"ਉਹ ਸਹੁਰੀਂ ਪਹੁੰਚ ਗਿਆ...!"

-"ਉਹਦਾ ਨੀ ਕੋਈ ਵਾਲ਼ ਵਿੰਗਾ ਕਰ ਸਕਦਾ, ਸਹੁਰਾ ਚੇਅਰਮੈਨ ਜਿਉਂ ਹੋਇਆ...।"

-"ਕੱਲਾ ਚੇਅਰਮੈਨ ਈ ਨੀ ਚਾਚਾ, ਅਗਲੇ ਦੀ ਮੁੱਖ ਮੰਤਰੀ ਨਾਲ਼ ਪੂਰੀ ਜੋਟੀ ਐ...।"

-"ਜੋਟੀ ਦਾ ਈ ਭਾਅ ਐ ਸ਼ੇਰ ਬੱਗਿਆ...। 'ਕੱਲਾ ਬੰਦਾ ਤਾਂ ਰੋਹੀ 'ਚ ਖੜ੍ਹੇ ਰੁੱਖ ਵਰਗਾ ਹੁੰਦੈ...! ਗਵੱਈਏ ਗਾਉਂਦੇ ਨੀ ਹੁੰਦੇ...? 'ਕੱਲੀ ਹੋਵੇ ਨਾ ਵਣਾਂ ਦੇ ਵਿੱਚ ਲੱਕੜੀ, 'ਕੱਲਾ ਨਾ ਹੋਵੇ ਪੁੱਤ ਜੱਟ ਦਾ...। ਬਜ਼ੁਰਗ ਐਵੇਂ ਨੀ ਗਾ ਗਏ...।"

ਤੀਜੇ ਦਿਨ ਬੱਲੀ, ਜੱਸੀ ਅਤੇ ਭੋਲਾ ਡਾਕਟਰੀ ਮੁਆਇਨਾ ਕਰਵਾ ਕੇ ਠਾਣੇ ਪੇਸ਼ ਹੋ ਗਏ। ਖਿਝਿਆ ਠਾਣੇਦਾਰ ਹੋਰ ਖਿਝ ਗਿਆ।

ਉਹ ਹੱਥਾਂ 'ਤੇ ਦੰਦੀਆਂ ਵੱਢ ਰਿਹਾ ਸੀ। ਪਰ ਮੁਲ਼ਜ਼ਮਾਂ ਨੂੰ ਹੱਥ ਨਹੀਂ ਲਾ ਸਕਦਾ ਸੀ। ਤਿੰਨਾਂ ਦੇ ਪੇਸ਼ ਹੋਣ 'ਤੇ ਠਾਣੇਦਾਰ ਨੇ ਸਰਦਾਰੇ ਅਤੇ ਗੁਰਮੇਲ ਕੌਰ ਨੂੰ ਘਰ ਤੋਰ ਦਿੱਤਾ। ਪਸ਼ੂ ਉਹਨਾਂ ਦੇ ਅੱਗੇ ਲਾ ਦਿੱਤੇ।

ਸਰਦਾਰਾ ਘੋਰ ਉਦਾਸ ਸੀ। ਗੁਰਮੇਲ ਕੌਰ ਨੂੰ ਹੌਲ ਪੈਂਦਾ ਸੀ। ਪਲ ਵਿੱਚ ਕੀ ਦਾ ਕੀ ਹੋ ਗਿਆ ਸੀ। ਭਰਿਆ ਘਰ ਪਲ ਵਿੱਚ ਖਾਲੀ 'ਖੋਲ਼ਾ' ਬਣ ਗਿਆ ਸੀ। ਜਿਸ ਘਰ ਵਿੱਚ ਕੰਨ ਪਾਈ ਨਹੀਂ ਸੁਣਦੀ ਸੀ। ਜਿਸ ਘਰ ਵਿੱਚ ਚੜ੍ਹਚੋਲ੍ਹੜ ਪੈਂਦੀ ਸੀ।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਬਰਸੀ 'ਤੇ ਵਿਸ਼ੇਸ਼

# ਭੋਲਾ ਭਾਉ ਗੋਬਿੰਦ ਮਿਲਾਵੈ

ਰਮੇਸ਼ ਬੱਗਾ ਚੋਹਲਾ



ਭਗਤੀ ਦਾ ਮਾਰਗ ਵੇਹਲੜਾਂ, ਨਿਕੰਮਿਆਂ ਅਤੇ ਪਾਖੰਡੀਆਂ ਦਾ ਮਾਰਗ ਨਹੀਂ ਹੈ ਸਗੋਂ ਇਸ ਮਾਰਗ ਦੇ ਪਾਂਧੀਆਂ/ਭਗਤਾਂ ਨੇ ਕਿਰਤ ਨਾਲ ਜੁੜ ਕੇ ਹੀ ਕਰਤਾਰ ਨਾਲ ਜੁੜਨ ਦੀ ਹਾਮੀ ਭਰੀ ਹੈ। ਭਗਤ ਜਨਾਂ ਵੱਲੋਂ ਇਹ ਹਾਮੀ ਸਿਰਫ ਗੱਲੀਂਬਾਤੀ ਹੀ ਨਹੀਂ ਸਗੋਂ ਵਿਹਾਰਕ (ਹੱਥੀਂ ਕਿਰਤ ਕਰਕੇ) ਰੂਪ ਵਿਚ ਵੀ ਭਰੀ ਗਈ ਹੈ।

ਮੱਧ ਕਾਲ ਵਿਚ ਉੱਭਰੀ ਭਗਤੀ ਲਹਿਰ ਨਾਲ ਜੁੜੇ ਭਗਤ ਸਾਹਿਬਾਨ ਸਰੀਰਕ ਤੌਰ 'ਤੇ ਕਿਰਤ ਨਾਲ ਅਤੇ ਮਾਨਸਿਕ ਤੌਰ 'ਤੇ ਪਰਮੇਸ਼ਰ ਨਾਲ ਜੁੜੇ ਰਹੇ ਹਨ। ਭਗਤੀ ਲਹਿਰ ਨਾਲ ਵਾਬਸਤਾ ਇਨ੍ਹਾਂ ਭਗਤਾਂ ਨੇ ਜਿਥੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ, ਉਥੇ ਆਪਣੇ ਸਮਾਜਿਕ ਸਰੋਕਾਰਾਂ ਨੂੰ ਵੀ ਬਣਾਈ ਰੱਖਿਆਂ ਹੈ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ ਹਨ। ਇਲਾਕਾਈ ਅਤੇ ਭਾਸ਼ਾਈ ਹੱਦਬਸਤ ਤੋਂ ਉਪਰ ਉੱਠ ਕੇ ਵਿਚਰਨ ਵਾਲੇ ਇਹ ਮਹਾਂਪੁਰਖ ਆਪਣੀ ਸਰਬ ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੇ ਹਾਮੀ ਰਹੇ ਹਨ।

ਅਥਾਹ ਸ਼ਰਧਾ ਅਤੇ ਦ੍ਰਿੜ ਇਰਾਦੇ ਦੇ ਮਾਲਕ ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿਚ ਰੰਗ ਕੇ ਅਜਿਹੇ ਵੱਡਮੁੱਲੇ ਅਤੇ ਪਵਿੱਤਰ ਬਚਨ ਉਚਾਰਣ ਕੀਤੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ।

ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾਂ ਇੱਕ ਅਕਾਲ ਪੁਰਖ 'ਤੇ ਰਹੀ ਹੈ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ ਹਨ। ਸੋਚ ਪੱਖੋਂ ਉੱਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁੱਝ ਨਿਰਾਲੀ ਬਣੀ ਰਹੀ ਹੈ। ਇਸ ਚਾਲ ਦੀ ਗਵਾਹੀ ਤੀਸਰੇ ਪਾਤਸਾਹ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਪਾਵਨ ਬਾਣੀ ਆਨੰਦ ਸਾਹਿਬ ਦੀ 14ਵੀਂ ਪਾਉੜੀ ਵਿਚ ਇਸ ਤਰ੍ਹਾਂ ਭਰਦੇ ਹਨ:-

ਭਗਤਾ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰ ਤਜਿ
ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
(ਅੰਗ-918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜਮਾਉਣ ਦਾ ਕੋਈ ਕੋਝਾ ਯਤਨ ਕੀਤਾ ਹੈ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ ਹੈ। ਇਸ ਗੱਲ ਨੂੰ ਤਸਦੀਕ ਕਰਦੇ ਹੋਏ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਇੰਞ ਫ਼ੁਰਮਾਉਂਦੇ ਹਨ:-



ਹਰਿ ਜੁਗ ਜੁਗ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖ਼ਰ ਛੋਹ ਜਾਂਦੀ ਹੈ ਤਾਂ ਉਸ ਵਕਤ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗ਼ੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗ਼ੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ।

ਜੱਟਕੀ ਜ਼ਿੱਦ ਤੇ ਅਟੱਲ ਭਰੋਸਤਾ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਅਤੇ ਇਸ ਬਖ਼ਸ਼ਿਸ਼ ਦੀ ਬਾਦੌਲਤ ਆਪਣੇ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 20 ਅਪ੍ਰੈਲ ਸੰਨ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੁਆਨ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਭਾਈ ਭੋਲਾ ਅਤੇ ਮਾਤਾ ਦਾ ਨਾਮ ਧੰਨੋ ਸੀ। ਆਪ ਦਾ ਸ਼ੁਮਾਰ ਉਨ੍ਹਾਂ ਸਿਦਕਵਾਨਾਂ ਵਿਚ ਕੀਤਾ ਜਾਂਦਾ ਹੈ 'ਜਿਹੜੇ ਆਪਣਾ ਹੱਥ ਕਾਰ (ਕਿਰਤ) ਵੱਲ ਅਤੇ ਦਿਲ ਯਾਰ (ਪ੍ਰਭੂ)' ਵੱਲ ਲਗਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ ਦਰਸ਼ਨ ਹੀ ਕੀਤੇ ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ।

ਭਗਤ ਧੰਨਾ ਜੀ ਨਾਲ ਜੁੜੇ ਸਾਖੀ-ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਦੇ ਅਨੁਸਾਰ ਬਚਪਨ ਸਮੇਂ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੀ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦੇ ਹੋ ਬੜੇ ਧਿਆਨ ਨਾਲ ਦੇਖਿਆ। ਦੇਖਣ ਤੋਂ ਉਪਰੰਤ ਭਗਤ ਜੀ ਦੇ ਮਨ ਵਿਚ ਵੀ ਪੂਜਾਦੀ ਇੱਛਾ ਪ੍ਰਚੰਡ ਹੋ ਗਈ।ਆਪਣੀ ਇਸ ਪ੍ਰਚੰਡਿਤ ਇੱਛਾ ਕਾਰਨ ਉਨ੍ਹਾਂ ਨੇ ਉਸ ਪੰਡਿਤ ਜੀ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿਚ ਉਸ ਪੰਡਿਤ ਨੇ ਭਗਤ ਜੀ ਨੂੰ ਕੁੱਝ ਦੁਨਿਆਵੀ ਵਸਤਾਂ ਦਕਸ਼ਣਾ ਦੇ ਰੂਪ ਵਿਚ ਦੇਣ ਲਈ ਕਿਹਾ। ਜੋ ਭਗਤ ਜੀ ਨੇ ਸਹਿਜ ਨਾਲ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਇਸ ਸਮਝੌਤੇ ਤੋਂ ਬਾਅਦ ਉਸ ਚੁਸਤ ਅਤੇ ਲਾਲਚੀ ਪੰਡਿਤ ਨੇ ਇਕ ਸਧਾਰਣ ਪੱਥਰ ਭਗਤ ਧੰਨਾ ਜੀ ਦੇ ਸਪੁਰਦ ਕਰ ਦਿੱਤਾ। ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਸਧਾਰਣ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਗਾਉਣ ਲਈ ਕਿਹਾ। ਪੱਥਰ ਵੱਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਨੇ ਆਪ ਵੀ ਕੁੱਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇਇਸ ਹੱਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਤੇਰਵੀਂ ਪਾਉੜੀ ਵਿਚ ਇਸ ਤਰ੍ਹਾਂ ਭਰੀ ਹੈ-

ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜਠਾਲਾਸਾਂ ਤੂ ਰੁਠਾ ਮੈ ਕਿਹੁ ਨਾ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦ ਮਿਲਾਵੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਇੱਕ ਸ਼ਬਦ ਵਿਚ ਜਿਥੇ ਹੋਰ ਬਹੁਤ ਸਾਰੇ ਭਗਤਾਂ ਦੀ ਕਰਣੀ ਕਮਾਈ ਦਾ ਜ਼ਿਕਰ ਕਰਦੇ ਹਨ ਓਥੇ ਭਗਤ ਧੰਨਾ ਜੀ ਨੂੰ 'ਧੰਨਾ ਸੇਵਿਆ ਬਾਲ ਬੁਧਿ' ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉਪਰ ਸੁਸ਼ੋਭਿਤ ਆਪਣੇ ਇਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਪੰਜਵੇਂ ਨਾਨਕ ਫ਼ੁਰਮਾਉਂਦੇ ਹਨ:-

ਇਹ ਬਿਧਿ ਸੁਨਿ ਕੇ
ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ
ਧੰਨਾ ਵਡਭਾਗਾ॥

ਗੁਰੂ ਅਰਜਨ ਦੇਵ ਪਾਤਸ਼ਾਹ ਇਨ੍ਹਾਂ ਪਾਵਨ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣ ਨਾਲ ਜਿਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ,ਰਵੀਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ ਤੇ ਉਸ ਦੀ ਇਸ ਸਮਰਪਣ ਦੀ ਭਾਵਨਾ ਵਾਲੀ ਭਗਤੀ ਨੇ ਉਸ ਨੂੰ ਸਾਖਿਆਤ ਰੂਪ ਵਿਚਪ੍ਰਭੂ ਦੇ ਦਰਸ਼ਨ-ਦੀਦਾਰੇ ਕਰਵਾ ਦਿੱਤੇ ਸਨ।ਗੱਲ ਸਿਰਫ ਦਰਸ਼ਨ-ਦੀਦਾਰੇ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ ਸਨ। ਗੋਪਾਲ ਵੱਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ:-

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥1॥ ਰਹਾਉ॥

ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿਚ ਵੀ ਹੈ ਕਿ ਜਿਥੇ ਕੁੱਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਬਾਧਾ ਮਹਿਸੂਸਦੇ ਹਨ ਉੱਥੇ ਉਹ ਧੜੱਲੇ ਨਾਲ ਆਖ ਰਹੇ :-

ਘਰ ਕੀ ਗੀਹਨਿ ਚੰਗੀ॥
ਜਨੁ ਧੰਨਾ ਲੇਵੈ ਮੰਗੀ॥

ਔਰਤ ਜਾਤੀ ਅਤੇ ਕਿਰਤ ਦੇ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਰੱਜਵਾਂ ਅਤੇ ਫਬਵਾਂ ਸਤਿਕਾਰ ਕਰਦਿਆਂ ਹੀ ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਲਾਹੀ ਬਚਨਾਂ ਦਾ ਉਚਾਰਣ ਕਰਨ ਵਾਲੇ ਛੇ ਗੁਰੂ ਸਾਹਿਬਾਨਾਂ, ਗਿਆਰਾਂ ਭੱਟਾਂ,ਚਾਰ ਗੁਰੂ ਦੇ ਨਿਕਟਵਰਤੀਆਂ ਅਤੇ ਪੰਦਰਾਂ ਭਗਤਾਂ ਦੀ ਬਾਣੀ ਨੂੰ ਇਕ (ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ) ਲੜੀ ਵਿਚ ਪਰੋਇਆ ਸੀ ਤਾਂ ਉਸ ਵਿਚ ਭਗਤ ਧੰਨਾ ਜੀ ਦੇ ਤਿੰਨ ਪਵਿੱਤਰ ਸ਼ਬਦ (ਦੋ ਰਾਗ ਆਸਾ ਅਤੇ ਇੱਕ ਰਾਗ ਧਨਾਸਰੀ) ਵੀ ਸ਼ਾਮਿਲ ਕਰ ਲਏ ਸਨ।

ਭਗਤੀ ਲਹਿਰ ਦੇ ਪ੍ਰਮੁੱਖ ਭਗਤ ਧੰਨਾ ਜੀ ਆਪਣੀ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਈਸਵੀ ਨੂੰਪਰਲੋਕ ਸਿਧਾਰ ਗਏ। ਉਨ੍ਹਾਂ ਦੀ ਭਗਤੀ-ਭਾਵਨਾ ਜਿਥੇ ਪਖੰਡਵਾਦ ਤੋਂ ਨਿਰਲੇਪ ਹੈ ਉੱਥੇ ਸੱਚੀ ਤੇ ਸੁੱਚੀ ਕਿਰਤ ਕਰਦਿਆਂ ਕਰਤਾਰ ਨਾਲ ਜੁੜਨ ਦੀ ਇੱਕ ਅਤਿ ਉੱਤਮ ਮਿਸਾਲ ਵੀ ਹੈ।


#1348/17/1 ਗਲੀ ਨੰ: 8 ਰਿਸ਼ੀ
ਨਗਰ ਐਕਸਟੈਨਸ਼ਨ (ਲੁਧਿਆਣਾ)
ਮੋ: 9463132719

* * *

# ਪੰਜ ਭੌਤਿਕ ਸਰੀਰ ਦਾ ਭਾਂਡਾ ਭੱਜਣ ਨਾਲ ਗੁਰੂ ਦੀ ਹੋਂਦ-ਹਸਤੀ ਖਤਮ ਨਹੀਂ ਹੁੰਦੀ

## 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਦੇ ਸਿਧਾਂਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਗ੍ਰੰਥ ਸਰੂਪ ਹੋ ਕੇ ਗੁਰਦੁਆਰਿਆਂ ਵਿੱਚ ਸੁਭਾਇਮਾਨ ਹਨ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਸਤਿਗੁਰੂ ਨਾਨਕ ਦੀ ਸਿੱਖੀ ਦੇ ਵਿਰਸੇ ਦਾ ਗੁਰ-ਇਤਿਹਾਸ 'ਰਬਾਬ ਤੋਂ ਨਗਾਰੇ' ਤਕ, 'ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ' ਤਕ, 'ਨਿਰਮਲ ਪੰਥ ਤੋਂ ਖ਼ਾਲਸਾ ਪੰਥ' ਅਤੇ ਖ਼ਾਲਸਾ ਪ੍ਰਗਟ ਕਰਨ ਤਕ ਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸਹਾਦਤ ਵਿੱਚੋਂ ਖ਼ਾਲਸਾ ਪ੍ਰਗਟ ਹੋਇਆ ਹੈ, 'ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ'।

"ਸਿੱਖੀ ਅਕੀਦੇ ਅਨੁਸਾਰ ਅੰਤਮ ਸੱਚ ਦੇ ਚਾਰ ਸਰੂਪ ਹਨ। (1) ਅਕਾਲ ਪੁਰਖ, (2) ਗੁਰੂ, (3) ਗੁਰਬਾਣੀ ਅਤੇ (4) ਸਾਧ ਸੰਗਤ। ਸਾਡਾ ਗੁਰੂ ਦਸ ਜਾਮੇ ਧਾਰਨ ਵਾਲਾ ਗੁਰੂ ਨਾਨਕ ਹੈ। ਅਦੁੱਤੀ ਦਸਮੇਸ਼ ਨੂੰ ਸਿੱਖ ਹਰ ਅਲੌਕਿਕ ਸਰੂਪ ਸਮੇਤ ਨਾਨਕ ਤਸਲੀਮ ਕਰਦੇ ਹਨ। ਇਸ ਬੁਨਿਆਦੀ ਅਕੀਦੇ ਨੂੰ ਸਿੱਧ ਕਰਦੀ ਹੈ ਧੁਰ ਕੀ ਬਾਣੀ।" (ਸ. ਗੁਰਤੇਜ ਸਿੰਘ)

ਸਿੱਖ ਧਰਮ ਦਾ ਇਹ ਮੁੱਢਲਾ ਵਿਸ਼ਵਾਸ ਹੈ ਕਿ ਸਾਰੇ ਦਸ ਗੁਰੂ ਸਾਹਿਬਾਨ ਵਿੱਚ ਨਿਰੰਤਰ ਇੱਕ ਹੀ ਜੋਤ ਹੈ ਅਤੇ ਜਿਹੜਾ ਵੀ ਸਿੱਖ ਜਾਂ ਗੈਰ-ਸਿੱਖ ਵਿਅਕਤੀ ਇਸ ਗੱਲ ਨੂੰ ਨਹੀਂ ਸਮਝਦਾ ਉਹ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਨਹੀਂ ਸਮਝ ਸਕਦਾ। ਨਾਨਕ ਪੰਥੀ ਸਿੱਖ ਕਹਾਉਣ ਦਾ ਓਹੀ ਵਿਅਕਤੀ ਹੱਕਦਾਰ ਹੈ, ਜਿਹੜਾ ਦਸ ਗੁਰੂ ਸਾਹਿਬਾਨ ਵਿੱਚ ਨਿਰੰਤਰ ਇੱਕ ਹੀ ਜੋਤਿ ਦੇ ਸਿਧਾਂਤ ਨੂੰ ਸਵੀਕਾਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਸੇ ਗੁਰੂ ਸਾਹਿਬਾਨ ਰਾਹੀਂ ਪ੍ਰਵਾਣਿਤ ਅਤੇ ਉਹਨਾਂ ਦੀ ਨਿਗਰਾਨੀ ਹੇਠ ਸੰਪੂਰਨ ਹੋਇਆ 'ਪੋਥੀ ਪਰਮੇਸਰ ਕਾ ਥਾਨ' ਗੁਰੂ-ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਭਾਵੇਂ ਛੇ ਵੱਖ-ਵੱਖ ਗੁਰੂ ਸਾਹਿਬਾਨਾਂ ਦੀ ਹੈ, ਪਰ ਮੋਹਰ ਨਾਨਕ ਦੀ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਵਿੱਚ 59 ਸ਼ਬਦ 57 ਸਲੋਕ ਦਰਜ ਹਨ, ਹਰ ਸ਼ਬਦ ਅਤੇ ਸਲੋਕ ਵਿੱਚ ਨਾਂਅ ਨਾਨਕ ਦਾ ਹੀ ਆਉਂਦਾ ਹੈ। ਉਦਾਹਰਣ ਵਜੋਂ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਜਿਹੜੇ ਭੋਗ ਸਮੇਂ ਪੜ੍ਹੇ ਜਾਂਦੇ ਹਨ, ਪਹਿਲਾ ਸਲੋਕ ਹੈ, "ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥"(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1426) ਦਸੇ ਗੁਰੂ ਸਾਹਿਬਾਨ ਵਿੱਚ ਨਿਰੰਤਰ ਇੱਕ ਜੋਤ ਦੇ ਸਿਧਾਂਤ ਤੇ ਗੁਰੂ ਗ੍ਰੰਥ ਸਾਹਿਬ ਮੋਹਰ ਲਾਉਂਦੇ ਹਨ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 646)

ਇਸ ਤਰ੍ਹਾਂ ਭਾਈ ਨੰਦ ਲਾਲ ਜੀ ਵੀ 'ਜੋਤਿ ਬਿਗਾਸ' ਵਿੱਚ ਗੁਰੂ ਨਾਨਕ ਸਾਹਿਬ ਦੀ ਜੋਤਿ ਦੀ ਨਿਰੰਤਰਤਾ ਦੀ ਗਵਾਹੀ ਭਰਦੇ ਹੋਏ ਲਿਖਦੇ ਹਨ: 'ਹਜ਼ਾਰਾਂ ਸ਼ਹਿਨਸ਼ਾਹ ਪੇਸ਼ਸ਼ ਗੁਲਾਮ, ਹਜ਼ਾਰਾਂ ਖ਼ੁਰੋ ਮਾਹਸ਼ ਅੰਦਰ ਸਲਾਮ।' ਭਾਵ ਹਜ਼ਾਰਾਂ ਸ਼ਹਿਨਸ਼ਾਹ ਗੁਰੂ ਨਾਨਕ ਸਾਹਿਬ ਦੇ ਹਜ਼ੂਰੀ ਗ਼ੁਲਾਮ ਹਨ, ਹਜ਼ਾਰਾਂ ਸੂਰਜ ਚੰਦਰਮਾ ਗੁਰੂ ਨਾਨਕ ਸਾਹਿਬ ਨੂੰ ਨਿਉਂ-ਨਿਉਂ ਸਲਾਮਾਂ ਕਰਦੇ ਹਨ। 'ਹਮੂ ਨਾਨਕ ਅਸਤੋ ਹਮੂ ਅੰਗਦ ਅਸਤ, ਹਮੂ ਅਮਰਦਾਸ ਅਫ਼ਜਲੋ ਅਮਜਦ ਅਸਤ' ਭਾਵ ਨਾਨਕ ਵੀ ਉਹੀ ਹੈ, ਅੰਗਦ ਵੀ ਉਹੀ ਹੈ, ਬਖ਼ਸ਼ਿਸ਼ ਤੇ ਵੱਡੀ ਵਡਿਆਈ ਦਾ ਮਾਲਕ ਅਮਰਦਾਸ ਵੀ ਉਹੀ ਹੈ। 'ਹਮੂ ਰਾਮਦਾਸੋ ਹਮੂ ਅਰਜੁਨ ਅਸਤ, ਹਮੂ ਹਰਗੋਬਿੰਦ ਆਕਰਮੋ ਅਹਿਸਨ ਅਸਤ' ਭਾਵ, ਉਹੀ ਰਾਮਦਾਸ ਅਤੇ ਉਹੀ ਅਰਜੁਨ ਹੈ ਸਭ ਤੋਂ ਵੱਡਾ ਤੇ ਚੰਗੇਰਾ ਹਰਿਗੋਬਿੰਦ ਵੀ ਉਹੀ ਹੈ। 'ਹਮੂ ਹਸਤ ਹਰਿਰਾਇ ਕਰਤਾ ਗੁਰੂ, ਬਦ ਆਸ਼ਕਾਰਾ ਹਮਾ ਪੁਸ਼ਤੋ ਰੂ' ਭਾਵ ਉਹੀ ਹਰਿਰਾਇ ਕਰਤਾ ਗੁਰੂ ਹੈ, ਜਿਸ ਨੂੰ ਹਰ ਸ਼ੈਅ ਦੀ ਸਿੱਧ-ਪੁੱਠ ਸਾਫ ਪ੍ਰਗਟ ਹੋ ਜਾਂਦੀ ਹੈ। 'ਹਮੂ ਹਰਿਕਿਸ਼ਨ ਆਮਦਾ ਸਰ-ਬੁਲੰਦ ਅਜ਼ੋ ਹਾਸਿਲ ਉਮੀਦਿ ਹਰ ਮੁਸ਼ਤਮੰਦ' ਭਾਵ ਉਹੀ ਸਿਰ ਕੱਢ ਹਰਿਕਿਸ਼ਨ ਹੈ ਜਿਸ ਤੋਂ ਹਰ ਹਾਜ਼ਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ। 'ਹਮੂ ਹਸਤ ਤੇਗ ਬਹਾਦਰ ਗੁਰੂ, ਕਿ ਗੁਰੂ ਗੋਬਿੰਦ ਸਿੰਘ ਆਮਦ ਅਜ਼ ਨੂਰਿ ਉ' ਉਹੀ ਗੁਰੂ ਤੇਗ ਬਹਾਦਰ ਹੈ ਜਿਸ ਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ। 'ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ, ਹਮਾ ਸ਼ਬਦਿ ਊ ਜ਼ੌਹਰੋ ਮਾਨਕ ਅਸਤ।' ਭਾਵ ਉਹੀ ਗੋਬਿੰਦ ਸਿੰਘ ਹੈ ਤੇ ਉਹੀ ਨਾਨਕ ਗੁਰੂ ਹੈ ਉਸ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ। ਹੁਣ ਜਦੋਂ ਆਰ.ਐੱਸ.ਐੱਸ. ਤੇ ਨਰਿੰਦਰ ਮੋਦੀ ਦੀ ਸਰਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਹਿੱਤ ਸਿੱਖ ਗੁਰੂ ਸਾਹਿਬਾਨ ਨੂੰ 'ਰਾਸ਼ਟਰਵਾਦੀ' ਸਿੱਧ ਕਰਨ ਲਈ ਉਹਨਾਂ ਦੀਆਂ ਅਰਧ-ਸ਼ਤਾਬਦੀਆਂ ਅਤੇ ਸ਼ਤਾਬਦੀਆਂ ਮਨਾਉਣ ਦਾ ਢੋਂਗ ਕਰ ਰਹੀਆਂ ਹਨ ਤਾਂ ਭਾਈ ਨੰਦ ਲਾਲ ਜੀ ਦੇ ਹੇਠ ਲਿਖੇ ਤਿੰਨ ਸ਼ੇਅਰ ਬਹੁਤ ਮਹੱਤਵਪੂਰਨ ਅਰਥ ਰੱਖਦੇ ਹਨ, ਭਾਈ ਨੰਦ ਲਾਲ ਜੀ ਫਾਰਸੀ ਵਿੱਚ ਲਿਖਦੇ ਹਨ : 'ਹਜ਼ਾਰਾਂ ਚੂੰ ਜਮਨਾ ਹਜ਼ਾਰਾਂ ਚੂੰ ਗੰਗ, ਬਪਾ ਅੰਦਰਸ਼ ਸਰ ਨਿਹਾਦਾ ਜ਼ਿ ਨੰਗ॥ ਭਾਵ- ਹਜ਼ਾਰਾਂ ਜਮਨਾ ਹਜ਼ਾਰਾਂ ਗੰਗਾ ਵਰਗੇ ਦਰਿਆ ਸਤਿਕਾਰ ਨਾਲ ਉਸ ਦੇ (ਗੁਰੂ ਨਾਨਕ ਦੇ) ਚਰਨਾਂ ਵਿੱਚ ਸੀਸ ਨਿਵਾਉਂਦੇ ਹਨ।

'ਬ-ਹਰ ਦੀਪੋ ਹਰਿ ਸੂਇ ਕੋਸ਼ਸ਼ ਬੁਲੰਦ, ਬ-ਹਰ ਮਮਿਲਕਤ ਨਾਮਿ ਉ ਅਰਜਮੰਦ' ਭਾਵ ਹਰ ਦੀਪ ਵਿੱਚ ਅਤੇ ਹਰ ਦਿਸ਼ਾ ਵੱਲ ਉਸ ਦਾ ਡੰਕਾ ਵੱਜ ਰਿਹਾ ਹੈ, ਹਰ ਦੇਸ਼ ਅਤੇ ਰਾਜ ਵਿੱਚ ਉਸ ਦਾ (ਗੁਰੂ ਨਾਨਕ ਦਾ) ਨਾਮ ਸਤਿਕਾਰਿਆ ਜਾਂਦਾ ਹੈ।

'ਜਹਾਂ ਦਰ ਜਹਾਂ ਮਕਰਮਤ ਜਾਤਿ ਊ, ਜਿ ਹੱਦ ਬਰਤਰ ਆਮਦ ਕਮਲਾਤਿ ਊ' ਭਾਵ ਉਸ ਦੀ ਜਾਤ ਦੀ ਬਖ਼ਸ਼ਿਸ਼ ਨਾਲ ਸੰਸਾਰ ਭਰਿਆ ਪਿਆ ਹੈ, ਉਸ ਦੇ ਕਮਾਲ ਕਿਸੇ ਵੀ ਹੱਦ ਬੰਨੇ ਵਿੱਚ ਨਹੀਂ ਆ ਸਕਦੇ। 'ਜਹਾਂਬਾਨਿ ਮੁਲਕਿ ਫ਼ਜ਼ਾਲੋ ਕਰਾਮ, ਮੁਹਿਮਾਤਿ ਦਾਰੈਨ ਰਾ ਇੰਤਜ਼ਾਮ' ਭਾਵ ਉਹ ਮਿਹਰ ਅਤੇ ਕਰਮ ਦੇ ਮੁਲਕ ਦਾ ਨਿਗਾਹਬਾਨ ਹੈ, ਉਹ ਦੋ ਜਹਾਨਾਂ ਦੇ ਕੰਮਾਂ ਦਾ ਪ੍ਰਬੰਧ ਕਰਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਭਾਈ ਨੰਦ ਲਾਲ ਜੀ ਉਕਤ ਸ਼ੇਅਰਾਂ ਰਾਹੀਂ ਸਪਸ਼ਟ ਕੀਤਾ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਨੂੰ ਦੇਸ਼-ਕਾਲ ਦੀਆਂ ਹੱਦਾਂ ਵਿੱਚ ਨਹੀਂ ਰੱਖਿਆ ਜਾ ਸਕਦਾ। ਦਸਾਂ ਗੁਰੂ ਸਾਹਿਬਾਨਾਂ ਦੀ ਜੋਤਿ ਦੀ ਨਿਰੰਤਰਤਾ ਦੀ ਗਵਾਹੀ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ' ਦੀ ਪ੍ਰਸਤਾਵਨਾ ਦੇ ਪੰਨਾ 162 ਉੱਤੇ ਇਸ ਪ੍ਰਕਾਰ ਮਿਲਦੀ ਹੈ ਕਿ 'ਕਵੀ ਸੰਤੋਖ ਸਿੰਘ ਜੀ ਇੱਕ ਅਕਾਲ ਪੁਰਖ ਦੇ ਉਪਾਸ਼ਕ ਸੇ, ਅਤੇ ਦਸਾਂ ਗੁਰੂ ਸਾਹਿਬਾਂ ਨੂੰ ਇੱਕ ਅਕਾਲ ਪੁਰਖ ਦਾ ਸਰੂਪ ਗੁਰੂ ਨਾਨਕ, ਗੋਬਿੰਦ ਰੂਪ ਦੇ ਅਸੂਲ ਮੂਜਬ ਮੰਨਦੇ ਸੇ:

ਬੇਦ ਬੇਦ ਨਿਰਾਕਾਰ ਜਾਂਕੋ ਕਹੈਂ ਖੇਦ ਬਿਨ,
ਸੋਊ ਹੈ ਅਕਾਰ ਗੁਰੂ ਨਾਨਕ ਅਨੰਦ ਮੈਂ॥
ਅੰਗਦ, ਅਮਰਦਾਸ, ਰਾਮ ਦਾਸ, ਅਰਜਨ,
ਸ੍ਰੀ ਹਰਿਗੋਬਿੰਦ ਭਏ ਸੋਊ ਸੁਖਕੰਦ ਮੈਂ॥
ਗੁਰੂ ਹਰਿ ਰਾਇ ਹਰਿਕ੍ਰਿਸ਼ਨ ਪਰਮ ਜੋਤਿ,
ਤੇਗ ਕੇ ਬਹਾਦਰ ਬਿਸ਼ਾਰਦ ਮੁਕੰਦ ਮੈਂ॥
ਸ੍ਰੀ ਗੋਬਿੰਦ ਸਿੰਘ ਲੋ ਪਦਾਰਥਬਿੰਦ ਸਭਿਨ ਕੇ
ਬੰਦੋ ਬ੍ਰਿੰਦ ਦੁੰਦਹਰ ਦੁੰਦ ਹਥ ਬੰਦ ਮੈਂ॥
(ਰੁ 35 ਅੰਸੂ 1)

ਕਵੀ ਸੰਤੋਖ ਸਿੰਘ ਦਸਾਂ ਗੁਰੂ ਸਾਹਿਬਾਨ ਨੂੰ ਇੱਕ ਜੋਤ ਸਮਝਦੇ ਸਨ:

ਯਥਾ 'ਛਪਯ-ਨਿਰੰਕਾਰ ਅਕਾਰ
ਗੁਰੂ ਨਾਨਕ ਜਗ ਹੋਯੋ।
ਸ੍ਰੀ ਅੰਗਦ ਗੁਰ ਅਮਰ ਕਸ਼ਟ
ਦਾਸਨ ਕੋ ਖੋਯੋ।
ਰਾਮ ਦਾਸ ਗੁਨ ਰਾਸ ਗੁਰੂ
ਅਰਜਨ ਸੁੱਖ ਕਰਤਾ॥
ਹਰਿ ਗੋਵਿੰਦ ਹਰਿ ਰਾਇ
ਗੁਰੂ ਹਰਿ ਕ੍ਰਿਸ਼ਨ ਸਿਮਰਤਾ।
ਗੁਰ ਤੇਗ ਬਹਾਦਰ ਧਰਮ ਧੁਰ
ਭਏ ਗੁਬਿੰਦ ਸਿੰਘ ਖੜਗ ਧਰ।
ਦਸ ਏਕ ਜੋਤ, ਤਨ ਭਿੰਨ
ਜਿਸ ਪਦ ਬੰਦੋ ਜੁਗ ਬੰਦ ਕਰ॥
ਪੁਨਾ : ਇੱਕ ਜੋਤਿ ਉਦੋਤਕ ਰੂਪ ਦਸੋ ਸ਼ੁਭ,
ਹੋਤਿ ਅੰਧੇਰ ਉਦਾਰਾ॥
(ਰਾਸ 1 ਅੰਸੂ 1 ਅੰਕ 19)

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਨਾਨਕ ਦੇ ਸਿੰਘਾਸਨ ਦੇ ਨੌਵੇਂ ਬਾਦਸ਼ਾਹ ਵਜੋਂ ਸੰਬੋਧਨ ਕੀਤਾ ਹੈ। ਮਹਾਨ ਕੋਸ਼ ਵਿੱਚ 'ਤੇਗ ਬਹਾਦਰ ਸਤਿਗੁਰੂ' ਦੇ ਸਿਰਲੇਖ ਹੇਠ ਦਰਜ ਹੈ ਕਿ : 'ਸਿੱਖ ਕੌਮ ਦੇ ਨੌਵੇਂ ਬਾਦਸ਼ਾਹ ਜਿਨ੍ਹਾਂ ਦਾ ਜਨਮ ਵੈਸਾਖ ਵਦੀ 5 ਸੰਮਤ



ਗੁਰੂ ਤੇਗ ਬਹਾਦਰ ਸਾਹਿਬ ਜੀ

1678 (ਅਪ੍ਰੈਲ ਸੰਨ 1621) ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਤੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦਾ ਵਿਆਹ 15 ਅਸੂ ਸੰਮਤ 1689 (1632 ਈ) ਨੂੰ ਸ੍ਰੀਮਤੀ ਗੁਜਰੀ ਨਾਲ ਕਰਤਾਰਪੁਰ ਵਿਖੇ ਹੋਇਆ। ਆਪ ਜੀ 24 ਚੇਤ ਸੰਮਤ 1722 (ਮਾਰਚ 1664) ਨੂੰ ਗੁਰੂ ਨਾਨਕ ਦੇ ਸਿੰਘਾਸਨ ਤੇ ਬਿਰਾਜਮਾਨ ਹੋਏ। ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਨਗਰ ਵਸਾਇਆ ਜੋ ਖ਼ਾਲਸੇ ਦੀ ਵਾਸੀ ਹੈ। ਆਪ ਜੀ (ਗੁਰੂ ਤੇਗ ਬਹਾਦਰ ਸਾਹਿਬ) 10 ਵਰ੍ਹੇ 7 ਮਹੀਨੇ 18 ਦਿਨ ਗੁਰੂ ਨਾਨਕ ਸਾਹਿਬ ਦੇ ਸਿੰਘਾਸਨ 'ਤੇ ਬਿਰਾਜਮਾਨ ਹੋਏ। 11 ਨਵੰਬਰ 1675 ਈ: ਨੂੰ ਜਦੋਂ ਉਹਨਾਂ ਦੀ ਸ਼ਹੀਦੀ ਹੋਈ ਉਹਨਾਂ ਦੀ ਆਯੂ 54 ਵਰ੍ਹੇ 7 ਮਹੀਨੇ ਸੱਤ ਦਿਨ ਦੀ ਸੀ । -(ਹਵਾਲਾ- ਮਹਾਨ ਕੋਸ਼ ਦਾ ਚੌਥਾ ਸੰਸਕਰਣ, ਭਾਸ਼ਾ ਵਿਭਾਗ ਪੰਜਾਬ 1974 ਅਡੀਸ਼ਨ)

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ 'ਕਵੀ ਸੈਨਾਪਤਿ' (ਸੈਣਾ ਸਿੰਘ) ਨੇ 'ਸ੍ਰੀ ਗੁਰ ਸੋਭਾ' ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਵਰਣਨ ਇਹਨਾਂ ਸ਼ਬਦਾਂ ਵਿੱਚ ਕੀਤਾ ਹੈ: 'ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸ਼ਟ ਪੈ ਢਾਪੀ ਚਾਦਰ। ਸਗਲ ਸ੍ਰਿਸਟ ਜਾ ਕਾ ਜਸ ਭਯੋ। ਜਿਹ ਤੇ ਸਰਬ ਧਰਮ ਬੰਚਯੋ।'

ਇੱਥੇ ਇਹ ਵੀ ਵਰਣਨਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ (ਸੈਣਾ ਸਿੰਘ) ਨੇ ਵੀ ਗੁਰੂ ਨਾਨਕ ਦੀ ਜੋਤਿ ਦੀ ਨਿਰੰਤਰਤਾ ਨੂੰ ਇੱਕ ਕਬਿਤ ਵਿੱਚ ਇੰਝ ਬਿਆਨਿਆ ਹੈ: 'ਤੁਹੀ ਗੁਰੂ ਨਾਨਕ ਤੇ ਤੁਹੀ ਗੁਰ ਅੰਗਦ ਹੈ, ਤੁਹੀ ਗੁਰੂ ਅਮਰਦਾਸ ਰਾਮਦਾਸ ਤੁਹੀ ਹੈ। ਤੁਹੀ ਗੁਰ ਅਰਜਨ ਹੈ, ਤੁਹੀ ਗੁਰੂ ਹਰਿਗੋਬਿੰਦ, ਤੁਹੀ ਗੁਰੂ ਹਰਿਰਾਇ ਹਰਿ ਕ੍ਰਿਸ਼ਨ ਤੂ ਹੀ ਹੈ। ਨਾਵੀਂ ਪਾਤਸ਼ਾਹੀ ਤੈ ਕਲਿ ਹੀ ਮੈ ਕਲਾ ਰਾਖੀ, ਤੇਗ ਹੀ ਬਹਾਦਰ ਜਗ ਚਾਦਰ ਸਭ ਤੁਹੀਂ ਹੈ। ਦਸਵਾਂ ਪਾਤਸ਼ਾਹ ਤੁਹੀਂ ਗੁਰੂ ਗੋਬਿੰਦ ਸਿੰਘ, ਜਗਤ ਕੇ ਉਧਾਰਿਬੇ ਕੋ ਆਯੋ ਪ੍ਰਭ ਤੂਹੀ ਹੈਂ।'

ਬਾਕੀ ਹਿਸਾ ਅਗਲੇ ਸਫ਼ਾ 36 ਤੇ ਪੜ੍ਹੋ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–23

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਭਰਮ ਗ੍ਰਸਤ ਕੁਝ ਵਿਦਵਾਨ ਭਗਤਮਾਲਾ ਅਨੁਸਾਰ ਪੰਜਵੇਂ ਥਾਂ ਰਾਮਾਨੰਦ ਜੀ ਨੂੰ ਮੰਨ ਕੇ ਭੁਲੇਖੇ ਵਿੱਚ ਪੈ ਜਾਂਦੇ ਹਨ, ਜਿਸ ਕਰਕੇ ਇਤਿਹਾਸਕ ਘੁੰਡੀ ਪੈ ਜਾਂਦੀ ਹੈ, ਇੰਜ ਏਨ੍ਹਾਂ ਭਗਤਾਂ ਨਾਲ ਮੇਲ ਹੋਣਾ ਵੀ ਠੀਕ ਨਾ ਬੈਠਣ ਤੋਂ ਕਈ ਮਹਾਨ ਖੋਜੀਆਂ ਨੇ ਇਨਕਾਰ ਕੀਤਾ ਹੈ । ਭਗਤ ਮਾਲਾ ਦੀ ਇਕੋ ਗੱਲ– ਜੋ ਉਸਨੇ ਗਲਤ ਕੀਤੀ ਹੈ-ਮੰਨਕੇ ਰਾਮਾਨੰਦ ਦੇ ਕਬੀਰ, ਰਵਿਦਾਸ, ਸੈਣ, ਆਦਿ ਚੇਲਿਆਂ ਵਾਲੇ ਪ੍ਰਤੱਖ ਸੱਚ ਤੋਂ ਭੀ ਸਿਰ ਫੇਰਿਆ ਹੈ । ਇਉਂ ਰਾਮਾਨੰਦ ਜੀ ਨੂੰ ਇਕ ਸਦੀ ਪਹਿਲਾਂ ਹੋਇਆ ਮੰਨਣ ਵਾਲੇ ਲੇਖਕ ਔਝੜ ਪੈ ਜਾਂਦੇ ਹਨ । ਕਦੇ ਉਹ ਰਾਮਾਨੰਦ ਜੀ ਦੀ ਉਮਰ ਕਬੀਰ ਅਤੇ ਸਿਕੰਦਰ ਲੋਧੀ ਦੇ ਸਮੇਂ ਤੱਕ ਵਧਾਉਂਦੇ ਹੋਏ ਦੋ ਸੌ ਸਾਲ ਤੱਕ ਲੈ ਜਾਂਦੇ ਹਨ, ਕਦੇ ਕਬੀਰ ਆਦਿਕ ਭਗਤਾਂ ਦੇ ਹੋਰ ਸੰਮਤਾਂ ਦੀ ਕਲਪਨਾ ਕਰਕੇ ਤਿਫਲ ਤੱਸਲੀਆਂ ਦਾ ਰਾਹ ਲੱਭਦੇ ਹਨ।**

(2) ਵੈਰਾਗਿਉਂ ਕੀ ਪਰੰਪਰਾ ਅਨੁਸਾਰ ਰਾਮਾਨੰਦ ਜੀ ਕਾ ਮਾਨਕਪੁਰ ਕੇ ਸ਼ੇਖ ਤਕੀ ਪੁਰੇ ਕੇ ਸਾਥ ਵਾਦ ਵਿਵਾਦ ਹੋਨਾ ਮਾਨਾ ਜਾਤਾ ਹੈ। ਯੇ ਸ਼ੇਖ ਦਿੱਲੀ ਕੇ ਬਾਦਸ਼ਾਹ ਸਿਕੰਦਰ ਲੋਧੀ ਕੇ ਪੀਰ (ਗੁਰੂ) ਥੇ, ਔਰ ਇੰਨ੍ਹੀ ਕੇ ਕਹਿਨੇ ਸੇ ਉਸਨੇ ਕਬੀਰ ਕੋ ਜ਼ੰਜੀਰ ਸੇ ਬਾਂਧ ਕਰ ਗੰਗਾ ਮੇਂ ਡੁਬਾਇਆ ਥਾ। ਕਬੀਰ ਜੀ ਕੇ ਸ਼ਿਸ਼ (ਧਰਮ ਦਾਸ) ਨੇ ਇਸ ਘਟਨਾ ਕਾ ਉਲੇਖ ਇਸ ਪ੍ਰਕਾਰ ਕੀਆ ਹੈ:–

ਸ਼ਾਹ ਸਿਕੰਦਰ ਜਲ ਮੇ ਬੋਰੇ
ਬਹੁਰ ਅਗਨ ਪਰਜਾਰੇ।
ਮੈਮਤ ਹਾਥੀ ਆਨਿ ਝੁਕਾਏ
ਸਿੰਹ ਰੂਪ ਦਿਖਰਾਏ।

ਸਿਕੰਦਰ ਲੋਧੀ ਸੰਬਤ 1546 ਸੇ ਸੰਬਤ 1575 ਤੱਕ ਦਿੱਲੀ ਕੀ ਪਾਤਸ਼ਾਹੀ (ਗੱਦੀ) ਪਰ ਰਹਾ, ਔਰ ਇਨ 28 ਬਰਸੋਂ ਕੇ ਕਾਲ ਵਿਸਤਾਰ ਕੇ ਭੀਤਰ–ਚਾਹੇ ਆਰੰਭ ਕੀ ਉਰ ਚਾਹੇ ਅੰਤ ਕੀ ਉਰ ਰਾਮਾਨੰਦ ਜੀ ਕਾ ਵਰਤਮਾਨ ਰਹਿਨਾ ਠਹਿਰਤਾ ਹੈ।

(3) ਸੈਣ ਭਗਤ ਰਾਮਾਨੰਦ ਕੇ ਸ਼ਿਸ਼ੋਂ ਮੇਂ ਪ੍ਰਸਿੱਧ ਹੈਂ। ਯੇ ਸੈਣ ਭਗਤ ਬਾਧਵਗੜ੍ਹ ਨਰੇਸ਼ ਕੇ ਨਾਈ ਥੇ। ਰਾਮਾਨੰਦ ਜੀ ਸੇ ਦੀਖਸ਼ਾ ਲੇਨੇ ਕੇ ਉਪਰਾਂਤ ਹੀ ਸੈਣ ਪੱਕੇ ਭਗਤ ਹੁਏ ਹੋਂਗੇ, ਔਰ ਉਨ ਕੇ ਬਾਰੇ ਮੇਂ ਕਥਾ ਪ੍ਰਸਿੱਧ ਹੂਈ ਹੋਗੀ। ਤੋ ਸੰਬਤ 1575 ਯਾ 1580 ਤੱਕ ਰਾਮਾਨੰਦ ਜੀ ਕਾ ਰਹਿਨਾ ਠਹਿਰਤਾ ਹੈ। ਉਨਕਾ ਸਮਯ ਬਿਕ੍ਰਮੀ ਕੀ 15ਵੀਂ ਸ਼ਤੀ ਕੋ ਚਤੁਥ ਔਰ 16ਵੀਂ ਸ਼ਤੀ ਕੇ ਤ੍ਰਿਤੀਯ ਚਰਨ ਕੇ ਭੀਤਰ ਮਾਨਾ ਜਾ ਸਕਤਾ ਹੈ।

(4) ਸ੍ਰੀ ਰਾਮਾਨੁਜ ਪਧਤੀ ਮੇਂ ਰਾਮਾਨੁਜ, ਸ੍ਰੀ ਰਾਮਾਨੰਦ ਜੀ ਸੇ 14 ਪੀੜ੍ਹੀ ਉਪਰ ਥੇ। ਰਾਮਾਨੁਜ ਜੀ ਕਾ ਪ੍ਰਲੋਕ ਗਮਨ 1194 ਮੇਂ ਹੁਆ ਅਬ 14 ਪੀੜ੍ਹੀਉਂ ਕੇ ਲੀਏ ਯਦਿ ਹਮ 300 ਵਰਸ਼ ਰਖੇਂ ਤੋ ਰਾਮਾਨੰਦ ਜੀ ਕਾ ਸਮਯ ਵਹੀ ਆਤਾ ਹੈ ਜੋ ਊਪਰ ਦਿਸ਼ਾ ਗਯਾ ਹੈ।


(5) ਸਵਾਮੀ ਰਾਮਾਨੰਦ ਨੇ ਭਕਤਿ ਕਾ ਦਵਾਰ ਸਭ ਜਾਤੀਉਂ ਕੇ ਲੀਏ ਖੋਲ੍ਹ ਦੀਆ ਔਰ ਏਕ ਉਤਸ਼ਾਹਿਤ ਵਿਰਕਤ ਚਲਤਾ ਸੰਗਠਨ ਸਥਾਪਿਤ ਕੀਆ ਜੋ ਆਜ ਭੀ ਵੈਰਾਗੀ ਕੇ ਨਾਮ ਸੇ ਪ੍ਰਸਿੱਧ ਹੈ।

(6) ਰਾਮਾਨੰਦ ਜੀ ਕੇ ਰਚੇ ਹੁਏ ਕੇਵਲ ਦੋ ਗ੍ਰੰਥ ਮਿਲੇ ਹੈਂ। ਵੈਸ਼ਣਵ ਮਤਾਜ਼ ਭਾਸਕਰ ਔਰ ਸ੍ਰੀ ਰਾਮਾਨੁਜ ਪਧਤਿ ਔਰ ਕੋਈ ਗ੍ਰੰਥ ਇਨਕਾ ਆਜ ਤੱਕ ਨਹੀਂ ਮਿਲਾ ਹੈ। ਇਧਰ ਸੰਪਰਦਾਇਕ ਝਗੜੇ ਕੇ ਕਾਰਨ ਕੁਛ ਨਏ ਗ੍ਰੰਥ ਰਚੇ ਯਾ ਰਾਮਾਨੰਦ ਜੀ ਕੇ ਨਾਮ ਸੇ ਪ੍ਰਸਿੱਧ ਕੀਏ ਗਏ ਹੈਂ, ਜੈਸੇ ਬ੍ਰਹਮ ਸੂਤ੍ਰੋਂ ਪਰ, ਅਨੰਦ ਭਾਸ਼ ਔਰ ਭਗਵਤ ਗੀਤਾ ਭਾਸ਼ ਜਿਨਕੇ ਸਬੰਧ ਮੇਂ ਸਾਵਧਾਨ ਰਹਿਨੇ ਕੀ ਅਵਸ਼ਕਤਾ ਹੈ।

ਜਬ ਭੀ ਕੋਈ ਸ਼ਾਖਾ ਚਲ ਪੜਤੀ ਹੈ ਤਬ ਆਗੇ ਚਲ ਕਰ ਆਪਣੀ ਪ੍ਰਾਚੀਨਤਾ ਸਿੱਧ ਕਰਨੇ ਕੇ ਲੀਏ ਬਹੁਤ ਸੀ ਕਥਾਉਂ ਕਾ ਪ੍ਰਚਾਰ ਕਰਤੀ ਹੈ। ਯਹ ਪ੍ਰਯਤਨ ਕਥਾਉਂ ਤੱਕ ਹੀ ਨਹੀਂ ਰਹਿ ਜਾਤਾ ਕੁਛ ਗ੍ਰੰਥ ਭੀ ਸੰਪਰਦਾਇ ਕੇ ਮੂਲ ਪ੍ਰਵਿਰਤਕ ਸੇ ਪ੍ਰਸਿੱਧ ਕੀਏ ਜਾਤੇ ਹੈਂ। (ਹਿੰਦੀ ਸਾਹਿਤ ਕਾ ਇਤਿਹਾਸ, ਸਫ਼ਾ–102)

*ਭਗਤ ਰਾਮਾਨੰਦ ਜੀ ਰਾਮਾਨੁਜ ਦੇ ਪੰਜਵੇਂ ਥਾਂ ਸਨ ਕਿ ਚੌਧਵੇਂ? ਸ੍ਰੀ ਰਾਮਾਚੰਦ ਸ਼ੁਕਲ ਜੀ ਦੇ ਦਿੱਤੇ ਗਏ ਚੌਧਵੇਂ ਹੋਣ ਦੀ ਪੁਸ਼ਟੀ ਕਰਦੇ ਹੋਈ ਨਾਗਰੀ ਪ੍ਰਚਾਰਣੀ ਸਭਾ ਵੱਲੋਂ ਹੀ (ਬਿਕ੍ਰ–ਮੀ 2010 ਛਾਪੇ ਹੋਏ ਭਾਗਵਤ ਸੰਪਰਦਾਇ ਗ੍ਰੰਥ ਵਿੱਚ ਪੰਡਤ ਆਚਾਰਯ ਬਲਦੇਵ ਉਪਾਧਯਾਯ ਜੀ ਚੌਧਵੀਂ ਪੀੜ੍ਹੀ ਤੱਕ ਦਾ ਵੇਰਵਾ ਦੇ ਕੇ ਇਸ ਤਰ੍ਹਾਂ ਲਿਖਦੇ ਹਨ:

ਇਸ ਸੱਚੀ ਪਰੰਪਰਾ ਕੇ ਅਨੁਸਾਰ ਸ੍ਰੀ ਰਾਮਾਨੁਜ ਕੇ 14ਵੀਂ ਪੀੜ੍ਹੀ ਰਾਮਾਨੰਦ ਜੀ ਕਾ ਅਵਿਰਾਵ ਹੂਆ ਯਦੀ ਇਕ ਪੀੜ੍ਹੀ ਕੇ ਲੀਏ 25 ਵਰਸ਼ ਸਮਯ ਮਾਨਾ ਜਾਯ ਤੋ ਦੋਨੋਂ ਕੇ ਬੀਚ ਮੇਂ ਸਾਢੇ ਤੀਨ ਸੌ ਵਰਸ਼ ਕਾ ਅੰਤਰ ਆਨਾ ਉਚਿਤ ਹੋਗਾ। ....ਰਾਮਾਨੰਦ ਜੀ ਕੀ ਯਹੀ ਗੁਰੂ ਪਰੰਪਰਾ ਸ੍ਰਬ ਮਾਨਯ ਤਥਾ ਪ੍ਰਮਾਨਿਕ ਹੈ ਇਸ ਕੇ ਅਨੁਸ਼ੀਲਨ ਸੇ ਸਪੱਸ਼ਟ ਹੋਤਾ ਹੈ ਕਿ ਨਾਭਾ ਦਾਸ ਜੀ ਦੁਆਰਾ ਨਿਰਦਿਸ਼ਟ ਪਰੰਪਰਾ (ਜਿਸ ਕੇ ਅਨੁਸਾਰ ਰਾਮਾਨੰਦ ਜੀ ਸ੍ਰੀ ਰਾਮਾਨੁਜ ਕੀ ਪਾਂਚਵੀਂ ਪੀੜ੍ਹੀ ਮੇਂ ਵਿਦ–




ਮਾਨ ਬਤਲਾਏ ਜਾਤੇ ਹੈਂ) ਇਕਦਮ ਅਧੂਰੀ ਹੈ। ਇਸ ਮੇਂ ਕਤਿਪਯ ਮਾਨਯ ਆਚਾਰਯੋਂ ਕੋ ਹੀ ਨਾਮ ਨ੍ਰਿਦਿਸ਼ਟ ਕੀਏ ਗਏ ਹੈਂ। (ਭਾਗਵਤ ਸੰਪਰਦਾਇ 249)

* ਜਿਸ ਵੇਲੇ ਇਹ ਪੁਸਤਕ ਹਿੰਦੀ ਸਾਹਿਤ ਦਾ ਇਤਿਹਾਸ ਲਿਖੀ ਗਈ ਉਸ ਸਮੇਂ ਕਬੀਰ ਗ੍ਰੰਥਾਵਲੀ ਸਾਹਮਣੇ ਨਹੀਂ ਆਈ ਸੀ, ਜਿਸ ਵਿੱਚ ਕਬੀਰ ਜੀ ਦਾ ਅੰਤ ਸਮਾਂ ਡਾ. ਸ਼ਿਆਮ ਸੁੰਦਰ ਜੀ ਨੇ ਖੋਜ ਕਰਕੇ ਪ੍ਰਿਯ ਦਾਸ ਦੀ ਪਰਚੀ ਅਨੁਸਾਰ 1575 ਨਿਯਤ ਕੀਤਾ ਹੈ। (ਸਫ਼ਾ 22)

ਇਸ ਪੱਧਤੀ ਮੇਂ ਦੇਵਾਚਾਰਯ ਹਰਿਆ ਨੰਦ, ਰਾਘਵਾ ਨੰਦ, ਰਾਮਾਨੰਦ ਕੀ ਅੰਤਮ ਵਾਰਤਾ ਕੇ ਬਾਰੇ ਪ੍ਰਾਯ ਠੀਕ ਹੀ ਹੈ, ਪ੍ਰੰਤੂ ਰਾਮਾਨੁਜ ਤਥਾ ਦੇਵਚਾਰਯ ਕੇ ਬੀਚ ਕੇ ਅਚਾਰਯੋਂ ਕੇ ਅਸਤੱਤ ਕਾ ਵਰਣਨ ਇਸ ਮੇਂ ਨਹੀਂ ਹੈ ਔਰ ਉਨ ਲੋਕੋਂ ਕਾ ਮਤ ਜੋ ਰਾਮਾਨੁਜ ਕੇ ਬੀਚ ਮੇਂ ਕੇਵਲ ਸੌ ਸਵਾ ਸੌ ਵਰਸ਼ੋਂ ਕਾ ਵਯਵਧਾਨ ਮਾਨਤੇ ਹੈਂ। (ਜੋ ਪਾਂਚ ਪੀੜ੍ਹੀ ਕੇ ਲੀਏ ਉਚਿਤ ਹੈ) ਰਾਮਾਨੰਦ ਜੀ ਕੇ ਪ੍ਰਸਤੁਤਾ ਉਲੇਖ ਸੇ ਇਕ ਦਮ ਪ੍ਰਮਾਣ ਹੀਨ ਹੋਤਾ ਹੈ। (ਸਫ਼ਾ 249)

ਉਨ੍ਹਾਂ ਫਿਰ ਦ੍ਰਿੜ੍ਹ ਕੀਤਾ ਹੈ: ਜੀਵਨ ਚਰਿੱਤ੍ਰ ਕੀ ਘਟਨਾਉਂ ਤਥਾ ਸ਼ਿਸ਼ੋਂ ਕੇ ਕਾਲ ਕੇ ਕਾਰਨ ਉਨਕਾ ਅਚਾਰਯ ਕਾਲ ਪੰਦ੍ਰਵੇਂ ਸ਼ਤਕ ਮੇਂ 1450 ਈ:) ਕੇ ਮੱਧ ਭਾਗ ਕੇ ਪੀਛੇ ਹੀ ਸਿੱਧ ਹੋਤਾ ਹੈ। (ਸਫ਼ਾ 253)

ਇਸੇ ਤਰ੍ਹਾਂ ਜਿਨ੍ਹਾਂ ਲੇਖਕਾਂ ਨੇ ਨਾਭਾ ਜੀ ਦੀ ਭਗਤਮਾਲਾ ਦੇ ਆਧਾਰ ਉੱਤੇ ਰਾਮਾਨੁਜ ਤੋਂ ਪੰਜਵੇਂ ਥਾਂ ਰਾਮਾਨੰਦ ਹੋਏ ਮੰਨੇ ਹਨ, ਉਸੇ ਹੀ ਭਗਤਮਾਲ ਨੇ ਰਾਮਾਨੰਦ ਜੀ ਦੇ 12 ਮੁਖੀ ਚੇਲਿਆਂ ਦੇ ਨਾਮ ਦੱਸਦਿਆਂ ਹੋਇਆਂ, ਕਬੀਰ, ਰਵਿਦਾਸ, ਸੈਣ, ਧੰਨਾ, ਪੀਪਾ ਦਾ ਉਲੇਖ ਕੀਤਾ ਹੈ*। ਜੇ ਰਾਮਾਨੰਦ ਚੌਥੀ ਪੀੜ੍ਹੀ ਵਿੱਚ ਹੋਏ ਮੰਨੇ ਜਾਣ ਤੋਂ ਏਨ੍ਹਾਂ ਭਗਤਾਂ ਦਾ ਰਾਮਾਨੰਦ ਨਾਲ ਮੇਲ ਹੋਣਾ ਸੰਭਵ ਨਹੀਂ। ਭਰਮ ਗ੍ਰਸਤ ਕੁਝ ਵਿਦਵਾਨ ਭਗਤਮਾਲਾ ਅਨੁਸਾਰ ਪੰਜਵੇਂ ਥਾਂ ਰਾਮਾਨੰਦ ਜੀ ਨੂੰ ਮੰਨ ਕੇ ਭੁਲੇਖੇ ਵਿੱਚ ਪੈ ਜਾਂਦੇ ਹਨ, ਜਿਸ ਕਰਕੇ ਇਤਿਹਾਸਕ ਘੁੰਡੀ ਪੈ ਜਾਂਦੀ ਹੈ, ਇੰਜ ਏਨ੍ਹਾਂ ਭਗਤਾਂ ਨਾਲ ਮੇਲ ਹੋਣਾ ਵੀ ਠੀਕ ਨਾ ਬੈਠਣ ਤੋਂ ਕਈ ਮਹਾਨ ਖੋਜੀਆਂ ਨੇ ਇਨਕਾਰ ਕੀਤਾ ਹੈ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

## 35 ਸਫ਼ੇ ਦੀ ਬਾਕੀ

ਗੁਰੂ ਨਾਨਕ ਦੀ ਜੋਤਿ ਦੀ ਨਿਰੰਤਰਤਾ ਅਤੇ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥ ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥ ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥ ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 966) ਲਈ ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤ ਦੇਣੀ ਪਈ, ਸਿੱਖਾਂ ਨੇ ਤਨ ਆਰਿਆਂ ਨਾਲ ਚਿਰਾਏ, ਦੇਗਾਂ ਵਿੱਚ ਉਬਲੇ ਅਤੇ ਇਸ ਸਿੱਖੀ ਦੀ ਖ਼ਾਤਰ ਬੰਦ-ਬੰਦ ਕਟਵਾਇਆ।

ਪਰ ਅੱਜ ਜਦੋਂ ਸਿੱਖੀ ਦਾ ਬੰਦ-ਬੰਦ ਕੱਟਿਆ ਜਾ ਰਿਹਾ ਹੈ ਤਾਂ ਸਿੱਖਾਂ ਦਾ ਵੱਡਾ ਹਿੱਸਾ ਹਉਂ ਅਤੇ ਨਿੱਜ ਸੁਆਰਥ ਦੇ ਹੜ ਵਿੱਚ ਰੁੜਦਾ ਜਾ ਰਿਹਾ ਹੈ ਅਤੇ ਸਿੱਖੀ ਦੇ ਬੰਦ-ਬੰਦ ਕੱਟੇ ਜਾਣ ਦਾ ਰਤਾ ਭਰ ਵੀ ਦਰਦ ਮਹਿਸੂਸ ਨਹੀਂ ਕਰ ਰਿਹਾ। ਵੇਖਣ ਤੇ ਸੁਣਨ ਵਿੱਚ ਆਉਂਦਾ ਹੈ ਕਿ ਕਈ ਸਿੱਖ ਪ੍ਰਚਾਰਕ ਤੇ ਲੇਖਕ ਵੀ ਗੁਰੂ ਤੇਗ ਬਹਾਦਰ ਸਾਹਿਬ ਨੂੰ 'ਸ੍ਰਿਸ਼ਟ ਦੀ ਚਾਦਰ' ਦੀ ਬਜਾਇ 'ਹਿੰਦ ਦੀ ਚਾਦਰ' ਪ੍ਰਚਾਰ ਕੇ ਖੁਸ਼ ਹੁੰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਨੂੰ 'ਹਿੰਦ ਦੀ ਚਾਦਰ' ਦੱਸਣਾ ਉਹਨਾਂ ਦੀ ਕੁਰਬਾਨੀ ਨੂੰ ਹਿੰਦੂ ਰਾਸ਼ਟਰਵਾਦ ਦੇ ਖ਼ਾਤੇ ਵਿੱਚ ਪਾਉਣ ਦੇ ਨਾਲ਼-ਨਾਲ਼ ਇਸ ਸ਼ਹਾਦਤ ਨੂੰ ਮਨੁੱਖਤਾ ਲਈ ਸ਼ਹਾਦਤ ਦੇ ਰੁਤਬੇ ਤੋਂ ਹੇਠਾਂ ਲਿਆਉਣਾ ਹੈ। ਗੁਰੂ ਜੀ ਹਿੰਦ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ, ਅਸੀਂ ਇਸ ਕਥਨ ਨਾਲ ਸਹਿਮਤ ਨਹੀਂ ਕਿਉਂਕਿ ਪਿਛਲੇ ਗੁਰੂ ਸਾਹਿਬਾਨ ਦੇ ਜੀਵਨ, ਗੁਰੂ ਗ੍ਰੰਥ ਸਾਹਿਬ ਅਤੇ ਸਮੁੱਚੇ ਰੂਪ ਵਿੱਚ ਗੁਰੂ ਨਾਨਕ-ਸੋਚ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੇ (ਹਰਿੰਦਰ ਸਿੰਘ ਮਹਿਬੂਬ, 'ਸਹਿਜੇ ਰਚਿਓ ਖ਼ਾਲਸਾ')।

ਉਪਦੇਸ਼ ਪਹਿਲੇ ਜਾਮੇ ਵਿੱਚ ਹੀ ਮੁਕੰਮਲ ਸੀ, ਪਰ ਜੋਤਿ-ਜੁਗਤ ਦਾ ਸਫਰ ਦਸ ਜਾਮੇ ਧਾਰ ਕੇ ਗੁਰੂ ਗ੍ਰੰਥ ਗੁਰੂ ਪੰਥ ਪ੍ਰਕਾਸ਼ ਦੇ ਇਲਾਹੀ ਪੜਾਅ ਉਤੇ ਪਹੁੰਚਾਉਣਾ ਲਾਜ਼ਮੀ ਸੀ। ਪੰਜ ਭੌਤਿਕ ਸਰੀਰ ਦਾ ਭਾਂਡਾ ਭੱਜਣ ਨਾਲ ਗੁਰੂ ਦੀ ਹੋਂਦ-ਹਸਤੀ ਖਤਮ ਨਹੀਂ ਹੁੰਦੀ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਦੇ ਸਿਧਾਂਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਗ੍ਰੰਥ ਸਰੂਪ ਹੋ ਕੇ ਗੁਰਦੁਆਰਿਆਂ ਵਿੱਚ ਸੁਭਾਇਮਾਨ ਹਨ।

ਅੱਜ ਵੀ ਅਸੀਂ ਗੁਰਦੁਆਰਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ ਅਰਦਾਸ ਕਰਦੇ ਹਾਂ ਤਾਂ ਇਹੀ ਕਹਿੰਦੇ ਹਾਂ "ਜੁੱਗੋ ਜੁੱਗ ਅਟੱਲ, ਚਵਰ-ਛਤਰ ਦੇ ਮਾਲਕ, ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ-ਦੀਦਾਰ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ, ਵਾਹਿਗੁਰੂ।"

* * * * * *

– ਲੇਖਕ –

ਬਲਵਿੰਦਰ ਸਿੰਘ ਮੱਲ੍ਹੀ ਐਮ. ਏ.

ਲੈਸਟਰ, (ਯੂ.ਕੇ.)



07475446171

Email:Bmalhi1948@gmail.com


# ਪੰਜਾਬ 'ਤੇ ਵੱਧਦੀ ਕਰਜ਼ੇ ਦੀ ਪੰਡ

ਕੁਝ ਹਫ਼ਤੇ ਪਹਿਲਾਂ ਯੂ.ਕੇ. ਦੇ ਵਿੱਤ ਮੰਤਰੀ (ਚਾਂਸਲਰ) ਰਾਹੀਂ ਇਥੋਂ ਦੀ ਸਰਕਾਰ ਨੂੰ ਲੈ ਕੇ ਬਜਟ ਪੇਸ਼ ਕੀਤਾ ਗਿਆ। ਬਜਟ ਤੋਂ ਪਹਿਲਾਂ ਸਰਕਾਰ ਦੇ ਵੱਧਦੇ ਕਰਜ਼ੇ ਨੂੰ ਲੈਕੇ 30 ਬਿਲੀਅਨ ਪੋਂਡ ਦੀ ਬਲੈਕ ਹੋਲ ਦੀ ਸਰਕਾਰ ਰਾਹੀਂ ਆਮ ਚਰਚਾ ਕੀਤੀ ਜਾਂਦੀ ਸੀ। ਮੀਡੀਆ ਵਿੱਚ ਰਾਏ ਪਾਈ ਜਾਂਦੀ ਸੀ ਕਿ ਸਰਕਾਰ ਇਸ ਨੂੰ ਲੈ ਕੇ ਜਾਂ ਤਾਂ ਲੋਕਾਂ 'ਤੇ ਟੈਕਸ ਦਾ ਬੋਝ ਵਧਾਏਗੀ, ਨਹੀਂ ਤਾਂ ਇਸ ਨੂੰ ਲੋਕ ਸੇਵਾਵਾਂ ਵਿੱਚ ਕਟੌਤੀ ਕਰਕੇ ਬਚਤ ਕਰਨੀ ਪਵੇਗੀ। ਸਰਕਾਰ ਚੋਣਾਂ ਦੇ ਦੋਰਾਨ ਲੋਕਾਂ ਨਾਲ ਵਾਅਦਾ ਕਰ ਚੁੱਕੀ ਸੀ ਕਿ ਆਪਣੇ ਕਾਲ ਵਿੱਚ ਕਿਸੇ ਤਰ੍ਹਾਂ ਦੇ ਟੈਕਸ ਨਹੀਂ ਵਧਾਏਗੀ। ਲੇਬਰ ਪਾਰਟੀ ਦੇ ਲੋਕ ਭਲਾਈ ਦੇ ਇਰਾਦੇ ਨੂੰ ਲੈ ਕੇ ਸਰਕਾਰ ਲੋਕ ਸੇਵਾਵਾਂ ਦੀ ਕਟੌਤੀ 'ਤੇ ਵੀ ਦੁਚਿੱਤੀ ਵਿੱਚ ਸੀ। ਸਰਕਾਰ ਰਾਹੀਂ ਬਜਟ ਵਿੱਚ ਨੈਸ਼ਨਲ ਇੰਨਸ਼ੋਰੈਂਸ, VAT ਅਤੇ ਦੋ ਮਿਲਿਅਨ ਤੋਂ ਉੱਪਰ ਜਾਤੀ ਪ੍ਰਾਪਰਟੀ 'ਤੇ ਟੈਕਸਾਂ ਵਿੱਚ ਵਾਧਾ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਸਰਕਾਰ 'ਤੇ ਵਾਅਦਾ ਖਿਲਾਫ਼ੀ ਦੇ ਦੋਸ਼ ਲੱਗ ਰਹੇ ਹਨ। ਜਿਥੇ ਲੋਕਾਂ ਰਾਹੀਂ ਸਰਕਾਰ ਦੀ ਅਲੋਚਨਾ ਹੋ ਰਹੀ ਹੈ, ਉਥੇ ਹੀ ਬੈਕ ਬੈਂਚਰ ਐਮ.ਪੀ. ਵੀ ਸਰਕਾਰ ਦਾ ਵਿਰੋਧ ਕਰ ਰਹੇ ਹਨ। ਚਾਂਸਲਰ ਦੇ ਅਸਤੀਫ਼ੇ ਦੀਆਂ ਅਵਾਜ਼ਾਂ ਵੀ ਆ ਰਹੀਆਂ ਹਨ। ਲੋਕ ਭਲਾਈ ਸੇਵਾਵਾਂ ਨੂੰ ਲੈ ਕੇ ਦੋ ਬੱਚਿਆਂ ਤੱਕ ਭੱਤਿਆਂ ਨੂੰ ਸੀਮਤ ਅਤੇ ਪੈਨਸ਼ਨਰਾਂ ਨੂੰ ਸਰਦੀਆਂ ਵਿੱਚ ਦੋ ਸੋ ਪੋਂਡ ਘਰ ਨੂੰ ਗਰਮ ਰੱਖਣ ਵਾਲੀ ਰਾਸ਼ੀ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ। ਕੁਝ ਲੇਬਰ ਪਾਰਟੀ ਦੇ ਆਪਣੇ ਹੀ ਐਮ.ਪੀਆਂ ਅਤੇ ਲੋਕਾਂ ਦੇ ਰੋਹ ਕਰਕੇ ਸਰਕਾਰ ਨੂੰ ਦੋ ਬੱਚਿਆਂ ਤੋਂ ਵੱਧ ਦੇ ਭੱਤੇ ਨੂੰ ਲਾਗੂ ਕਰਨ ਵਿੱਚ ਮਜਬੂਰ ਹੋਣਾ ਪਿਆ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਘਰ ਨੂੰ ਗਰਮ ਕਰਨ ਵਾਲੀ ਰਾਸ਼ੀ ਵੀ ਮੁੜ ਤੋਂ ਬਹਾਲ ਕਰਨੀ ਪਈ ਹੈ। ਇਨ੍ਹਾਂ ਕਾਰਨਾਂ ਕਰਕੇ ਲੇਬਰ ਪਾਰਟੀ ਜੋ ਬਹੁਤ ਵੱਡੇ ਬਹੁਮਤ ਨਾਲ ਜਿੱਤੀ ਸੀ, ਅੱਜ ਸਭ ਸਰਕਾਰ ਨਾਲੋਂ ਘੱਟ ਲੋਕਪ੍ਰਿਯ ਸਮਝੀ ਜਾ ਰਹੀ ਹੈ। ਮੀਡੀਏ ਰਾਹੀਂ ਪ੍ਰਧਾਨ ਮੰਤਰੀ ਅਤੇ ਚਾਂਸਲਰ ਦੇ ਅਸਤੀਫ਼ੇ ਦੇ ਅਨੁਮਾਨ ਲਾਏ ਜਾ ਰਹੇ ਹਨ।

ਫਰਾਂਸ ਵੀ ਆਪਣੀ ਜੀ.ਡੀ.ਪੀ. ਨੂੰ ਲੈ ਕੇ ਕਰਜ਼ੇ ਦੀ ਮਾਰ ਹੇਠ ਹੈ। ਇਸ ਦਾ ਸਰਕਾਰੀ ਕਰਜ਼ਾ ਲਗਪਗ 3.35 ਟ੍ਰਿਲੀਅਨ ਯੂਰੋ ਹੋ ਗਿਆ ਹੈ, ਜੋ ਉਸ ਦੀ ਜੀ.ਡੀ.ਪੀ. ਦੇ 113 ਫੀਸਦੀ ਵਰਗਾ ਹੈ। ਫਰਾਂਸ, ਯੂਰੋਜ਼ੋਨ ਦੀ ਸਭ ਤੋਂ ਵੱਡੀ ਅਰਥਵਿਵਸਥਾ, ਇਸ ਦੇ ਵੱਧਦੇ ਕਰਜ਼ੇ ਕਾਰਨ ਯੂਰੋ ਮੁਦਰਾ ਖਤਰੇ ਵਿੱਚ ਅਤੇ ਇਹ ਯੂਰੋਜ਼ੋਨ ਲਈ ਸੰਕਟ ਬਣ ਚੁੱਕਾ ਹੈ। ਫਰਾਂਸ ਵਿੱਚ ਜੀ.ਡੀ.ਪੀ. ਨਾਲੋਂ ਕਰਜ਼ੇ ਦਾ ਅੰਕੜਾ ਇਨ੍ਹਾਂ ਵੱਧ ਹੈ ਕਿ ਯੂਰਪੀਅਨ ਯੂਨੀਅਨ ਵਿੱਚ ਸਿਰਫ਼ ਗ੍ਰੀਸ ਅਤੇ ਇਟਲੀ ਹੀ ਇਸ ਤੋਂ ਅੱਗੇ ਹਨ। ਵਿੱਤੀ ਬਾਜ਼ਾਰਾਂ ਵਿੱਚ ਫਰਾਂਸ ਦੀ ਅਰਥਵਿਵਸਥਾ ਇਨ੍ਹਾਂ ਕਾਰਨਾਂ ਕਰਕੇ ਡਾਵਾਂਡੋਲ ਹੋ ਚੁੱਕੀ ਹੈ। ਇਨ੍ਹਾਂ ਕਾਰਨਾਂ ਕਾਰਨ ਯੂਰੋਜ਼ੋਨ ਵਿੱਚ ਆਰਥਿਕ ਅਸਥਿਰਤਾ ਵੱਧ ਰਹੀ ਹੈ। ਇਟਲੀ ਦਾ ਕਰਜ਼ਾ ਜੀ. ਡੀ. ਪੀ. ਦੇ 140 ਫੀਸਦੀ ਤੋਂ ਵੱਧ ਹੈ ਅਤੇ ਗ੍ਰੀਸ ਵਿੱਚ ਇਹ 160 ਫੀਸਦੀ ਤੱਕ ਪਹੁੰਚ ਗਿਆ ਹੈ। ਹੋਰ ਯੂਰਪੀਅਨ ਦੇਸ਼, ਜਿਵੇਂ ਆਸਟਰੀਆ, ਬੈਲਜੀਅਮ, ਪੁਰਤਗਾਲ, ਆਇਰਲੈਂਡ ਅਤੇ ਸਪੇਨ ਵੀ ਵੱਧਦੇ ਕਰਜ਼ੇ ਕਾਰਨ ਆਰਥਿਕ ਸੰਕਟ ਵਿੱਚ ਹਨ। ਯੂ.ਕੇ. ਦੀ ਅਰਥਵਿਵਸਥਾ ਦਾ ਵਿਕਾਸ ਵੀ ਧੀਮਾ ਹੈ ਅਤੇ ਇਸ ਦਾ ਕਰਜ਼ਾ ਜੀ.ਡੀ.ਪੀ. ਦੇ 96 ਫੀਸਦੀ ਤੱਕ ਪਹੁੰਚ ਗਿਆ ਹੈ। ਅਮਰੀਕਾ ਦੁਨੀਆਂ ਦਾ ਸਭ ਤੋਂ ਵੱਧ ਕਰਜ਼ਾਈ ਮੁਲਕ ਹੈ, ਜੋ ਇਸ ਭਰਪਾਈ ਵਾਸਤੇ ਦੂਸਰੇ ਦੇਸ਼ਾਂ 'ਤੇ ਟੈਰਿਫ਼ ਵਰਗੀਆਂ ਗਲਤ ਨੀਤੀਆਂ ਠੋਕ ਰਿਹਾ ਹੈ। ਬਹੁਤ ਸਾਰੇ ਅਰਥਸ਼ਾਸਤਰੀ ਦਾ ਕਥਨ ਹੈ ਕਿ ਅਮਰੀਕਾ ਇਹੋ ਜਿਹੀਆਂ ਗੈਰਜ਼ਿੰਮੇਵਾਰ ਨੀਤੀਆਂ ਕਾਰਨ ਦੂਸਰੇ ਦੇਸ਼ਾਂ ਤੋਂ ਦੂਰ ਹੋ ਜਾਵੇਗਾ ਅਤੇ ਇਕ ਨੰਬਰ ਸ਼ਕਤੀਸ਼ਾਲੀ ਅਤੇ ਅਮੀਰ ਹੋਣ ਦਾ ਅਕਸ ਗੁਆ ਬੈਠੇਗਾ।

ਖ਼ੈਰ ਮੁੱਕਦੀ ਗੱਲ, ਕਿ, ਦੇਸ਼ਾਂ ਨੂੰ ਵੀ ਇਕ ਵਿਉਪਾਰਕ ਅਦਾਰਿਆਂ ਵਾਂਗ ਕਰਜ਼ਾ ਚੁੱਕਣ ਦੀ ਲੋੜ ਪੈਂਦੀ ਹੈ, ਤਾਂ ਕਿ ਉਹ ਆਪਣੇ ਅਰਥਚਾਰੇ ਨੂੰ ਮਜ਼ਬੂਤ ਅਤੇ ਵਿਕਸਿਤ ਕਰ ਸਕਣ। ਸਰਕਾਰਾਂ ਨੂੰ ਵੀ ਆਪਣੇ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੂੰ ਪ੍ਰਫੁੱਲਤ ਕਰਨ, ਲੋਕ ਭਲਾਈ ਨੂੰ ਮੁੱਖ ਰੱਖਦਿਆਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨੀਆਂ ਅਤੇ ਟੈਕਸਾਂ ਦੇ ਬੋਝ ਨੂੰ ਹਲਕਾ ਕਰਨ ਲਈ ਕਰਜ਼ੇ ਦੀ ਜ਼ਰੂਰਤ ਪੈਂਦੀ ਹੈ। ਪਰ ਜ਼ਰੂਰਤ ਹੈ ਕਿ ਇਹ ਕਰਜ਼ਾ, ਵਿਉਪਾਰਕ ਅਦਾਰਿਆਂ ਵਾਂਗ ਉਸ ਦੀ ਪਹੁੰਚ ਤੋਂ ਬਾਹਰ ਨਾ ਹੋਵੇ। ਪਹੁੰਚ ਤੋਂ ਵੱਧ ਕਰਜ਼ੇ ਦੀ ਪੂਰਤੀ ਲਈ ਸਰਕਾਰ ਨੂੰ ਵੱਧ ਟੈਕਸ ਲਾਉਣੇ ਪੈਂਦੇ ਹਨ ਅਤੇ ਬਚਤ ਕਰਦਿਆਂ ਲੋਕ ਸੇਵਾਵਾਂ ਵਿੱਚ ਕਟੌਤੀ। ਸਰਕਾਰ ਨਾ ਚਾਹੁੰਦਿਆਂ ਵੀ ਮਜ਼ਬੂਰਨ ਇਹੋ ਜਿਹੀਆਂ ਨੀਤੀਆਂ ਅਪਨਾਉਂਦੀ ਹੈ, ਤਾਂ ਕਿ ਬਜਟ ਵਿੱਚ ਘਾਟੇ ਨੂੰ ਸੰਤੁਲਨ ਵਿੱਚ ਰੱਖਿਆ ਜਾਵੇ। ਇਨ੍ਹਾਂ ਕਾਰਨਾਂ ਕਾਰਨ ਸਰਕਾਰ ਲੋਕਾਂ ਦਾ ਵਿਸ਼ਵਾਸ ਅਤੇ ਸਮੱਰਥਨ ਗੁਆ ਬੈਠਦੀ ਹੈ। ਲੇਬਰ ਪਾਰਟੀ ਜੋ ਕਿ ਇਕ ਲੰਮੇ ਸਮੇਂ ਤੋਂ ਬਾਅਦ ਸੱਤਾ ਵਿੱਚ ਆਈ ਹੈ ਅਤੇ ਉਹ ਵੀ ਵੱਡੇ ਬਹੁਮਤ ਨਾਲ ਪਰ ਲੋਕਪ੍ਰਿਯਤਾ ਨੂੰ ਲੈ ਕੇ ਗਿਰਾਵਟ ਵੱਲ ਜਾ ਰਹੀ ਹੈ।

ਇਸੇ ਸੰਦਰਭ ਵਿੱਚ ਆਉ ਹੁਣ ਪੰਜਾਬ ਦੇ ਹਰ ਰੋਜ਼ ਵੱਧਦੇ ਕਰਜ਼ੇ ਦੀ ਗੱਲ ਕਰੀਏ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 'ਤੇ ਕਰਜ਼ੇ ਦੀ ਹੋਂਦ ਅਤੇ ਇਸ ਦੇ ਵਾਧੇ ਦੇ ਦੂਸ਼ਣ ਲੱਗਦੇ ਰਹੇ। ਪਰ ਉਸ ਸਮੇਂ ਦੇ ਕੀਤੇ ਕਾਰਜਾਂ, ਜਿਵੇਂ ਹਾਈਵੇਅ ਦਾ ਜਾਲ, ਹਰਮਿੰਦਰ ਸਾਹਿਬ ਦੇ ਗਲਿਆਰੇ ਦਾ ਸੁੰਦਰੀਕਰਨ, ਅੰਮ੍ਰਿਤਸਰ ਤੋਂ ਅੱਗੇ ਸ਼ਹੀਦ ਫੋਜੀਆਂ ਦੀ ਯਾਦਗਾਰ, ਆਪਣਾ ਪਿੰਡ, ਅਨੰਦਪੁਰ ਸਾਹਿਬ ਨੂੰ ਵਿਲੱਖਣ ਦਿੱਖ, ਚੰਡੀਗੜ੍ਹ ਲਾਗੇ ਚਿੱਪੜਚਿੜੀ ਵਿਖੇ ਬੰਦਾ ਸਿੰਘ ਬਹਾਦਰ ਦੀ ਯਾਦਗਾਰ, ਕਰਤਾਰਪੁਰ ਜੰਗੇ ਅਜ਼ਾਦੀ ਦਾ ਮਿਊਜ਼ੀਅਮ, ਹਰੀਕੇ ਦੇ ਪਾਣੀਆਂ ਵਿੱਚ ਤਰਨ ਵਾਲੀ ਬੱਸ ਦੀ ਵਿਵਸਥਾ ਵਰਨਣਯੋਗ ਹਨ। ਅਨੰਦਪੁਰ ਸਾਹਿਬ ਵਿੱਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਵੱਧਦੀ ਗਿਣਤੀ ਕਾਰਨ ਇਹ ਦੁਨੀਆਂ ਦਾ ਇਕ ਅਜੂਬਾ ਬਣ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਅਜੂਬੇ ਦੇ ਤੋਰ 'ਤੇ ਘੋਸ਼ਿਤ ਹੋ ਸਕਦਾ ਹੈ। ਹਰੀਕੇ ਦੀ ਸੈਲਾਨੀ ਬੱਸ ਨੂੰ ਚਿੱਟੇ ਹਾਥੀ ਦਾ ਨਾਮ ਦੇ ਕੇ ਬੰਦ ਕਰ ਦਿੱਤਾ ਗਿਆ ਸੀ। ਬਾਲਮੀਕ ਭਾਈਚਾਰੇ ਦੀ ਖ਼ੁਸ਼ੀ ਵਾਸਤੇ ਰਾਮ ਤੀਰਥ ਰੋਡ 'ਤੇ ਅੰਮ੍ਰਿਤਸਰ ਵਿਖੇ ਮੰਦਰ ਵਿੱਚ ਰਿਸ਼ੀ ਬਾਲਮੀਕ ਦੀ 200 ਕਰੋੜ ਦੀ ਉਪਰ ਦੀ ਲਾਗਤ ਨਾਲ ਮੂਰਤੀ ਦੀ ਸਥਾਪਨਾ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਮਸ਼ਹੂਰ ਦੁਰਗਿਆਨਾ ਮੰਦਰ ਦਾ ਸੁੰਦਰੀਕਰਨ ਅਤੇ ਕਾਰ ਪਾਰਕ ਵਿਵਸਥਾ ਦੀ ਵਿਉਂਤਬੰਦੀ ਹੋ ਰਹੀ ਸੀ।

ਆਮ ਆਦਮੀ ਪਾਰਟੀ ਦੇ ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦੇ ਵਾਅਦੇ ਧੁੰਦਲੇ ਦਿਖਾਈ ਦੇ ਰਹੇ ਹਨ। ਪੰਜਾਬ 'ਤੇ ਕਰਜ਼ੇ ਦੀ ਪੰਡ ਹਰ ਰੋਜ਼ ਭਾਰੀ ਹੋ ਰਹੀ ਹੈ, ਜਿਸ ਕਰਕੇ ਇਥੇ ਹਰ ਜੰਮਦੇ ਬੱਚੇ ਦੇ ਸਿਰ 'ਤੇ ਇਕ ਲੱਖ 30 ਹਜ਼ਾਰ ਦਾ ਕਰਜ਼ਾ ਹੈ। ਆਮ ਆਦਮੀ ਦੀ ਸਰਕਾਰ ਦੇ ਕਹਿਣ 'ਤੇ ਇਹ ਰੰਗਲਾ ਪੰਜਾਬ ਨਹੀਂ ਕੰਗਲਾ ਪੰਜਾਬ ਬਣ ਚੁੱਕਾ ਹੈ। ਵੱਖਰੇ-ਵੱਖਰੇ ਲੋਕਾਂ ਰਾਹੀਂ ਕਰਜ਼ੇ ਦੀ ਰਕਮ ਦੇ ਅਨੁਮਾਨ ਵੱਖਰੇ-ਵੱਖਰੇ ਹਨ। ਇਕ ਅਨੁਮਾਨ ਦੇ ਹਿਸਾਬ ਨਾਲ ਕਰਜ਼ੇ ਦੀ ਰਕਮ ਕੋਈ 4 ਲੱਖ ਕਰੋੜ ਹੈ, ਜਦੋਂ ਤੱਕ ਇਹ ਸਰਕਾਰ ਆਪਣਾ ਦਫ਼ਤਰ 2027 ਵਿੱਚ ਛੱਡੇਗੀ ਤਾਂ ਕਰਜ਼ੇ ਦਾ ਭਾਰ ਕੋਈ 4.5 ਲੱਖ ਕਰੋੜ ਦੇ ਨੇੜੇ ਹੋ ਜਾਵੇਗਾ। ਇਥੇ ਇਹ ਵਰਨਣਯੋਗ ਹੈ ਕਿ ਇਸ ਸਰਕਾਰ ਤੋਂ ਪਹਿਲਾਂ ਦੀਆਂ ਦੋ ਸਰਕਾਰਾਂ ਸਮੇਂ ਵਿੱਚ ਹਰ ਸਾਲ ਲਗਪਗ 20,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਦਾ ਰਿਹਾ ਸੀ ਪਰ ਮੋਜੂਦਾ ਸਰਕਾਰ ਦੇ ਸਮੇਂ ਦੌਰਾਨ ਚੜ੍ਹਨ ਵਾਲੇ ਸਲਾਨਾ ਕਰਜ਼ੇ ਦੀ ਮਿਕਦਾਰ ਵੱਧ ਕੇ 31000–32000 ਕਰੋੜ ਰੁਪਏ ਤੋਂ ਵੱਧ ਰਹੇਗੀ। ਵਿਆਜੀ ਕੀਮਤ ਨੂੰ ਉਤਾਰਨ ਲਈ ਵੀ ਹੋਰ ਕਰਜ਼ਾ ਚੁੱਕਿਆ ਜਾ ਰਿਹਾ ਹੈ। ਹਰ ਨਵੇਂ ਕਰਜ਼ੇ ਦੀ ਰਕਮ ਵਿੱਚੋਂ 92.2 ਫੀਸਦੀ ਰਕਮ ਪਹਿਲੇ ਕਰਜ਼ੇ ਦੇ ਭੁਗਤਾਨ ਲਈ ਖਰਚ ਕੀਤੀ ਜਾ ਰਹੀ ਹੈ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਪੰਜਾਬ ਕਿਸ ਕਦਰ ਕਰਜ਼ੇ ਦੇ ਚੱਕਰਵਿਊ ਵਿੱਚ ਫੱਸ ਚੁੱਕਾ ਹੈ ਅਤੇ ਭਾਰਤ ਦੇ ਸਭ ਤੋਂ ਕਰਜ਼ਾਈ ਸੂਬਿਆਂ ਵਿੱਚੋਂ ਇਕ ਹੈ। ਪੰਜਾਬ ਨੂੰ ਲੈ ਕੇ DEDT To GDP 46% ਭਾਵ ਪੰਜਾਬ ਦਾ ਕਰਜ਼ਾ ਉਸ ਦੀ ਜੀ.ਡੀ.ਪੀ. ਦਾ 46 ਫੀਸਦੀ ਹੈ।

ਵੱਧਦੇ ਕਰਜ਼ੇ ਦੇ ਬਾਵਜੂਦ ਸਰਕਾਰ ਦਿਨ-ਬ-ਦਿਨ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਆਪਣੀ ਮਸ਼ਹੂਰੀ ਦੀ ਪੂਰਤੀ ਲਈ ਸਰਕਾਰ ਨੇ ਪਿਛਲੇ 7 ਮਹੀਨਿਆਂ ਵਿੱਚ 19 ਜ਼ਿਲ੍ਹਿਆਂ ਵਿੱਚ ਫਲੈਕਸ ਵਧਾਉਣ ਲਈ ਰਿਕਾਰਡ ਤੋੜ 129 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਉਨ੍ਹਾਂ ਨੂੰ ਲੱਗਵਾਉਣ ਦਾ ਖਰਚਾ ਵੱਖਰਾ। ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ 'ਤੇ ਕੀਰਤਨ ਦਰਬਾਰ ਲਈ ਦਿੱਲੀ ਅਤੇ ਨੋਇਡਾ ਤੋਂ ਇਵੈਂਟ ਕੰਪਨੀਆਂ ਨੂੰ ਪੰਜਾਬੋਂ ਬਾਹਰ ਟੈਂਡਰ ਦਿੱਤੇ ਗਏ। ਇਸ ਤਰ੍ਹਾਂ 4 ਨਗਰ ਕੀਰਤਨਾਂ 'ਤੇ 7 ਕਰੋੜ ਰੁਪਏ ਫਜ਼ੂਲ ਖਰਚੇ ਗਏ। ਪੰਥਕ ਸ਼ਰਧਾ ਨੂੰ ਨਜ਼ਰ ਅੰਦਾਜ਼ ਕਰਕੇ ਕੀ ਬਾਹਰਲੀਆਂ ਕੰਪਨੀਆਂ ਨੂੰ ਮੋਟੇ ਟੈਂਡਰ ਦੇਣਾ ਜਰੂਰੀ ਸੀ। ਆਪਣੀ ਝੂਠੀ ਸ਼ੋਹਰਤ ਨੂੰ ਪ੍ਰਫੁੱਲਤ ਕਰਨ ਲਈ ਇਸੇ ਤਰ੍ਹਾਂ ਇਕ MEDIA.COM ਵਾਲੀ ਗਲੋਬਲ ਕੰਪਨੀ 'ਤੇ ਪਿਛਲੇ ਦੋ ਸਾਲਾਂ ਵਿੱਚ 13 ਕਰੋੜ 30 ਲੱਖ ਰੁਪਏ ਖਰਚ ਕੀਤੇ ਗਏ। ਜਦੋਂ ਵੀ ਦੂਸਰਿਆਂ ਸੂਬਿਆਂ ਜਿਵੇਂ ਗੁਜਰਾਤ, ਗੋਆ ਵਿੱਚ ਚੋਣਾਂ ਹੁੰਦੀਆਂ ਹਨ, ਤਾਂ ਉਥੇ ਚੋਣ ਪ੍ਰਚਾਰ ਲਈ ਪਹੁੰਚਣ ਲਈ ਕੇਜਰੀਵਾਲ ਅਤੇ ਭਗਵੰਤ ਮਾਨ ਰਾਹੀਂ ਹਵਾਈ ਜਹਾਜ਼ ਦੀਆਂ ਚਾਰਟਿਡ ਫਲਾਈਟਾਂ ਦੇ ਖਰਚੇ ਦਾ ਜੋਖਮ ਵੀ ਪੰਜਾਬ ਦੇ ਖਜ਼ਾਨੇ ਨੂੰ ਝੱਲਣਾ ਪੈਂਦਾ ਹੈ। ਕੇਜਰੀਵਾਲ ਅਤੇ ਸਿਸੋਦੀਆ ਦੇ 80, 80 ਕਾਰਾਂ ਦੇ ਵੱਡੇ ਪੰਜਾਬ ਵਿੱਚ ਘੁੰਮਦੇ ਕਾਫਲਿਆਂ ਦਾ ਵੀ ਭਾਰ ਪੰਜਾਬ ਦੇ ਲੋਕਾਂ ਦੇ ਸਿਰ 'ਤੇ ਹੈ। ਕੇਜਰੀਵਾਲ ਰਾਹੀਂ ਜਲੰਧਰ ਵਿੱਚ 70 ਕਰੋੜ ਦੇ ਪ੍ਰੋਜੈਕਟ ਦਾ ਉਦਘਾਟਨ ਹੋਇਆ ਤਾਂ ਪੰਜਾਬ ਸਰਕਾਰ ਨੇ 16 ਕਰੋੜ 30 ਲੱਖ ਰੁਪਏ ਦੀ ਰਾਸ਼ੀ ਇਸ ਉਦਘਾਟਨ ਦੇ ਪ੍ਰਬੰਧ 'ਤੇ ਖਰਚ ਕੀਤੀ। ਉਹ ਕਹਾਵਤ ਸਰਕਾਰ 'ਤੇ ਠੀਕ ਢੁੱਕਦੀ ਹੈ ਕਿ ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ। ਆਪਣੇ ਨਾਜ਼ੁਕ ਆਰਥਿਕ ਹਾਲਾਤਾਂ ਨੂੰ ਦੇਖਦਿਆਂ ਸਰਕਾਰ ਹਰ ਤਰ੍ਹਾਂ ਦੇ ਹੱਥ ਕੰਡੇ ਅਪਨਾਅ ਰਹੀ ਹੈ, ਕਿਤੇ ਲੈਂਡ ਪੂਲਿੰਗ ਸਕੀਮ, ਕਿਤੇ ਪਟਿਆਲੇ ਵਿੱਚ ਬਿਜਲੀ ਬੋਰਡ ਦੀ ਖਾਲੀ 80 ਏਕੜ ਜ਼ਮੀਨ ਨੂੰ ਪੁੱਡਾ ਰਾਹੀਂ ਵੇਚਣ ਦੇ ਨਿਰਦੇਸ਼। ਸਰਕਾਰ ਦੀ ਹੋਰ ਵੀ ਸਰਕਾਰੀ ਖਾਲੀ ਜ਼ਮੀਨਾਂ 'ਤੇ ਅੱਖ। ਲੋਕਾਂ ਦੇ ਭਾਰੀ ਵਿਰੋਧ ਕਾਰਨ ਸਰਕਾਰ ਆਪਣੀ ਨੀਤੀਆਂ ਨੂੰ ਨੇਪਰੇ ਚਾੜ੍ਹਨ ਵਿੱਚ ਅਸਮਰੱਥ।

ਅਨੰਦਪੁਰ ਸਾਹਿਬ ਵਿਖੇ ਭਗਵੰਤ ਮਾਨ ਸਰਕਾਰ ਰਾਹੀਂ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਘੋਸ਼ਿਤ ਕੀਤਾ ਗਿਆ ਕਿ ਅਨੰਦਪੁਰ ਸਾਹਿਬ ਵਿਖੇ ਇਕ ਮੈਡੀਕਲ ਯੂਨੀਵਰਸਿਟੀ ਬਣਾਈ ਜਾਵੇਗੀ ਲੋਕ ਬੁੱਕਲ ਵਿੱਚ ਮੂੰਹ ਪਾਕੇ ਹੱਸ ਰਹੇ ਸਨ ਕਿ 16 ਕਾਲਜਾਂ ਦਾ ਵਾਅਦਾ ਤਾਂ ਪੂਰਾ ਨਹੀਂ ਹੋਇਆ,

*(ਬਾਕੀ ਹਿਸਾ ਸਫਾ 38 ਤੇ ਪੜ੍ਹੋ)*

# ਟਰੰਪ ਵਾਂਗ ‘ਸਾਡਾ ਰਾਜਾ’ ਵੀ ਵਿਦੇਸ਼ੀਆਂ ਉੱਤੇ ਸਖਤ ਸ਼ਰਤਾਂ ਲਾਉਂਦਾ ਸੀ !

**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517
tsdupalpuri@yahoo.com



ਅਮਰੀਕਨ ਰਾਸ਼ਟਰਪਤੀ ਟਰੰਪ ਸਾਹਬ ਦੂਜੀ ਵਾਰ ਰਾਜ ਭਾਗ ਸੰਭਾਲ਼ਦਿਆਂ ਹੀ ਇਕ ਤਰਾਂ ਨਾਲ਼ ‘ਪ੍ਰਵਾਸੀ ਮੁਕਤ ਅਮਰੀਕਾ’ ਬਣਾਉਣ ਵੱਲ ਵਧ ਰਹੇ ਜਾਪਦੇ ਹਨ। ਅਮਰੀਕਨ ਇਮੀਗ੍ਰੇਸ਼ਨ ਦੇ ‘ਸਫਾਈ ਮਿਸ਼ਨ’ ਦੀ ਮਾਰ ਤਾਂ ਭਾਵੇਂ ਇੱਥੇ ਰਹਿੰਦੇ ਹੋਰ ਦੇਸ਼ਾਂ ਦੇ ਲੋਕ ਵੀ ਸਹਿ ਰਹੇ ਹਨ ਪਰ ਅਸੀਂ ਪੰਜਾਬੀ ਲੋਕ ਕੁੱਝ ਜਿਆਦਾ ਹੀ ਤਕਲੀਫ ਮਨਾ ਰਹੇ ਹਾਂ ! ਪੰਜਾਬੀਆਂ ਵਿਚ ਵੀ ਖਾਸ ਕਰਕੇ ‘ਸਿੰਘ’ ਅਤੇ ‘ਕੌਰ’ ਉੱਪ-ਨਾਮ ਵਾਲੇ ਭੈਣ ਭਾਈ, ਟਰੰਪ ਉੱਤੇ ਕੁੱਝ ਜਿਆਦਾ ਹੀ ਹਿਰਖੇ ਹੋਏ ਹਨ ਕਿ ਉਹ ਸਾਡੇ ਉੱਤੇ ਬਹੁਤ ਸਖਤ ਸ਼ਰਤਾਂ ਲਾ ਰਿਹਾ ਹੈ।

ਅਮਰੀਕਨ ਪ੍ਰਸ਼ਾਸਨ ਵਲੋਂ ਲਾਈਆਂ ਜਾ ਰਹੀਆਂ ਇਨ੍ਹਾਂ ਸ਼ਰਤਾਂ ਵਿਚੋਂ ਸਭ ਤੋਂ ਔਖੀ ਸ਼ਾਇਦ ਅੰਗਰੇਜ਼ੀ ਭਾਸ਼ਾ ਲਾਜ਼ਮੀਂ ਸਿੱਖਣ ਦੀ ਹੀ ਲਗਦੀ ਹੈ। ਇਸ ਸ਼ਰਤ ਤੋਂ ‘ਔਖੇ-ਭਾਰੇ’ ਹੋਏ ਪਏ, ਇੱਥੇ ‘ਤੀਰ ਤੁੱਕੇ’ ਲਾ ਕੇ ਡਾਲਰ ਕਮਾਉਂਦੇ ਕਈ ਪੰਜਾਬੀ ਸੱਜਣ ਨਹੀਂ ਜਾਣਦੇ ਕਿ ਪ੍ਰਸ਼ਾਸਨ ਵਲੋਂ ਵਿਦੇਸ਼ੀਆਂ ’ਤੇ ਸਥਾਨਕ ਬੋਲੀ ਸਿੱਖਣ ਵਾਲ਼ੀ ਲਾਜ਼ਮੀਂ ਸ਼ਰਤ ਲਾਉਣੀ ਕੋਈ ਜੱਗੋ ਤੇਰ੍ਹਵੀਂ ਗੱਲ ਨਹੀਂ ਹੈ !

ਆਪਣੇ ਇਤਿਹਾਸ ਤੋਂ ਨਾਵਾਕਿਫ ਪੰਜਾਬੀ ਨਹੀਂ ਜਾਣਦੇ ਕਿ ਕਦੇ ਸਾਡੇ ਮਹਾਰਾਜੇ ਨੇ ਵੀ ਪੰਜਾਬ ’ਚ ਰੁਜ਼ਗਾਰ ਖਾਤਰ ਆਏ ਵਿਦੇਸ਼ੀਆਂ ਉੱਤੇ ਸਖਤ ਸ਼ਰਤਾਂ ਲਾਈਆਂ ਸਨ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਟਲੀ, ਫਰਾਂਸ, ਜਰਮਨ ਵਰਗੇ ਦੇਸ਼ਾਂ ਤੋਂ ਪੰਜਾਬ ਪਹੁੰਚ ਕੇ ਰੁਜ਼ਗਾਰ ਮੰਗਣ ਵਾਲ਼ੇ ਵਿਦੇਸ਼ੀਆਂ ’ਤੇ ਪਹਿਲਾਂ ਪੰਜਾਬੀ ਸਿੱਖਣ ਦੀ ਜਰੂਰੀ ਸ਼ਰਤ ਲਾਈ ਸੀ !

ਨੈਪੋਲੀਅਨ ਬੋਨਾਪਾਰਟ ਦੀ ਫੌਜ ਵਿਚ ਲੈਫਟੀਨੈਂਟ ਰਹੇ ਇਟਾਲੀਅਨ ਜਨਰਲ ਵੈਨਤੂਰਾ ਨੇ ਮਹਾਰਾਜੇ ਦੀ ਖਾਲਸਾ ਫੌਜ ਵਿਚ ਨੌਕਰੀ ਕਰਨ ਵੇਲੇ ਪੰਜਾਬੀ ਸਿੱਖ ਲਈ ਸੀ। ਇਹ ਗੱਲ ਵੱਖਰੀ ਹੈ ਕਿ ਹੁਣ ਅਸੀਂ ਅਰਸ਼ੋਂ ਫਰਸ਼ ’ਤੇ ਡਿਗੇ ਹੋਏ ਪੰਜਾਬ ਦੇ ਵਾਸੀ ‘ਆਪਣਾ ਦੇਸ’ ਤਿਆਗ ਕੇ ਵੱਖ ਵੱਖ ਮੁਲਕਾਂ ’ਚ ਰੁਜ਼ਗਾਰ ਖਾਤਰ ਦਰ ਦਰ ਫਿਰ ਰਹੇ ਹਾਂ-

‘ਜਿਨ ਜ਼ਮੀਨੋਂ ਕੇ ਕਬਾਲੇ
(ਪਟੇ) ਥੇ ਮਿਰੇ ਪੁਰਖੋਂ ਕੇ ਨਾਮ
ਉਨ ਜ਼ਮੀਨੋਂ ਪਰ ਮੇਰੇ ਜੀਨੇ ਕੇ
ਲਾਲੇ ਪੜ ਗਏ।’ (ਰਾਹਤ ਇੰਦੌਰੀ)

ਪਰ ਕਦੇ ਉਹ ਵੀ ਦਿਨ ਸਨ ਜਦ ਇਟਲੀ, ਫਰਾਂਸ, ਜਰਮਨ ਤੋਂ ਇਲਾਵਾ ਫਿਰੰਗੀ, ਸਕਾਚ, ਹੰਗੇਰੀਅਨ, ਆਇਰਸ਼, ਰੂਸੀ, ਗ੍ਰੀਕ, ਸਪੈਨਿਸ਼, ਪੁਰਤਗਾਲੀ, ਪ੍ਰੋਸ਼ੀਅਨ, ਆਸਟਰੀਅਨ ਅਤੇ ਅਮਰੀਕਨ ਲੋਕ ਵੀ ਸਾਡੇ ਪੰਜਾਬ ਵਿਚ ਨੌਕਰੀ ਕਰਨ ਆਉਂਦੇ ਸਨ ! ਇਨ੍ਹਾਂ ਵਿਚੋਂ ਬਹੁਤੇ ਵਿਦੇਸ਼ੀ ਪੰਜਾਬ ਦੀ ਸੋਭਾ ਸੁਣਕੇ ਇਰਾਨ ਇਰਾਕ ਅਤੇ ਕਾਬਲ ਕੰਧਾਰ ਦੇ ਖੁਸ਼ਕ ਰਸਤੇ ਗਾਹੁੰਦੇ ਹੋਏ ਪੰਜਾਬ ਆਉਂਦੇ ਸਨ ਅਤੇ ਕਈ ਸਮੁੰਦਰੀ ਸਫਰ ਕਰਕੇ ਕਲਕੱਤਾ ਬੰਬਈ ਦਿੱਲੀ ਤੋਂ ਹੁੰਦੇ ਹੋਏ ਪੰਜ ਦਰਿਆਵਾਂ ਦੀ ਧਰਤੀ ’ਤੇ ਪਹੁੰਚਦੇ ਸਨ। ਦਿੱਲੀ ਵਲੋਂ ਪੰਜਾਬ ਆਉਣ ਵਾਲ਼ਿਆਂ ਨੂੰ ਭਾਰਤ ਦੀ ਤਤਕਾਲੀ ਅੰਗਰੇਜ਼ ਹਕੂਮਤ ਪਾਸੋਂ ‘ਰਾਹਦਾਰੀ’ ਲੈਣੀ ਪੈਂਦੀ ਸੀ ! ਅਜਿਹੀ ਰਾਹਦਾਰੀ ਦਾ ਇਕ ਵਚਿੱਤਰ ਵਾਕਿਆ- ਡੀਲਾਫੌਂਟ ਨਾਂ ਦੇ ਇਕ ਫਰਾਂਸੀਸੀ ਸੱਜਣ ਨੇ ਸਮੁੰਦਰੀ ਰਸਤੇ ਭਾਰਤ ਪਹੁੰਚ ਕੇ ਅੰਗਰੇਜ਼ ਹਕੂਮਤ ਤੋਂ ਪੰਜਾਬ ਜਾਣ ਲਈ ਰਾਹਦਾਰੀ ਮੰਗੀ। ਅੰਗਰੇਜ਼ ਅਧਿਕਾਰੀਆਂ ਨੇ ਉਸਦੀ ਅਰਜੀ ਇਹ ਕਹਿਕੇ ਵਾਪਸ ਮੋੜ ਦਿੱਤੀ ਕਿ ਇਸ ਵਿਚ ਪੂਰੀ ਜਾਣਕਾਰੀ ਨਹੀਂ ਦਿੱਤੀ ਹੋਈ ਕਿ ਡੀਲਾਫੌਂਟ ਕਿਸ ਮਕਸਦ ਲਈ ਪੰਜਾਬ ਜਾ ਰਿਹਾ ਹੈ ?





ਦੂਜੀ ਵਾਰ ਅਰਜੀ ਦੇਣ ਦੀ ਬਜਾਏ ਇਹ ਸੱਜਣ ਕਹਿਣ ਲੱਗਾ ਕਿ ਮੈਂ ਖੁਦਮੁਖਤਿਆਰ ਖਾਲਸਾ ਰਾਜ ਵਿਚ ਜਾ ਰਿਹਾ ਹਾਂ, ਜੋ ਕਿਸੇ ਹੋਰ ਸਟੇਟ ਦੇ ਅਧੀਨ ਨਹੀਂ ਹੈ। ਸੋ ਮੈਨੂੰ ਕਿਸੇ ਦੀ ਮੰਨਜੂਰੀ ਦੀ ਲੋੜ ਨਹੀਂ ! ਉਹ ਚੁਪ ਚੁਪੀਤਾ ਹੀ ਪੰਜਾਬ ਆ ਗਿਆ ! ਪਤਾ ਲੱਗਣ ’ਤੇ ਲੁਧਿਆਣੇ ਬੈਠੇ ਅੰਗਰੇਜ਼ ਅਧਿਕਾਰੀ ਨੇ ਮਹਾਰਾਜੇ ਨੂੰ ਇਹਦੇ ਖਿਲਾਫ ਖ਼ਤ ਲਿਖਿਆ ਕਿ ਭਾਰਤ ’ਚੋਂ ਗੈਰ-ਕਾਨੂੰਨੀ ਤਰੀਕੇ ਪੰਜਾਬ ਗਏ ਡੀਲਾਫੌਂਟ ਨੂੰ ਨੌਕਰੀ ’ਤੇ ਨਾ ਰਖਿਆ ਜਾਵੇ ਪਰ ਮਹਾਰਾਜੇ ਨੇ ਅੰਗਰੇਜ਼ਾਂ ਦੀ ਚਿੱਠੀ ਅਣਗੌਲ਼ਿਆ ਕਰ ਦਿੱਤੀ ! ਫਰਾਂਸੀਸੀ ਡੀਲਾਫੌਂਟ ਅਤੇ ਹੋਰ ਵਿਦੇਸ਼ੀ ਕਾਮਿਆਂ ਉੱਤੇ ਸ਼ੇਰੇ ਪੰਜਾਬ ਜੋ ਸਖਤ ਸ਼ਰਤਾਂ ਲਾਉਂਦਾ ਹੁੰਦਾ ਸੀ,ਉਨ੍ਹਾਂ ਵਿਚੋਂ ਕੁੱਝ ਖਾਸ-

1. ਖਾਲਸਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨੌਕਰੀ ਨਹੀਂ ਛੱਡ ਸਕੋ ਗੇ।
2. ਦਾਹੜਾ ਸੁੱਚਾ(ਬਿਨਾਂ ਕਟਿੰਗ) ਰੱਖਣਾ ਹੋਵੇ ਗਾ।
3.ਗਊ-ਮਾਸ ਵਰਤਣ ਦੀ ਮਨਾਹੀ ਹੋਵੇ ਗੀ।
4.ਤਮਾਕੂ ਦੀ ਵਰਤੋਂ ਦਾ ਤਿਆਗ
5. ਪੰਜਾਬੀ ਲਾਜ਼ਮੀ ਸਿੱਖਣੀ ਹੋਵੇ ਗੀ।

ਜਨਰਲ ਵੈਨਤੂਰਾ ਅਤੇ ਉਹਦੇ ਨਾਲ ਆਏ ਐਲਾਰਡ ਨੇ ਇਨ੍ਹਾਂ ਲਿਖਤੀ ਸ਼ਰਤਾਂ ਦੀ ਪ੍ਰਵਾਨਗੀ ਵਜੋਂ ਦਸਤਖਤ ਕਰ ਦਿੱਤੇ। ਮਿਸਟਰ ਐਲਾਰਡ ਚੇਨ-ਸਮੋਕਰ ਸੀ, ਇਸ ਲਈ ਉਸਨੇ ‘ਤਮਾਕੂ ਤਿਆਗ’ ਤੋਂ ਕੁਝ ਸਮੇਂ ਲਈ ਛੋਟ ਮੰਗੀ ਪਰ ਮਹਾਰਾਜੇ ਨੇ ਛੋਟ ਦੇਣੋ ਇਨਕਾਰ ਕਰ ਦਿੱਤਾ ਸੀ !

‘ਅਪਨੇ ਪੁਰਖੋਂ ਕੀ
ਵਿਰਾਸਤ ਕੋ ਸੰਭਾਲੋ ਵਰਨਾ
ਅਬ ਕੇ ਬਾਰਿਸ਼ ਮੇਂ ਯੇ
ਦੀਵਾਰ ਭੀ ਢਹ ਜਾਏ ਗੀ।’-
(ਮੰਜ਼ਰ ਭੋਪਾਲੀ)

(ਸ੍ਰੋਤ-‘ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ’ ਲੇਖਕ-ਬਾਬਾ ਪ੍ਰੇਮ ਸਿੰਘ ਹੋਤੀ ਛਾਪਕ-ਲਾਹੌਰ ਬੁੱਕ ਸ਼ਾਪ ਲੁਧਿਆਣਾ)

## ਪੰਜਾਬ ਸਿਰ ਕਰਜ਼ਾ – 37 ਸਫੇ ਦੀ ਬਾਕੀ

ਅਜੇ ਤੱਕ ਇਕ ਇੱਟ ਵੀ ਨਹੀਂ ਲੱਗੀ, ਤਾਂ ਏਡਾ ਵੱਡਾ ਪ੍ਰੋਜੈਕਟ ਕਿਵੇਂ ? ਹਰ ਔਰਤ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਾਸਕ ਤਾਂ ਦਿੱਤੇ ਨਹੀਂ ਜਾ ਰਹੇ। ਔਰਤਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ, ਪਰ ਬੱਸ ਕਰਮਚਾਰੀਆਂ ਨੂੰ ਆਪਣੀਆਂ ਤਨਖਾਹਾਂ ਅਤੇ ਪੱਕੀ ਨੌਕਰੀ ਲਈ ਹਰ ਰੋਜ਼ ਮੁਜ਼ਾਹਰੇ ਕਰਨੇ ਪੈ ਰਹੇ ਹਨ। ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਪਿੱਛੇ ਪੈ ਚੁੱਕੀਆਂ ਹਨ। ਸਰਕਾਰ ਆਪਣੇ ਖਰਚੇ ਲਈ ਵੀ ਹੋਰ ਕਰਜ਼ਾ ਚੁੱਕ ਰਹੀ ਹੈ।


ਭਾਰਤੀ ਸਿਆਸਤ ਦਾ ਇਕ ਨਵਾਂ ਰੁਝਾਨ ਕਿ ਹਰ ਹੀਲੇ ਚੋਣਾਂ ਜਿੱਤੀਆਂ ਜਾਣ, ਇਸ ਕਰਕੇ ਵੋਟ ਲੁਭਾਊ ਸਕੀਮਾਂ ਤਹਿਤ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾ ਰਹੀਆਂ ਹਨ। ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਕਾਰਨ ਅੱਜ ਪੰਜਾਬ ਦੀ ਬਿਜਲੀ ਸਬਸਿਡੀ 18-20 ਹਜ਼ਾਰ ਕਰੋੜ ਰੁਪਏ ਸਲਾਨਾ ਹੈ। ਪਾਵਰਕਾਮ ਦਾ ਇਥੋਂ ਤੱਕ ਦਿਵਾਲੀਆ ਹੋ ਚੁੱਕਿਆ ਹੈ ਕਿ ਉਹ ਹੋਰ ਕਰਜ਼ਾ ਵੀ ਨਹੀਂ ਲੈ ਸਕਦਾ। ਸਰੋਤ ਨਾ ਹੁੰਦਿਆਂ, ਬੁਢਾਪਾ ਪੈਨਸ਼ਨ ਵੀ ਸਰਕਾਰ ’ਤੇ ਬੋਝ ਹੈ। ਬਾਹਰ ਦਿਆਂ ਦੇਸ਼ਾਂ ਵਾਂਗ ਲੋਕਾਂ ਨੂੰ ਭੱਤੇ ਦਿੱਤੇ ਜਾਣ, ਜੋ ਕਿ ਜਾਤਪਾਤ ’ਤੇ ਨਿਰਭਰ ਨਾ ਹੋ ਕੇ means testing ਭਾਵ ਗਰੀਬੀ ਦੇਖਕੇ।

ਪੰਜਾਬ ਦੇ ਵੱਖੋ ਵੱਖਰੇ ਸ਼ਹਿਰਾਂ ਵਿੱਚ ਰੋਜ਼ ਗੋਲੀਬਾਰੀ ਹੋ ਰਹੀ ਹੈ। ਇਥੋਂ ਦਾ ਵਿਉਪਾਰੀ ਸਹਿਮਿਆ ਹੋਇਆ ਹੈ, ਤਾਂ ਇਨ੍ਹਾਂ ਹਾਲਾਤਾਂ ਵਿੱਚ ਬਾਹਰੀ ਨਿਵੇਸ਼ ਕਿਥੋਂ। ਜ਼ਿਲ੍ਹਾ ਪੰਚਾਇਤ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਸਰਕਾਰ ਪੁਲਸ ਦੀ ਮਦਦ ਨਾਲ ਤਾਨਾਸ਼ਾਹੀ ਰਵੱਈਆ ਅਖ਼ਤਿਆਰ ਕਰ ਰਹੀ ਹੈ। ਜਿਥੇ ਵਿਰੋਧੀਆਂ ਦੀ 100 ਫੀਸਦੀ ਨਾਮਜ਼ਦਗੀ ਖਾਰਜ ਕੀਤੀ ਜਾ ਰਹੀ ਹੈ, ਉਥੇ ਉਨ੍ਹਾਂ ਦੀਆਂ ਪੱਗਾਂ ਉਤਾਰੀਆਂ ਜਾ ਰਹੀਆਂ ਹਨ। ਕਾਗਜ਼ ਪਾੜ ਕ੍ਰਾਂਤੀ ਦੀਆਂ ਗੱਲਾਂ ਹੋ ਰਹੀਆਂ ਹਨ। ਪਟਿਆਲੇ ਦੇ ਐਸ.ਐਸ.ਪੀ. ਦੀ ਇਕ ਆਡੀਓ ਸਾਹਮਣੇ ਆਈ ਹੈ, ਕਿ ਲੋਕਾਂ ਨੂੰ ਸਾਧਦਿਆਂ ਉਨ੍ਹਾਂ ਦੀ ਘਰਾਂ ਅਤੇ ਪਿੰਡਾਂ ਵਿੱਚ ਧੱਕਾਮੁੱਕੀ ਕਰਕੇ ਡਰਾਇਆ ਜਾਏ, ਨਾ ਕਿ ਸੈਂਟਰਾਂ ਵਿੱਚ। ਇਸ ਨੂੰ ਲੈ ਕੇ ਅਕਾਲੀ ਦਲ ਰਾਹੀਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਗਈ ਹੈ। ਬਾਹਰੀ ਨਿਵੇਸ਼ ਅਤੇ ਘਰੇਲੂ ਉਦਯੋਗ ਦੀ ਮਜ਼ਬੂਤੀ ਲਈ ਲੋਕਤੰਤਰੀ ਢਾਂਚਾ ਮਜ਼ਬੂਤ ਕਰਕੇ ਸੁਖਾਵਾਂ ਮਾਹੌਲ ਪੈਦਾ ਕੀਤਾ ਜਾਣਾ ਚਾਹੀਦਾ ਹੈ। ਖਾੜਕੂਵਾਦ ਦੇ ਸਮੇਂ ਬਟਾਲੇ ਤੋਂ ਬਹੁਤ ਸਾਰੇ ਲੋਹੇ ਨੂੰ ਲੈ ਕੇ ਉਦਯੋਗ ਗਾਜ਼ੀਆਬਾਦ ਦਿੱਲੀ ਅਤੇ ਪ੍ਰਾਂਤਾਂ ਨੂੰ ਚਲੇ ਗਏ। ਬਿਜਲੀ ਦਰਾਂ ਅਤੇ ਹੋਰ ਸਹੂਲਤਾਂ ਨੂੰ ਲੈ ਕੇ ਬਹੁਤ ਸਾਰੇ ਦਵਾਈਆਂ ਬਣਾਉਣ ਵਾਲੇ ਅਦਾਰੇ ਹਿਮਾਚਲ ਪ੍ਰਦੇਸ਼ ਵਿੱਚ ਜਾ ਚੁੱਕੇ ਹਨ। ਚਾਲੀ ਸਾਲ ਦੇ ਬੀਤ ਚੁੱਕੇ ਸਮੇਂ ਤੋਂ ਬਾਅਦ ਵੀ ਬਟਾਲਾ ਲੋਹੇ ਦੇ ਉਦਯੋਗ ਪੱਖੋਂ ਉਸ ਤੁਲ ’ਤੇ ਨਹੀਂ ਆਇਆ।

ਸਰਕਾਰ ਨੂੰ ਕਰਜ਼ੇ ਦੀ ਪੂਰਤੀ ਅਤੇ ਪੰਜਾਬ ਦੀ ਮਜ਼ਬੂਤ ਮਾਲੀ ਹਾਲਾਤ ਦੇ ਮੱਦੇਨਜ਼ਰ ਨਵੇਂ ਸਰੋਤ ਲੱਭਣੇ ਪੈਣਗੇ। ਖੇਤੀ ਨਾਲ ਸਬੰਧ ਉਦਯੋਗ। ਜਿਵੇਂ ਕਿ ਅਕਾਲੀ ਭਾਜਪਾ ਸਰਕਾਰ ਦੇ ਗੱਠਜੋੜ ਦੇ ਸਮੇਂ ਸਬਜ਼ੀਆਂ ਨੂੰ ਲੈ ਕੇ ਡੱਬਾਬੰਦ ਉਦਯੋਗ ’ਤੇ 2 ਕਰੋੜ ਤੋਂ ਉੱਪਰ ਦੀ ਸਬਸਿਡੀ ਦੇ ਕੇ ਇਸ ’ਤੇ ਜੋਰ ਦਿੱਤਾ ਗਿਆ ਸੀ। ਚੀਨ ਦੀ ਤਰਜ ’ਤੇ ਪਿੰਡਾਂ ਵਿੱਚ ਉਦਯੋਗ ਇਕਾਈਆਂ ਖੋਲ੍ਹੀਆਂ ਜਾਣ ਤਾਂ ਕਿ ਲੋਕਾਂ ਨੂੰ ਕੰਮ ਦੀ ਭਾਲ ਵਿੱਚ ਸ਼ਹਿਰਾਂ ਵੱਲ ਨਾ ਜਾਣਾ ਪਵੇ। ਇਸ ਨਾਲ ਸ਼ਹਿਰੀਕਰਨ ’ਤੇ ਠੱਲ ਪੈ ਸਕਦੀ ਹੈ ਅਤੇ ਹਜ਼ਾਰਾਂ ਏਕੜ ਉਪਜਾਊ ਖੇਤੀ ਯੋਗ ਜ਼ਮੀਨ ਕਲੋਨੀਆਂ ਦੀ ਉਸਾਰੀ ਤੋਂ ਬੱਚ ਸਕਦੀ ਹੈ। ਪਿੱਛੇ ਜਿਹੇ ਅਖ਼ਬਾਰਾਂ ਵਿੱਚ ਐਡ ਪਾਈ ਜਾ ਰਹੀ ਸੀ ਕਿ ਅਫ਼ਰੀਕਾ ਦੇ ਗਰੀਬ ਲੋਕਾਂ ਨੂੰ ਮਾਲੀ ਸਹਾਇਤਾ ਨਾਲੋਂ ਸੰਦ ਮੁਹੱਈਆ ਕਰੋ, ਤਾਂ ਕਿ ਉਹ ਖ਼ੁਦ ਰੁਜ਼ਗਾਰ ਪੈਦਾ ਕਰਕੇ ਆਤਮ ਨਿਰਭਰ ਹੋ ਸਕਣ। ਸ੍ਰੀਲੰਕਾ ਅਤੇ ਨੇਪਾਲ ਵਿੱਚ ਭ੍ਰਿਸ਼ਟ ਸਰਕਾਰਾਂ ਨੇ ਜਿਸ ਹਿਸਾਬ ਨਾਲ ਲੋਕਾਂ ਦਾ ਸ਼ੋਸ਼ਣ ਕੀਤਾ ਕਿ ਉਨ੍ਹਾਂ ਨੂੰ ਉਨ੍ਹਾਂ ਸਰਕਾਰਾਂ ਨੂੰ ਉਖੇੜਨ ਲਈ ਵੱਡੀ ਭੰਨ ਤੋੜ ਕਰਨੀ ਪਈ। ਇਸ ਤੋਂ ਸਬਕ ਸਿੱਖਦਿਆਂ ਹਰ ਤਰ੍ਹਾਂ ਦੀ ਸਰਕਾਰ ਨੂੰ ਲੋਕਾਂ ਦੀ ਭਲਾਈ ਨੂੰ ਮੁੱਖ ਰੱਖਦਿਆਂ ਠੋਸ ਕਦਮ ਚੁੱਕਣੇ ਪੈਣਗੇ।

**-ਬਲਵਿੰਦਰ ਮੱਲ੍ਹੀ ਐਮ.ਏ.**
**ਲੈਸਟਰ, ਯੂ.ਕੇ.**

# ਸਿਹਤ ਤੇ ਸੁੰਦਰਤਾ



## ਚਾਹ-ਕੌਫ਼ੀ ਪੀਣ ਦੇ ਸ਼ੌਕੀਨ ਹੋ ਜਾਣ ਸਾਵਧਾਨ !

ਸਰਦੀਆਂ 'ਚ ਸੁਕੂਨ ਲਈ ਅਦਰਕ-ਇਲਾਇਚੀ ਵਾਲੀ ਦੁੱਧ-ਚਾਹ ਜਾਂ ਸਟਰੌਂਗ ਕੌਫੀ ਪੀਣਾ ਬਹੁਤ ਲੋਕਾਂ ਨੂੰ ਪਸੰਦ ਹੁੰਦਾ ਹੈ। ਪਰ ਸਵਾਦ ਲਈ ਬਣਾਈ ਗਈ ਇਹ ਚਾਹ-ਕੌਫੀ ਕਈ ਵਾਰ ਸਿਹਤ ਨੂੰ ਨੁਕਸਾਨ ਪਹੁੰਚਾ ਰਹੀ ਹੁੰਦੀ ਹੈ। ਚਾਹ ਜਾਂ ਕੌਫੀ ਪੀਣ ਨਾਲ ਆਇਰਨ ਦੀ ਕਮੀ ਹੋਣ ਲੱਗਦੀ ਹੈ। ਇਸ ਵਿਚ ਪਾਈ ਗਈ ਖੰਡ ਲਿਵਰ 'ਤੇ ਬੋਝ ਬਣਦੀ ਹੈ ਅਤੇ ਇਹ ਆਦਤ ਫੈਟੀ ਲਿਵਰ ਅਤੇ ਬੈਲੀ ਫੈਟ ਵਧਾਉਂਦੀ ਹੈ। ਜੇਕਰ ਚਾਹ-ਕੌਫੀ ਖ਼ਾਲੀ ਪੇਟ ਪੀਤੀ ਜਾਵੇ ਤਾਂ ਇਸ 'ਚ ਮੌਜੂਦ ਕੈਫੀਨ ਐਸਿਡਿਟੀ ਤੋਂ ਲੈ ਕੇ ਰਿਫਲਕਸ਼ ਤੱਕ ਦੀ ਪਰੇਸ਼ਾਨੀ ਵਧਾ ਦਿੰਦੇ ਹਨ। ਸਟਰੌਂਗ ਬਲੈਕ-ਟੀ ਜਾਂ ਬਲੈਕ ਕੌਫੀ ਸਿਹਤ ਲਈ ਕਾਫ਼ੀ ਲਾਭਦਾਇਕ ਸਾਬਿਤ ਹੋ ਸਕਦੀ ਹੈ। ਇਹ ਮੈਟਾਬੋਲਿਜ਼ਮ ਵਧਾਉਂਦੀ ਹੈ ਅਤੇ ਪੇਟ ਨੂੰ ਹਲਕਾ ਰੱਖਦੀ ਹੈ। ਸਿਹਤ ਨੂੰ ਮਜ਼ਬੂਤ ਬਣਾਏ ਰੱਖਣ ਲਈ ਤੁਸੀਂ ਕੱਚੀ ਹਲਦੀ-ਦਾਲਚੀਨੀ ਦੀ ਚਾਹ ਵੀ ਪੀ ਸਕਦੇ ਹੋ। ਇਸ ਚਾਹ ਨੂੰ ਪੀਣ ਨਾਲ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਚਾਹ-ਕੌਫੀ ਖ਼ਾਲੀ ਪੇਟ ਨਹੀਂ ਪੀਣੀ ਚਾਹੀਦੀ। ਦਿਨ 'ਚ 2 ਜਾਂ 3 ਕੱਪ ਤੋਂ ਜ਼ਿਆਦਾ ਚਾਹ-ਕੌਫੀ ਨਹੀਂ ਪੀਣੀ ਚਾਹੀਦੀ। ਹਰਬਲ ਚਾਹ ਨਾਲ ਲਿਵਰ 'ਚ ਜਮਾਂ ਫੈਟ ਘਟਦਾ ਹੈ। ਕਬਜ਼, ਗੈਸ, ਬਲੋਟਿੰਗ ਦੂਰ ਹੁੰਦੀ ਹੈ ਤੇ ਐਸਿਡਿਟੀ ਕੰਟਰੋਲ ਰਹਿੰਦੀ ਹੈ।

## ਕੀ ਟੈਟੂ ਬਣਾਉਣ ਨਾਲ ਹੁੰਦਾ ਹੈ ਸਕਿਨ ਕੈਂਸਰ ?



ਟੈਟੂ ਬਣਵਾਉਣ ਦਾ ਰੁਝਾਨ ਇਨ੍ਹੀਂ ਦਿਨੀਂ ਕਾਫ਼ੀ ਵਧਿਆ ਹੈ। ਹਾਲਾਂਕਿ ਆਮ ਤੌਰ 'ਤੇ ਇਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ ਪਰ ਕਿਹਾ ਜਾਂਦਾ ਹੈ ਕਿ ਇਹ ਏਡਜ਼ ਦੇ ਜੋਖਮ ਨੂੰ ਵਧਾ ਸਕਦੇ ਹਨ। ਹਾਲਾਂਕਿ, ਇੱਕ ਅਧਿਐਨ ਨੇ ਹੁਣ ਟੈਟੂ ਬਣਾਉਣ ਬਾਰੇ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਇੱਕ ਸਵੀਡਿਸ਼ ਯੂਨੀਵਰਸਿਟੀ ਦੀ ਖੋਜ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟੈਟੂ ਬਣਾਉਣ ਨਾਲ ਸਕਿਨ ਕੈਂਸਰ (ਚਮੜੀ ਦਾ ਕੈਂਸਰ) ਦਾ ਖ਼ਤਰਾ ਵੱਧ ਜਾਂਦਾ ਹੈ। ਅਧਿਐਨ ਵਿੱਚ ਪਾਇਆ ਗਿਆ ਹੈ ਕਿ ਟੈਟੂ ਵਾਲੇ ਲੋਕਾਂ ਵਿੱਚ ਮੇਲਾਨੋਮਾ (ਚਮੜੀ ਦੇ ਕੈਂਸਰ ਦੀ ਇੱਕ ਕਿਸਮ) ਦਾ ਖ਼ਤਰਾ ਬਿਨਾਂ ਟੈਟੂ ਵਾਲੇ ਲੋਕਾਂ ਨਾਲੋਂ ਵੱਧ ਸੀ। ਇਸ ਅਧਿਐਨ ਵਿੱਚ 20 ਤੋਂ 60 ਸਾਲ ਦੀ ਉਮਰ ਦੇ 2,880 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਮੇਲਾਨੋਮਾ (ਚਮੜੀ ਦਾ ਕੈਂਸਰ) ਹੋ ਗਿਆ ਸੀ। ਅਧਿਐਨ ਸੁਝਾਅ ਦਿੰਦਾ ਹੈ ਕਿ 10 ਸਾਲਾਂ ਤੋਂ ਵੱਧ ਸਮੇਂ ਤੋਂ ਟੈਟੂ ਵਾਲੇ ਲੋਕਾਂ ਨੂੰ ਵਧੇਰੇ ਜੋਖਮ ਹੁੰਦਾ ਹੈ।

ਖੋਜ ਦੇ ਅਨੁਸਾਰ, ਟੈਟੂ ਵਿਚ ਜਿਹੜੀ ਇੰਕ (ਸਿਆਹੀ) ਹੁੰਦੀ ਹੈ ਜਦੋਂ ਉਹ ਚਮੜੀ ਵਿੱਚ ਇੰਜੈਕਟ ਕੀਤੀ ਜਾਂਦੀ ਹੈ ਤਾਂ ਚਮੜੀ ਇਸਨੂੰ ਇੱਕ ਬਾਹਰੀ ਤੱਤ ਵਜੋਂ ਸਮਝਦੀ ਹੈ ਅਤੇ ਚਮੜੀ 'ਤੇ ਹਮਲਾ ਮੰਨਦੀ ਹੈ। ਅਜਿਹੀ ਸਥਿਤੀ ਵਿੱਚ, ਇਮਿਊਨ ਸਿਸਟਮ ਸਰਗਰਮ ਹੋ ਜਾਂਦਾ ਹੈ, ਅਤੇ ਇਮਿਊਨ ਸੈੱਲ ਸਿਆਹੀ ਦੇ ਰੰਗਾਂ ਨੂੰ ਘੇਰ ਲੈਂਦੇ ਹਨ, ਜੋ ਕਿ ਲਿੰਫ ਨੋਡਸ ਤੱਕ ਵੀ ਜਾਂਦੇ ਹਨ। ਸਿਆਹੀ ਵਿੱਚ ਕੁਝ ਰਸਾਇਣ ਵੀ ਹੁੰਦੇ ਹਨ ਜਿਨ੍ਹਾਂ ਨੂੰ ਕਾਰਸੀਨੋਜਨਿਕ ਮੰਨਿਆ ਜਾਂਦਾ ਹੈ। ਸੂਰਜ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਚਮੜੀ ਦੇ ਕੈਂਸਰ ਦਾ ਖ਼ਤਰਾ ਵਧ ਸਕਦਾ ਹੈ।


ਕੀ ਟੈਟੂ ਕੈਂਸਰ ਦਾ ਕਾਰਨ ਬਣਦੇ ਹਨ ?- ਇਸ ਖੋਜ ਨੇ ਕੋਈ ਸਿੱਟਾ ਨਹੀਂ ਕੱਢਿਆ ਹੈ, ਯਾਨੀ ਕਿ ਟੈਟੂ ਅਤੇ ਚਮੜੀ ਦੇ ਕੈਂਸਰ ਵਿਚਕਾਰ ਕੋਈ ਸਿੱਧਾ ਸਬੰਧ ਨਹੀਂ ਹੈ, ਪਰ ਇਹ ਜੋਖਮ ਵਧਾ ਸਕਦੇ ਹਨ। ਇਸ ਲਈ, ਜਿਹੜੇ ਲੋਕ ਟੈਟੂ ਬਣਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਘਬਰਾਉਣਾ ਨਹੀਂ ਚਾਹੀਦਾ, ਪਰ ਉਨ੍ਹਾਂ ਨੂੰ ਟੈਟੂ ਬਣਵਾਉਣ ਤੋਂ ਪਹਿਲਾਂ ਸਾਵਧਾਨੀ ਵਰਤਣੀ ਚਾਹੀਦੀ ਹੈ। ਟੈਟੂ ਨੂੰ ਚੰਗੀ ਜਗ੍ਹਾ 'ਤੇ ਬਣਵਾਓ। ਟੈਟੂ ਤੋਂ ਬਾਅਦ ਆਪਣੀ ਚਮੜੀ ਦੀ ਸਹੀ ਦੇਖਭਾਲ ਕਰੋ, ਖਾਸ ਕਰਕੇ ਜਦੋਂ ਸੂਰਜ ਦੀ ਰੌਸ਼ਨੀ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਉਸ ਖੇਤਰ ਨੂੰ ਕੱਪੜੇ ਨਾਲ ਢੱਕ ਕੇ ਜਾਂ ਸਨਸਕ੍ਰੀਨ ਲਗਾ ਕੇ। ਜੇਕਰ ਚਮੜੀ ਦੇ ਰੰਗ ਵਿੱਚ ਕੋਈ ਬਦਲਾਅ, ਗੰਢ, ਜਾਂ ਟੈਟੂ ਦੇ ਨੇੜੇ ਲਗਾਤਾਰ ਖੁਜਲੀ ਹੁੰਦੀ ਹੈ, ਤਾਂ ਡਾਕਟਰ ਨਾਲ ਸਲਾਹ ਕਰੋ। ਇਸ ਮਾਮਲੇ ਵਿੱਚ ਲਾਪਰਵਾਹੀ ਨਾ ਕਰੋ।

ਕੀ ਟੈਟੂ ਬਣਵਾਉਣ ਵਾਲਿਆਂ ਨੂੰ ਘਬਰਾਉਣ ਦੀ ਲੋੜ ਹੈ ?-ਖੋਜ ਸੁਝਾਅ ਦਿੰਦੀ ਹੈ ਕਿ ਟੈਟੂ ਬਣਵਾਉਣ ਵਾਲਿਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਇਹ ਖੋਜ ਸਿਰਫ਼ ਜਾਗਰੂਕਤਾ ਅਤੇ ਸਾਵਧਾਨੀ ਵਧਾਉਣ ਲਈ ਕੰਮ ਕਰਦੀ ਹੈ। ਟੈਟੂ ਵਾਲੇ ਖੇਤਰ ਨੂੰ ਢੱਕ ਕੇ ਰੱਖਣਾ ਅਤੇ ਜੇਕਰ ਕੋਈ ਲੱਛਣ ਦਿਖਾਈ ਦਿੰਦੇ ਹਨ ਤਾਂ ਡਾਕਟਰ ਨਾਲ ਸਲਾਹ ਕਰਨਾ ਮਹੱਤਵਪੂਰਨ ਹੈ।


## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ






*ਅਮਰੀਕਾ 'ਚ ਵਿਦੇਸ਼ੀਆਂ ਦੇ ਦਾਖ਼ਲੇ 'ਤੇ ਲਗ ਸਕਦੀ ਹੈ ਪੂਰੀ ਤਰ੍ਹਾਂ ਰੋਕ- ਟਰੰਪ
-ਹੱਥ ਸੋਚ ਕੇ ਗੰਦਲ ਨੂੰ ਪਾਈਂ, ਕਿਹੜੀ ਏਂ ਤੂੰ ਸਾਗ ਤੋੜਦੀ।



*ਭਾਰਤ - ਰੂਸ ਦੀ ਦੋਸਤੀ ਧਰੂ ਤਾਰੇ ਵਾਂਗ- ਮੋਦੀ
-ਇਹ ਧਰੂ ਤਾਰਾ ਕਦੀ ਵਾਸ਼ਿੰਗਟਨ 'ਚ ਵੀ ਚਮਕਦਾ ਸੀ।


*ਰਾਜ ਭਵਨ ਪੰਜਾਬ ਦਾ ਨਾਮ ਲੋਕ ਭਵਨ ਪੰਜਾਬ ਹੋਇਆ- ਇਕ ਖ਼ਬਰ
-ਨੱਥਾ ਸਿੰਘ ਪ੍ਰੇਮ ਸਿੰਘ, ਵੰਨ ਐਂਡ ਦੀ ਸੇਮ ਥਿੰਗ।



*ਪ੍ਰਵਾਸੀਆਂ ਨੂੰ 'ਕਚਰਾ' ਕਹਿ ਕੇ ਬੁਰੇ ਫ਼ਸੇ ਟਰੰਪ, ਹਰ ਪਾਸੇ ਹੋ ਰਹੀ ਹੈ ਆਲੋਚਨਾ- ਇਕ ਖ਼ਬਰ
-ਮੁਰਦਾ ਬੋਲੂ, ਖੱਫਣ ਪਾੜੂ।



*ਭਾਰਤ ਪਹੁੰਚੇ ਪੁਤਿਨ ਨੂੰ ਮੋਦੀ ਨੇ ਪਾਈ ਗਲਵੱਕੜੀ- ਇਕ ਖ਼ਬਰ
-ਅਜੇ ਤਾਂ ਟਰੰਪ ਨੂੰ ਪਾਈਆਂ ਜੱਫੀਆਂ ਨੇ ਚਾੜ੍ਹਿਆ ਚੰਦ ਨਹੀਂ ਭੁੱਲਿਆ।



*ਤ੍ਰਿਣਮੂਲ ਕਾਂਗਰਸ ਵਿਰੁੱਧ ਲੜਾਈ ਜਾਰੀ ਰੱਖੋ, ਅਗਲੇ ਸਾਲ ਚੋਣਾਂ ਜਿੱਤਾਂਗੇ- ਮੋਦੀ
-ਜੈ ਐੱਸ. ਆਈ.ਆਰ, ਜੈ ਈ.ਵੀ.ਐਮ., ਜੈ ਗਿਆਨੇਸ਼ ਕੁਮਾਰ, ਜੈ ਨੋਟਾਂ ਦੀਆਂ ਦੱਥੀਆਂ।



*ਪੰਜਾਬ 'ਚ ਭਾਜਪਾ ਸਾਰੀਆਂ 117 ਸੀਟਾਂ ਆਪਣੇ ਬਲਬੂਤੇ 'ਤੇ ਲੜੇਗੀ- ਅਸ਼ਵਨੀ ਸ਼ਰਮਾ
-'ਕੱਲੀ ਲੜ ਲਊਂ ਮੁਕੱਦਮਾ ਆਪੇ, ਨਹੀਂ ਕਰਨੀ ਮਿੰਨਤ ਸ਼ਰੀਕਾਂ ਦੀ।

*ਵਿਦੇਸ਼ੀ ਪਤਨੀਆਂ ਹੱਥੋਂ ਨੌਜਵਾਨ ਹੋ ਰਹੇ ਨੇ ਧੋਖੇ ਦੇ ਸ਼ਿਕਾਰ- ਇਕ ਖ਼ਬਰ
-ਕਦੀ ਬਾਬੇ ਦੀਆਂ, ਕਦੇ ਪੋਤੇ ਦੀਆਂ।




*ਬਿੱਟੂ ਨੇ ਸੁਖਜਿੰਦਰ ਰੰਧਾਵਾ ਦੇ ਵੱਡੇ ਗੈਂਗਸਟਰਾਂ ਨਾਲ ਸਬੰਧਾਂ ਦਾ ਦੋਸ਼ ਲਗਾਇਆ- ਇਕ ਖ਼ਬਰ
-ਜਦ ਖਾਂਦਾ ਸੀ ਇਕੋ ਥਾਲੀ, ਵੇ ਉਦੋਂ ਕਿਉਂ ਨਾ ਬੋਲਿਆ?



*ਗੁਜਰਾਤ 'ਚ 'ਆਪ' ਵਿਧਾਇਕ ਗੋਪਾਲ ਇਟਾਲੀਆ ਉੱਤੇ ਜੁੱਤੀ ਸੁੱਟੀ- ਇਕ ਖ਼ਬਰ
-ਲਉ ਜੀ, 2027 ਦੇ 'ਟੂਰਨਾਮੈਂਟ' ਲਈ ਪ੍ਰੈਕਟਿਸਾਂ ਹੋ ਗਈਆਂ ਸ਼ੁਰੂ।



*ਉੱਤਰਾਖੰਡ ਦੇ ਕਾਂਗਰਸੀ ਆਗੂ ਨੇ ਸਿੱਖਾਂ ਨੂੰ ਫੇਰ 12 ਵੱਜਣ ਦੀ ਟਿਚਕਰ ਕੀਤੀ- ਇਕ ਖ਼ਬਰ
-ਉੱਤਰਾਖੰਡ ਦੇ ਸਿੱਖੋ ਕੋਈ ਜਣਾ ਇਹਨੂੰ 12 ਵਜੇ ਦਾ ਇਤਿਹਾਸ ਸੁਣਾ ਕੇ ਇਹਦਾ ਭੂਤ ਉਤਾਰੋ ਬਈ।



*'ਆਪ' ਸਰਕਾਰ ਸ਼ਾਂਤੀਪੂਰਬਕ ਚੋਣਾਂ ਕਰਵਾਏਗੀ- ਕੁਲਦੀਪ ਧਾਲੀਵਾਲ
-ਦਸਤਾਰਾਂ ਦੀ ਬੇਅਦਬੀ ਨਾਲ ਸ਼ਾਂਤੀ ਕਿਵੇਂ ਆਉਂਦੀ ਐ ਧਾਲੀਵਾਲ ਸਾਬ?



*ਕਾਂਗਰਸ ਨਵਜੋਤ ਸਿੱਧੂ ਨੂੰ ਮੁੱਖ ਮੰਤਰੀ ਚਿਹਰਾ ਬਣਾਏ ਉਹ ਫੇਰ ਹੀ ਸਿਆਸਤ 'ਚ ਆਉ- ਨਵਜੋਤ ਕੌਰ ਸਿੱਧੂ
-ਧਰਤੀ ਨੂੰ ਕਲੀ ਕਰਾ ਦੇ, ਨੱਚੂੰਗੀ ਸਾਰੀ ਰਾਤ।



*ਅਮਿਤ ਸ਼ਾਹ ਨੇ ਐੱਸ. ਆਈ. ਆਰ. ਦੇ ਬਹਾਨੇ ਬੰਗਾਲ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਚਲੀ ਚਾਲ- ਮਮਤਾ ਬੈਨਰਜੀ
-ਕੰਢੇ ਕੰਢੇ ਹੀਰ ਭਾਲਦਾ, ਰਾਂਝਾ ਪੰਜ ਮੱਝੀਆਂ ਦਾ ਲਾਵੇ।



*ਕੈਪਟਨ ਅਮਰਿੰਦਰ ਸਿੰਘ ਵਲੋਂ ਅਕਾਲੀ-ਭਾਜਪਾ ਗੱਠਜੋੜ ਦੇ ਸੁਝਾਉ ਦਾ ਭਾਜਪਾ ਵਲੋਂ ਇਨਕਾਰ- ਇਕ ਖ਼ਬਰ
-ਲੱਤ ਮਾਰੂੰਗੀ ਪੰਜੇਬਾਂ ਵਾਲੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।

*ਡਾਲਰ ਦੇ ਭਾਰ ਹੇਠ ਦੱਬ ਰਿਹਾ ਰੁਪਿਆ, 90 ਰੁਪਏ ਤੋਂ ਪਾਰ- ਇਕ ਖ਼ਬਰ
-ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ, ਨਿੰਮ ਨਾਲ ਝੂਟਦੀਏ।

# ਕਾਵਿ-ਕਿਆਰੀ

## ਸ਼ੀਸ਼ਾ

ਸਭ ਖੋਟ ਤੋਂ ਖਰਾ ਉਦੋਂ ਹੀ, ਸ਼ੱਟ ਨਿਖਰ ਜਾਏਗਾ,
ਜਦੋਂ ਝੂਠ ਦਾ ਪਰਦਾ, ਸ਼ੀਸ਼ੇ ਮੋਹਰੇ ਉਤਰ ਜਾਏਗਾ।

ਬਣਿਆ ਹੈ ਸ਼ੀਸ਼ਾ ਸਦਾ ਹੀ, ਜ਼ਾਹਿਰਾ ਸੱਚ ਲਈ,
ਕੌਣ ਕਹਿੰਦਾ ਹੈ ਕਦੀ ਵੀ, ਇਹ ਗੰਧਲ ਜਾਏਗਾ ?

ਇੱਕ ਸ਼ਕਲ ਉਦੋਂ ਬਦਲ ਜਾਵੇਗੀ, ਅਨੇਕਾਂ ਦੇ ਵਿੱਚ,
ਜਦੋਂ ਟੁੱਟ ਕੇ ਇਹ ਸ਼ੀਸ਼ਾ, ਰੂ ਬਾ ਰੂ ਖਿਲਰ ਜਾਏਗਾ।


ਆ ਤੈਨੂੰ ਦਿਖਾਵਾਂ ਮੈਂ ਤੇਰਾ ਹੀ, ਸ਼ੀਸ਼ਾ ਮੇਰੇ ਯਾਰਾ,
ਕਰੂਪਤਾ ਆਪਣੀ ਦੇਖ, ਲਾਜ਼ਮੀ ਦਹਿਲ ਜਾਏਂਗਾ।

ਹਨ ਪਰਦੇ 'ਤੇ ਪਰਦੇ, ਚਿਹਰਿਆਂ ਤੇ ਛਾਏ ਹੋਏ,
ਡਰੇਂਗਾ ਜਦੋਂ ਇਹ ਪਰਦਾ, ਤੇਰਾ ਫਿਸਲ ਜਾਏਗਾ।

ਸ਼ੀਸ਼ਾ ਕਰਦਾ ਨਹੀਂ ਥੱਕਦਾ, ਸਿਫ਼ਤ ਹੁਸਨ ਦੀ ਅੱਜ,
ਜਦੋਂ ਢਲੀ ਇਹ ਜਵਾਨੀ, ਫੇਰ ਮੁਸਲਸਲ ਡਰਾਏਗਾ।

ਸਮਾਂ ਹੈ, ਬਦਲ ਲੈ ਆਪਣਾ, ਤੂੰ ਰਵਈਆ ਬੰਦੇ,
ਨਹੀਂ ਤਾਂ ਸ਼ੀਸ਼ਾ ਹੀ ਤੈਨੂੰ, ਸਬੂਤਾ ਨਿਗਲ ਜਾਏਗਾ।

ਸਭ ਖੋਟ ਤੋਂ ਖਰਾ ਉਦੋਂ ਹੀ, ਸ਼ੱਟ ਨਿਖਰ ਜਾਏਗਾ,
ਜਦੋਂ ਝੂਠ ਦਾ ਪਰਦਾ, ਸ਼ੀਸ਼ੇ ਮੋਹਰੇ ਉਤਰ ਜਾਏਗਾ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ ਕੇ

## ਮਾਂ... ਇੱਕ ਅਹਿਸਾਸ

ਮਾਂ ਸ਼ਬਦ ਹੈ ਭਾਵੇਂ
ਸਭ ਰਿਸ਼ਤਿਆਂ ਤੋਂ ਨਿੱਕਾ,
ਪਰ ਦੁਨੀਆਂ ਦਾ ਹਰ ਰਿਸ਼ਤਾ
ਇਸ ਰਿਸ਼ਤੇ ਦੇ ਅੱਗੇ
ਪੈ ਜਾਂਦਾ ਹੈ ਫਿੱਕਾ।
ਮਾਂ ਦੀ ਸੂਰਤ,ਮਾਂ ਦੀ ਮੂਰਤ
ਵਸੀ ਰਹੇ ਮਨ ਦੇ ਵਿਹੜੇ,
ਰੱਬ ਦੀ ਪੂਜਾ ਸਫ਼ਲ ਹੋ ਜਾਂਦੀ
ਮਾਂ ਦੀ ਪੂਜਾ ਕਰ ਲੈਂਦੇ ਜਿਹੜੇ।
ਮਾਂ ਇੱਕ ਅਹਿਸਾਸ ਹੈ
ਜੋ ਸਦਾ ਰਹੇ ਜਿਉਂਦਾ,
ਭਾਵੇਂ ਦੇਸ਼ ਹੋਵੇ ਭਾਵੇਂ ਪ੍ਰਦੇਸ਼
ਹਰ ਥਾਂ ਧਰਮਿੰਦਰਾ
ਮਾਂ ਦਾ ਚੇਤਾ ਆਉਂਦਾ।- ਧਰਮਿੰਦਰ ਸਿੰਘ

## ਕਵਿਤਾ

ਇਸ਼ਕ ਦਾ ਜੇਕਰ ਜਾਗ ਨਾ ਲਗਦਾ
ਰੂਹ ਮੇਰੀ ਦਾ ਭਾਗ ਨਾ ਜਗਦਾ

ਸੱਜਣ ਛੋਹ ਕੇ ਬਰਕਤ ਦੇ ਗਏ
ਨਹੀਂ ਹੋਠਾਂ ਵਿੱਚੋਂ ਰਾਗ ਨਾ ਵਗਦਾ

ਮੱਥੇ ਦੇ ਵਿੱਚ ਨੂਰ ਹੈ ਮਾਹੀ
ਐਵੇਂ ਚੰਨ ਦਾ ਦਾਗ ਨਾ ਦਗਦਾ

ਆਸ਼ਿਕ ਨੂੰ ਵਰਦਾਨ ਹਿਜਰ ਦਾ
ਹੋਰ ਕਿਤੋਂ ਇਹ ਲਾਗ ਨਾ ਲਗਦਾ

ਇਹ ਸ਼ਬਦਾਂ ਤੋਂ ਗ਼ਜ਼ਲਾਂ ਹੋਵੇ
ਕੌਣ ਕਹੇ ਵੈਰਾਗ ਨਾ ਵਗਦਾ

-ਸਿਮਰਨ ਅਕਸ

## ਕਵਿਤਾ- ਹਰ ਪਾਸੇ



ਡਾ. ਮੁਹਿੰਦਰ ਸਿੰਘ ਰਾਏ

ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਚਾਹੁੰਦੇ ਕਿਸਾਨਾਂ ਨੂੰ ਦੇਣਾ ਇਹ ਮਾਰ ਹੈ।
ਅਮਰੀਕਾ ਦੇ ਨਾਲ ਕਰ ਨਵਾਂ ਸਮਝੌਤਾ।
ਲਗਾਉਣਾ ਇਹਨੀਂ ਕਿਸਾਨਾਂ ਦਾ ਜੋਤਾ।
ਇਹ ਕਾਲੇ ਤਿੰਨ ਕਾਨੂੰਨਾਂ ਵਾਲੀ ਸਰਕਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਬਣੇ ਦੁੱਧ ਤੋਂ ਪਦਾਰਥ ਉੱਥੋਂ ਮੰਗਵਾਉਣਗੇ।
ਪਨੀਰ, ਦਹੀਂ, ਦੁੱਧ ਦਾ ਧੰਦਾ ਰੁਕਵਾਉਣਗੇ।
ਬਿਜਲੀ ਸੋਧ ਬਿੱਲ ਪਾਸ ਹੋਣ ਦਾ ਆਸਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਬਾਹਰੋਂ ਮੰਗਵਾਉਣਗੇ ਜੋ ਪੰਜਾਬ ਕੋਲ ਬਹੁਤ ਹੈ।
ਮੱਕੌ, ਸੋਇਆਬੀਨ ਦੀ ਨਾ ਸਾਨੂੰ ਕੋਈ ਤੋਟ ਹੈ।
ਉਲਟੇ ਬਾਂਸ ਬਰੇਲੀ ਨੂੰ, ਇਹ ਕੈਸਾ ਵਪਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਖੋਹ ਕੇ ਚੰਡੀਗੜ੍ਹ ਪੰਜਾਬ ਤੋਂ ਯੂ. ਟੀ ਬਨਾਉਣਗੇ।
ਪੀ. ਯੂ. ਨੂੰ ਵੀ ਆਪਣੇ ਕਾਬੂ 'ਚ ਲਿਆਉਣਗੇ।
ਵਿਰਸੇ ਪੰਜਾਬ ਦੇ ਨਾਲ ਖਾਰ ਜਗ ਜ਼ਾਹਿਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਬੀ. ਬੀ. ਐਮ. ਬੀ. ਤੇ ਹੈ ਪੂਰਾ ਕਾਬੂ ਪਾ ਲਿਆ।
ਹਿਤੂ ਪੰਜਾਬ ਦਾ ਵਿੱਚੋਂ ਜ਼ੋਰ ਨਾਲ ਕਢਾ ਲਿਆ।
ਰੋੜ੍ਹ ਲੈਣ ਜਾਂ ਰੱਖ ਲੈਣ, ਪੰਜਾਬ ਬੇਵੱਸ ਤੇ ਲਾਚਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਗਾਇਬ 328 ਸਰੂਪਾਂ ਦਾ ਅਜੇ ਮਸਲਾ ਬਰਕਰਾਰ ਹੈ।
ਨਾਨਕ ਸ਼ਾਹੀ ਕੈਲੰਡਰ ਦੀ ਨਾਂ ਲਈ ਕੋਈ ਸਾਰ ਹੈ।
ਐਸ.ਜੀ.ਪੀ.ਸੀ. ਵੱਲੋਂ ਛਾਪੇ ਗਲਤ ਇਤਿਹਾਸ ਦੀ ਭਰਮਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਮੁਫ਼ਤ ਸਕੀਮਾਂ ਨਾਲ ਕਰਜ਼ਾ ਪੰਜਾਬ ਤੇ ਚੜ੍ਹਾਈ ਜਾਂਦੇ।
ਪੰਜਾਬ ਦੇ ਭਵਿੱਖ ਦੇ ਜੜ੍ਹੀਂ ਤੇਲ ਪਾਈ ਜਾਂਦੇ।
ਐਨ.ਐਸ.ਏ. ਲਗਾਈ ਜਾਂਦੇ, ਕਿੱਥੇ ਮਨੁੱਖੀ ਅਧਿਕਾਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਕਿਰਤੀ, ਵਪਾਰੀ ਅਤੇ ਕਿਸਾਨ ਅਵਾਜ਼ਾਰ ਹੋਏ।
ਹਮਲੇ ਪੰਜਾਬ ਤੇ, ਕਿਤੇ ਪਹਿਲੀ ਤਾਂ ਨਹੀਂ ਵਾਰ ਹੋਏ।
'ਰਾਏ' ਅਜੇ ਤਾਂ ਚੱਲਣੇ, ਵਾਰ-ਵਾਰ ਹੋਰ ਵੀ ਹਥਿਆਰ ਹੈ।
ਦੇਖੋ ਪੰਜਾਬ ਦੀ ਹਰ ਪਾਸੇ ਹਾਰ ਹੈ।
ਚਾਹੁੰਦੇ ਕਿਸਾਨਾਂ ਨੂੰ ਦੇਣਾ ਇਹ ਮਾਰ ਹੈ।

## ਕਵਿਤਾ

ਦੇਖੋ ਨਾ... ਕਿ ਕਿੰਨਾ ਵੱਡਾ ਜੇਰਾ ਹਾਂ
ਸਾਰੀ ਦੁਨੀਆਂ ਉਹਦੀ ਤੇ ਮੈਂ ਮੇਰਾ ਹਾਂ

ਝੂਠ ਕਹਿਣ ਵਿੱਚ ਉਸ ਦਾ ਕੋਈ ਸਾਨੀ ਨਹੀਂ
ਮੱਥਾ ਚੁੰਮ ਕੇ ਕਹਿੰਦਾ ਹੈ... ਬਸ ਤੇਰਾ ਹਾਂ

ਮੇਰੀ ਥਾਹ ਪਾਉਣੀ ਤੇ ਕੁਝ ਵੀ ਔਖੀ ਨਹੀਂ
ਤਿੰਨ ਕੋਣਾ, ਚੌਮੁਖੀਆ, ਗੋਲ ਘਤੇਰਾ ਹਾਂ

ਰੱਬ ਕਰੇ ਨਾ ਟੁੱਟੇ... ਟੁੱਟਿਆ ਆ ਜਾਵੀਂ
ਦਿਲ ਜਲਿਆਂ ਦਾ ਮੈਂ ਵੀ ਪੱਕਾ ਡੇਰਾ ਹਾਂ

ਚਾਨਣ ਹਾਂ ਆਗਾਸ ਪਾਤਾਲੀਂ ਘੁੰਮਾਂਗਾ
ਕੌਣ ਕਹੇ ਜੱਗ ਜੋਗੀ ਵਾਲਾ ਫ਼ੇਰਾ ਹਾਂ

ਅੱਜ ਕਹਿੰਦਾ ਹੈ ਕਾਲੀ ਬੋਲੀ ਰਾਤ ਹਾਂ ਮੈਂ
ਭਲਕ ਆਖਦੈ ਮੈਂ ਫਿਰ ਸੁਰਖ ਸਵੇਰਾ ਹਾਂ

-ਸਿਮਰਨ ਅਕਸ

## ਧੰਨੇ ਭਗਤ ਦੀ ਸਾਰੇ ਧੰਨ ਧੰਨ ਹੋ ਗਈ


ਭਾਲ ਜਿਸ ਦੀ ਵਿਚ ਯਤਨਸ਼ੀਲ ਦੁਨੀਆਂ, ਆ ਮਿਲਿਆ ਆਪ ਕਰਤਾਰ ਉਸ ਨੂੰ।
ਧੰਨੇ ਭਗਤ ਦੀ ਸਾਰੇ ਧੰਨ ਧੰਨ ਹੋ ਗਈ, ਦਿੱਤੇ ਰੱਬ ਨੇ ਜਦੋਂ ਸੀ ਦੀਦਾਰ ਉਸ ਨੂੰ।
ਬੇਸ਼ੱਕ ਪੰਡਤ ਨੇ ਚੁਸਤ ਚਲਾਕ ਬਣ ਕੇ, ਭੋਲੇ ਜੱਟ ਨਾਲ ਠੱਗੀ ਮਾਰ ਲਈ ਸੀ,
ਆਪਣੇ ਪਿਆਰੇ ਭਗਤ ਦੀ ਦੇਖ ਭਗਤੀ, ਪ੍ਰਗਟ ਹੋ ਕੇ ਪ੍ਰਭੂ ਨੇ ਸਾਰ ਲਈ ਸੀ,
ਕਣ ਕਣ ਦੇ ਵਿਚ ਸਮਾਉਣ ਵਾਲਾ, ਨਿਕਲ ਮਿਲਿਆ ਪੱਥਰ 'ਚੋਂ ਬਾਹਰ ਉਸ ਨੂੰ।
ਧੰਨੇ ਭਗਤ ਦੀ..................................

ਜਿਵੇਂ ਜਿਵੇਂ ਤ੍ਰਿਲੋਚਨ ਨੇ ਦੱਸ ਦਿੱਤਾ, ਉਸੇ ਤਰ੍ਹਾਂ ਹੀ ਧੰਨਾ ਸੀ ਕਰੀ ਜਾਂਦਾ,
ਕਿਸੇ ਗੱਲ ਦੀ ਨਹੀਂ ਪ੍ਰਵਾਹ ਕਰਦਾ, ਘਾਟੇ ਵਾਧੇ ਵੀ ਹੱਸ ਕੇ ਜਰੀ ਜਾਂਦਾ,
ਪੂਰਾ ਉਸ 'ਤੇ ਭਗਤ ਨੇ ਅਮਲ ਕੀਤਾ, ਕਿਹਾ ਪੰਡਤ ਜੋ ਸੀ ਵਿਚਾਰ ਉਸ ਨੂੰ।
ਧੰਨੇ ਭਗਤ ਦੀ.......................................।

ਨ੍ਹਾ ਧੁਆਕੇ ਕੇ ਠਾਕਰ ਨੂੰ ਕਹੇ ਧੰਨਾ, ਭੋਗ ਲਾ ਦਿਉ ਮੇਰੇ ਪਕਵਾਨ ਤਾਈਂ,
ਤੇਰੇ ਖਾਣ ਤੋਂ ਪਿੱਛੋਂ ਕੁੱਝ ਖਾਊਂਗਾ ਮੈਂ, ਭਗਤ ਆਖਦਾ ਪਿਆ ਭਗਵਾਨ ਤਾਈ,
ਰੋਟੀ ਮੱਕੀ ਦੀ ਸਰੋਂ ਦਾ ਸਾਗ ਧਰ ਕੇ, ਦਿੰਦਾ ਖਾਣ ਨੂੰ ਨਾਲ ਅਚਾਰ ਉਸ ਨੂੰ।
ਧੰਨੇ ਭਗਤ ਦੀ...................................।


ਮਿੰਨਤਾਂ ਨਾਲ ਨਾ ਬਣੀ ਜਦ ਗੱਲ ਕੋਈ. ਜੱਟ ਆਪਣੀ ਅੜੀ 'ਤੇ ਆਉਣ ਲੱਗਾ,
ਤੈਨੂੰ ਭਗਤ ਦੇ ਹੱਕ ਵਿਚ ਭੁਗਤਨਾ ਪਊ, ਆਢਾ ਨਾਲ ਪਰਮੇਸ਼ਰ ਦੇ ਲਾਉਣ ਲੱਗਾ,
ਚੱਕ ਕਹੀ 'ਤੇ ਪਾਣੀ ਦੇ ਮੋੜ ਨੱਕੇ, ਨਾਲੇ ਆਖਦਾ ਗਊਆਂ ਵੀ ਚਾਰ ਵੀ ਉਸ ਨੂੰ
ਧੰਨੇ ਭਗਤ ਦੀ................................................।

ਆਖ਼ਿਰ ਸਬਰ ਸੰਤੋਖ ਦੀ ਜਿੱਤ ਹੋਈ, ਹਾਰ ਮੰਨ ਲਈ ਪ੍ਰਭੂ ਨੇ ਪਿਆਰ ਅੱਗੇ,
ਸੱਚੀ ਲਗਨ ਨੂੰ ਲੱਗਿਆ ਫ਼ਲ ਮਿੱਠਾ, ਆਣ ਖੜ੍ਹ ਗਿਆ ਜਦੋਂ ਨਿਰੰਕਾਰ ਅੱਗੇ,
ਅੰਗ ਸੰਗ ਉਹ ਭਗਤ ਪਿਆਰਿਆਂ ਦੇ, 'ਚੋਹਲਾ' ਸਮਝਦਾ ਦੂਰ ਸੰਸਾਰ ਉਸ ਨੂੰ।
ਧੰਨੇ ਭਗਤ ਦੀ ਸਾਰੇ ਧੰਨ ਧੰਨ ਹੋ ਗਈ, ਦਿੱਤੇ ਰੱਬ ਨੇ ਸੀ ਜਦੋਂ ਦੀਦਾਰ ਉਸ ਨੂੰ



ਰਮੇਸ਼ ਬੱਗਾ ਚੋਹਲਾ
oooooooo

## ਜਦੋਂ ਦੀ 'ਏ ਆਈ' ਆਈ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਪਹਿਲੀਆਂ ਵਿਰਾਸਤੀ ਕਲਾਵਾਂ ਲੋਕ ਛੱਡੀ ਜਾਂਦੇ
ਸਾਰਿਆਂ ਨੇ 'ਰਾਗਣੀ' ਨਵੀਨਤਾ ਦੀ ਗਾਈ ਏ।
ਚੌਵੀ ਘੰਟੇ ਲੋਕੀ ਹੁਣ ਆਨਲਾਈਨ ਬੈਠੇ ਰਹਿੰਦੇ
ਫਾਹੀ ਵਾਂਗ ਗਲ਼ੇ ਪਈ ਜਦੋਂ ਦੀ ਵਾਈ-ਫਾਈ ਏ।
ਕੀ ਪਤਾ ਕਿ 'ਚੰਗੇ ਭਲੇ' ਬੰਦੇ ਦੀ 'ਬਣਾ ਕੇ' ਰੀਲ੍ਹ
ਉਹਦੇ ਸਾਫ ਕਿਰਦਾਰ ਉੱਤੇ ਫੇਰਨੀ ਸਿਆਹੀ ਏ।
ਪਹਿਲਾਂ ਵਾਂਗ ਰਿਹਾ ਨਾ 'ਭਰੋਸਾ' ਏਸ ਮੰਚ ਉੱਤੇ
'ਮੀਡ੍ਹੀਆ ਸੋਸ਼ਲ' ਹੁਣ ਬਣਿਆਂ 'ਭਕਾਈ' ਏ।
'ਪੁੱਟੀ ਜਾਂਦੀ ਮਿੱਟੀ' ਚੌਹਾਂ ਕੂੰਟਾਂ ਵਿਚ ਉਦੋਂ ਤੱਕ
ਜਦੋਂ ਬੰਦਾ 'ਬੇਕਸੂਰਾ' ਦਿੰਦਾ ਕੋਈ 'ਸਫਾਈ' ਏ।
ਅਸਲੀ ਕਿ ਨਕਲੀ ਹੈ ਰਹੀ ਨਾ 'ਪਛਾਣ' ਕੋਈ
ਜਦੋਂ ਦੀ 'ਏ-ਆਈ' ਤਕਨੀਕ ਹੱਥ ਆਈ ਏ।

-ਤਰਲੋਚਨ ਸਿੰਘ ਦੁਪਾਲ ਪੁਰ

# ਕਲਾਸ 7 ਐੱਨਸੀਈਆਰਟੀ ਇਤਿਹਾਸ ਦੀ ਪੁਸਤਕ ਬਾਰੇ ਵਿਵਾਦ ਛਿੜਿਆ

**✪ ਗਜ਼ਨਵੀ ਹਮਲੇ, ਮੰਦਰਾਂ ਦੀ ਤਬਾਹੀ ਅਤੇ ਇਸਲਾਮ ਦੇ ਵਿਸਥਾਰ 'ਤੇ ਕਿਉਂ ਜ਼ੋਰ ਦਿੱਤਾ ਗਿਆ? ✪ ਪਾਠ ਪੁਸਤਕਾਂ ਦੇ ਬਦਲਾਅ ਪਿੱਛੇ ਵਿਚਾਰਧਾਰਾ ਦੀ ਰਾਜਨੀਤੀ ਕੀ ਹੈ? ✪ ਸਿੱਖਾਂ ਦਾ ਇਤਿਹਾਸ ਮੁਗਲਾਂ ਤੇ ਅਫਗਾਨੀਆਂ ਨਾਲ ਟੱਕਰ ਬਾਰੇ ਕਿਉ ਕੱਢਿਆ ਗਿਆ**

## ਕਵਰ ਸਟੋਰੀ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਭਾਰਤ ਦੇ ਸਕੂਲੀ ਪਾਠਕ੍ਰਮ ਵਿੱਚ ਵੱਡੇ ਬਦਲਾਅ ਆ ਰਹੇ ਹਨ। ਐੱਨਸੀਈਆਰਟੀ ਨੇ ਕਲਾਸ 7 ਲਈ ਨਵੀਂ ਸਮਾਜਿਕ ਵਿਗਿਆਨ ਦੀ ਕਿਤਾਬ ਜਾਰੀ ਕੀਤੀ ਹੈ। ਇਸ ਵਿੱਚ 'ਗਜ਼ਨਵੀ ਹਮਲੇ' ਵਾਲੇ ਭਾਗ ਨੂੰ ਪੁਰਾਣੀ ਕਿਤਾਬ ਨਾਲੋਂ ਕਈ ਗੁਣਾ ਵਧੇਰੇ ਜਗ੍ਹਾ ਦਿੱਤੀ ਗਈ ਹੈ। ਇਸ ਵਿੱਚ ਮਹਿਮੂਦ ਗਜ਼ਨਵੀ ਦੇ ਭਾਰਤ ਤੇ ਹਮਲੇ, ਮੰਦਰਾਂ ਦੀ ਲੁੱਟ ਅਤੇ ਤਬਾਹੀ, ਅਤੇ ਇਸਲਾਮ ਦੇ ਵਿਸਥਾਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਪਰ ਇਸ ਨਾਲ ਹੀ, ਕੁਝ ਵਿਦਵਾਨ ਅਤੇ ਰਾਜਨੀਤਿਕ ਨੇਤਾ ਇਹ ਸਵਾਲ ਉਠਾ ਰਹੇ ਹਨ ਕਿ ਇਹ ਬਦਲਾਅ ਕਿਉਂ ਕੀਤੇ ਗਏ ਹਨ? ਕੀ ਇਸ ਪਿੱਛੇ ਵਿਚਾਰਧਾਰਕ ਰਾਜਨੀਤੀ ਹੈ? ਸਿੱਖ ਇਤਿਹਾਸ ਨੂੰ ਸਿਲੇਬਸ ਵਿਚ ਕਿਉਂ ਘਟਾਇਆ ਜਾ ਰਿਹਾ ਹੈ, ਜਿਸ ਵਿੱਚ ਮੁਗਲਾਂ ਅਤੇ ਅਫਗਾਨੀ ਹਮਲਾਵਰਾਂ ਨਾਲ ਸਿੱਖਾਂ ਦੇ ਟਕਰਾਅ ਦਾ ਜ਼ਿਕਰ ਸੀ? ਕੀ ਇਹ ਕੇਂਦਰ ਸਰਕਾਰ ਵੱਲੋਂ ਸੰਘ ਪਰਿਵਾਰ ਦੇ ਏਜੰਡੇ ਨੂੰ ਲਾਗੂ ਕਰਨ ਦੀ ਕੋਸ਼ਿਸ਼ ਹੈ, ਜਾਂ ਫਿਰ ਸਿੱਖਿਆ ਨੀਤੀ ਦੇ ਅਨੁਸਾਰ ਇੱਕ ਨਿਰਪੱਖ ਬਦਲਾਅ ਹੈ?

ਨਵੀਂ ਕਿਤਾਬ ਵਿੱਚ ਕੀ ਹੈ?- ਐੱਨਸੀਈਆਰਟੀ ਨੇ ਕਲਾਸ 7 ਲਈ ਨਵੀਂ ਕਿਤਾਬ ਜਾਰੀ ਕੀਤੀ ਹੈ, ਜੋ ਰਾਸ਼ਟਰੀ ਸਿੱਖਿਆ ਨੀਤੀ 2020 ਅਤੇ ਰਾਸ਼ਟਰੀ ਪਾਠਕ੍ਰਮ ਫਰੇਮਵਰਕ 2023 ਨਾਲ ਮੇਲ ਖਾਂਦੀ ਹੈ। ਪਰ ਸਭ ਤੋਂ ਵੱਡਾ ਬਦਲਾਅ ਇਤਿਹਾਸ ਵਾਲੇ ਭਾਗ ਵਿੱਚ ਹੈ। ਨਵੀਂ ਕਿਤਾਬ ਵਿੱਚ 'ਗਜ਼ਨਵੀ ਹਮਲੇ' ਵਾਲਾ ਖੰਡ ਲਗਭਗ ਛੇ ਪੰਨੇ ਲੰਮਾ ਹੈ। ਇਸ ਵਿੱਚ ਤਸਵੀਰਾਂ ਅਤੇ ਬਾਕਸ ਵੀ ਸ਼ਾਮਲ ਹਨ। ਪੁਰਾਣੀ ਕਿਤਾਬ ਵਿੱਚ ਇਸ ਬਾਰੇ ਸਿਰਫ਼ ਇੱਕ ਪੈਰਾਗ੍ਰਾਫ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਧਾੜਵੀ ਮੁਸਲਮਾਨ ਹਮਲਾਵਰ ਅਮੀਰ ਮੰਦਰਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਪਰ ਨਵੀਂ ਕਿਤਾਬ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ: ਮਹਿਮੂਦ ਗਜ਼ਨਵੀ ਨੇ ਭਾਰਤ ਉਪਰ 17 ਵਾਰ ਹਮਲੇ ਕੀਤੇ। ਉਸ ਨੇ ਮਥੁਰਾ, ਕਨੌਜ ਅਤੇ ਗੁਜਰਾਤ ਦੇ ਸੋਮਨਾਥ ਸ਼ਿਵ ਮੰਦਰ ਨੂੰ ਤਬਾਹ ਕੀਤਾ ਅਤੇ ਲੁੱਟਿਆ। ਕਿਤਾਬ ਵਿੱਚ ਪੁੱਛਿਆ ਗਿਆ ਹੈ ਕਿ ਸੋਮਨਾਥ ਦਾ ਮੌਜੂਦਾ ਮੰਦਰ 1950 ਵਿੱਚ ਦੁਬਾਰਾ ਬਣਿਆ ਸੀ ਅਤੇ 1951 ਵਿੱਚ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਉਸ ਨੂੰ ਉਦਘਾਟਨ ਕੀਤਾ ਸੀ। ਇਸ ਦਾ ਪੂਰਾ ਖਰਚ ਜਨਤਾ ਦੇ ਚੰਦੇ ਨਾਲ ਉਠਾਇਆ ਗਿਆ?'

ਇਸ ਤੋਂ ਇਲਾਵਾ, ਕਿਤਾਬ ਵਿੱਚ ਸਖ਼ਤ ਭਾਸ਼ਾ ਵਿੱਚ ਲਿਖਿਆ ਹੈ ਕਿ ਇਨ੍ਹਾਂ ਹਮਲਿਆਂ ਵਿੱਚ ਹਜ਼ਾਰਾਂ ਭਾਰਤੀ ਨਾਗਰਿਕਾਂ ਨੂੰ ਮਾਰਿਆ ਗਿਆ ਅਤੇ ਹਜ਼ਾਰਾਂ ਬੰਦੀਆਂ, ਜਿਨ੍ਹਾਂ ਵਿੱਚ ਬੱਚੇ ਵੀ ਸਨ, ਨੂੰ ਮੱਧ ਏਸ਼ੀਆ ਦੇ ਗੁਲਾਮ ਬਾਜ਼ਾਰਾਂ ਵਿੱਚ ਵੇਚਿਆ ਗਿਆ। ਮਹਿਮੂਦ ਦੇ ਦਰਬਾਰੀ ਇਤਿਹਾਸਕਾਰ ਅਲ-ਉਤਬੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਸ ਨੇ 'ਕਾਫਿਰਾਂ ਦਾ ਸੰਘਾਰ ਕੀਤਾ, ਉਨ੍ਹਾਂ ਦੇ ਬੱਚੇ ਅਤੇ ਪਸ਼ੂ ਲੁੱਟ ਲਏ, ਮੰਦਰ ਤੋੜੇ, ਉਨ੍ਹਾਂ ਦੀ ਜਗ੍ਹਾ ਮਸਜਿਦਾਂ ਬਣਵਾਈਆਂ ਅਤੇ ਇਸਲਾਮ ਨੂੰ ਫੈਲਾਇਆ।' ਅਲਬਰੂਨੀ ਦੇ ਹਵਾਲੇ ਨਾਲ ਸੋਮਨਾਥ ਦੇ ਸ਼ਿਵਲਿੰਗ ਬਾਰੇ ਜ਼ਿਕਰ ਹੈ ਕਿ ਮਹਿਮੂਦ ਨੇ ਮੂਰਤੀ ਦੇ ਉੱਪਰਲੇ ਹਿੱਸੇ ਨੂੰ ਤੋੜ ਦਿੱਤਾ ਅਤੇ ਬਾਕੀ ਨੂੰ ਗਜ਼ਨੀ ਲੈ ਗਿਆ। ਉਸ ਦਾ ਇੱਕ ਟੁਕੜਾ ਅੱਜ ਵੀ ਗਜ਼ਨੀ ਦੀ ਜਾਮਾ ਮਸਜਿਦ ਦੇ ਦਰਵਾਜ਼ੇ ਤੇ ਰੱਖਿਆ ਹੈ ਜਿੱਥੇ ਲੋਕ ਪੈਰ ਪੂੰਝਦੇ ਹਨ।

ਇਹ ਸਭ ਵੇਰਵੇ ਪੁਰਾਣੀ ਕਿਤਾਬ ਵਿੱਚ ਨਹੀਂ ਸਨ। ਇਸ ਤੋਂ ਅੱਗੇ, ਕਿਤਾਬ ਵਿੱਚ ਮੁਹੰਮਦ ਗੋਰੀ ਅਤੇ ਉਸ ਦੇ ਸੈਨਾਪਤੀ ਕੁਤਬੁੱਦੀਨ ਐਬਕ ਦਾ ਜ਼ਿਕਰ ਹੈ। ਫਿਰ ਬਖਤਿਆਰ ਖਿਲਜੀ ਦੇ ਬੰਗਾਲ ਮੁਹਿੰਮ ਬਾਰੇ ਦੱਸਿਆ ਗਿਆ ਹੈ, ਜਿਸ ਵਿੱਚ ਪਹਿਲੀ ਵਾਰ ਨਾਲੰਦਾ ਅਤੇ ਵਿਕਰਮਸ਼ਿਲਾ ਦੇ ਵਿਨਾਸ਼ ਨੂੰ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਕਿਤਾਬ ਅਨੁਸਾਰ ਬਖਤਿਆਰ ਖਿਲਜੀ ਨੇ ਇਨ੍ਹਾਂ ਵੱਡੇ ਬੋਧ ਵਿਹਾਰਾਂ ਅਤੇ ਯੂਨੀਵਰਸਿਟੀਆਂ ਨੂੰ ਤਬਾਹ ਕੀਤਾ, ਵੱਡੀ ਲੁੱਟ ਕੀਤੀ ਅਤੇ ਬਹੁਤ ਸਾਰੇ ਭਿਖੂਆਂ ਨੂੰ ਕਤਲ ਕੀਤਾ। ਨਾਲੰਦਾ ਦੀ ਲਾਇਬ੍ਰੇਰੀ ਮਹੀਨਿਆਂ ਤੱਕ ਜਲਦੀ ਰਹੀ। ਇਹ ਸਭ ਪੁਰਾਣੀ ਕਲਾਸ 7 ਦੀ ਕਿਤਾਬ ਵਿੱਚ ਨਹੀਂ ਸੀ।

ਇਸ ਤੋਂ ਪਹਿਲਾਂ ਵਾਲੇ ਅਧਿਆਏ ਵਿੱਚ 6ਵੀਂ ਤੋਂ 10ਵੀਂ ਸਦੀ ਦੇ ਸਾਮਰਾਜਾਂ ਬਾਰੇ ਚਰਚਾ ਤੋਂ ਬਾਅਦ 'ਮੱਧ ਏਸ਼ੀਆ ਤੋਂ ਹੁਣ ਅਤੇ ਅਰਬ ਹਮਲੇ' ਦਾ ਜ਼ਿਕਰ ਹੈ। ਪਹਿਲੀ ਵਾਰ ਕਲਾਸ 7 ਵਿੱਚ ਮੁਹੰਮਦ ਬਿਨ ਕਾਸਿਮ ਅਤੇ ਸਿੰਧ ਵਿਜੈ ਦਾ ਵਰਣਨ ਆਇਆ ਹੈ। 13ਵੀਂ ਸਦੀ ਦੇ ਇੱਕ ਫਾਰਸੀ ਸਰੋਤ ਦੇ ਹਵਾਲੇ ਨਾਲ ਲਿਖਿਆ ਹੈ ਕਿ ਬਿਨ ਕਾਸਿਮ ਨੇ ਇਸ ਨੂੰ 'ਅੱਲਾਹ ਦਾ ਹੁਕਮ ਮੰਨ ਕੇ ਕਾਫਿਰਾਂ ਉਪਰ ਹਮਲਾ ਕੀਤਾ'। ਕਿਤਾਬ ਸਾਫ ਕਰਦੀ ਹੈ ਕਿ ਮੱਧਕਾਲੀਨ ਇਸਲਾਮ ਵਿੱਚ 'ਕਾਫਿਰ' ਤੋਂ ਮਤਲਬ ਹਿੰਦੂ, ਬੋਧ ਜਾਂ ਜੈਨ ਸਨ। ਹਾਲਾਂਕਿ ਇਹ ਵੀ ਜੋੜਿਆ ਗਿਆ ਹੈ ਕਿ ਸਿੰਧ ਤੇ ਅਰਬ ਵਿਜੈ ਦਾ ਰਾਜਨੀਤਿਕ ਅਤੇ ਧਾਰਮਿਕ ਪ੍ਰਭਾਵ ਸੀਮਿਤ ਰਿਹਾ, ਅਤੇ ਹੋਰ ਖੇਤਰਾਂ ਵਾਂਗ ਵੱਡੇ ਪੈਮਾਨੇ ਉਪਰ ਧਰਮ ਪਰਿਵਰਤਨ ਨਹੀਂ ਹੋਏ।

ਇਸ ਅਧਿਆਏ ਤੋਂ ਠੀਕ ਪਹਿਲਾਂ ਇੱਕ 'ਚੇਤਾਵਨੀ ਵਾਲਾ ਬਾਕਸ' ਦਿੱਤਾ ਗਿਆ ਹੈ। ਇਹ ਬਾਕਸ ਵਿਦਿਆਰਥੀਆਂ ਨੂੰ ਦੱਸਦਾ ਹੈ ਕਿ ਇਤਿਹਾਸ ਵਿੱਚ ਯੁੱਧ, ਵਿਜੈ ਅਤੇ ਵਿਨਾਸ਼ ਨੂੰ ਸ਼ਾਂਤੀ, ਸੁਸ਼ਾਸਨ ਜਾਂ ਰਚਨਾਤਮਕਤਾ ਨਾਲੋਂ ਵੱਧ ਰਿਕਾਰਡ ਕੀਤਾ ਗਿਆ ਹੈ। ਦੁਨੀਆਂ ਭਰ ਦੇ ਇਤਿਹਾਸਕਾਰ ਕਈ ਵਾਰ ਇਨ੍ਹਾਂ ਕਾਲੇ ਅਧਿਆਏ ਉਪਰ ਧਿਆਨ ਦੇਣ ਤੋਂ ਝਿਜਕਦੇ ਰਹੇ ਹਨ। ਬਾਕਸ ਵਿੱਚ ਲਿਖਿਆ ਹੈ, 'ਸਾਡਾ ਨਜ਼ਰੀਆ ਇਹ ਹੈ ਕਿ ਇਨ੍ਹਾਂ ਦਾ ਸਾਹਮਣਾ ਕਰਨਾ ਅਤੇ ਵਿਸ਼ਲੇਸ਼ਣ ਕਰਨਾ ਬਿਹਤਰ ਹੈ ਤਾਂ ਜੋ ਸਮਝ ਸਕੀਏ ਕਿ ਅਜਿਹੀਆਂ ਘਟਨਾਵਾਂ ਕਿਉਂ ਵਾਪਰੀਆਂ ਅਤੇ ਭਵਿੱਖ ਵਿੱਚ ਇਨ੍ਹਾਂ ਨੂੰ ਦੁਹਰਾਉਣ ਤੋਂ ਬਚਾਇਆ ਜਾ ਸਕੇ। ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੀਤੇ ਘਟਨਾਕ੍ਰਮ ਨੂੰ ਮਿਟਾਇਆ ਜਾਂ ਨਕਾਰਿਆ ਨਹੀਂ ਜਾ ਸਕਦਾ, ਪਰ ਅੱਜ ਦੇ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਲਈ ਜ਼ਿੰਮੇਵਾਰ ਠਹਿਰਾਉਣਾ ਗਲਤ ਹੋਵੇਗਾ।' ਐੱਨਸੀਈਆਰਟੀ ਨਿਰਦੇਸ਼ਕ ਦਿਨੇਸ਼ ਪ੍ਰਸਾਦ ਸਕਲਾਨੀ ਨੇ ਇਸ ਨੂੰ ਸਿੱਖਿਆ ਨੀਤੀ ਦੇ ਅਨੁਸਾਰ ਇੱਕ ਨਿਰਪੱਖ ਬਦਲਾਅ ਦੱਸਿਆ ਹੈ।

## ਸਿੱਖ ਇਤਿਹਾਸ ਨੂੰ ਕਿਉਂ ਘਟਾਇਆ ਗਿਆ?

ਨਵੀਂ ਕਿਤਾਬ ਵਿੱਚ ਇੱਕ ਹੋਰ ਵੱਡਾ ਬਦਲਾਅ ਇਹ ਹੈ ਕਿ ਮੁਗਲਾਂ ਅਤੇ ਦਿੱਲੀ ਸਲਤਨਤ ਬਾਰੇ ਸਾਰੇ ਭਾਗ ਹਟਾ ਦਿੱਤੇ ਗਏ ਹਨ। ਪੁਰਾਣੀ ਕਿਤਾਬ ਵਿੱਚ ਇਨ੍ਹਾਂ ਬਾਰੇ ਚਰਚਾ ਸੀ, ਜਿਸ ਵਿੱਚ ਸਿੱਖ ਇਤਿਹਾਸ ਦਾ ਵੀ ਜ਼ਿਕਰ ਆਉਂਦਾ ਸੀ। ਸਿੱਖਾਂ ਨੇ ਮੁਗਲਾਂ ਨਾਲ ਬਹੁਤ ਟਕਰਾਅ ਕੀਤੇ ਸਨ, ਜਿਵੇਂ ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ। ਇਸ ਤੋਂ ਇਲਾਵਾ, ਅਫਗਾਨੀ ਹਮਲਾਵਰਾਂ ਜਿਵੇਂ ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਅਤੇ ਸ਼ਾਹ ਜ਼ਮਾਨ ਨਾਲ ਵੀ ਸਿੱਖਾਂ ਦੇ ਲੜਾਈਆਂ ਲੜੀਆਂ ਸਨ ਤੇ ਦੇਸ ਦੇ ਲੋਕਾਂ ਦੀ ਰੱਖਿਆ ਕੀਤੀ ਸੀ। ਇਹ ਟਕਰਾਅ ਸਿੱਖ ਇਤਿਹਾਸ ਦਾ ਅਹਿਮ ਹਿੱਸਾ ਹਨ, ਜਿਨ੍ਹਾਂ ਨੇ ਸਿੱਖ ਧਰਮ ਨੂੰ ਮਜ਼ਬੂਤ ਕੀਤਾ ਅਤੇ ਭਾਰਤੀ ਇਤਿਹਾਸ ਵਿੱਚ ਯੋਗਦਾਨ ਪਾਇਆ। ਪਰ ਨਵੀਂ ਕਿਤਾਬ ਵਿੱਚ ਇਹ ਭਾਗ ਹਟਾ ਦਿੱਤੇ ਗਏ ਹਨ। ਇਸ ਦੀ ਜਗ੍ਹਾ ਤੇ ਪ੍ਰਾਚੀਨ ਭਾਰਤੀ ਰਾਜਵੰਸ਼ਾਂ, ਭੂਗੋਲ ਅਤੇ ਮਹਾਕੁੰਭ ਵਰਗੇ ਵਿਸ਼ੇ ਸ਼ਾਮਲ ਕੀਤੇ ਗਏ ਹਨ। ਐੱਨਸੀਈਆਰਟੀ ਦਾ ਕਹਿਣਾ ਹੈ ਕਿ ਇਹ ਬਦਲਾਅ ਦੁਹਰਾਅ ਨੂੰ ਘਟਾਉਣ ਲਈ ਹਨ ਅਤੇ ਮੁਗਲ ਇਤਿਹਾਸ ਉੱਚ ਕਲਾਸਾਂ ਵਿੱਚ ਅਜੇ ਵੀ ਪੜ੍ਹਾਇਆ ਜਾਂਦਾ ਹੈ। ਕੇਂਦਰੀ ਮੰਤਰੀ ਸੁਕੰਤ ਮਜੂੰਦਾਰ ਨੇ ਕਿਹਾ ਹੈ ਕਿ 'ਮੁਗਲ ਯੁੱਗ ਨੂੰ ਹਟਾਇਆ ਨਹੀਂ ਗਿਆ, ਸਿਰਫ਼ ਦੁਹਰਾਉ ਵਾਲੀ ਸਮੱਗਰੀ ਘਟਾਈ ਗਈ ਹੈ।' ਪਰ ਵਿਰੋਧੀ ਪਾਰਟੀਆਂ ਅਤੇ ਵਿਦਵਾਨ ਇਸ ਨੂੰ ਇਤਿਹਾਸ ਨੂੰ ਮੁੜ ਲਿਖਣ ਦੀ ਕੋਸ਼ਿਸ਼ ਕਹਿੰਦੇ ਹਨ। ਉਨ੍ਹਾਂ ਮੁਤਾਬਕ, ਮੁਗਲਾਂ ਨੂੰ ਹਟਾ ਕੇ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਿੱਖ ਇਤਿਹਾਸ ਦੇ ਘਟਾਉਣ ਨਾਲ ਸਿੱਖ ਪੰਥ ਵਿੱਚ ਵੀ ਨਾਰਾਜ਼ਗੀ ਹੈ। ਇੱਕ ਪੁਰਾਣੀ ਘਟਨਾ ਵਿੱਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ (ਪੀਐੱਸਈਬੀ) ਨੇ 2018 ਵਿੱਚ ਸਿੱਖ ਗੁਰੂਆਂ ਬਾਰੇ 23 ਅਧਿਆਏ ਹਟਾਏ ਸਨ, ਜਿਸ ਨਾਲ ਵੱਡਾ ਵਿਵਾਦ ਹੋਇਆ ਸੀ। ਹੁਣ ਐੱਨਸੀਈਆਰਟੀ ਵਿੱਚ ਵੀ ਅਜਿਹਾ ਹੀ ਲੱਗ ਰਿਹਾ ਹੈ।ਸਿੱਖ ਵਿਦਵਾਨ ਡਾਕਟਰ ਸੁਖਦਿਆਲ ਸਿੰਘ ਅਨੁਸਾਰ ਸਿੱਖ ਇਤਿਹਾਸ ਨੂੰ ਘਟਾਉਣ ਨਾਲ ਵਿਦਿਆਰਥੀਆਂ ਨੂੰ ਪੂਰੀ ਤਸਵੀਰ ਨਹੀਂ ਮਿਲੇਗੀ। ਸਿੱਖਾਂ ਨੇ ਨਾ ਸਿਰਫ਼ ਮੁਗਲਾਂ ਨਾਲ ਲੜਾਈ ਕੀਤੀ ਬਲਕਿ ਅਫਗਾਨੀ ਹਮਲਾਵਰਾਂ ਤੋਂ ਵੀ ਪੰਜਾਬ ਨੂੰ ਬਚਾਇਆ। ਨਾਦਿਰ ਸ਼ਾਹ ਨੇ 1739 ਵਿੱਚ ਦਿੱਲੀ ਤੇ ਹਮਲਾ ਕੀਤਾ ਅਤੇ ਵੱਡੀ ਲੁੱਟ ਕੀਤੀ, ਪਰ ਸਿੱਖਾਂ ਨੇ ਉਸ ਨੂੰ ਰੋਕਣ ਵਿੱਚ ਭੂਮਿਕਾ ਨਿਭਾਈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ 1767 ਤੱਕ ਕਈ ਵਾਰ ਹਮਲੇ ਕੀਤੇ, ਅਤੇ ਸਿੱਖਾਂ ਨੇ ਉਸ ਨਾਲ ਲੜ ਕੇ ਪੰਜਾਬ ਨੂੰ ਆਜ਼ਾਦ ਕਰਾਇਆ। ਸ਼ਾਹ ਜ਼ਮਾਨ ਨੇ ਵੀ 1790 ਵਿੱਚ ਹਮਲੇ ਕੀਤੇ, ਪਰ ਰਣਜੀਤ ਸਿੰਘ ਨੇ ਉਸ ਨੂੰ ਹਰਾਇਆ। ਇਹ ਘਟਨਾਵਾਂ ਸਿੱਖ ਬਹਾਦੁਰੀ ਅਤੇ ਭਾਰਤੀ ਇਤਿਹਾਸ ਦਾ ਹਿੱਸਾ ਹਨ। ਇਨ੍ਹਾਂ ਨੂੰ ਹਟਾਉਣ ਨਾਲ ਬੱਚੇ ਇੱਕ ਪੱਖੀ ਨਜ਼ਰੀਏ ਨਾਲ ਵੱਡੇ ਹੋਣਗੇ।

## ਸੰਘ ਪਰਿਵਾਰ ਦੀ ਰਾਜਨੀਤੀ ਦਾ ਪ੍ਰਭਾਵ ਕੀ ਹੈ?

ਐੱਨਸੀਈਆਰਟੀ ਦੇ ਇਨ੍ਹਾਂ ਬਦਲਾਵਾਂ ਤੇ ਵਿਵਾਦ ਬਹੁਤ ਪੁਰਾਣਾ ਹੈ। ਵਿਦਵਾਨਾਂ ਮੁਤਾਬਕ, ਇਹ ਬਦਲਾਅ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਵਿਚਾਰਧਾਰਕ ਏਜੰਡੇ ਨਾਲ ਮੇਲ ਖਾਂਦੇ ਹਨ। ਆਰਐੱਸਐੱਸ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਮੁਸਲਿਮ ਸ਼ਾਸਕਾਂ ਨੂੰ ਹਮਲਾਵਰ ਵਜੋਂ ਵਿਖਾਉਂਦਾ ਹੈ।

ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਨੇ ਕਿਹਾ ਹੈ ਕਿ ਇਹ ਬਦਲਾਅ ਆਰਐੱਸਐੱਸ-ਬੀਜੇਪੀ ਦੇ ਵੱਡੇ ਵਿਚਾਰਧਾਰਕ ਟੀਚਿਆਂ ਨਾਲ ਜੁੜੇ ਹਨ। ਪਰ ਸਰਕਾਰ ਅਤੇ ਐੱਨਸੀਈਆਰਟੀ ਇਸ ਨੂੰ ਨਕਾਰਦੇ ਹਨ। ਉਨ੍ਹਾਂ ਮੁਤਾਬਕ, ਬਦਲਾਅ ਵਿਦਿਆਰਥੀਆਂ ਦੇ ਬੋਝ ਨੂੰ ਘਟਾਉਣ ਅਤੇ ਭਾਰਤੀ ਸੰਸਕ੍ਰਿਤੀ ਤੇ ਜ਼ੋਰ ਦੇਣ ਲਈ ਹਨ।

ਵਿਰੋਧੀ ਪਾਰਟੀਆਂ ਜਿਵੇਂ ਕਾਂਗਰਸ ਅਤੇ ਡੀਐੱਮਕੇ ਇਸ ਨੂੰ ਫਿਰਕੂਵਾਦ ਕਹਿੰਦੀਆਂ ਹਨ। ਉਨ੍ਹਾਂ ਮੁਤਾਬਕ, ਮੁਸਲਿਮ ਸ਼ਾਸਕਾਂ ਦੇ ਨਕਾਰਾਤਮਕ ਪੱਖ ਤੇ ਜ਼ੋਰ ਦੇ ਕੇ ਧਰਮ ਨਿਰਪੱਖਤਾ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਪਰ ਭਾਜਪਾ ਕਹਿੰਦੀ ਹੈ ਕਿ ਇਹ ਤੱਥਾਂ ਤੇ ਅਧਾਰਿਤ ਹੈ ਅਤੇ ਪੁਰਾਣੀਆਂ ਕਿਤਾਬਾਂ ਵਿੱਚ ਵੀ ਅਜਿਹੇ ਵੇਰਵੇ ਸਨ, ਪਰ ਘੱਟ। ਪ੍ਰੋਫੈਸਰ ਅਪੂਰਵਾਨੰਦ ਕਹਿੰਦੇ ਹਨ ਕਿ ਇਤਿਹਾਸ ਨੂੰ ਨਿਰਪੱਖ ਰੱਖਣਾ ਚਾਹੀਦਾ ਹੈ ਅਤੇ ਰਾਜਨੀਤੀ ਨੂੰ ਦੂਰ ਰੱਖਿਆ ਜਾਣਾ ਚਾਹੀਦਾ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**(ੳ) ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਦੂਜੀ:**

ਇਹ ਗੁਰਦੁਆਰਾ ਗੁਰੂ ਅੰਗਦ ਸਾਹਿਬ (ਦੂਜੇ ਨਾਨਕ) ਦੇ ਜਨਮ ਅਸਥਾਨ ਕਰਕੇ ਪ੍ਰਸਿੱਧ ਹੈ। ਗੁਰਦੁਆਰਾ ਧਰਤੀ ਤੋਂ ਕਾਫ਼ੀ ਉਂਚਾ, ਪਿੰਡ ਦੇ ਪੂਰਬ ਵੱਲ ਹੈ। 1950 ਵਿੱਚ ਸੰਤ ਗੁਰਮੁੱਖ ਸਿੰਘ ਕਾਰ ਸੇਵਾ ਵਾਲਿਆਂ ਦੀ ਨਿਗਰਾਨੀ ਹੇਠ ਬਣਿਆ ਹੈ। ਪ੍ਰਕਾਸ਼ ਅਸਥਾਨ, ਉਚਾ ਸੰਗਮਰਮਰ ਦਾ ਬਣਿਆ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਕ ਵੱਡਾ ਹਾਲ 14X14 ਮੀਟਰ ਦਾ ਹੈ। ਗੁਰਦੁਆਰਾ ਗੁੰਬਦਨੁਮਾ ਹੈ। ਛੱਤ ਦੇ ਕੋਨਿਆਂ 'ਤੇ ਵੀ ਸੰਗਮਰਮਰ ਦੀ ਨਕਾਸ਼ੀ ਹੋਈ ਹੈ। ਗੁਰਦੁਆਰੇ ਦੇ ਨਾਲ ਹੀ ਸਰੋਵਰ ਬਣਿਆ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ। ਇਹ ਅਸਥਾਨ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

**(ਅ) ਗੁਰਦੁਆਰਾ ਪਹਿਲੀ ਪਾਤਸ਼ਾਹੀ:**

ਇਹ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਬਣਿਆ ਗੁਰਦੁਆਰਾ ਹੈ। ਗੁਰ-ਦੁਆਰਾ ਉਂਚੀ ਚਾਰ ਦੀਵਾਰੀ ਅੰਦਰ ਟਿੱਬੀ 'ਤੇ ਪਿੰਡ ਦੀ ਇਕ ਨੁੱਕਰ ਵਿੱਚ ਹੈ। ਪੁਰਾਣੀ ਗੁਰਦੁਆਰਾ ਇਮਾਰਤ ਉਂਚੀ ਕੁਰਸੀ 'ਤੇ ਵਣ ਬ੍ਰਿਛ (Quercus Incana) ਗੁਰਦੁਆਰੇ ਦੇ ਪਿੱਛੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਅਹਾਤੇ ਅੰਦਰ ਵੜਦਿਆਂ ਹੀ ਇਕ ਵੱਡੇ ਹਾਲ ਵਿੱਚ ਕੀਤਾ ਜਾਂਦਾ ਹੈ। ਪੁਰਾਣਾ ਸਰੋਵਰ ਹੇਠਲੀ ਸਤ੍ਹਾ 'ਤੇ ਹੈ। ਨਵੇਂ ਗੁਰਦੁਆਰੇ ਦੀ ਇਮਾਰਤ ਵਿੱਚ ਹਾਲ 10X14 ਮੀਟਰ ਦੇ ਵਿੱਚਕਾਰ ਪ੍ਰਕਾਸ਼ ਅਸਥਾਨ ਹੈ।

**ਪੁਸਤਕ ਸੂਚੀ:–**

1. ਤਾਰਾ ਸਿੰਘ (ਨਰੋਤਮ)– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨੱਕਲ, 1975
2. ਗੁਰਮੁੱਖ ਸਿੰਘ– ਹਿਸਟਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995
3. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
4. ਸੰਤੋਖ ਸਿੰਘ, ਭਾਈ– ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927–35

## ਸਰਾਲਾ (ਸਰਹਾਲਾ ਖੁਰਦ)

ਸਰਾਲਾ ਪਿੰਡ ਨੂੰ ਸਰਾਲਾ ਰੈਨਵਾਂ ਵੀ ਆਖਿਆ ਜਾਂਦਾ ਹੈ। ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿੱਚ ਬੰਗਾ ਦੇ ਪੱਛਮ ਵੱਲ 12 ਕਿਲੋਮੀਟਰ ਦੂਰ ਹੈ ਸਰਾਲਾ। ਬੰਗਾ ਦਾ ਅਕਸ਼ਾਂਸ਼ 310-11 ਅਤੇ ਰੇਖਾਂਸ਼ ਦੇਸ਼ਾਂਤਰ 760 ਹੈ। ਇਸ ਪਿੰਡ ਵਿੱਚ ਮਾਲ ਦੀ ਹਦੂਦ ਅੰਦਰ ਇਤਿਹਾਸਕ ਗੁਰਦੁਆਰਾ ਪਲਾਹ ਪੰਜ ਤਲਾਈ ਸੁਸ਼ੋਭਿਤ ਹੈ ਜੋ ਗੁਰੂ ਤੇਗ ਬਹਾਦਰ ਸਾਹਿਬ (1621–75) ਦੀ ਯਾਦ ਵਿੱਚ ਬਣਿਆ ਹੈ। ਗੁਰੂ ਸਾਹਿਬ ਇਸ ਪਿੰਡ ਵਿੱਚ ਆਪਣੇ ਦੁਆਬੇ ਦੇ ਸਫ਼ਰ ਦੌਰਾਨ ਆਏ ਸਨ। ਗੁਰਦੁਆਰਾ ਸਾਹਿਬ, ਸਰਾਲਾ ਅਤੇ ਚੱਕ ਗੁਰੂ ਦੇ ਖੇਤਾਂ ਵਿੱਚਕਾਰ ਆਉਂਦਾ ਹੈ।

ਅਜੋਕੀ ਗੁਰਦੁਆਰਾ ਇਮਾਰਤ 1978 ਵਿੱਚ ਸੰਤ ਸੇਵਾ ਸਿੰਘ ਨੇ ਬਣਾਈ ਜੋ ਲਗਾਤਾਰ ਇਸ ਦਾ ਪ੍ਰਬੰਧ ਵੀ ਕਰਦੇ ਹਨ। ਇਹ ਚਾਰ ਮੰਜ਼ਲੀ ਇਮਾਰਤ ਹੈ ਜਿਸ ਵਿੱਚ ਸੰਗਮਰਮਰ ਦਾ ਹਾਲ, ਜ਼ਮੀਨੀ ਮੰਜ਼ਿਲ 'ਤੇ ਹੈ। ਗੁਰਦੁਆਰੇ ਦੇ ਖੱਬੇ ਪਾਸੇ ਗੁਰੂ ਕਾ ਲੰਗਰ ਹੈ। ਰੋਜ਼ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਪ੍ਰਮੁੱਖ ਗੁਰਪੁਰਬ ਅਤੇ ਵਿਸ਼ੇਸ਼ ਜੋੜ-ਮੇਲੇ ਹੁੰਦੇ ਹਨ, ਖ਼ਾਸ ਕਰ ਹਰ ਸਾਲ ਮਾਰਚ ਦੇ ਹੋਲਾ ਮੁਹੱਲਾ 'ਤੇ। ਇਸ ਗੁਰ-ਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:–**

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਹਰਬੰਸ ਸਿੰਘ (ਸੰ)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998
3. ਫ਼ੌਜਾ ਸਿੰਘ– ਗੁਰੂ ਤੇਗ ਬਹਾਦਰ, ਯਾਤਰਾਵਾਂ, ਅਸਥਾਨ, ਪ੍ਰੰਪਰਾਵਾਂ ਅਤੇ ਯਾਦ ਚਿੰਨ੍ਹ, ਪਟਿਆਲਾ, 1976

## ਸਰਾਵ (ਸਰਾਵਾਂ)

ਪੰਜਾਬ ਦੇ ਫ਼ਰੀਦਕੋਟ ਦੇ ਕੋਲ ਬਹਿਬਲ ਪਿੰਡ ਤੋਂ ਡੇਢ ਕਿਲੋਮੀਟਰ ਦੂਰ ਪੱਛਮ ਵੱਲ ਪਿੰਡ ਸਰਾਵ ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਬਾਰਕ ਕਦਮ ਪਏ ਹਨ। ਇਸ ਪਿੰਡ ਨੂੰ ਸਰਾਵਾਂ ਕਰਕੇ ਵੀ ਬੁਲਾਇਆ ਜਾਂਦਾ ਹੈ। ਪਹਿਲਾਂ ਇਹ ਕੋਟਕਪੂਰਾ ਥਾਣੇ ਵਿੱਚ ਆਉਂਦਾ ਸੀ। ਇਸ ਗੁਰਦੁਆਰੇ ਨੂੰ ਫ਼ਰੀਦਕੋਟ ਰਿਆਸਤ ਵੱਲੋਂ ਤਿਆਰ ਕੀਤਾ ਗਿਆ ਸੀ। ਗੁਰ-ਦੁਆਰੇ ਨਾਲ ਕੁਝ ਜ਼ਮੀਨ ਲੱਗੀ ਹੋਈ ਹੈ। ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸਰੋਜ (ਸਲੀਨਾ)

ਸਰੋਜ ਨੂੰ ਸਿਰੋਜ ਵੀ ਆਖਦੇ ਹਨ। ਭਾਈ ਸੰਤੋਖ ਸਿੰਘ ਜੀ ਨੇ ਸਰੋਜ ਹੀ ਲਿਖਿਆ ਹੈ। ਇਹ ਸ਼ਹਿਰ ਅੱਜ ਕੱਲ੍ਹ ਮੱਧ ਪ੍ਰਦੇਸ਼ ਵਿੱਚ ਆਉਂਦਾ ਹੈ। ਇਸ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ 1707-08 ਨੂੰ ਨਾਂਦੇੜ ਜਾਣ ਸਮੇਂ ਆਏ ਸਨ। ਇਹ ਰਿਆਸਤ ਟਾਂਕ ਤੋਂ 300 ਕਿਲੋਮੀਟਰ ਦੂਰ ਦੱਖਣ-ਪੂਰਬ ਵੱਲ ਸਥਿਤ ਹੈ। ਗੁਰ-ਪ੍ਰਤਾਪ ਸੂਰਜ ਗ੍ਰੰਥ ਵਿੱਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ। ਸ਼ਹਰ ਸਰੋਜ ਉਜੈਨ ਕੋ ਕਰ ਸੰਗਤ ਮੇਲਾ।

**ਪੁਸਤਕ ਸੂਚੀ:–**

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਸੰਤੋਖ ਸਿੰਘ, ਭਾਈ– ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927–35

## ਸਰੀਂਣਾ

ਪੰਜਾਬ ਦੇ ਜ਼ਿਲ੍ਹਾ ਮੋਗਾ ਵਿੱਚ ਪਿੰਡ ਸਰੀਂਣਾ ਆਉਂਦਾ ਹੈ। ਇਹ ਮੋਗਾ ਤੋਂ 15 ਕਿਲੋਮੀਟਰ ਦੂਰ ਹੈ। ਮੋਗਾ ਦਾ ਅਕਸ਼ਾਂਸ਼ 300-48 ਅਤੇ ਰੇਖਾਂਸ਼ ਦੇਸ਼ਾਂਤਰ 750-10 ਹੈ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਡਰੋਲੀ ਵਿੱਚ ਆਪਣੇ ਸੰਬੰਧੀ ਸਾਂਈਦਾਸ ਜੀ ਕੋਲ ਠਹਿਰੇ ਸਨ ਤਾਂ ਉਸ ਸਮੇਂ ਗੁਰੂ ਸਾਹਿਬ ਜੀ ਦੀ ਪਹਿਲੀ ਧਰਮ ਪਤਨੀ ਕਾਫ਼ੀ ਬਿਮਾਰ ਹੋਈ ਸੀ। ਦਮੋਦਰੀ ਜੀ ਦੇ ਪਿਤਾ ਭਾਈ ਨਰੈਣ ਦਾਸ ਅਤੇ ਮਾਤਾ ਦਿਆ ਕੌਰ ਨੇ ਜਦੋਂ ਇਹ ਖ਼ਬਰ ਸੁਣੀ ਤਾਂ ਉਹ ਪਿੰਡ ਡੱਲਾ (ਦੋਆਬਾ) ਤੋਂ ਡਰੋਲੀ ਵੱਲ ਤੁਰ ਪਏ। ਜਦੋਂ ਉਹ ਪਿੰਡ ਸਰੀਂਣਾ ਪੁੱਜੇ ਜੋ ਡਰੋਲੀ ਤੋਂ 6 ਕਿਲੋਮੀਟਰ ਦੂਰ ਸੀ ਤਾਂ ਉਨ੍ਹਾਂ ਸੁਣਿਆ ਕਿ ਕੇਵਲ ਦਮੋਦਰੀ ਹੀ ਨਹੀਂ ਸਗੋਂ ਉਨ੍ਹਾਂ ਦੀ ਵੱਡੀ ਬੇਟੀ ਰਾਮੋ ਅਤੇ ਉਸ ਦਾ ਪਤੀ ਸਾਂਈਦਾਸ ਵੀ ਗੁਰਪੁਰੀ ਸਿਧਾਰ ਗਏ ਹਨ। ਇਹ ਦੁੱਖਦਾਈ ਖ਼ਬਰ ਸੁਣ ਕੇ ਨਰੈਣ ਦਾਸ ਅਤੇ ਮਾਤਾ ਦਿਆ ਕੌਰ ਵੀ ਅਕਾਲ ਚਲਾਣਾ ਕਰ ਗਏ। ਗੁਰੂ ਸਾਹਿਬ ਉਨ੍ਹਾਂ ਦੇ ਮ੍ਰਿਤਕ ਸਰੀਰਾਂ ਨੂੰ ਡਰੋਲੀ ਲੈ ਗਏ ਅਤੇ ਆਪਣੇ ਹੱਥੀਂ ਸਸਕਾਰ ਕੀਤਾ। ਸਰੀਂਣਾ ਪਿੰਡ ਵਿੱਚ ਇਕ ਛੋਟਾ ਜਿਹਾ ਗੁਰਦੁਆਰਾ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਹੁਰੇ ਪਰਿਵਾਰ ਦੀ ਯਾਦ ਵਿੱਚ ਬਣਿਆ ਹੈ। ਪਿੰਡ ਵੱਲੋਂ ਅੱਠ ਕਨਾਲ ਜ਼ਮੀਨ ਲੱਗੀ ਹੈ। ਅਜੋਕੀ ਇਮਾਰਤ 1944 ਵਿੱਚ ਬਣੀ ਹੈ, ਜਿਸ ਵਿੱਚ ਵੱਡਾ ਹਾਲ, ਪ੍ਰਕਾਸ਼ ਅਸਥਾਨ ਉਪਰ ਅੱਠ ਕੋਨਾਂ ਵਾਲਾ ਗੁੰਬਦ ਬਣਿਆ ਹੈ। 1956 ਵਿੱਚ ਬਾਉਲੀ ਦਾ ਵਿਸਥਾਰ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:–**

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸਲੂਰੀ

ਇਹ ਪਿੰਡ ਰਿਆਸਤ ਹਿਮਾਚਲ ਪ੍ਰਦੇਸ਼ ਵਿੱਚ ਆਉਂਦਾ ਹੈ। ਇਹ ਪਿੰਡ ਊਨਾ ਦੇ ਉਤਰ ਵੱਲ 16 ਕਿਲੋਮੀਟਰ ਦੂਰ ਊਨਾ-ਅੰਬ ਸੜਕ 'ਤੇ ਆਉਂਦਾ ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ 1691 ਦੇ ਸ਼ੁਰੂ ਵਿੱਚ ਠਹਿਰੇ ਸਨ। ਸਤਲੁਜ ਦਰਿਆ ਦੀ ਇਕ ਸ਼ਾਖਾ ਸੋਹਾਂ ਦੇ ਖੱਬੇ ਕਿਨਾਰੇ ਗੁਰਦੁਆਰਾ ਪਾਤਸ਼ਾਹੀ ਦੱਸਵੀਂ ਬਣਿਆ ਹੈ। ਦੋ ਮੀਟਰ ਚਕੋਰ ਗੁੰਬਦਨੁਮਾ ਪ੍ਰਕਾਸ਼ ਅਸਥਾਨ ਮਹਾਰਾਜਾ ਰਣਜੀਤ ਸਿੰਘ ਨੇ 1829 ਵਿੱਚ ਮਿਸਤਰੀ ਨੌਧ ਸਿੰਘ ਰਾਹੀਂ ਬਣਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ 1.25 ਚਕੋਰ ਬੜ੍ਹੇ 'ਤੇ ਹੁੰਦਾ ਹੈ, ਜਿਥੇ ਆਖਿਆ ਜਾਂਦਾ ਹੈ ਕਿ ਗੁਰੂ ਸਾਹਿਬ ਆਰਾਮ ਲਈ ਬਿਰਾਜੇ ਸਨ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਸਲੂਰੀ ਹੁਸ਼ਿਆਰਪੁਰ ਤੋਂ 40 ਕਿਲੋਮੀਟਰ ਅਤੇ ਅਨੰਦਪੁਰ ਸਾਹਿਬ ਤੋਂ 45 ਕਿਲੋਮੀਟਰ ਦੂਰ ਹੈ। ਗੁਰਦੁਆਰਾ ਇਕ ਉਂਚੀ ਪਹਾੜੀ 'ਤੇ ਸੁਸ਼ੋਭਿਤ ਹੈ।

**ਪੁਸਤਕ ਸੂਚੀ:–**

1. ਠਾਕਰ ਸਿੰਘ ਗਿ.– ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ (ਨਰੋਤਮ)– ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨੱਕਲ, 1975
3. ਗੁਰਮੁੱਖ ਸਿੰਘ– ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995
4. ਦਿਲਗੀਰ, ਹਰਜਿੰਦਰ ਸਿੰਘ (ਡਾ.) ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997
5. ਹਰਬੰਸ ਸਿੰਘ (ਸੰ)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998
6. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸ਼ਾਹਪੁਰ ਕਲਾਂ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਸ਼ਾਹਪੁਰ ਕਲਾਂ ਪਿੰਡ ਹੈ, ਜੋ ਸੁਨਾਮ ਦੇ ਪੱਛਮ ਵੱਲ 13 ਕਿਲੋਮੀਟਰ ਦੂਰ ਹੈ। ਸੁਨਾਮ ਦਾ ਅਕਸ਼ਾਂਸ਼ 300-7 ਅਤੇ ਰੇਖਾਂਸ਼ ਦੇਸ਼ਾਂਤਰ 750-48 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਮਾਲਵੇ ਦੇਸ਼ ਵਿੱਚ ਪ੍ਰਚਾਰ ਸਮੇਂ ਆਏ ਸਨ ਅਤੇ ਪਿੰਡ ਦੇ ਤਾਲਾਬ ਦੇ ਉੱਤਰੀ ਸਿਰੇ ਕੋਲ ਬੈਠੇ ਸਨ। ਹੁਣ ਇਸ ਥਾਂ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਬਣਿਆ ਹੈ। ਪਹਿਲਾਂ ਕਮਰਾ ਮੁਰੱਬਾ ਆਕਾਰ ਦਾ ਗੁੰਬਦਨੁਮਾ ਸੀ ਜਿਸ ਦਾ ਵਰਾਂਡਾ ਗੋਲ ਆਕਾਰ ਦਾ ਸੀ। ਹੁਣ ਦਰਬਾਰ ਸਾਹਿਬ ਵੱਖਰਾ ਹਾਲ ਹੈ, ਜਿਸ ਦੇ ਵਿੱਚਕਾਰ ਮੁਰੱਬਾ ਪ੍ਰਕਾਸ਼ ਅਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦੋਵੇਂ ਇਮਾਰਤਾਂ ਵਿੱਚ ਹੁੰਦਾ ਹੈ। ਗੁਰਦੁਆਰੇ ਦਾ ਪ੍ਰਬੰਧ ਪਿੰਡ ਵੱਲੋਂ ਬਣਾਈ ਕਮੇਟੀ ਕਰਦੀ ਹੈ। ਗੁਰਦੁਆਰੇ ਨਾਲ ਪਿੰਡ ਵੱਲੋਂ 25 ਏਕੜ ਜ਼ਮੀਨ ਲੱਗੀ ਹੋਈ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:–**

1. ਫ਼ੌਜਾ ਸਿੰਘ– ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ 1976 2. ਵਿਸਾਖਾ ਸਿੰਘ, ਸੰਤ– ਮਾਲਵਾ ਇਤਿਹਾਸ, ਕਿਸ਼ਨਪੁਰ, 1954 3. ਗੁਰਮੁੱਖ ਸਿੰਘ– ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤ-ਸਰ-1995 4. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 5. ਹਰਬੰਸ ਸਿੰਘ (ਸੰ)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ ਚੌਥੀ, ਪਟਿਆਲਾ, 1998

ਬਾਕੀ ਅਗਲੇ ਹਫ਼ਤੇ ਪੜ੍ਹੋ

# ਕੈਨੇਡੀਅਨ ਬਾਰਡਰ ਅਫਸਰ ਨੂੰ ਭਾਰਤ ਦੀ 'ਪ੍ਰੋਪੇਗੰਡਾ ਮਸ਼ੀਨ' ਨੇ ਬਣਾਇਆ ਨਿਸ਼ਾਨਾ, ਹੁਣ ਮੁਕੱਦਮਾ ਠੋਕਿਆ

ਵੈਨਕੂਵਰ-ਦੀ ਗਲੋਬਲ ਮੇਲ ਕੈਨੇਡਾ ਦੀ ਖਬਰ ਅਨੁਸਾਰ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਦੇ ਸੀਨੀਅਰ ਅਫਸਰ ਸੰਨੀ ਸਿੱਧੂ (ਅਸਲ ਨਾਮ ਸੰਦੀਪ ਸਿੰਘ ਸਿੱਧੂ) ਨੇ ਭਾਰਤ ਸਰਕਾਰ ਅਤੇ ਕੈਨੇਡਾ ਸਰਕਾਰ ਖਿਲਾਫ਼ 90 ਲੱਖ ਡਾਲਰ ਦਾ ਮੁਕੱਦਮਾ ਦਾਇਰ ਕੀਤਾ ਹੈ। ਉਸ ਦਾ ਦੋਸ਼ ਹੈ ਕਿ ਭਾਰਤ ਨੇ ਉਸ ਨੂੰ ਜਾਣ-ਬੁੱਝ ਕੇ "ਆਤੰਕਵਾਦੀ" ਕਹਿ ਕੇ ਬਦਨਾਮ ਕੀਤਾ ਅਤੇ ਕੈਨੇਡਾ ਸਰਕਾਰ ਨੇ ਉਸ ਦੀ ਰਾਖੀ ਨਹੀਂ ਕੀਤੀ, ਸਗੋਂ ਉਸ ਨੂੰ ਇਕੱਲਾ ਛੱਡ ਦਿੱਤਾ। ਸੰਨੀ ਸਿੱਧੂ ਬੀ.ਸੀ. ਵਿੱਚ ਪੈਦਾ ਹੋਇਆ ਸੀ ਅਤੇ ਕੈਨੇਡੀਅਨ ਨਾਗਰਿਕ ਹੈ। ਉਹ 20 ਸਾਲਾਂ ਤੋਂ ਕੈਨੇਡਾ ਦੀ ਸਰਹੱਦ ਦੀ ਸੁਰੱਖਿਆ ਕਰ ਰਿਹਾ ਹੈ। ਉਹ ਨਾ ਤਾਂ ਸਿਆਸਤ ਨਾਲ ਜੁੜਿਆ ਹੈ, ਨਾ ਹੀ ਧਾਰਮਿਕ ਤੌਰ ਉਪਰ ਸਰਗਰਮ ਸਿੱਖ ਹੈ। ਪਹਿਲਾਂ ਉਹ ਟੀ.ਵੀ. ਸ਼ੋਅ 'ਬਾਰਡਰ ਸਿਕਿਊਰਟੀ ' ਵਿੱਚ ਵੀ ਨਜ਼ਰ ਆ ਚੁੱਕਿਆ ਸੀ। ਪਰ 2024 ਤੋਂ ਭਾਰਤੀ ਮੀਡੀਆ ਨੇ ਉਸ ਨੂੰ "ਖ਼ਤਰਨਾਕ ਖਾੜਕੂ" ਅਤੇ "ਖਾਲਿਸਤਾਨੀ" ਦੱਸ ਕੇ ਪੂਰੀ ਦੁਨੀਆਂ ਵਿੱਚ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ।

### ਕੀ ਹੋਇਆ ਸੀ ?

ਗਲੋਬਲ ਨਿਊਜ ਅਖਬਾਰ ਅਨੁਸਾਰ 2023 ਵਿੱਚ ਸਰੀ (ਬੀ.ਸੀ.) ਵਿੱਚ ਖਾਲਿਸਤਾਨ ਸਮਰਥਕ ਨੇਤਾ ਹਰਦੀਪ ਸਿੰਘ ਨਿੱਝਰ ਦਾ ਕਤਲ ਹੋਇਆ ਸੀ। ਕੈਨੇਡਾ ਨੇ ਇਸ ਵਿੱਚ ਭਾਰਤੀ ਏਜੰਟਾਂ ਦਾ ਹੱਥ ਦੱਸਿਆ ਸੀ। ਇਸ ਤੋਂ ਬਾਅਦ ਭਾਰਤ ਬਹੁਤ ਨਰਾਜ਼ ਹੋ ਗਿਆ ਸੀ। ਜਵਾਬ ਵਜੋਂ ਭਾਰਤੀ ਮੀਡੀਆ ਅਤੇ ਸੋਸ਼ਲ ਮੀਡੀਆ ਨੇ ਕੈਨੇਡਾ ਨੂੰ "ਖਾੜਕੂਆਂ ਦਾ ਸਵਰਗ" ਦੱਸਣਾ ਸ਼ੁਰੂ ਕਰ ਦਿੱਤਾ ਸੀ।

ਅਕਤੂਬਰ 2024 ਵਿੱਚ ਭਾਰਤੀ ਚੈਨਲਾਂ (ਜਿਵੇਂ ਇੰਡੀਆ ਟੂਡੇ, ਟਾਈਮਜ਼ ਨਊ)



ਨੇ ਵੱਡੀਆਂ-ਵੱਡੀਆਂ ਹੈੱਡਲਾਈਨਾਂ ਲਾਈਆਂ:

"ਟਰੂਡੋ ਦਾ ਟੈਕਸ ਨਾਲ ਪਾਲਿਆ ਆਤੰਕਵਾਦੀ"

"ਕੈਨੇਡਾ ਨੇ ਕਾਤਲ ਨੂੰ ਨੌਕਰੀ ਦਿੱਤੀ"

"ਸੰਦੀਪ ਸਿੰਘ ਸਿੱਧੂ = ਖ਼ਤਰਨਾਕ ਖਾਲਿਸਤਾਨੀ ਆਤੰਕੀ"

ਉਨ੍ਹਾਂ ਨੇ ਦੋਸ਼ ਲਾਇਆ ਕਿ ਸੰਨੀ ਸਿੱਧੂ ਅਸਲ ਵਿੱਚ "ਟਰਾਂਟੋ ਸੰਨੀ" ਨਾਮ ਦਾ ਭਗੌੜਾ ਹੈ, ਪਾਕਿਸਤਾਨ ਦੀ ਆਈਐਸਆਈ ਨਾਲ ਮਿਲ ਕੇ ਕੰਮ ਕਰਦਾ ਹੈ, ਅਤੇ ਭਾਰਤ ਵਿੱਚ ਕਈ ਕਤਲ ਕਰਵਾਏ ਹਨ।

ਪਰ ਸੱਚ ਇਹ ਸੀ ਕਿ ਸੰਨੀ ਸਿੱਧੂ ਦਾ ਉਸ ਭਗੌੜੇ ਨਾਲ ਕੋਈ ਰਿਸ਼ਤਾ ਨਹੀਂ। ਸਿਰਫ਼ ਨਾਮ ਇੱਕੋ ਜਿਹਾ ਸੀ ਅਤੇ ਉਹ ਸਿੱਖ ਨਾਮ ਵਾਲਾ ਸੀ, ਇਸ ਲਈ ਭਾਰਤ ਨੇ ਉਸ ਨੂੰ ਆਸਾਨ ਨਿਸ਼ਾਨਾ ਬਣਾ ਲਿਆ।

### ਧਮਕੀਆਂ ਅਤੇ ਡਰ ਦਾ ਮਾਹੌਲ

ਭਾਰਤੀ ਚੈਨਲਾਂ ਨੇ ਸੰਨੀ ਦੀਆਂ ਫੋਟੋਆਂ, ਘਰ ਦਾ ਪਤਾ, ਗੂਗਲ ਮੈਪ ਤੋਂ ਏਰੀਅਲ ਫੋਟੋ ਵੀ ਦਿਖਾਈ। ਸੋਸ਼ਲ ਮੀਡੀਆ ਤੇ ਲੋਕ ਲਿਖਣ ਲੱਗ ਪਏ:

"ਇਸ ਦਾ ਪਤਾ ਏਨਾ ਹੈ, ਜਾਓ ਮਾਰੋ ਇਸ ਨੂੰ"

"ਇਸ ਨੂੰ ਭਾਰਤ ਲਿਆਓ, ਗੋਲੀ ਮਾਰ ਦਿਆਂਗੇ"

ਐਬਟਸਫ਼ੋਰਡ ਪੁਲਿਸ ਨੇ ਸੰਨੀ ਨੂੰ ਚਿਤਾਵਨੀ ਦਿੱਤੀ ਕਿ ਭਾਰਤ ਪਹਿਲਾਂ ਵੀ 9 ਹੋਰ ਲੋਕਾਂ ਬਾਰੇ ਅਜਿਹੇ ਝੂਠੇ ਦੋਸ਼ ਲਗਾ ਚੁੱਕਿਆ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਦਾ ਕਤਲ ਵੀ ਹੋ ਗਿਆ ਸੀ। ਪੁਲਿਸ ਨੇ ਕਿਹਾ:

ਆਪਣੀ ਗੱਡੀ ਬਦਲੋ

ਰੂਟ ਬਦਲ ਕੇ ਜਾਓ

ਦਾੜ੍ਹੀ-ਮੁੱਛ ਕੱਟੋ

ਘਰ ਖ਼ਾਲੀ ਕਰੋ

ਸੰਨੀ ਨੂੰ ਡਰ ਲੱਗਣ ਲੱਗ ਪਿਆ ਸੀ। ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਅਤੇ ਆਖ਼ਰ ਵਿੱਚ ਵੈਨਕੂਵਰ ਦੇ ਸੇਂਟ ਪਾਲ ਹਸਪਤਾਲ ਵਿੱਚ ਰਿਹੈਬ ਸੈਂਟਰ ਵਿੱਚ ਦਾਖ਼ਲ ਹੋਣਾ ਪਿਆ। ਡਾਕਟਰਾਂ ਨੇ ਉਸ ਨੂੰ ਡਿਪ੍ਰੈਸ਼ਨ, ਐਂਗਜ਼ਾਈਟੀ ਅਤੇ ਤਣਾਅ ਦੀ ਬਿਮਾਰੀ ਦਾ ਸ਼ਿਕਾਰ ਦੱਸਿਆ ਸੀ।

### ਕੈਨੇਡਾ ਸਰਕਾਰ ਨੇ ਵੀ ਸਾਥ ਨਹੀਂ ਦਿੱਤਾ

ਸੰਨੀ ਨੇ ਆਪਣੇ ਦਫ਼ਤਰ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੂੰ ਸਭ ਕੁਝ ਦੱਸਿਆ। ਉਸ ਨੇ ਕਿਹਾ, "ਮੈਨੂੰ ਵੈਨਕੂਵਰ ਪੋਰਟ ਤੇ ਟਰਾਂਸਫਰ ਕਰ ਦਿਓ, ਉੱਥੇ ਸੁਰੱਖਿਆ ਜ਼ਿਆਦਾ ਹੈ।" ਪਰ ਦਫ਼ਤਰ ਨੇ ਮਨ੍ਹਾ ਕਰ ਦਿੱਤਾ। ਉਲਟਾ ਦਫਤਰ ਨੇ ਭਾਰਤੀ ਖ਼ਬਰ ਨੂੰ ਸਾਰੇ ਸਟਾਫ਼ ਵਿਚ ਈਮੇਲ ਕਰ ਦਿੱਤੀ!

ਸਾਥੀਆਂ ਨੇ ਮਜ਼ਾਕ ਉਡਾਉਣੇ ਸ਼ੁਰੂ ਕਰ ਦਿੱਤੇ:

"ਸੰਨੀ, ਆਪਣੇ ਹਮਾਸ ਵਾਲੇ ਦੋਸਤ ਕਿਵੇਂ ਨੇ ?"

"ਆਪਣੇ ਫਾਰਮ ਤੇ ਬੰਬ ਬਣਾ ਰਿਹਾ ਏਂ ?"

ਜਦੋਂ ਸੰਨੀ ਨੇ ਸੁਰੱਖਿਆ ਲਈ ਬੇਨਤੀ ਕੀਤੀ ਤਾਂ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੇ ਕਿਹਾ, "ਇਹ ਸਾਡੇ ਕੰਮ ਨਾਲ ਸਬੰਧਤ ਨਹੀਂ।" ਮਾਰਚ 2025 ਵਿੱਚ ਉਨ੍ਹਾਂ ਨੇ ਇੱਕ ਰਿਪੋਰਟ ਬਣਾ ਕੇ ਕਹਿ ਦਿੱਤਾ ਕਿ "ਸੰਨੀ ਨੂੰ ਕੋਈ ਖ਼ਤਰਾ ਨਹੀਂ" - ਉਹ ਵੀ ਉਸ ਨਾਲ ਗੱਲ ਕੀਤੇ ਬਿਨਾਂ!

### ਹੁਣ ਮੁਕੱਦਮਾ ਕੀਤਾ

ਸੰਨੀ ਦੇ ਵਕੀਲ ਜੈਫ਼ਰੀ ਕਰੋਕਰ ਨੇ ਓਂਟਾਰੀਓ ਦੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ। ਉਸ ਵਿੱਚ ਦੋ ਮੁੱਖ ਦੋਸ਼ ਹਨ:

ਭਾਰਤ ਸਰਕਾਰ ਨੇ ਜਾਣ-ਬੁੱਝ ਕੇ ਝੂਠੀਆਂ ਖ਼ਬਰਾਂ ਫੈਲਾ ਕੇ ਉਸ ਦੀ ਜ਼ਿੰਦਗੀ ਖ਼ਰਾਬ ਕੀਤੀ।

ਕੈਨੇਡਾ ਸਰਕਾਰ ਅਤੇ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੇ ਆਪਣੇ ਮੁਲਾਜ਼ਮ ਦੀ ਰਾਖੀ ਨਹੀਂ ਕੀਤੀ, ਉਲਟਾ ਉਸ ਨੂੰ ਤੰਗ ਕੀਤਾ। ਉਹ 90 ਲੱਖ ਡਾਲਰ ਮੰਗ ਰਿਹਾ ਹੈ। ਕੇਸ ਦੀ ਪਹਿਲੀ ਸੁਣਵਾਈ 2026 ਦੇ ਸ਼ੁਰੂ ਵਿੱਚ ਹੋਵੇਗੀ। ਭਾਰਤ ਸਰਕਾਰ ਨੇ ਅਜੇ ਤੱਕ ਇਸ ਮੁਕੱਦਮੇ 'ਤੇ ਕੋਈ ਟਿੱਪਣੀ ਨਹੀਂ ਕੀਤੀ।

# ਆਸਟਰੇਲੀਆ ਵਿੱਚ ਭਾਰਤੀ ਮੂਲ ਦੇ ਵਿਅਕਤੀ ਨੂੰ ਹੱਤਿਆ ਕੇਸ 'ਚ 25 ਸਾਲ ਦੀ ਸਜ਼ਾ

**ਕੇਰਨਸ (ਆਸਟਰੇਲੀਆ)-ਆਸਟਰੇਲੀਆ ਦੀ ਇੱਕ ਅਪਰਾਧਿਕ ਅਦਾਲਤ ਨੇ ਭਾਰਤੀ ਮੂਲ ਦੇ 41 ਸਾਲਾ ਰਾਜਵਿੰਦਰ ਸਿੰਘ ਨੂੰ 2018 ਵਿੱਚ ਹੋਈ ਇਕ ਨੌਜਵਾਨ ਔਰਤ ਦੀ ਹੱਤਿਆ ਦੇ ਦੋਸ਼ਾਂ 'ਚ ਜੀਵਨ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਵਿੱਚੋਂ 25 ਸਾਲ ਬਾਅਦ ਪੈਰੋਲ ਲਈ ਯੋਗਤਾ ਬਣੇਗੀ।**

ਮਾਮਲਾ 2018 ਦਾ ਹੈ, ਜਦੋਂ 24 ਸਾਲਾ Toyah Coridngle ਆਪਣਾ ਕੁੱਤਾ ਘੁੰਮਾਉਣ ਲਈ Queensland ਦੇ ਇੱਕ ਸਮੁੰਦਰੀ ਤਟ 'ਤੇ ਗਈ ਸੀ। ਉਸ ਤੋਂ ਕੁਝ ਘੰਟਿਆਂ ਬਾਅਦ ਉਸ ਦੀ ਲਾਸ਼ ਰੇਤ ਵਿੱਚੋਂ ਮਿਲੀ ਸੀ। ਜਾਂਚ 'ਚ ਪਤਾ ਲੱਗਾ ਕਿ ਉਸ 'ਤੇ ਕਈ ਵਾਰ ਛੁਰੀ ਨਾਲ ਵਾਰ ਕੀਤਾ ਗਿਆ ਅਤੇ ਉਸ ਦੀ ਹੱਤਿਆ ਬਹੁਤ ਕ੍ਰੂਰ ਤਰੀਕੇ ਨਾਲ ਕੀਤੀ ਗਈ।

**ਅਦਾਲਤ ਦਾ ਫੈਸਲਾ**

ਕੇਰਨਸ ਸੁਪਰੀਮ ਕੋਰਟ ਦੇ ਜੱਜ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਇਹ "ਮੌਕੇ ਦੀ ਹੱਤਿਆ" ਸੀ ਜਿਸਦਾ ਕੋਈ ਸਪੱਸ਼ਟ ਮੰਤਵ ਸਾਹਮਣੇ ਨਹੀਂ ਆ ਸਕਿਆ। ਜੱਜ ਨੇ ਦੱਸਿਆ ਕਿ ਇਸ ਘਟਨਾ ਨੇ ਪੀੜਿਤ ਪਰਿਵਾਰ ਨੂੰ ਤਬਾਹ ਕਰ ਦਿੱਤਾ ਹੈ ਅਤੇ ਸਮਾਜ 'ਤੇ ਡੂੰਘਾ ਅਸਰ ਛੱਡਿਆ ਹੈ।

ਅਦਾਲਤ ਅਨੁਸਾਰ, ਹੱਤਿਆ ਤੋਂ ਕੁਝ ਸਮੇਂ ਬਾਅਦ Singh ਆਸਟਰੇਲੀਆ ਛੱਡ ਕੇ ਭਾਰਤ ਚਲਾ ਗਿਆ ਸੀ। ਲੰਬੀ ਕਾਨੂੰਨੀ ਕਾਰਵਾਈ ਅਤੇ ਪ੍ਰਤਿਆਰਪਣ ਦੀ ਪ੍ਰਕਿਰਿਆ ਤੋਂ ਬਾਅਦ ਉਸ ਨੂੰ ਆਸਟਰੇਲੀਆ ਵਾਪਸ ਲਿਆ ਕੇ ਮੁਕੱਦਮੇ ਦਾ ਸਾਹਮਣਾ ਕਰਵਾਇਆ ਗਿਆ।

**ਪਰਿਵਾਰ ਦੀ ਪ੍ਰਤੀਕਿਰਿਆ**

Toyah ਦੇ ਪਰਿਵਾਰ ਨੇ ਸਜ਼ਾ ਦੇਣ ਤੋਂ ਬਾਅਦ ਕਿਹਾ ਕਿ ਉਹਨਾਂ ਦੀ ਧੀ ਦੀ ਜਾਨ "ਚੋਰੀ" ਕਰ ਲਈ ਗਈ — ਉਹ ਇਕ ਚੰਗੀ, ਖੁਸ਼ਮਿਜਾਜ਼ ਅਤੇ ਭਵਿੱਖ ਭਰੀ ਜ਼ਿੰਦਗੀ ਜੀਣ ਵਾਲੀ ਨੌਜਵਾਨ ਸੀ। ਪਰਿਵਾਰ ਨੇ ਸਜ਼ਾ ਨੂੰ ਨਿਆਂ ਵੱਲ ਇੱਕ ਮਹੱਤਵਪੂਰਣ ਕਦਮ ਕਿਹਾ।

**ਪੰਥਕ ਅਤੇ ਜਨਤਾ ਦੀ ਪ੍ਰਤੀਕਿਰਿਆ**

ਇਹ ਮਾਮਲਾ ਆਸਟਰੇਲੀਆ 'ਚ ਕਈ ਸਾਲਾਂ ਤੱਕ ਚਰਚਾ ਵਿੱਚ ਰਿਹਾ। ਕਈ ਲੋਕਾਂ ਨੇ ਦੋਸ਼ੀ ਲਈ ਸਖਤ ਸਜ਼ਾ ਦੀ ਮੰਗ ਕੀਤੀ ਸੀ। ਫੈਸਲੇ ਤੋਂ ਬਾਅਦ ਸਮਾਜਿਕ ਮੀਡੀਆ 'ਤੇ ਵੀ ਇਸ ਕੇਸ ਨੂੰ ਲੈ ਕੇ ਲੋਕਾਂ ਨੇ ਰਾਹਤ ਅਤੇ ਸੰਵੇਦਨਾ ਪ੍ਰਗਟ ਕੀਤੀ।

## ਚਮਤਕਾਰੀ ਢੰਗ ਨਾਲ ਬਚੀ ਸਮੁੰਦਰ ਚ ਫਸੇ ਦੋ ਵਿਅਕਤੀਆਂ ਦੀ ਜਾਨ!



ਵੈਨਕੂਵਰ–(ਮਲਕੀਤ ਸਿੰਘ)– ਕਨੇਡਾ ਦੇ ਮਹਾਨਗਰ ਵੈਨਕੂਵਰ ਦੇ ਇਕ ਸਮੁੰਦਰੀ ਆਈਲੈਂਡ ਦੇ ਡੂੰਘੇ ਅਤੇ ਬਰਫੀਲੇ ਪਾਣੀਆਂ ਚ ਲਗਭਗ ਦੋ ਘੰਟੇ ਤੱਕ ਘਿਰੇ ਰਹੇ ਦੋ ਵਿਅਕਤੀਆਂ ਨੂੰ ਸੁਰੱਖਿਅਤ ਤਰੀਕੇ ਨਾਲ ਬਾਹਰ ਕੱਢ ਲਏ ਜਾਣ ਦੀ ਦਿਲ ਦਹਿਲਾ ਦੇਣ ਵਾਲੀ ਹੈਰਾਨੀਜਨਕ ਘਟਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਮੰਨੀ ਜਾ ਸਕਦੀ । ਪ੍ਰਾਪਤ ਵੇਰਵਿਆਂ ਮੁਤਾਬਿਕ ਦੋ ਵਿਅਕਤੀ ਆਪਣੇ ਨਿੱਜੀ ਕਾਰਜ ਸਬੰਧੀ ਸੰਬੰਧਿਤ ਆਈਲੈਂਡ ਦੇ ਕਿਨਾਰੇ ਨੇੜੇ ਪਹੁੰਚੇ ਸਨ ਕਿ ਅਚਾਨਕ ਪਾਣੀ ਦਾ ਪੱਧਰ ਵਧਣ ਅਤੇ ਤੇਜ਼ ਲਹਿਰਾਂ ਕਾਰਨ ਉਹ ਉੱਥੇ ਮੌਜੂਦ ਪੱਥਰਾਂ ਅਤੇ ਚਟਾਨਾਂ ਵਿੱਚ ਫਸ ਗਏ ਅਤੇ ਉਹਨਾਂ ਦਾ ਉਥੋਂ ਵਾਪਸ ਨਿਕਲਣਾ ਅਸੰਭਵ ਹੋ ਗਿਆ ਜਿਸ ਮਗਰੋਂ ਆਪਣੀ ਜਾਨ ਬਚਾਉਣ ਲਈ ਉਨਾਂ ਵੱਲੋਂ ਮਦਦ ਦੀ ਪੁਕਾਰ ਕੀਤੀ ਗਈ ਕੁਦਰਤੀ ਨੇੜੇ ਮੌਜੂਦ ਬਚਾਅ ਕਾਰਜ ਵਾਲੀਆਂ ਰੈਸਕਿਊ ਟੀਮਾਂ ਵੱਲੋਂ ਤੁਰੰਤ ਹਰਕਤ ਚ ਆਉਂਦਿਆਂ ਬੜੀ ਫੁਰਤੀ ਵਰਤਦਿਆ ਸੁਰੱਖਿਤ ਤਰੀਕੇ ਨਾਲ ਪਾਣੀ ਚ ਫਸੇ ਉਕਤ ਦੋਨੋ ਵਿਅਕਤੀਆਂ ਨੂੰ ਬਾਹਰ ਕੱਢਿਆ ਗਿਆ ਅਤੇ ਮੁਢਲੀ ਡਾਕਟਰੀ ਸਹਾਇਤਾ ਲਈ ਨੇੜਲੇ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਕਿ ਉਹਨਾਂ ਦੀ ਹਾਲਤ ਖਤਰੇ ਤੋਂ ਬਾਹਰ ਦਸੀ ਜਾ ਰਹੀ ਹੈ।

# ਡਾਲਰ ਮੁਕਾਬਲੇ ਰੁਪਇਆ ਕਿਉਂ ਡਿੱਗ ਰਿਹਾ ਹੈ ?

## ✪ ਕੀ ਭਾਰਤੀ ਅਰਥਵਿਵਸਥਾ ’ਤੇ ਅਮਰੀਕੀ ਟੈਰਿਫਾਂ ਦਾ ਪ੍ਰਭਾਵ ਹੈ ?
## ✪ ਵਿਦੇਸ਼ੀ ਨਿਵੇਸ਼ਕਾਂ ਦੀ ਭਾਰਤ ਵਿਚ ਪੂੰਜੀ ਲਗਾਉਣ ਤੋਂ ਨਾਂਹ

ਹੁਣੇ ਜਿਹੇ ਭਾਰਤੀ ਰੁਪਇਆ ਅਮਰੀਕੀ ਡਾਲਰ ਅੱਗੇ 90.43 ਦੇ ਰਿਕਾਰਡ ਨੀਵੇਂ ’ਤੇ ਪਹੁੰਚ ਗਿਆ ਹੈ। ਇਹ ਨਾ ਸਿਰਫ਼ ਰੁਪਏ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੈ, ਸਗੋਂ ਭਾਰਤੀ ਅਰਥਵਿਵਸਥਾ ਵਿੱਚ ਡੂੰਘੀਆਂ ਸਮੱਸਿਆਵਾਂ ਨੂੰ ਵੀ ਉਜਾਗਰ ਕਰਦਾ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਨੇ ਬਾਜ਼ਾਰ ਵਿੱਚ ਡਾਲਰ ਵੇਚ ਕੇ ਇਸ ਨੂੰ 90 ਤੋਂ ਉੱਪਰ ਜਾਣ ਤੋਂ ਰੋਕਿਆ ਹੈ, ਪਰ ਮਾਹਿਰਾਂ ਅਨੁਸਾਰ ਜੇਕਰ ਅਮਰੀਕਾ ਨਾਲ ਟਰੇਡ ਡੀਲ ਨਹੀਂ ਹੋਈ ਤਾਂ ਰੁਪਇਆ 100 ਦੇ ਹੱਦ ਤੱਕ ਵੀ ਡਿੱਗ ਸਕਦਾ ਹੈ। ਇਸ ਸਾਲ 2025 ਵਿੱਚ ਰੁਪਏ ਨੇ 4.5 ਫ਼ੀਸਦੀ ਡਿੱਗਣ ਤੋਂ ਬਾਅਦ ਏਸ਼ੀਆ ਦੀਆਂ ਮੁਦਰਾਵਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਝੱਲਿਆ ਹੈ। ਇਸ ਡਿੱਗਣ ਦੇ ਪਿੱਛੇ ਅਮਰੀਕੀ ਟੈਰਿਫ, ਵਿਦੇਸ਼ੀ ਨਿਵੇਸ਼ਕਾਂ ਦੀ ਭਾਰਤ ਵਿਚ ਪੂੰਜੀ ਲਗਾਉਣ ਤੋਂ ਨਾਂਹ ਅਤੇ ਟਰੇਡ ਘਾਟੇ ਵਰਗੇ ਕਾਰਨ ਹਨ, ਜੋ ਨਾ ਸਿਰਫ਼ ਰੁਪਏ ਨੂੰ ਡੁਬੋ ਰਹੇ ਹਨ, ਸਗੋਂ ਪੱਛਮੀ ਦੇਸ਼ਾਂ ਨੂੰ ਭਾਰਤ ਵਿੱਚ ਨਿਵੇਸ਼ ਤੋਂ ਵੀ ਰੋਕ ਰਹੇ ਹਨ।

ਭਾਰਤ ਦੀ ਅਰਥਵਿਵਸਥਾ ਵਿੱਚ ਇਹ ਸੰਕਟ ਇੰਨਾ ਡੂੰਘਾ ਹੈ ਕਿ ਵਿਸ਼ਵਵਿਆਪੀ ਮੁਦਰਾ ਫੰਡ (ਆਈਐੱਮਐੱਫ) ਨੇ ਭਾਰਤ ਦੀ ਵਟਾਂਦਰਾ ਵਿਵਸਥਾ ਨੂੰ ’ਕਰਾਊਲ-ਲਾਈਕ’ (ਗੋਡੇ ਟੇਕਣ ਵਾਲੀ) ਸ਼੍ਰੇਣੀ ਵਿੱਚ ਪਾ ਦਿੱਤਾ ਹੈ। ਪਹਿਲਾਂ ਇਹ ‘ਫਲੋਟਿੰਗ’ (ਤੈਰਦੀ) ਸੀ, ਜਿੱਥੇ ਮੁਦਰਾ ਆਪਣੀ ਤਾਕਤ ਨਾਲ ਵਟਾਂਦਰਾ ਕਰਦੀ ਹੈ। ਹੁਣ ਆਰਬੀਆਈ ਨੂੰ ਹਰ ਵੇਲੇ ਦਖਲਅੰਦਾਜ਼ੀ ਕਰਨੀ ਪੈ ਰਹੀ ਹੈ, ਪਰ ਰੁਪਏ ਦੀ ਡਿਗ ਰਹੀ ਕੀਮਤ ਕਾਰਣ ਨਾ ਸਿਰਫ਼ ਆਯਾਤ ਮਹਿੰਗਾ ਹੋ ਰਿਹਾ ਹੈ - ਜਿਵੇਂ ਪੈਟਰੋਲ, ਐਲੀਕਟ੍ਰਾਨਿਕਸ ਅਤੇ ਸੁਨਹਿਰੀ ਜੈਵੇਲਰੀ - ਸਗੋਂ ਆਮ ਲੋਕਾਂ ਦੀ ਜੀਵਨ ਸ਼ੈਲੀ ਵੀ ਪ੍ਰਭਾਵਿਤ ਹੋ ਰਹੀ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਫੀਸ ਵਿੱਚ 5-10 ਲੱਖ ਰੁਪਏ ਵਧ ਗਏ ਹਨ, ਅਤੇ ਵਿਦੇਸ਼ੀ ਯਾਤਰਾ ਕਰਨ ਵਾਲਿਆਂ ਲਈ ਖਰਚੇ ਵਧ ਰਹੇ ਹਨ।

ਰੁਪਏ ਦੀ ਡਿੱਗ ਦੇ ਮੁੱਖ ਕਾਰਨਾਂ ਵਿੱਚ ਅਮਰੀਕੀ ਟੈਰਿਫ ਸਭ ਤੋਂ ਵੱਡਾ ਕਾਰਣ ਹਨ। ਅਪ੍ਰੈਲ 2025 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਆਯਾਤ ’ਤੇ 50 ਫ਼ੀਸਦੀ ਟੈਰਿਫ ਲਗਾਏ ਸਨ, ਜੋ ਰੂਸੀ ਤੇਲ ਖਰੀਦਣ ਨੂੰ ਲੈ ਕੇ ਸਜ਼ਾ ਵਜੋਂ ਵੇਖੇ ਜਾ ਰਹੇ ਹਨ। ਇਹ ਟੈਰਿਫ ਭਾਰਤ ਦੇ 48.2 ਬਿਲੀਅਨ ਡਾਲਰ ਦੇ ਨਿਰਯਾਤ ਨੂੰ ਖਤਰੇ ਵਿੱਚ ਪਾ ਰਹੇ ਹਨ, ਜੋ ਜੀਡੀਪੀ ਦਾ 2 ਫ਼ੀਸਦੀ ਹਿੱਸਾ ਹੈ। ਟੈਕਸਟਾਈਲ, ਗੈਮਜ਼ ਐਂਡ ਜੈਵੇਲਰੀ, ਲੈਦਰ ਗੁਡਜ਼ ਅਤੇ ਆਟੋਮੋਬਾਈਲ ਵਰਗੇ ਖੇਤਰ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ ਦੇ ਅਨੁਸਾਰ, ਅਮਰੀਕੀ ਆਰਡਰਾਂ ਵਿੱਚ 60 ਤੋਂ 90 ਫ਼ੀਸਦੀ ਗਿਰਾਵਟ ਆ ਸਕਦੀ ਹੈ, ਜਿਸ ਨਾਲ 20 ਮਿਲੀਅਨ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਸੂਰਤ ਵਰਗੇ ਹੀਰੇ ਪਾਲਿਸ਼ਿੰਗ ਹੱਬਾਂ ਵਿੱਚ ਹਜ਼ਾਰਾਂ ਮਜ਼ਦੂਰ ਆਪਣੀਆਂ ਨੌਕਰੀਆਂ ਗੁਆ ਰਹੇ ਹਨ, ਅਤੇ ਅੰਮ੍ਰਿਤਸਰ ਦੇ ਗਾਰਮੈਂਟ ਫੈਕਟਰੀਆਂ ਵਿੱਚ



ਵਪਾਰ ਘਟ ਰਿਹਾ ਹੈ।

ਇਸ ਨਾਲ ਨਿਰਯਾਤ ਅਕਤੂਬਰ 2025 ਵਿੱਚ 41 ਬਿਲੀਅਨ ਡਾਲਰ ਘੱਟ ਹੋ ਗਿਆ ਸੀ, ਜਿਸ ਨਾਲ ਚਾਲੂ ਖਾਤੇ ਅਤੇ ਪੂੰਜੀ ਖਾਤੇ ਵਿੱਚ ਵਿਦੇਸ਼ੀ ਮੁਦਰਾ ਦੀ ਗਿਣਤੀ ਘਟ ਰਹੀ ਹੈ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ (ਐੱਫਪੀਆਈਜ਼) ਨੇ ਇਸ ਸਾਲ 17 ਬਿਲੀਅਨ ਡਾਲਰ ਤੋਂ ਵੱਧ ਕਢ ਲਏ ਹਨ, ਜੋ ਸ਼ੇਅਰ ਬਾਜ਼ਾਰ ਵਿੱਚ ਨਕਦੀ ਨੂੰ ਘਟਾ ਰਹੇ ਹਨ। ਇਹ ਡਾਲਰ ਦੀ ਮੰਗ ਵਧਾ ਰਹੇ ਹਨ ਅਤੇ ਇਸ ਨਾਲ ਰੁਪਏ ’ਤੇ ਦਬਾਅ ਵਧਿਆ ਹੈ। ਆਰਬੀਆਈ ਨੇ 30 ਬਿਲੀਅਨ ਡਾਲਰ ਵੇਚੇ ਹਨ, ਪਰ ਫੋਰੈਕਸ ਰਿਜ਼ਰਵ 690 ਬਿਲੀਅਨ ਡਾਲਰ ’ਤੇ ਸਥਿਰ ਹਨ। ਆਈਐੱਮਐੱਫ ਨੇ ਚੇਤਾਵਨੀ ਦਿੱਤੀ ਹੈ ਕਿ ਅਜਿਹੇ ਟੈਰਿਫ ਜੀਡੀਪੀ ਵਿੱਚ 0.3 ਤੋਂ 0.5 ਫ਼ੀਸਦੀ ਦੀ ਗਿਰਾਵਟ ਲਿਆਉਣਗੇ, ਅਤੇ ਗੋਲਡਮੈਨ ਸੈਕਸ ਨੇ ਵਿਕਾਸ ਅਨੁਮਾਨ ਨੂੰ 6.1 ਫ਼ੀਸਦੀ ਤੱਕ ਘਟਾ ਦਿੱਤਾ ਹੈ।

ਪਰ ਇਹ ਸਿਰਫ਼ ਰੁਪਏ ਦੀ ਕਹਾਣੀ ਨਹੀਂ। ਪੱਛਮੀ ਦੇਸ਼ਾਂ ਵੱਲੋਂ ਭਾਰਤ ਵਿੱਚ ਨਿਵੇਸ਼ ਨਾ ਕਰਨ ਦੇ ਕਾਰਨ ਵੀ ਇਸ ਨੂੰ ਹੋਰ ਗੰਭੀਰ ਬਣਾ ਰਹੇ ਹਨ। ਵਿਅਤਨਾਮ ਵਰਗੇ ਛੋਟੇ ਦੇਸ਼ਾਂ ਨੇ ਵੱਡੇ ਨਿਵੇਸ਼ ਖਿੱਚ ਲਏ ਹਨ। ਵਾਸ਼ਿੰਗਟਨ ਪੋਸਟ ਅਨੁਸਾਰ, ਭਾਰਤ ਵਿੱਚ ਰੈੱਡ ਟੇਪ, ਸਖ਼ਤ ਆਯਾਤ ਨੀਤੀਆਂ ਅਤੇ ਅਣਪਛਾਤੀ ਵਿਵਸਥਾਵਾਂ ਕਾਰਨ ਵਿਸ਼ਵ ਕੰਪਨੀਆਂ ਨਿਵੇਸ਼ ਤੋਂ ਡਰ ਰਹੀਆਂ ਹਨ। ਇਸ ਸਾਲ ਵਿਦੇਸ਼ੀ ਸਿੱਧਾ ਨਿਵੇਸ਼ (ਐੱਫਡੀਆਈ) 16.3 ਫ਼ੀਸਦੀ ਘਟ ਕੇ 82 ਬਿਲੀਅਨ ਡਾਲਰ ਰਹਿ ਗਿਆ, ਜੋ ਇੱਕ ਦਹਾਈ ਵਿੱਚ ਪਹਿਲੀ ਵਾਰ ਹੈ।

ਪੱਛਮੀ ਨਿਵੇਸ਼ਕਾਂ ਨੂੰ ਭਾਰਤ ਵਿੱਚ ਨਿਵੇਸ਼ ਤੋਂ ਰੋਕਣ ਵਾਲੇ ਮੁੱਖ ਕਾਰਨਾਂ ਵਿੱਚ ਬਿਊਰੋਕ੍ਰੇਸੀ ਅਤੇ ਅਣਪਛਾਤੀ ਨੀਤੀਆਂ ਸ਼ਾਮਲ ਹਨ। ਲੇਬਰ ਲਾਅਜ਼ ਸਖ਼ਤ ਹਨ, ਜਿਸ ਨਾਲ ਕੰਪਨੀਆਂ ਨੌਕਰੀਆਂ ਵਧਾਉਣ ਤੋਂ ਝਿਜਕਦੀਆਂ ਹਨ। ਇਨਫ੍ਰਾਸਟ੍ਰਕਚਰ ਅਜੇ ਵੀ ਕਮਜ਼ੋਰ ਹੈ - ਸੜਕਾਂ, ਪਾਵਰ ਅਤੇ ਲੌਜਿਸਟਿਕਸ ਵਿੱਚ ਵਿਸ਼ਵ ਰੈਂਕਿੰਗ 39ਵੀਂ ਹੈ। ਉੱਨਤ ਵਿਕਾਸ ਇੰਡੈਕਸ ’ਤੇ ਭਾਰਤ 126ਵਾਂ ਹੈ, ਜੋ ਨਿਵੇਸ਼ਕਾਂ ਨੂੰ ਡਰਾਉਂਦਾ ਹੈ। ਟੈਕਸ ਵਿਵਸਥਾ ਜਟਿਲ ਹੈ ਅਤੇ ਕੋਰਪੋਰੇਟ ਡੈਬਟ ਉੱਚਾ ਹੈ। ਦੂਜੇ ਪਾਸੇ ਅਮਰੀਕੀ ਟੈਰਿਫਾਂ ਨੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਤੋੜ ਦਿੱਤਾ ਹੈ। ਐੱਪਲ ਅਤੇ ਸੈਮਸੰਗ ਵਰਗੀਆਂ ਕੰਪਨੀਆਂ ਭਾਰਤ ਵਿੱਚ ਆਉਣ ਤਾਂ ਚਾਹੁੰਦੀਆਂ ਹਨ, ਪਰ ਫੈਕਟਰੀਆਂ ਨਹੀਂ ਲਗਾ ਰਹੀਆਂ। ਟੇਸਲਾ ਨੇ ਸ਼ੋਅਰੂਮ ਖੋਲ੍ਹੇ ਹਨ, ਪਰ ਫੈਕਟਰੀ ਨਹੀਂ। ਪਿਛਲੇ ਦਸ ਸਾਲਾਂ ਵਿੱਚ ਅਮਰੀਕੀ ਆਟੋ ਕੰਪਨੀਆਂ ਨੇ ਭਾਰਤ ਵਿੱਚ ਕੰਮ ਘਟਾਇਆ ਹੈ, ਜਦਕਿ ਏਸ਼ੀਆ ਦੇ ਹੋਰ ਦੇਸ਼ਾਂ ਵਿੱਚ ਵਧਾਇਆ ਹੈ। ਚੀਨੀ ਕੰਪਨੀਆਂ ਵੀ ਭਾਰਤ ਵਿੱਚ ਨਹੀਂ ਆ ਰਹੀਆਂ।

ਭਾਰਤ ਸਰਕਾਰ ਨੇ ਇਸ ਨੂੰ ਲੈ ਕੇ ਕਈ ਕਦਮ ਚੁੱਕੇ ਹਨ। ਵਪਾਰ ਮੰਤਰੀ ਨੇ ਕਿਹਾ ਹੈ ਕਿ ਅਸੀਂ ‘ਝੁਕਾਂਗੇ ਨਹੀਂ’ ਅਤੇ ਨਵੇਂ ਬਾਜ਼ਾਰਾਂ ਵੱਲ ਵਧਾਂਗੇ। ਭਾਰਤ ਨੇ ਯੂਕੇ ਅਤੇ ਆਸਟ੍ਰੇਲੀਆ ਨਾਲ ਟਰੇਡ ਸਮਝੌਤੇ ਕੀਤੇ ਹਨ, ਅਤੇ ਯੂਰਪ ਯੂਨੀਅਨ ਨਾਲ ਗੱਲਾਂ ਜਾਰੀ ਹਨ। ਐੱਫਡੀਆਈ ਨੂੰ ਆਕਰਸ਼ਿਤ ਕਰਨ ਲਈ ਟੈਕਸ ਛੋਟਾਂ ਅਤੇ ਐੱਸਈਜ਼ ਵਰਗੀਆਂ ਯੋਜਨਾਵਾਂ ਨੂੰ ਵਧਾਇਆ ਗਿਆ ਹੈ। ਆਰਬੀਆਈ ਨੇ ਰੇਟ ਕੱਟ ਕੇ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਹੈ, ਅਤੇ ਐੱਮ ਐੱਸ ਐੱਮ ਈ ਨੂੰ ਸਹਾਇਤਾ ਲਈ 1.9 ਲੱਖ ਕਰੋੜ ਰੁਪਏ ਦੀ ਯੋਜਨਾ ਚਲਾਈ ਹੈ। ਪਰ ਮਾਹਿਰ ਕਹਿੰਦੇ ਹਨ ਕਿ ਇਹ ਕਾਫ਼ੀ ਨਹੀਂ। ਨਿਵੇਸ਼ਕਾਂ ਨੂੰ ਵਿਸ਼ਵਾਸ ਦਿਲਾਉਣ ਲਈ ਲੇਬਰ ਰਿਫਾਰਮਾਂ ਅਤੇ ਟਰੇਡ ਡੀਲ ਜ਼ਰੂਰੀ ਹਨ।

ਇਸ ਸੰਕਟ ਨੇ ਭਾਰਤ ਨੂੰ ਆਪਣੀ ਅਰਥਵਿਵਸਥਾ ਨੂੰ ਵਿਭਿੰਨ ਕਰਨ ਲਈ ਮਜਬੂਰ ਕੀਤਾ ਹੈ। ਰੂਸੀ ਤੇਲ ’ਤੇ ਨਿਰਭਰਤਾ ਘਟਾਉਣ ਅਤੇ ਨਵੇਂ ਨਿਰਯਾਤ ਬਾਜ਼ਾਰ ਲੱਭਣ ਦੀ ਲੋੜ ਹੈ। ਜੇਕਰ ਅਮਰੀਕਾ ਨਾਲ ਡੀਲ ਨਹੀਂ ਹੋਈ ਤਾਂ ਰੁਪਏ ਦਾ ਨਿਘਾਰ ਜਾਰੀ ਰਹੇਗਾ, ਅਤੇ ਨਿਵੇਸ਼ ਵਿੱਚ ਗਿਣਤੀ ਵਧੇਗੀ। ਪਰ ਭਾਰਤ ਦੀ ਵੱਡੀ ਆਬਾਦੀ (140 ਕਰੋੜ) ਅਤੇ ਘਰੇਲੂ ਬਾਜ਼ਾਰ ਨੂੰ ਲੈ ਕੇ ਉਮੀਦ ਹੈ ਕਿ ਇਹ ਤੂਫ਼ਾਨ ਨੂੰ ਪਾਰ ਕਰ ਲਵੇਗਾ। ਵਿਸ਼ਵਵਿਆਪੀ ਰਿਪੋਰਟਾਂ ਅਨੁਸਾਰ, ਭਾਰਤ 2030 ਤੱਕ ਤੀਜੀ ਵਿਸ਼ਵ ਸ਼ਕਤੀ ਬਣੇਗਾ, ਪਰ ਇਸ ਲਈ ਨਿਵੇਸ਼ ਅਤੇ ਨਿਰਯਾਤ ਨੂੰ ਮਜ਼ਬੂਤ ਕਰਨਾ ਪਵੇਗਾ। ਜੇਕਰ ਸਰਕਾਰ ਨੇ ਤੁਰੰਤ ਕਦਮ ਨਾ ਚੁੱਕੇ ਤਾਂ ਇਹ ਸੰਕਟ ਡੂੰਘਾ ਹੋ ਜਾਵੇਗਾ।

# ਬਰਨਾਲਾ ਦੇ ਹੋਟਲ ਵਿਚ 2 ਸਹੇਲੀਆਂ ਨਾਲ ਬਲਾਤਕਾਰ

ਬਰਨਾਲਾ-ਸ਼ਹਿਰ ਦੇ ਇਕ ਹੋਟਲ ਵਿਚ ਦੋ ਸਹੇਲੀਆਂ ਨਾਲ ਕਥਿਤ ਤੌਰ ’ਤੇ ਜਬਰ-ਜ਼ਨਾਹ ਹੋਣ ਦੀ ਖਬਰ ਹੈ। ਇਸ ਘਟਨਾ ਵਿਚ ਇਕ ਪੀੜਤ ਲੜਕੀ ਦੇ ਨਾਬਾਲਿਗ ਹੋਣ ਕਾਰਨ ਪੁਲਸ ਨੇ ਦੋ ਲੜਕਿਆਂ ਖ਼ਿਲਾਫ਼ ਪਾਸਕੋ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੀੜਤਾ ਨੇ ਥਾਣਾ ਸਿਟੀ ਵਨ ਬਰਨਾਲਾ ਵਿਖੇ ਬਿਆਨ ਦਰਜ ਕਰਵਾਇਆ ਹੈ ਕਿ ਉਸ ਦੀ ਕਰੀਬ 5-6 ਮਹੀਨੇ ਪਹਿਲਾਂ ਇੰਸਟਾਗ੍ਰਾਮ ਰਾਹੀਂ ਗੁਰਨਾਮ ਸਿੰਘ ਵਾਸੀ ਕੋਟਲੀ ਕੇਰਾ, ਜ਼ਿਲ੍ਹਾ ਅੰਮ੍ਰਿਤਸਰ ਨਾਲ ਗੱਲਬਾਤ ਚੱਲ ਰਹੀ ਸੀ। ਇਸੇ ਤਰ੍ਹਾਂ ਉਸ ਦੀ ਸਹੇਲੀ ਦੀ ਗੱਲਬਾਤ ਗੁਰਨਾਮ ਸਿੰਘ ਦੇ ਦੋਸਤ ਕਰਨ ਸਿੰਘ ਨਾਲ ਚੱਲ ਰਹੀ ਸੀ।

ਦੋਵਾਂ ਦੋਸਤਾਂ ਨੇ ਪਲਾਨ ਮੁਤਾਬਕ ਉਨ੍ਹਾਂ ਨੂੰ 1 ਦਸੰਬਰ 2025 ਨੂੰ ਬਰਨਾਲਾ ਵਿਖੇ ਮਿਲਣ ਲਈ ਬੁਲਾਇਆ। ਸ਼ਿਕਾਇਤਕਰਤਾ ਅਨੁਸਾਰ ਉਹ ਸਾਰੇ ਇਕ ਹੋਟਲ ਵਿਖੇ ਪਹੁੰਚੇ ਅਤੇ ਦੋ ਵੱਖਰੇ ਕਮਰੇ ਲਏ। ਮੁੱਦਈ ਨੇ ਬਿਆਨ ਦਿੰਦਿਆਂ ਕਿਹਾ ਕਿ ਮੁਲਜ਼ਮ ਗੁਰਨਾਮ ਸਿੰਘ ਨੇ ਉਸ ਨਾਲ ਅਤੇ ਕਰਨ ਸਿੰਘ ਨੇ ਉਸ ਦੀ ਸਹੇਲੀ ਨਾਲ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਏ। ਅਗਲੇ ਦਿਨ ਸਵੇਰੇ ਜਦੋਂ ਉਹ ਜਾਗੀਆਂ ਤਾਂ ਦੋਵੇਂ ਮੁਲਜ਼ਮ ਆਪਣੇ ਕਮਰਿਆਂ ਵਿਚੋਂ ਗਾਇਬ ਸਨ। ਉਨ੍ਹਾਂ ਨੂੰ ਧੋਖੇ ਦਾ ਅਹਿਸਾਸ ਹੋਇਆ ਹੈ ਤਾਂ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਪੀੜਤਾਂ ਵਿਚੋਂ ਇਕ ਲੜਕੀ ਨਾਬਾਲਿਗ ਹੈ, ਜਿਸ ਕਾਰਨ ਕੇਸ ’ਚ ਜਬਰ-ਜ਼ਿਨਾਹ ਅਤੇ ਧੋਖਾਦੇਹੀ ਦੀਆਂ ਧਾਰਾਵਾਂ ਦੇ ਨਾਲ-ਨਾਲ ਪਾਸਕੋ ਐਕਟ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

# ਅਸਾਵੀਂ ਜੰਗ ਦੀ ਇਤਿਹਾਸਕ ਦਾਸਤਾਨ ਸਾਕਾ ਚਮਕੌਰ ਸਾਹਿਬ

**ਹਰਜਿੰਦਰ ਸਿੰਘ ਧਾਮੀ ਐਡਵੋਕੇਟ**



'ਸ਼ਹਾਦਤ' ਸ਼ਬਦ ਨੂੰ ਜੋ ਜੀਵਤ ਅਰਥ ਸਿੱਖ ਧਰਮ ਅੰਦਰ ਮਿਲੇ ਹਨ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਏ। ਹੱਕ-ਸੱਚ, ਨਿਆਂ, ਸਵੈ-ਮਾਣ ਅਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਸਿੱਖ ਕੌਮ ਦੀਆਂ ਕੁਰਬਾਨੀਆਂ ਦੁਨੀਆ ਦੇ ਧਾਰਮਿਕ ਇਤਿਹਾਸ ਦਾ ਮਾਣ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਤੋਂ ਬਾਅਦ ਸਿੱਖ ਕੌਮ ਵੱਲੋਂ ਕੁਰਬਾਨੀਆਂ ਦੀ ਇਕ ਲੰਮੀ ਲੜੀ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਉਹ ਦਾਸਤਾਨ ਹੈ, ਜਿਸ ਦਾ ਹਰ ਅੱਖਰ ਸੁਨਹਿਰੀ ਹੈ।

ਸਿੱਖੀ ਅੰਦਰ ਸ਼ਹਾਦਤ ਜਾਂ ਕੁਰਬਾਨੀ ਦਾ ਮੁੱਢ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ। ਆਪ ਜੀ ਨੇ ਆਪਣੀ ਪਾਵਨ ਬਾਣੀ ਅੰਦਰ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥' ਅਤੇ ਇਸ ਦੇ ਅਮਲ ਨੂੰ 'ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥' ਦੇ ਉਪਦੇਸ਼ ਰਾਹੀਂ ਦਰਸਾਇਆ। ਸਿੱਖੀ ਅੰਦਰ ਸ਼ਹਾਦਤ ਦੇ ਸ਼ਾਬਦਕ ਅਰਥਾਂ ਗਵਾਹੀ ਜਾਂ ਸ਼ਾਹਦੀ ਤੋਂ ਅੱਗੇ ਜਾਈਏ ਤਾਂ ਇਹ ਆਪਣੇ ਆਪ ਵਿਚ ਇਕ ਸਮਰਪਣ ਵੀ ਹੈ। ਉਹ ਸਮਰਪਣ ਜਿਹੜਾ ਆਪਣੇ ਪਰਮ ਪਿਆਰੇ ਪਰਮਾਤਮਾ, ਗੁਰੂ, ਧਾਰਮਿਕ ਆਸਥਾ ਜਾਂ ਸੰਗਤ ਦੇ ਪਿਆਰ ਵਿਚ ਰੰਗਿਆ ਹੋਇਆ ਹੈ। ਉਂਝ ਤਾਂ ਸਾਰਾ ਸਿੱਖ ਇਤਿਹਾਸ ਹੀ ਸ਼ਹਾਦਤਾਂ ਦੀ ਕਹਾਣੀ ਬਿਆਨਦਾ ਹੈ, ਪ੍ਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੀ ਗਾਥਾ ਪੜ੍ਹ ਕੇ ਜਿਸ ਮਾਣ ਦੇ ਸਨਮੁੱਖ ਹੁੰਦੇ ਹਾਂ ਉਹ ਆਪਣੇ ਆਪ ਵਿਚ ਲਾਸਾਨੀ ਹੈ, ਗੌਰਵਮਈ ਹੈ। ਗੁਰੂ ਸਾਹਿਬ ਜੀ ਦੇ ਮਹਾਨ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਜੋਕੇ ਨੌਜਵਾਨਾਂ ਤੇ ਬੱਚਿਆਂ ਲਈ ਪ੍ਰੇਰਨਾ ਦਾ ਸੋਮਾ ਹਨ, ਜਿਸ ਤੋਂ ਅਗਵਾਈ ਲੈ ਕੇ ਜਬਰ-ਜ਼ੁਲਮ ਲਈ ਵੰਗਾਰ ਅਤੇ ਮਨੁੱਖੀ ਹੱਕਾਂ ਲਈ ਢਾਲ ਬਣਿਆ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਅਨੇਕਾਂ ਸਿੰਘਾਂ ਦੀ ਸ਼ਹਾਦਤ ਨਾਲ ਸਬੰਧਤ ਸਾਕਾ ਸ੍ਰੀ ਚਮਕੌਰ ਸਾਹਿਬ ਦੁਨੀਆ ਦੀ ਉਹ ਅਸਾਵੀਂ ਜੰਗ ਹੈ ਜਿਸ ਵਿਚ ਚਾਲੀ ਭੁੱਖਣ-ਭਾਣੇ ਸਿੰਘਾਂ ਨੇ ਦਸ ਲੱਖ ਦੁਸ਼ਮਣ ਦਾ ਬਹਾਦਰੀ ਨਾਲ ਮੁਕਾਬਲਾ ਕਰ ਕੇ ਅਨੋਖਾ ਇਤਿਹਾਸ ਸਿਰਜਿਆ। ਇਤਿਹਾਸ ਦੇ ਪੰਨਿਆਂ 'ਤੇ ਝਾਤ ਮਾਰੀਏ ਤਾਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਮਗਰੋਂ ਮੁਗ਼ਲ ਹਾਕਮਾਂ ਤੇ ਪਹਾੜੀ ਰਾਜਿਆਂ ਨੇ ਸਭ ਕਸਮਾਂ ਵਾਅਦੇ ਤੋੜ ਕੇ ਸਰਸਾ ਨਦੀ 'ਤੇ ਗੁਰੂ ਸਾਹਿਬ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ। ਇਥੇ ਹੀ ਗੁਰੂ ਸਾਹਿਬ ਜੀ ਦਾ ਪਰਿਵਾਰ ਅਤੇ ਪਿਆਰੇ ਸਿੰਘ ਵਿਛੜ ਗਏ। ਗੁਰੂ ਜੀ ਵੱਡੇ ਸ਼ਾਹਿਬਜ਼ਾਦੇ ਅਤੇ ਚਾਲੀ ਸਿੰਘਾਂ ਸਮੇਤ ਚਮਕੌਰ ਵੱਲ ਚਲੇ ਗਏ ਜਦਕਿ ਮਾਤਾ ਗੁਜ਼ਰੀ ਜੀ ਛੋਟੇ ਸ਼ਾਹਿਬਜਾਦਿਆਂ ਨਾਲੋਂ ਵੱਖ ਹੋ ਗਏ। ਦਸਮੇਸ਼ ਪਿਤਾ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿਚ ਪੁੱਜੇ। ਸ਼ਾਹੀ ਫ਼ੌਜਾਂ ਵੀ ਮਗਰ-ਮਗਰ ਚਮਕੌਰ ਪੁੱਜ ਗਈਆਂ ਤੇ ਗੜ੍ਹੀ ਨੂੰ ਘੇਰ ਲਿਆ। ਚਮਕੌਰ ਦੀ ਇਸ ਜੰਗ ਅੰਦਰ ਗੁਰੂ ਜੀ ਦੀ ਆਗਿਆ ਅਨੁਸਾਰ ਪੰਜ-ਪੰਜ ਸਿੰਘ ਜਥੇ ਦੇ ਰੂਪ ਵਿਚ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਗੁਰੂ ਸਾਹਿਬ ਪਾਸੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਦਸਮੇਸ਼ ਪਿਤਾ ਜੀ ਨੇ ਸਾਹਿਬਜ਼ਾਦੇ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਥਾਪੜਾ ਦੇ ਕੇ ਗੜ੍ਹੀ ਤੋਂ ਰਵਾਨਾ ਕੀਤਾ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਮੈਦਾਨੇ-ਜੰਗ ਵਿਚ ਜਾਂਦੇ ਹੀ ਮੁਗ਼ਲ ਫੌਜ ਨੂੰ ਭਾਜੜ ਪਾ ਦਿੱਤੀ ਅਤੇ ਸ਼ਸਤਰ-ਬਾਜ਼ੀ ਦੇ ਉਹ ਜੌਹਰ ਵਿਖਾਏ ਕਿ ਕਹਿੰਦੇ-ਕਹਾਉਂਦੇ ਤਲਵਾਰ ਦੇ ਧਨੀ ਤੇ ਤੀਰ-ਅੰਦਾਜ਼ ਭੱਜਣ ਦਾ ਰਾਹ ਲੱਭਣ ਲੱਗੇ।

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਅਨੇਕਾਂ ਵੈਰੀਆਂ ਨੂੰ ਪਾਰ ਬੁਲਾਉਣ ਉਪਰੰਤ ਸ਼ਹੀਦੀ ਪ੍ਰਾਪਤ ਕਰਦੇ ਵੇਖ ਕੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਵੀ ਪਿਤਾ-ਗੁਰੂ ਜੀ ਪਾਸੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਅੱਲ੍ਹਾ ਯਾਰ ਖਾਂ ਜੋਗੀ ਅਨੁਸਾਰ ਇਹ ਪਲ ਬੇਹੱਦ ਭਾਵੁਕ ਸਨ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਨੇ ਕਿਹਾ ਕਿ ਬੇਸ਼ੱਕ ਮੈਨੂੰ ਵੱਡੇ ਵੀਰ ਜਿੰਨਾ ਜੰਗ-ਯੁੱਧ ਕਰਨ ਦਾ ਗਿਆਨ ਨਹੀਂ ਹੈ, ਪ੍ਰੰਤੂ ਮਰਨਾ ਤਾਂ ਮੈਨੂੰ ਵੀ ਆਉਂਦਾ ਹੀ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਇਸ ਸਮੇਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਲੜਨਾ ਨਹੀਂ ਆਤਾ ਮੁਝੇ ਮਰਨਾ  
ਤੋ ਹੈ ਆਤਾ !  
ਖ਼ੁਦ ਬੜ੍ਹ ਕੇ ਗਲਾ ਤੇਗ਼ ਪਿ ਧਰਨਾ  
ਤੋ ਹੈ ਆਤਾ ।(ਗੰਜਿ ਸ਼ਹੀਦਾਂ)

ਸਤਿਗੁਰਾਂ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਵੀ ਆਪਣੇ ਹੱਥੀਂ ਤਿਆਰ ਕਰਕੇ ਜੰਗ ਵਿਚ ਜੂਝਣ ਲਈ ਤੋਰਿਆ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੰਗ ਦੇ ਮੈਦਾਨ ਵਿਚ ਲੜਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਚਮਕੌਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦੋਨੋਂ ਵੱਡੇ ਸਾਹਿਬਜ਼ਾਦੇ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਜਿਸ ਸੂਰਬੀਰਤਾ ਤੇ ਬਹਾਦਰੀ ਨਾਲ ਲੜੇ ਅਤੇ ਸ਼ਹਾਦਤ ਪ੍ਰਾਪਤ ਕੀਤੀ, ਇਤਿਹਾਸ ਵਿਚ ਇਸ ਦਾ ਵਿਲੱਖਣ ਸਥਾਨ ਹੈ। ਇਹੋ ਕਾਰਨ ਹੈ ਕਿ ਅੱਜ ਇਹ ਧਰਤੀ ਪੂਜਣਯੋਗ ਹੈ। ਦੁਨੀਆ ਭਰ ਤੋਂ ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਇਥੇ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਹਾਜ਼ਰ ਹੁੰਦੀਆਂ ਹਨ। ਸਿੱਖ ਇਤਿਹਾਸ ਵਿਚ 'ਸਾਕਾ ਚਮਕੌਰ' ਸੂਰਬੀਰਤਾ ਦੀ ਅਨੋਖੀ ਦਾਸਤਾਨ ਹੈ, ਜੋ ਕੌਮੀ ਅਣਖ 'ਤੇ ਪਹਿਰਾ ਦਿੰਦਿਆਂ ਆਪਣੇ ਸ਼ਾਨਾਮੱਤੇ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਚਮਕੌਰ ਦੀ ਕੱਚੀ ਗੜ੍ਹੀ ਵਿਚ ਜਿਸ ਸੂਰਮਤਾਈ ਨਾਲ ਚਾਲੀ ਭੁੱਖਣ-ਭਾਣੇ ਸਿੰਘਾਂ ਨੇ ਦਸ ਲੱਖ ਸੈਨਾ ਦਾ ਟਾਕਰਾ ਕੀਤਾ, ਅਜਿਹੀ ਅਸਾਵੀਂ ਜੰਗ ਦਾ ਇਤਿਹਾਸ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਬਿਲਕੁਲ ਵਿਲੱਖਣ ਤੇ ਲਸਾਨੀ ਹੈ।

# ਲਾਹੌਰ ਵਿਚ ਗ੍ਰਿਫ਼ਤਾਰ ਕੀਤੇ ਨਕਲੀ ਨਿਹੰਗ ਬਾਰੇ ਪਤਨੀ ਨੇ ਕੀਤੇ ਕਈ ਖ਼ੁਲਾਸੇ

## ✪ ਪਾਕਿਸਤਾਨੀ ਖੁਫੀਆ ਏਜੰਸੀ ਦਾ ਕੈਟ ਬਣਕੇ ਸਿਖ ਆਗ ਦੀ ਲੈਂਦਾ ਰਿਹਾ ਸੂਹ ✪ ਟਾਸਕ ਪੂਰਾ ਨਾ ਹੋਣ ਕਾਰਣ ਕੀਤਾ ਗਿਆ ਤਸ਼ਦਦ



ਅੰਮ੍ਰਿਤਸਰ-ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਵਲੋਂ ਸ੍ਰੀ ਨਨਕਾਣਾ ਸਾਹਿਬ ਤੋਂ ਲਗਭਗ 6 ਮਹੀਨੇ ਪਹਿਲਾਂ ਚੁੱਕ ਕੇ ਕਿਸੇ ਗੁਪਤ ਜਗ੍ਹਾ 'ਤੇ ਰੱਖਣ ਉਪਰੰਤ ਬੀਤੇ ਦਿਨ ਨਾਟਕੀ ਢੰਗ ਨਾਲ ਲਹਿੰਦੇ ਪੰਜਾਬ ਦੇ ਕਾਊਂਟਰ ਟੈਰੋਰਿਜ਼ਮ ਡਿਪਾਰਟਮੈਂਟ (ਸੀ. ਟੀ. ਡੀ.) ਨੂੰ ਸੌਂਪੇ ਗਏ ਸੁਖਦੀਪ ਸਿੰਘ ਉਰਫ਼ ਨਿਹੰਗ ਬਾਰੇ ਉਸ ਦੀ ਪਤਨੀ ਅਲਿਸ਼ਬਾ ਤਰਫ਼ੋਂ ਕਈ ਮਹੱਤਵਪੂਰਨ ਖ਼ੁਲਾਸੇ ਕੀਤੇ ਗਏ ਹਨ।ਉਸ ਦੇ ਇਕ ਨਜ਼ਦੀਕੀ ਸੂਤਰ ਨੇ ਦੱਸਿਆ ਕਿ ਲਾਹੌਰ ਦੇ ਰਹਿਣ ਵਾਲੇ ਸੁਖਦੀਪ ਸਿੰਘ ਨੂੰ ਸ਼ੁਰੂਆਤ ਵਿਚ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਵਲੋਂ ਇਕ ਸਾਬਕਾ ਪਾਕਿਸਤਾਨੀ ਸਿੱਖ ਆਗੂ 'ਤੇ ਨਜ਼ਰ ਰੱਖਣ ਦਾ ਕੰਮ ਸੌਂਪਿਆ ਗਿਆ। ਇਸ ਦੇ ਲਈ ਬਕਾਇਦਾ ਉਸ ਨੂੰ ਇਸਾਈ ਨੌਜਵਾਨ ਤੋਂ ਨਿਹੰਗ ਸਿੰਘ ਬਣਾ ਕੇ ਨਵੀਂ ਪਹਿਚਾਣ ਵੀ ਦਿੱਤੀ ਗਈ। ਬਾਅਦ ਵਿਚ ਖ਼ੁਫ਼ੀਆ ਏਜੰਸੀ ਵਲੋਂ ਉਸ ਨੂੰ ਪਾਕਿ ਆਉਣ ਵਾਲੇ ਵਿਦੇਸ਼ੀ ਸਿੱਖ ਜਥਿਆਂ 'ਚ ਸ਼ਾਮਿਲ ਹੋ ਕੇ ਉਨ੍ਹਾਂ ਦੀ ਜਾਸੂਸੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਸੂਤਰਾਂ ਮੁਤਾਬਿਕ ਆਈ. ਐੱਸ. ਆਈ. ਦੀ ਸਰਪ੍ਰਸਤੀ ਹੇਠ ਭਾਰਤ 'ਚ ਕਾਇਮ ਕੀਤੇ ਨੈੱਟਵਰਕ ਦੀ ਮਾਰਫ਼ਤ ਸੁਖਦੀਪ ਲੰਬੇ ਸਮੇਂ ਤੱਕ ਡਰੋਨ ਰਾਹੀਂ ਹਥਿਆਰ ਅਤੇ ਨਸ਼ੀਲੇ ਪਦਾਰਥ ਵੀ ਭੇਜਦਾ ਰਿਹਾ ਹੈ। ਇਸ ਵੀ ਜਾਣਕਾਰੀ ਮਿਲੀ ਹੈ ਕਿ ਆਈ. ਐੱਸ. ਆਈ. ਦੇ ਇਕ ਸੀਨੀਅਰ ਅਧਿਕਾਰੀ ਵਲੋਂ ਦਿੱਤਾ ਟਾਸਕ ਪੂਰਾ ਨਾ ਕਰਨ ਅਤੇ ਅਗਾਂਹ ਏਜੰਸੀ ਲਈ ਕੰਮ ਕਰਨ ਤੋਂ ਇਨਕਾਰ ਕਰਨ 'ਤੇ ਭਾਰਤੀ 'ਆਪ੍ਰੇਸ਼ਨ ਸੰਧੂਰ' ਦੌਰਾਨ ਉਸ ਨੂੰ ਆਈ. ਐੱਸ. ਆਈ. ਨੇ ਚੁੱਕ ਲਿਆ ਅਤੇ 6 ਮਹੀਨੇ ਤੱਕ ਗ਼ੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿਚ ਰੱਖ ਕੇ ਕੁੱਟਮਾਰ ਕੀਤੀ। ਇਸ ਤੋਂ ਬਾਅਦ ਬੀਤੇ ਦਿਨ ਉਸ ਨੂੰ ਭਾਰਤ ਲਈ ਕਥਿਤ ਜਾਸੂਸੀ ਕਰਨ ਦੇ ਦੋਸ਼ 'ਚ ਸੀ. ਟੀ. ਡੀ. ਹਵਾਲੇ ਕਰ ਦਿੱਤਾ ਗਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਲਗਾਤਾਰ ਕੀਤੇ ਗਏ ਤਸ਼ੱਦਦ ਕਾਰਨ ਸੁਖਦੀਪ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਸੀਨੀਅਰ ਸੰਘ ਪਰਿਵਾਰ ਦੇ ਆਗੂ ਨੂੰ ਵਿਦੇਸ਼ੀ ਨੰਬਰਾਂ ਤੋਂ ਮਿਲੀਆਂ ਕਤਲ ਕਰਨ ਦੀਆਂ ਧਮਕੀਆਂ

## ✪ ਆਗੂ ਵੱਲੋਂ ਸੁਰੱਖਿਆ ਵਧਾਉਣ ਦੀ ਕੀਤੀ ਮੰਗ



ਐੱਸਏਐੱਸ ਨਗਰ-ਸੀਨੀਅਰ ਆਰ. ਐੱਸ. ਐੱਸ. (ਰਾਸ਼ਟਰੀ ਸਵੈਮਸੇਵਕ ਸੰਘ) ਆਗੂ ਸੁੰਦਰਲਾਲ ਅਗਰਵਾਲ ਨੂੰ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਵਿਦੇਸ਼ੀ ਨੰਬਰਾਂ, ਖ਼ਾਸ ਕਰਕੇ ਪਾਕਿਸਤਾਨ ਤੋਂ ਆਉਣ ਵਾਲੀਆਂ ਕਾਲਾਂ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸ ਸਬੰਧ ਵਿਚ ਉਨ੍ਹਾਂ ਵੱਲੋਂ ਥਾਣਾ ਮਟੌਰ ਅਤੇ ਥਾਣਾ ਸੋਹਾਣਾ ਵਿਚ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਗਈਆਂ ਹਨ।

ਸੁੰਦਰਲਾਲ ਅਗਰਵਾਲ ਨੇ ਦੱਸਿਆ ਕਿ ਸਥਿਤੀ ਗੰਭੀਰ ਹੋਣ ਦੇ ਬਾਵਜੂਦ, ਉਨ੍ਹਾਂ ਦੀ ਸੁਰੱਖਿਆ ਨੂੰ ਘਟਾ ਦਿੱਤਾ ਗਿਆ ਹੈ ਅਤੇ ਚਾਰ ਦੀ ਬਜਾਏ ਸਿਰਫ਼ ਇਕ ਗੰਨਮੈਨ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ, ਮੌਜੂਦਾ ਹਾਲਾਤਾਂ ਵਿਚ ਇਹ ਸੁਰੱਖਿਆ ਬਿਲਕੁਲ ਨਾਕਾਫ਼ੀ ਹੈ।

ਅਗਰਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਸਿਰਫ਼ ਧਮਕੀ ਭਰੇ ਕਾਲ ਆ ਰਹੇ ਹਨ, ਸਗੋਂ ਕਈ ਵਾਰ ਉਨ੍ਹਾਂ ਦੀ ਰੇਕੀ ਵੀ ਕੀਤੀ ਗਈ ਹੈ। ਇਕ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਦੇਰ ਰਾਤ ਕਰੀਬ ਤਿੰਨ ਵਜੇ ਚਾਰ ਅਣਪਛਾਤੇ ਵਿਅਕਤੀ ਜੀਪ ਵਿਚ ਉਨ੍ਹਾਂ ਦੇ ਕਾਲਜ ਪਹੁੰਚੇ, ਜਿੱਥੇ ਉਨ੍ਹਾਂ ਨੇ ਚੌਕੀਦਾਰ ਨਾਲ ਮਾਰਕੁੱਟ ਕੀਤੀ ਅਤੇ ਉਨ੍ਹਾਂ ਦਾ ਘਰ ਅਤੇ ਫੋਨ ਨੰਬਰ ਪੁੱਛਣ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਦੀ ਸ਼ਿਕਾਇਤ ਉਨ੍ਹਾਂ ਨੇ ਥਾਣਾ ਸੋਹਾਣਾ ਵਿਚ ਦਿੱਤੀ ਸੀ ਪਰ ਉਨ੍ਹਾਂ ਦੇ ਅਨੁਸਾਰ ਅਜੇ ਤੱਕ ਪੁਲਿਸ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਆਰ.ਐੱਸ.ਐੱਸ. ਆਗੂ ਨੇ ਕਿਹਾ ਕਿ ਉਹ ਕਈ ਸਾਲਾ ਤੋਂ ਆਰ.ਐੱਸ.ਐੱਸ. ਨਾਲ ਜੁੜੇ ਹੋਏ ਹਨ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਜਿਵੇਂ ਕਿ ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਪਹਿਲਾਂ ਵੀ ਆਰ.ਐੱਸ.ਐੱਸ. ਆਗੂਆਂ 'ਤੇ ਹਮਲੇ ਹੋ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲਗਾਤਾਰ ਵਿਦੇਸ਼ਾਂ ਤੋਂ ਆ ਰਹੀਆਂ ਕਾਲਾਂ ਵਿਚ ਉਨ੍ਹਾਂ ਤੋਂ ਲੋਕੇਸ਼ਨ, ਪਰਿਵਾਰ ਅਤੇ ਦਿਨਚਰਿਆ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ, ਜੋ ਖ਼ਤਰੇ ਨੂੰ ਹੋਰ ਵਧਾਉਂਦਾ ਹੈ। ਸੁੰਦਰਲਾਲ ਅਗਰਵਾਲ ਨੇ ਪ੍ਰਸ਼ਾਸਨ ਅਤੇ ਪੁਲਿਸ ਤੋਂ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਤੁਰੰਤ ਵਧਾਇਆ ਜਾਵੇ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

# ਦਰਬਾਰ ਸਾਹਿਬ ਵਿਚ ਸੋਨੇ ਦੀ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਵਲੋਂ ਸ਼ੁਰੂ



ਅੰਮ੍ਰਿਤਸਰ-ਇਥੇ ਸੱਚਖੰਡ ਦਰਬਾਰ ਸਾਹਿਬ ਵਿੱਚ ਚੱਲ ਰਹੀ ਸੋਨੇ ਦੇ ਪੱਤਰਿਆਂ ਅਤੇ ਮੀਨਾਕਾਰੀ ਦੀ ਸਾਂਭ-ਸੰਭਾਲ ਦੀ ਸੇਵਾ ਤਹਿਤ ਮੁੱਖ ਦਰਬਾਰ ਦੇ ਅੰਦਰੂਨੀ ਹਿੱਸੇ ਵਿੱਚ ਸੋਨੇ ਦੇ ਪੱਤਰੇ ਲਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ, ਜਿਸ ਨੇ ਮੁਰੰਮਤ ਦਾ ਕੰਮ ਕੀਤਾ ਹੈ। ਅਰਦਾਸ ਉਪਰੰਤ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਮਹਿੰਦਰ ਸਿੰਘ ਸੋਨੇ ਦੇ ਪੱਤਰਿਆਂ ਨਾਲ ਸੱਚਖੰਡ ਹਰਿਮੰਦਰ ਸਾਹਿਬ ਪਹੁੰਚੇ ਅਤੇ ਉਨ੍ਹਾਂ ਪੱਤਰੇ ਲਾਉਣ ਦੀ ਸੇਵਾ ਆਰੰਭ ਕਰਵਾਈ।

ਸ੍ਰੀ ਧਾਮੀ ਨੇ ਦੱਸਿਆ ਕਿ ਸੱਚਖੰਡ ਹਰਿਮੰਦਰ ਸਾਹਿਬ ਵਿੱਚ ਲੱਗੇ ਸੁਨਹਿਰੀ ਪੱਤਰੇ ਅਤੇ ਮੀਨਾਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਮੇਂ-ਸਮੇਂ 'ਤੇ ਕਾਰਜ ਕੀਤੇ ਜਾਂਦੇ ਹਨ ਅਤੇ ਇਸੇ ਤਹਿਤ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਸੌਂਪੀ ਗਈ ਹੈ। ਸੇਵਾ ਦੌਰਾਨ ਪੱਤਰਿਆਂ ਨੂੰ ਪਹਿਲਾਂ ਵਾਂਗ ਹੂਬਹੂ ਤਿਆਰ ਕਰਕੇ ਮੁੜ ਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਮੀਨਾਕਾਰੀ ਦੀ ਸਾਂਭ-ਸੰਭਾਲ ਦਾ ਕੰਮ ਵੀ ਜਾਰੀ ਹੈ। ਸੇਵਕ ਜਥੇ ਦੇ ਮੁਖੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਘਰ ਦੀਆਂ ਸੇਵਾਵਾਂ ਮਿਲਣੀਆਂ ਗੁਰੂ ਸਾਹਿਬ ਦੀ ਰਹਿਮਤ ਹੈ। ਉਨ੍ਹਾਂ ਸਹਿਯੋਗ ਲਈ ਸੰਗਤ ਦਾ ਧੰਨਵਾਦ ਕੀਤਾ।

# ਸੰਸਦ ਵਿੱਚ ਆਪ ਦੇ ਸਾਹਨੀ ਨੇ ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਉੱਜੜੇ ਸਿੱਖਾਂ ਦੇ ਮੁੜ-ਵਸੇਬੇ ਦਾ ਮੁੱਦਾ ਚੁਕਿਆ

ਨਵੀਂ ਦਿੱਲੀ-ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸੰਸਦ ਵਿੱਚ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਅਤੇ 1984 ਨਸਲਕੁਸ਼ੀ ਦੌਰਾਨ ਬੇਘਰ ਹੋਏ ਸਿੱਖਾਂ ਲਈ ਮੁੜ-ਵਸੇਬੇ ਦਾ ਅਹਿਮ ਤੇ ਲੰਬੇ ਸਮੇਂ ਤੋਂ ਅਣਗੌਲਿਆ ਮੁੱਦਾ ਉਠਾਇਆ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਮਕਬੂਜ਼ਾ ਕਸ਼ਮੀਰ ਅਤੇ ਚੰਬਾ ਤੋਂ ਉੱਜੜੇ ਪਰਿਵਾਰਾਂ ਲਈ 2015 ਦੇ ਪੈਕੇਜ ਵਰਗੀ ਵਿਆਪਕ ਅਤੇ ਵਿਸ਼ੇਸ਼ ਯੋਜਨਾ ਵੀ ਫੌਰੀ ਲਿਆਵੇ, ਜਿਸ ਨਾਲ ਦੇਸ਼ ਭਰ ਦੇ ਸਾਰੇ ਬੇਘਰ ਹੋਏ ਸਿੱਖ ਪਰਿਵਾਰਾਂ ਲਈ ਪੱਕਾ ਮਕਾਨ, ਰੋਜ਼ੀ-ਰੋਟੀ ਵਿੱਚ ਮਦਦ, ਵਿੱਦਿਅਕ ਸਹਾ


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਜਥੇ ਵਿਚ ਇਕੱਲੀ ਮਹਿਲਾ ਸ਼ਰਧਾਲੂ ਨਾ ਭੇਜਣ ਬਾਰੇ ਦਿੱਤੇ ਬਿਆਨ ਤੋਂ ਮੰਤਰੀ ਅਰੋੜਾ ਨੇ ਪਾਸਾ ਵਟਿਆ

## ✪ ਕਿਹਾ ਕਿ ਮਹਿਲਾ ਸ਼ਰਧਾਲੂ ਦੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ 'ਤੇ ਰੋਕ ਲਗਾਉਣਾ ਸੰਭਵ ਨਹੀਂ



ਅੰਮ੍ਰਿਤਸਰ-ਭਾਰਤੀ ਔਰਤ ਸਰਬਜੀਤ ਕੌਰ (48 ਸਾਲ) ਦੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥੇ ਨਾਲ ਪਾਕਿਸਤਾਨ ਪਹੁੰਚਣ ਤੋਂ ਬਾਅਦ ਉੱਥੋਂ ਫ਼ਰਾਰ ਹੋ ਕੇ ਧਰਮ ਬਦਲਣ ਉਪਰੰਤ ਨਾਸਿਰ ਹੁਸੈਨ (43 ਸਾਲ) ਪੁੱਤਰ ਮੁਹੰਮਦ ਤੁਫ਼ੈਲ ਵਾਸੀ ਸ਼ੇਖ਼ੂਪੁਰਾ ਨਾਲ ਨਿਕਾਹ ਕਰਵਾਉਣ ਦੇ ਮਾਮਲੇ ਦੇ ਬਾਅਦ ਪਾਕਿ ਦੇ ਸਿੱਖ ਆਗੂਆਂ ਵਲੋਂ ਸਖ਼ਤ ਤੀਰਥ ਯਾਤਰਾ ਨੀਤੀ ਅਤੇ ਨਵੀਆਂ ਪਾਬੰਦੀਆਂ ਦੀ ਮੰਗ ਕੀਤੀ ਗਈ ਸੀ। ਇਸ 'ਤੇ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਭਵਿੱਖ 'ਚ ਭਾਰਤੀ ਜਥੇ 'ਚ ਇਕੱਲੀ ਪਾਕਿ ਆਉਣ ਵਾਲੀ ਕਿਸੇ ਵੀ ਮਹਿਲਾ ਸ਼ਰਧਾਲੂ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਇਸ ਦੇ ਬਾਅਦ ਹੁਣ ਆਪਣੇ ਉਕਤ ਬਿਆਨ ਤੋਂ ਯੂ-ਟਰਨ ਲੈਂਦਿਆਂ ਮੰਤਰੀ ਅਰੋੜਾ ਨੇ ' ਕਿਹਾ ਕਿ ਬੇਸ਼ੱਕ ਕਿਰਨ ਬਾਲਾ ਉਰਫ਼ ਆਮਨਾ ਬੀਬੀ ਅਤੇ ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਦੇ ਮਾਮਲਿਆਂ ਨਾਲ ਪਾਕਿ ਦੀ ਸਾਖ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ ਪਰ ਭਵਿੱਖ ਦੇ ਜਥਿਆਂ 'ਚ ਇਕੱਲੀ ਮਹਿਲਾ ਸ਼ਰਧਾਲੂ ਦੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ 'ਤੇ ਰੋਕ ਲਗਾਉਣਾ ਜਾਂ ਸ਼ਰਧਾਲੂਆਂ 'ਤੇ ਸਖ਼ਤੀ ਨਾਲ ਨਜ਼ਰ ਰੱਖਣਾ ਸੰਭਵ ਨਹੀਂ।

# ਜੰਗ-ਏ-ਆਜ਼ਾਦੀ ਯਾਦਗਾਰ ਕੇਸ ਵਿਚ ਹਮਦਰਦ ਨੂੰ ਰਾਹਤ ਮਿਲੇਗੀ

## ✪ ਵਿਜੀਲੈਂਸ ਬਿਊਰੋ ਵੱਲੋਂ ਕੇਸ ਬੰਦ ਕਰਨ ਦੀ ਤਿਆਰੀ



ਜਲੰਧਰ-ਵਿਜੀਲੈਂਸ ਬਿਊਰੋ ਨੇ ਸਾਬਕਾ ਸੰਸਦ ਮੈਂਬਰ ਅਤੇ ਅਜੀਤ ਗਰੁੱਪ ਆਫ ਪਬਲੀਕੇਸ਼ਨਜ਼ ਦੇ ਮੈਨੇਜਿੰਗ ਐਡੀਟਰ ਬਲਜਿੰਦਰ ਸਿੰਘ ਹਮਦਰਦ, ਆਈ ਏ ਐੱਸ ਅਫਸਰ ਵਿਨੈ ਬੁਬਲਾਨੀ, ਲੁਧਿਆਣਾ ਸਥਿਤ ਬਿਲਡਰ ਦੀਪਕ ਸਿੰਘਲ ਅਤੇ ਪੀ ਡਬਲਿਊ ਡੀ ਦੇ 14 ਅਧਿਕਾਰੀਆਂ ਖ਼ਿਲਾਫ਼ ਪਿਛਲੇ ਸਾਲ ਮਈ ਵਿੱਚ ਦਰਜ ਕੇਸ ਰੱਦ ਕਰਨ ਲਈ ਰਿਪੋਰਟ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਹਮਦਰਦ ਨੇ ਇਸ ਕਾਰਵਾਈ ਨੂੰ ਆਪਣੇ ਖ਼ਿਲਾਫ਼ ਸਿਆਸੀ ਬਦਲਾਖੋਰੀ ਦਾ ਹਿੱਸਾ ਦੱਸਿਆ ਸੀ। ਬਰਜਿੰਦਰ ਸਿੰਘ ਹਮਦਰਦ ਜੰਗ-ਏ-ਆਜ਼ਾਦੀ ਯਾਦਗਾਰ ਦੀ ਕਾਰਜਕਾਰੀ ਕਮੇਟੀ ਦੇ ਪ੍ਰਧਾਨ ਸਨ ਅਤੇ ਸ੍ਰੀ ਬੁਬਲਾਨੀ ਨਿਰਮਾਣ ਕਾਰਜਾਂ ਦੀ ਨਿਗਰਾਨੀ ਲਈ ਮੁੱਖ ਕਾਰਜਕਾਰੀ ਅਧਿਕਾਰੀ ਸਨ। ਇਹ ਪ੍ਰਾਜੈਕਟ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਕਾਰਜਕਾਲ 'ਚ ਸ਼ੁਰੂ ਕੀਤਾ ਗਿਆ ਸੀ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਕਾਰਜਕਾਲ ਵਿਚ ਮੁਕੰਮਲ ਹੋਇਆ ਸੀ।

# ਅਮਰੀਕਾ ਵੱਲੋਂ ਯਾਤਰੀਆਂ ਦੀ ਸੋਸ਼ਲ ਮੀਡੀਆ ਚੈਕ ਕਰਨ ਦੀ ਯੋਜਨਾ, ਨਵਾਂ ਨਿਯਮ ਚਰਚਾ ਵਿੱਚ

ਵਾਸ਼ਿੰਗਟਨ — ਅਮਰੀਕਾ ਨੇ ਵਿਦੇਸ਼ੀ ਯਾਤਰੀਆਂ ਲਈ ਸੁਰੱਖਿਆ ਪ੍ਰਕਿਰਿਆ ਕੜੀ ਕਰਨ ਦਾ ਇੱਕ ਨਵਾਂ ਸੁਝਾਅ ਪੇਸ਼ ਕੀਤਾ ਹੈ, ਜਿਸ ਅਧੀਨ ਟੂਰਿਸਟਾਂ ਦੀ ਪਿਛਲੇ ਪੰਜ ਸਾਲਾਂ ਦੀ ਸੋਸ਼ਲ ਮੀਡੀਆ ਹਿਸਟਰੀ ਲਾਜ਼ਮੀ ਤੌਰ 'ਤੇ ਜਾਂਚੀ ਜਾ ਸਕਦੀ ਹੈ। ਇਹ ਨਿਯਮ ਖਾਸ ਤੌਰ 'ਤੇ ਉਹਨਾਂ ਦੇਸ਼ਾਂ ਲਈ ਹੈ ਜੋ Visa Waiver Programme ਅਧੀਨ ਬਿਨਾਂ ਵੀਜ਼ਾ ਅਮਰੀਕਾ ਦੀ ਯਾਤਰਾ ਕਰਦੇ ਹਨ। ਨਵੇਂ ਪ੍ਰਸਤਾਵ ਅਨੁਸਾਰ, ਯਾਤਰੀਆਂ ਨੂੰ ਆਪਣੀਆਂ ਸੋਸ਼ਲ ਮੀਡੀਆ IDs, ਪੁਰਾਣੇ ਫੋਨ ਨੰਬਰ, ਈਮੇਲ, ਰਹਿਣ ਦੇ ਪਤੇ ਅਤੇ ਇਮਰਜੈਂਸੀ ਕੰਟੈਕਟ ਵਗੈਰਾ ਜਿਹੀਆਂ ਵਾਧੂ ਜਾਣਕਾਰੀਆਂ ਵੀ ਦੇਣੀਆਂ ਪੈ ਸਕਦੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਪਹਚਾਣ ਪ੍ਰਣਾਲੀ ਨੂੰ ਹੋਰ ਭਰੋਸੇਯੋਗ ਬਣਾਉਣ ਲਈ ਲਿਆ ਜਾ ਰਿਹਾ ਹੈ। ਦੂਜੇ ਪਾਸੇ, ਕਈ ਯਾਤਰੀ ਅਤੇ ਗੋਪਨੀਯਤਾ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਪ੍ਰਸਤਾਵ 'ਤੇ ਚਿੰਤਾ ਜਤਾਈ ਹੈ। ਉਹ ਮੰਨਦੇ ਹਨ ਕਿ ਇਹ ਉਪਰਾਲਾ ਲੋਕਾਂ ਦੀ ਨਿੱਜਤਾ 'ਤੇ ਸਿੱਧਾ ਹੱਕਮਾਰ ਹੋ ਸਕਦਾ ਹੈ ਅਤੇ ਇਸ ਨਾਲ ਡੇਟਾ ਦੇ ਦੁਰਪਯੋਗ ਦੇ ਡਰ ਵੀ ਵਧ ਸਕਦੇ ਹਨ। ਇਹ ਪ੍ਰਸਤਾਵ ਫਿਲਹਾਲ 60 ਦਿਨਾਂ ਲਈ ਲੋਕਾਂ ਦੀ ਰਾਇ ਵਾਸਤੇ ਖੁੱਲ੍ਹਾ ਰੱਖਿਆ ਗਿਆ ਹੈ, ਜਿਸ ਤੋਂ ਬਾਅਦ ਅੰਤਿਮ ਫੈਸਲਾ ਲਿਆ ਜਾਵੇਗਾ।

# ਗੁਰਪ੍ਰੀਤ ਸਿੰਘ ਵਿਰੁੱਧ ਯੂ ਕੇ ਸਰਕਾਰ ਵੱਲੋਂ ਕੀਤੀ ਕਾਰਵਾਈ ਨੂੰ ਲੈ ਕੇ ਸਿੱਖ ਜਥੇਬੰਦੀਆਂ ਦੀ ਅੰਤਰ-ਰਾਸ਼ਟਰੀ ਪੱਧਰ ਦੀ ਕਾਨਫਰੰਸ ਬੁਲਾਉਣ ਲਈ ਸੱਦਾ



ਡਰਬੀ (ਹਰਜਿੰਦਰ ਸਿੰਘ ਮੰਡੇਰ) - ਗੁਰ-ਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਜਨਰਲ ਸੈਕਟਰੀ ਤੇ ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਗੁਰਪ੍ਰੀਤ ਸਿੰਘ ਦੇ ਖਿਲਾਫ਼ ਯੂ ਕੇ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਦੀ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਯੂ ਕੇ ਸਰਕਾਰ ਨੇ ਬਿਨਾ ਜਾਂਚ ਪੜਤਾਲ ਦੇ ਭਾਰਤ ਵੱਲੋਂ ਮੁਹੱਈਆ ਕੀਤੀ ਅਧੂਰੀ ਜਾਣਕਾਰੀ ਦੇ ਆਧਾਰ 'ਤੇ ਇਹ ਕਾਰਵਾਈ ਅੰਜ਼ਾਮ ਦਿੱਤੀ ਹੈ। ਉਹਨਾਂ ਕਿਹਾ ਕਿ ਇਸ ਅਹਿਮ ਮੁੱਦੇ ਤੇ ਪੰਥ ਨੂੰ ਇੱਕਜੁੱਟ ਹੋ ਕੇ ਨਜਿੱਠਣਾ ਚਾਹੀਦਾ ਹੈ ਜਿਸ ਲਈ ਜਲਦੀ ਹੀ ਇੰਟਰਨੈਸ਼ਨਲ ਪੱਧਰ ਤੇ ਇੱਕ ਵੱਡੀ ਕਾਨਫਰੰਸ ਸੱਦੀ ਜਾਣੀ ਚਾਹੀਦੀ ਹੈ ਤੇ ਇਸ ਨੌਜਵਾਨ ਅਤੇ ਹੋਰ ਸਿੱਖਾਂ ਨਾਲ ਹੋ ਰਹੀ ਜ਼ਿਆਦਤੀ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤੇ ਹੋਰ ਕਿਸੇ ਨਾਲ ਇੰਝ ਨਾ ਹੋਵੇ। ਸਿੰਘ ਸਭਾ ਡਰਬੀ ਵੱਲੋਂ ਇਸ ਕਾਰਜ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਉਹਨਾਂ ਕਿਹਾ ਕਿ ਯੂ ਕੇ ਦੀ ਖਜ਼ਾਨਾ ਮੰਤਰੀ ਰੇਸ਼ਲ ਰੀਵਜ਼ ਵੱਲੋਂ ਗੁਰਪ੍ਰੀਤ ਸਿੰਘ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਦੀਆਂ ਜਾਇਦਾਦਾਂ ਅਤੇ ਚੈਰਿਟੀ ਸੰਸਥਾਵਾਂ ਦੀ ਅਹੁਦੇਦਾਰੀ ਤੇ ਪਾਬੰਦੀ ਲਾ ਦਿੱਤੀ ਗਈ ਹੈ। ਬਰਤਾਨੀਆ ਸਰਕਾਰ ਨੂੰ ਸ਼ਾਇਦ ਭਾਰਤ ਦੀਆਂ ਪੰਜਾਬ ਤੇ ਸਿੱਖਾਂ ਵਿਰੁੱਧ ਲੌਬੀ ਕਰਨ ਵਾਲੀਆਂ ਏਜੰਸੀਆਂ ਨੇ ਉਸ ਸਬੰਧੀ ਗਲਤ ਜਾਣਕਾਰੀ ਦਿੱਤੀ ਹੈ, ਜਿਸ ਕਾਰਨ ਯੂ ਕੇ ਸਰਕਾਰ ਨੇ ਇਹ ਕਦਮ ਉਠਾਏ ਹਨ। ਇਹ ਪਹਿਲਾਂ ਵੀ ਸਪੱਸ਼ਟ ਹੋ ਚੁੱਕਾ ਹੈ ਕਿ ਭਾਰਤੀ ਏਜੰਸੀਆਂ ਸਿੱਖ ਨੌਜਵਾਨਾਂ ਵਿਰੁੱਧ ਗਲਤ ਦੋਸ਼ ਲਾ ਕੇ ਉਹਨਾਂ ਨੂੰ ਦੇਸ਼ ਵਿਦੇਸ਼ ਵਿੱਚ ਬਦਨਾਮ ਕਰਦੀਆਂ ਹਨ ਤਾਂ ਜੋ ਸਿੱਖਾਂ ਦਾ ਅਕਸ ਖਰਾਬ ਹੋਵੇ। ਬਹੁਤੇ ਮੀਡੀਆ ਨੇ ਵੀ ਬਿਨਾ ਖੋਜ ਪੜਤਾਲ ਦੇ ਗੁਰਪ੍ਰੀਤ ਸਿੰਘ ਬਾਰੇ ਖ਼ਬਰਾਂ ਛਾਪ ਦਿੱਤੀਆਂ। ਨਾ ਗੁਰਪ੍ਰੀਤ ਸਿੰਘ ਨੂੰ ਪੁੱਛਿਆ ਗਿਆ ਅਤੇ ਨਾ ਹੀ ਕਿਸੇ ਹੋਰ ਸਿੱਖ ਆਗੂਆਂ ਪਾਸੋਂ ਜਾਂਚ ਪੜਤਾਲ ਕੀਤੀ ਗਈ।

ਉਹਨਾਂ ਕਿਹਾ ਗੁਰਪ੍ਰੀਤ ਸਿੰਘ ਉਤੇ ਲੱਗੇ ਸਾਰੇ ਹੀ ਦੋਸ਼ ਗਲਤ ਜਾਪਦੇ ਹਨ, ਜਿਹਨਾਂ ਬਾਰੇ ਅਜੇ ਤੱਕ ਕੋਈ ਸਬੂਤ ਵੀ ਪੇਸ਼ ਨਹੀਂ ਕੀਤੇ ਗਏ। ਯੂ ਕੇ ਦੇ ਕਈ ਨੌਜਵਾਨ ਪੰਜਾਬ ਨੂੰ ਅੱਗੇ ਵਧਦਾ ਦੇਖਣਾ ਚਾਹੁੰਦੇ ਹਨ ਤੇ ਤਰੱਕੀ ਦੀ ਰਾਹ ਤੇ ਪਾਉਣ ਲਈ ਯੋਗਦਾਨ ਪਾ ਰਹੇ ਹਨ। ਪੰਜਾਬ ਦੇ ਘਟ ਰਹੇ ਪਾਣੀ, ਬਿਜਲੀ, ਗੈਂਗਸਟਰਾਂ, ਨਸ਼ਿਆਂ ਅਤੇ ਪੰਜਾਬ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ, ਪੰਜਾਬ ਸਿਰ ਵਧ ਰਿਹਾ ਕਰਜਾ ਤੇ ਮਨੁੱਖੀ ਅਧਿਕਾਰਾਂ ਬਾਰੇ ਖੋਜ ਪੱਤਰ ਵਿਦਵਾਨਾਂ ਤੋਂ ਲਿਖਾਏ ਜਾ ਰਹੇ ਹਨ ਤੇ ਪਬਲਿਸ਼ ਕਰਾਏ ਜਾ ਰਹੇ ਹਨ। ਵੱਖ-ਵੱਖ ਦੇਸ਼ਾਂ ਵਿੱਚ ਗੁਰਪ੍ਰੀਤ ਸਿੰਘ ਆਪ ਜਾ ਕੇ ਜਾਣਕਾਰੀ ਦੇ ਰਹੇ ਹਨ। ਉਹਨਾਂ ਜ਼ਿਕਰ ਕੀਤਾ ਕਿ ਪਿਛਲੇ 20-25 ਸਾਲਾਂ ਤੋਂ ਸਿੱਖਾਂ ਵੱਲੋਂ ਯੂ ਕੇ ਜਾਂ ਇੰਡੀਆ ਵਿੱਚ ਕੋਈ ਵੀ ਇਹੋ ਜਿਹਾ ਕੰਮ ਨਹੀਂ ਕੀਤਾ ਗਿਆ ਜੋ ਮਨੁੱਖਾਂ ਲਈ ਹਾਨੀਕਾਰਕ ਹੋਵੇ। ਸਗੋਂ ਸਮੂਹ ਆਸਥਾ ਰੱਖਣ ਵਾਲਿਆਂ ਦਾ ਵਿਰੋਧ ਹੋਵੇ। ਇਸ ਫ਼ੈਸਲੇ ਨਾਲ ਮਨੁੱਖੀ ਅਧਿਕਾਰ ਸੰਸਥਾਵਾਂ ਤੇ ਮਨੁੱਖਤਾ ਦੀ ਭਲਾਈ ਕਰਨ ਵਾਲੀਆਂ ਸੰਸਥਾਵਾਂ ਇਸ ਫ਼ੈਸਲੇ ਨਾਲ ਦੁਖੀ ਹੋਏ ਹਨ। ਭਾਰਤ ਸਰਕਾਰ ਅਮਰੀਕਾ ਕੈਨੇਡਾ ਤੇ ਯੂ ਕੇ ਵਿੱਚ ਸਿੱਖ ਆਗੂਆਂ ਨੂੰ ਮਾਰਨ ਦੇ ਦੋਸ਼ ਵੀ ਮੀਡੀਆ ਵਿੱਚ ਲੱਗ ਰਹੇ ਹਨ।

ਗੁਰਪ੍ਰੀਤ ਸਿੰਘ ਦੇ ਕਾਰਜਾਂ ਦੀ ਸਮੂਹ ਪੰਜਾਬੀ ਤੇ ਯੂ ਕੇ ਨਿਵਾਸੀ ਸ਼ਲਾਘਾ ਕਰਦੇ ਹਨ। ਯੂ ਕੇ ਸਰਕਾਰ ਭਾਰਤ ਦੀ ਲੌਬੀ ਤੇ ਯਕੀਨ ਨਾ ਕਰੇ ਸਗੋਂ ਯੂ ਕੇ ਦੀਆਂ ਏਜੰਸੀਆਂ ਪਾਸੋਂ ਰਿਪੋਰਟ ਮੰਗਵਾਏ ਅਤੇ ਸਿੱਖ ਨੌਜਵਾਨਾਂ ਉਤੇ ਲੱਗੇ ਝੂਠੇ ਦੋਸ਼ਾਂ ਦੀ ਸਹੀ ਤਸਵੀਰ ਯੂਕੇ ਦੇ ਲੋਕਾਂ ਅੱਗੇ ਲਿਆਵੇ। ਭਾਰਤ ਵਿੱਚ ਪਿਛਲੇ 40 ਸਾਲਾਂ ਤੋਂ ਆਪਣੇ ਹੱਕ ਮੰਗਣ ਵਾਲੇ ਹਜ਼ਾਰਾਂ ਹੀ ਲੋਕਾਂ ਨੂੰ ਮਾਰਿਆ ਜਾ ਚੁੱਕਾ ਹੈ। ਯੂ ਕੇ ਦੇ ਵੀਹ ਪੰਝੀ ਸਾਲਾਂ ਤੋਂ ਲੇਬਰ ਪਾਰਟੀ ਦੇ ਇੱਕ ਕੌਂਸਲਰ ਨੂੰ ਵੀ ਪਿਛਲੇ ਸਾਲ ਇੰਡੀਆ ਦਾ ਵੀਜਾ ਨਹੀਂ ਦਿੱਤਾ ਗਿਆ, ਜਿਹੜਾ ਕਿ ਸਿੱਖਾਂ ਅਤੇ ਪੰਜਾਬੀਆਂ ਦੇ ਹੱਕਾਂ ਦਾ ਸਮਰਥਨ ਕਰਦਾ ਸੀ।

## ਗੁਰਪ੍ਰੀਤ ਸਿੰਘ ਦੇ ਸਮਰਥਨ ਵਿੱਚ ਅੱਗੇ ਆਈਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ

**Supporting organisations:**

Akaal Force, Akaal Youth, Akal Publishers, Akhand Keertani Jatha France, Akhand Keertani Jatha UK, Akhand Kirtani Jatha Detroit, Akhand Kirtani Jatha Northeast USA, Akhand Kirtani Jatha Toronto, Akhand Kirtani Jatha Windsor, Akhand Kirtani Jatha France, American Gurdwara Prabhandik Committee, Amrit Sanchaar Jatha Bhindran Damdami Taksal UK & Europe, Baba Banda Singh Bahadur International Sikh Society, Baba Buda Ji Vidyala, Baba Fateh Sports Club Spain, Babbar Akali Organisation, Baltimore Sikh Society Dundalk Maryland USA, Basics of Sikhi, Baba Deep Singh Academy (BDSA) Slough, Bol Har Naam, Brisbane Sikh Youth, British Columbia Akhand Kirtani Jatha Educational Society, British Columbia Gurdwaras Council, British Organisation of Sikh Students (BOSS), Budha Dal Fauj, UK, California Sikh Youth Alliance, Canberra Sikh Youth, Chardikala Sewak Jatha France, Council of Bradford Gurdwaras, Dal Khalsa USA, Damdami Taksal UK, Devanhaar, Dharam Yudh Jatha UK, Dutch Sikh Association, European Sikh Council France, Experience Sikhi, Fateh Sports Kabaddi Club Spain, Federation of Sikh Organisation (FSO) UK, Ghadhri Babbe Sports Club, Golden Triangle Sikh Association Gurdwara Kitchener, Golden Triangle Sikh Association, Petersburg ON, Guru Arjan Dev Gym Derby, Ik Nishana, Institute of Gurmat Studies, International Panthic Dal, Kalgidhar Gurmat Academy, Kaurs Camp, Kesari Lehar Scotland, Kesari Lehar UK, Khalistan Centre, Khalistan House, Khalsa Camp Australia, Khalsa Camp Society of British Columbia, Khalsa Camp Toronto, Khalsa Foundation, Khalsa Foundation California, Khalsa Panth UK, McMaster University Sikh Students Association, Misl Windsor, National Sikh Museum, National Sikh Youth Federation (NSYF), Naujawani, Nishaan, North American Sikh Association, Organization for Minorities of India, Pacific Coast Khalsa Divan Society, Stockton, Panth-Punjab Project, Panthic Alliance British Columbia, Panthic Sikh Society, Punjab Multimedia France, Punjabi Rights Organization Benlux, Sant Prem Singh Sikh Culture Society, Satkaar Sewa Network Society, Saving Punjab, Seva Toronto, Shaheed Baba Deep Singh Gatka Akhara, Toronto, Shaheed Bhai Fauja Singh Chalda Vaheer Canada, Shaheed Kartar Singh Sarabha, Shere Panjab, Sheridan Sikh Student Association, Shiromani Akali Dal, Amritsar, Shiromani Sikh College International France, Shromani Sikh International France, Sikh 2 Inspire, Sikh Art Gallery, Sikh Association for Human Rights, SIkh Awareness Society, Sikh Caucus Committee, Sikh Coordination Committee East Coast, USA, Sikh Federation America, Sikh Federation Australia, Sikh Federation Canada, Sikh History Series, Sikh Information Center, Sikh Inspiration, Sikh Press Association, Sikh Sevak Society UK, Sikh Society of Harrisburg USA, Sikh Student Confederation Canada, Sikh Warrior Projects, Sikh Wellness Awareness Team Youth, SIkh Youth Edmonton, Sikh Youth of America, Sikh Youth of California, Sikh Youth of Michigan, Sikh Youth UK, Sikh Youth Edmonton, Sikhs for Justice, Sikhs United Netherlands, Singh Sabha Sports Club France, Singhs Camp, Slough Sikhs, Sovereign Sikh Society, Sri Guru Nanak Darbar Gurdwara Gravesend, Sri Guru Singh Sabha Gurdwara Southall, The Anandpur Collective, The Sikh Temple Chapeltown Leeds, The Undying Morcha, Thikriwala Jatha USA, Toronto Metropolitan University Sikh Student Association, United Khalsa Dal UK, United Sikhs, United Sikhs France, University of Toronto Sikh Student Association, Voices for Freedom, Waterloo University Sikh Students Association, Western Sikh Student Association, Windsor Sikh Panthic Jatha, World Sikh Organisation (WSO), World Sikh Parliament (WSP), York Sikh Student Association.

**Supporting Gurdwara's:**

Baba Deep Singh Gurdwara Birmingham, Gurdarshan Prakas Sahib Barcelona, Gurdwar Gursangat Sahib Badalona, Gurdwara Amrit Parchar Dharmik Diwan Bradford, Gurdwara Baba Sang, Birmingham, Gurdwara Dashmesh Darbar New Jersey, Gurdwara Dasmesh Culture Centre Calgary, Gurdwara Gurdarshan Parkash Sahib Barcelona, Gurdwara Gurmat Parchar Leipzig, Gurdwara Guru Nanak Darbar Boa Vista Portugal, Gurdwara Guru Nanak Darbar Liege, Gurdwara Guru Nanak Mission Centre Brampton ON, Gurdwara Guru Nanak Parkash Coventry, Gurdwara Guru RamDas Sikh Study & Culture Center (Hoepertingen) Borgloon, Gurdwara Jot Parkash Sahib Brampton ON, Gurdwara Khalsa Prakash Windsor, Gurdwara Nanaksar Sahib Madrid, Gurdwara Ramgaria Bradford, Gurdwara Ravidas Ji Maharaj Bradford, Gurdwara Sahib Fremont USA, Gurdwara Sahib Khalsa Darbar, Gurdwara Sahib Manteca, Gurdwara Sahib Milpitas, Gurdwara Sahib Modesto, Gurdwara Sahib of Stockton USA, Gurdwara Sahib Sikh Sangat California, Gurdwara Sahib Turlock, Gurdwara Sahib West Sacramento, Gurdwara Sahib Yuba, Gurdwara Sangat Sahib Sint-Truiden, Gurdwara Sarbat Da Bhala Erfurt, Gurdwara Shri Guru HarGobind Sahib Ji, Gurdwara Shri Guru Harkrishan Sahib Ji Leicester, Gurdwara Sikh Centre of New York INC Flushing Queens, Gurdwara Sikh Cultural Society NYC, Gurdwara Sikh Culture Soceity Richmond Hill, Gurdwara Sikh Sangat Sahib Odivelas Portugal, Gurdwara Sikh Sangat Sahib Lisbon Portugal, Gurdwara Singh Sabha Alken, Gurdwara Singh Sabha Bradford, Gurdwara Singh Sabha Fairfax Virginia, Gurdwara Singh Sabha France Bobigny, Gurdwara Singh Sabha Novellara RE Italy, Gurdwara Singh Sabha Chemnitz, Gurdwara Singh Sabha France, Gurdwara Singh Sabha Nottingham, Gurdwara Sri Guru Hargobind Sahib Ji Greenwood Indiana, Gurdwara Sri Guru Nanak Darbar Dresden, Gurdwara Sri Guru Singh Sabha Berlin, Gurdwara Sri Guru Tegh Bahadur Sahib Albufeira Portugal, Gurdwara Tapoban Sahib, Gursangat Sahib Barcalona Gurdwara, Guru Arjan Dev Gurdwara Derby, Guru Gobind Singh Gurdwara Bradford, Guru Har Rai Gurdwara West Bromwich, Guru Nanak Dev Ji Gurdwara Bradford, Guru Nanak Gurdwara Sedgly Street, Guru Nanak Gurdwara Smethwick, Guru Nanak Gurdwara Edward St West Bromwich, Guru Nanak Gurdwara Leicester, Guru Nanak Gurdwara Sedgley St Wolverhampton, Guru Nanak Gurdwara Walsall, Guru Nanak Gurdwara Wednesfield, Guru Nanak Sikh Gurdwara Surrey British Columbia, Guru Tegh Bahadur Gudwara Huddersfield, Guru Tegh Bahadur Gurdwara Leicester, Gurudwara Shri Guru Dashmesh Sahib Leicester, Gurudwara Singh Sabha Derby, Gurudwara Singh Sabha Great Barr, Nojawan Sabha Spain Gurdwara, Ontario Gurdwaras Committee, Quebec Gurdwaras Council, Rexdale Singh Sabha Religious Centre Etobicoke ON, Sikh Gurdwara of Pine Hill, Sikh Gurdwara San Jose California, Sri Guru Nanak Sikh Centre Brampton ON, Sri Guru Singh Sabha Malton Mississauga ON.




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸੰਵਾਦ ਰਚਾਉਂਦੀ ਨਿਬੰਧਕਾਰੀ ਦੇ ਸਹਿਜ ਪ੍ਰਵਚਨ: 'ਜਵਾਬ ਅਜੇ ਬਾਕੀ ਹੈ...'

## ਪੁਸਤਕ ਚਰਚਾ

ਡਾ. ਪ੍ਰਿਤਪਾਲ ਸਿੰਘ ਮਹਿਰੋਕ



98885-10185

ਸਵੈਜੀਵਨੀ ਮੂਲਕ ਨਿਬੰਧਾਂ ਤੇ ਸੁਹਜਮਈ ਪ੍ਰਵਚਨਾਂ ਨਾਲ ਓਤਪੋਤ ਇਸ ਕਿਤਾਬ ਦੀ ਰਚਨਾ ਕਰਨ ਨਾਲ ਦੇਸ਼ ਬੀਰ ਆਪਣੀ ਤੀਜੀ ਪੁਸਤਕ ਲੈ ਕੇ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਉਹ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਵਿੱਚ ਰਚਨਾ ਕਰਦਾ ਹੈ ਅਤੇ ਇਨ੍ਹਾਂ ਭਾਸ਼ਾਵਾਂ ਦੇ ਪ੍ਰਬੁੱਧ ਪ੍ਰਵਕਤਾ ਵਜੋਂ ਵੀ ਉਹ ਵਿਸ਼ੇਸ਼ ਪਛਾਣ ਰੱਖਦਾ ਹੈ। ਕਵਿਤਾ ਦੀ ਰਚਨਾ ਕਰਨ ਤੇ ਵਾਰਤਕ ਰਾਹੀਂ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਨ ਵਿੱਚ ਉਸਨੂੰ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਵਿਸਤ੍ਰਿਤ ਕੈਨਵਸ ਉਪਰ ਮਿਆਰੀ ਰਚਨਾ ਕਰਨ ਦੇ ਨਾਲ-ਨਾਲ ਸਮਕਾਲ ਦੇ ਚਲੰਤ ਮਸਲਿਆਂ ਉਪਰ ਲਿਖੇ ਉਸਦੇ ਨਿਬੰਧ ਤੇ ਕਵਿਤਾਵਾਂ ਚਰਚਾ ਵਿੱਚ ਰਹਿੰਦੇ ਹਨ। ਪੁਸਤਕ ਵਿੱਚ ਦਰਜ ਬਹੁਤੇ ਨਿਬੰਧ ਦੇਸ਼ ਵਿਦੇਸ਼ ਦੀਆਂ ਵਿਭਿੰਨ ਤੇ ਸੁਪ੍ਰਸਿੱਧ ਪੱਤ੍ਰਕਾਵਾਂ ਵਿੱਚ ਅੰਗਰੇਜ਼ੀ ਵਿੱਚ ਛਪ ਚੁੱਕੇ ਹਨ ਜਿਨ੍ਹਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਜ਼ਿੰਮੇਵਾਰੀ ਪ੍ਰਿੰ.ਰਜਿੰਦਰ ਕੌਰ ਨੇ ਬਾਖ਼ੂਬੀ ਨਿਭਾਈ ਹੈ। ਪੁਸਤਕ ਸਵਾਲ ਦਰ ਸਵਾਲ ਉਠਾਉਂਦੀ ਹੈ,ਉਨ੍ਹਾਂ ਦੇ ਜਵਾਬ ਮੰਗਦੀ ਹੈ ਤੇ ਪ੍ਰਗਟ ਹੁੰਦਾ ਹੈ ਇਕ ਮੁੱਲਵਾਨ ਦਸਤਾਵੇਜ਼ : 'ਜਵਾਬ ਅਜੇ ਬਾਕੀ ਹੈ...'।

ਦੇਸ਼ ਬੀਰ ਨੇ ਆਪਣੇ ਬਚਪਨ ਦੀਆਂ ਯਾਦਾਂ ਦੇ ਅਮੀਰ ਖ਼ਜ਼ਾਨੇ ਨੂੰ ਸਾਂਭਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਆਪਣਾ ਜੱਦੀ ਪਿੰਡ ਮਨਵੀਂ, ਜ਼ਿਲ੍ਹਾ ਹਮੀਰਪੁਰ, ਹਿਮਾਚਲ ਪ੍ਰਦੇਸ਼ (ਉਸ ਸਮੇਂ ਪੰਜਾਬ) ਵਿੱਚ ਸੀ। ਉਸਦੇ ਦਾਦਾ ਜੀ 19ਵੀਂ ਸਦੀ ਦੇ ਅਖੀਰਲੇ ਵਰ੍ਹਿਆਂ ਵਿੱਚ ਇਥੇ ਆ ਕੇ ਵੱਸੇ ਸਨ। ਮੂਲ ਰਵਾਇਤਾਂ ਦੇ ਧਾਰਨੀ ਘੁੱਗ ਵੱਸਦੇ ਪਰਿਵਾਰ ਉਪਰ ਸਭ ਨੂੰ ਮਾਣ ਸੀ। ਉਥੇ ਹੀ ਉਨ੍ਹਾਂ ਦੀ ਜ਼ਮੀਨ ਤੇ ਘਰ ਸੀ। ਪਿੰਡ ਵਿੱਚ ਜ਼ਮੀਨ ਦੇ ਇਕ ਸਰਵ ਸਾਂਝੇ ਟੁਕੜੇ, ਜਿਸਨੂੰ 'ਘੋੜੀ ਕਾ ਖੇਤ' ਕਿਹਾ ਜਾਂਦਾ ਸੀ, 'ਤੇ ਉਸਦੇ ਦਾਦਾ ਜੀ ਦਾ ਵਿਸ਼ੇਸ਼ ਅਧਿਕਾਰ ਹੁੰਦਾ ਸੀ। ਇਹ ਨਿਸਚੇ ਹੀ ਆਪਣੇ ਪੁਰਖਿਆਂ 'ਤੇ ਫ਼ਖ਼ਰ ਮਹਿਸੂਸ ਕਰਨ ਵਾਲੀ ਗੱਲ ਹੈ।

ਭੋਲ਼ੇ-ਭਾਲ਼ੇ ਤੇ ਚੁਲਬੁਲੇ ਬਚਪਨ ਦੀਆਂ ਛੋਟੀਆਂ ਛੋਟੀਆਂ ਸ਼ਰਾਰਤਾਂ ਬਾਰੇ ਦੇਸ਼ ਬੀਰ ਬੜੀ ਬੇਬਾਕੀ ਨਾਲ ਲਿਖਦਾ ਹੈ। ਲੇਖਕ ਜਦੋਂ ਆਪਣੇ ਪਿਤਾ ਜੀ ਨਾਲ ਆਪਣੇ ਮਾਤਰ ਸਕੂਲ ਵਿੱਚ ਜਾਂਦਾ ਹੈ ਤਾਂ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਇਸੇ ਸਕੂਲ ਵਿੱਚ ਉਸਦੇ ਪਿਤਾ ਜੀ ਨੇ ਵੀ ਬਤੌਰ ਪ੍ਰਿੰਸੀਪਲ ਸੇਵਾ ਨਿਭਾਈ ਸੀ। ਸਕੂਲ ਪੜ੍ਹਨ ਵੇਲੇ ਦੀਆਂ ਕੁਝ ਸਿਮ੍ਰਤੀਆਂ ਉਸਦੇ ਮਨ ਦੇ ਚਿਤਰਪਟ 'ਤੇ ਉਭਰ ਆਉਂਦੀਆਂ ਹਨ। ਜਿਵੇਂ ਡਾ.ਡੀ.ਐਸ.ਰਾਣਾ ਆਪਣੇ ਸਕੂਲ ਪ੍ਰਤੀ ਸ਼ਰਧਾ ਤੇ ਸਨੇਹ ਰੱਖਦੇ ਹਨ,ਤਿਵੇਂ ਹੀ ਪੁਸਤਕ ਦਾ ਲੇਖਕ ਵੀ ਆਪਣੇ ਸਕੂਲ ਪ੍ਰਤੀ ਪਿਆਰ ਭਾਵਨਾ ਦੇ ਸੂਤਰ ਵਿੱਚ ਬੱਝਾ ਹੋਇਆ ਹੈ। ਹੈਡਮਾਸਟਰ ਦਾ ਬੇਟਾ ਹੋਣ ਦੇ ਨਾਤੇ ਵਿਦਿਆਰਥੀ ਜੀਵਨ ਵਿੱਚ ਹੀ ਲੇਖਕ ਅੰਦਰ ਸਵੈ-ਵਿਸ਼ਵਾਸ ਦੀ ਭਾਵਨਾ ਪਨਪਣ ਲੱਗਦੀ ਹੈ।


ਪਿਤਾ ਦੀਆਂ ਕਹੀਆਂ ਗੱਲਾਂ ਨੂੰ ਸਮਝਣ ਤੇ ਉਨ੍ਹਾਂ 'ਤੇ ਅਮਲ ਕਰਨ ਨਾਲ ਜ਼ਿੰਦਗੀ ਸੰਵਰ ਵੀ ਸਕਦੀ ਹੈ ਤੇ ਜ਼ਿੰਦਗੀ ਵਿੱਚ ਨਿਖਾਰ ਵੀ ਆ ਸਕਦਾ ਹੈ। ਪਿਤਾ ਦੇ ਵਿਅਕਤਿਤਵ ਦੇ ਮਹੱਤਵ ਨੂੰ ਪਛਾਨਣ ਵਾਲੀ ਅੱਖ/ਨੀਝ ਦਾ ਹੋਣਾ ਵਰਦਾਨ ਹੁੰਦਾ ਹੈ। ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਰੱਖਣ, ਬਚਪਨ ਦੇ ਦੋਸਤਾਂ, ਗਵਾਂਢੀਆਂ, ਸਹਿਪਾਠੀਆਂ ਆਦਿ ਨੂੰ ਯਾਦ ਕਰਨ, ਬਚਪਨ ਵਿੱਚ ਘਰ ਵਿੱਚ ਪਈ ਕਿਸੇ ਚੀਜ਼ ਨੂੰ ਖਾਂਦੇ ਰਹਿਣ ਦੇ ਚਸਕੇ ਨੂੰ ਚਿਤਵਨ ਆਦਿ ਨਾਲ ਜੁੜੀਆਂ ਸਿਮ੍ਰਤੀਆਂ ਨੂੰ ਲੇਖਕ ਬੜੀ ਸ਼ਿੱਦਤ ਨਾਲ ਰੇਖਾਂਕਿਤ ਕਰਦਾ ਹੈ। ਲੇਖਕ ਉਨ੍ਹਾਂ ਸਾਲਾਂ ਦੌਰਾਨ ਉਸ ਖਿੱਤੇ ਵਿੱਚ ਚਲਦੇ ਰਹੇ ਘਰਾਟਾਂ ਨੂੰ ਯਾਦ ਕਰਦਾ ਹੈ। ਜਲ ਭੰਡਾਰਾਂ ਦੇ ਨੇੜੇ ਰਹਿਣ ਦੇ ਰੁਮਾਂਚ ਨੂੰ ਮਾਨਣ ਤੇ ਧੌਲਾਧਾਰ ਦੇ ਪਿਛੋਕੜ ਵਾਲੇ ਸ਼ਾਂਤ ਵਾਤਾਵਰਨ ਵਾਲੇ ਚੌਗਿਰਦੇ ਵਿੱਚ ਰਹਿਣ ਦਾ ਮੌਕਾ ਹਾਸਲ ਕਰਨ ਨੂੰ ਉਹ ਆਪਣੀ ਖੁਸ਼ਕਿਸਮਤੀ ਸਮਝਦਾ ਹੈ। ਇਹ ਉਨ੍ਹਾਂ ਸਮਿਆਂ ਦੀਆਂ ਗੱਲਾਂ ਹਨ ਜਦੋਂ ਘਰਾਂ ਵਿੱਚ ਬਿਜਲੀ ਵੀ ਨਹੀਂ ਸੀ ਹੁੰਦੀ। ਪਹਾੜੀ ਰਸਤਿਆਂ/ ਪਗਡੰਡੀਆਂ 'ਤੇ ਚਲਦਿਆਂ ਹੋਇਆਂ ਲੇਖਕ ਚੌਗਿਰਦੇ ਬਾਰੇ ਜਾਣਕਾਰੀ ਹਾਸਲ ਕਰਨ ਦੇ ਮੌਕੇ ਦਾ ਪੂਰਾ ਫਾਇਦਾ ਉਠਾਉਂਦਾ ਰਿਹਾ ਹੈ। ਹੌਲੀ ਹੌਲੀ ਵੱਡੇ ਹੋਣ, ਜ਼ਿੰਦਗੀ ਬਾਰੇ ਜਾਨਣ,ਪੜ੍ਹਨ-ਲਿਖਣ,ਆਲੇ-ਦੁਆਲੇ ਦੀ ਥੋੜ੍ਹੀ-ਥੋੜ੍ਹੀ ਸਮਝ ਆਉਣ ਵਾਲੇ ਵਰ੍ਹਿਆਂ ਦੇ ਦਿਲਚਸਪ ਬਿਰਤਾਂਤ ਪੁਸਤਕ ਵਿੱਚੋਂ ਪੜ੍ਹਨ ਨੂੰ ਮਿਲਦੇ ਹਨ।

ਦੇਸ਼ ਬੀਰ 60ਵਿਆਂ ਦੌਰਾਨ ਉਸ ਖਿੱਤੇ ਦੇ ਲੋਕਾਂ ਦੀਆਂ ਕਠਿਨ ਤੇ ਕਠੋਰ ਜੀਵਨ ਹਾਲਤਾਂ ਵੱਲ ਸੰਕੇਤ ਕਰਦਾ ਹੈ। ਖੂਹਾਂ,ਬਉਲੀਆਂ,ਫੁਹਾਰਿਆਂ,ਜਾਂ ਜਲਧਾਰਾ ਵਾਲੇ ਖੂਹਾਂ ਤੋਂ ਕੱਚੇ ਘੜਿਆਂ ਵਿੱਚ ਪਾਣੀ ਭਰ ਕੇ ਲਿਆਉਣ ਦੇ ਦ੍ਰਿਸ਼ਾਂ ਨੂੰ ਲੇਖਕ ਬਾਖ਼ੂਬੀ ਸਾਕਾਰ ਕਰਦਾ ਹੈ। ਬਹੁਤੇ ਬੱਚੇ ਨੰਗੇ ਪੈਰੀਂ ਸਕੂਲ ਜਾਂਦੇ ਸਨ। ਉਨ੍ਹਾਂ ਸਾਲਾਂ ਵਿੱਚ ਬੱਸਾਂ ਦੀ ਆਵਾਜਾਈ ਬਹੁਤ ਘੱਟ ਹੁੰਦੀ ਸੀ। ਇਲਾਕੇ ਵਿੱਚ ਕਾਰ ਜਾਂ ਮੋਟਰ ਸਾਈਕਲ ਜਿਹਾ ਵਾਹਨ ਕਿਸੇ ਵਿਰਲੇ-ਟਾਂਵੇਂ ਕੋਲ ਹੀ ਹੁੰਦਾ ਸੀ। ਕਦੇ-ਕਦੇ ਚੀਲ ਦੇ ਬਿਰਖਾਂ ਨੂੰ ਅੱਗ ਲੱਗ ਜਾਂਦੀ ਸੀ,ਜੋ ਰਾਤ ਨੂੰ ਬਹੁਤ ਡਰਾਵਣਾ ਤੇ ਦਹਿਲਾਅ ਦੇਣ ਵਾਲਾ ਦ੍ਰਿਸ਼ ਪੇਸ਼ ਕਰਦੀ ਸੀ।

ਲੇਖਕ ਨੂੰ ਇਕ ਵਾਰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਕਾਂਗੂ ਵਿਖੇ ਫੇਰੀ ਦੇ ਮੌਕੇ 'ਤੇ ਰਚੇ ਇਕ ਸਮਾਗਮ ਵਿੱਚ ਉਸਦੇ ਸਵਾਗਤ ਵਿੱਚ ਇਕ ਕਵਿਤਾ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ ਸੀ। ਉਹ ਮੌਕਾ ਲੇਖਕ ਦੀਆਂ ਸਥਾਈ ਯਾਦਾਂ ਦਾ ਹਿੱਸਾ ਬਣ ਜਾਂਦਾ ਹੈ।

ਲੇਖਕ ਨੂੰ ਆਪਣੇ ਨਾਂ ਦੇਸ਼ ਬੀਰ ਉਪਰ ਬਹੁਤ ਮਾਣ ਹੈ। ਉਸਦੇ ਮਾਪਿਆਂ ਨੇ ਇਹ ਨਾਂ ਦੇਸ਼ ਪ੍ਰਤੀ ਪਿਆਰ ਪ੍ਰਗਟਾਉਣ ਦੇ ਜਜ਼ਬੇ ਅਧੀਨ ਸਰਸ਼ਾਰ ਹੋਇਆਂ ਨੇ ਹੀ ਰੱਖਿਆ ਹੋਵੇਗਾ। ਅਸਲ ਵਿੱਚ ਦੇਸ਼ ਦੀ ਆਜ਼ਾਦੀ ਉਪਰੰਤ ਕੁਝ ਵਰ੍ਹਿਆਂ ਦੌਰਾਨ ਦੇਸ਼ ਵਾਸੀਆਂ ਵਿੱਚ ਵਤਨ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਬਹੁਤ ਪ੍ਰਬਲ ਸਨ। ਹਰ ਕੋਈ ਦੇਸ਼ ਦੇ ਨਿਰਮਾਣ ਤੇ ਤਰੱਕੀ ਵਿੱਚ ਆਪਣਾ ਬਣਦਾ ਹਿੱਸਾ ਪਾਉਣ ਲਈ ਉਤਾਵਲਾ ਰਹਿੰਦਾ ਸੀ।

ਨਿਮਰ, ਨੇਕ-ਦਿਲ ਤੇ ਦਿਆਲੂ ਪੁਰਸ਼ ਜਦੋਂ ਕਿਸੇ ਦੀ ਮਦਦ ਕਰਦਾ ਹੈ ਤਾਂ ਉਸਦੇ ਬਦਲੇ ਵਿੱਚ ਉਹ ਕੁਝ ਮਿਲਣ ਦੀ ਉਮੀਦ ਨਹੀਂ ਰੱਖ ਰਿਹਾ ਹੁੰਦਾ। ਕਾਲਜ ਵਿੱਚ ਦਾਖਲਾ ਲੈਣ ਦੀਆਂ ਚਾਹਵਾਨ ਗ਼ਰੀਬ ਘਰ ਦੀਆਂ ਲੜਕੀਆਂ ਦੀ ਸਹਾਇਤਾ ਕਰ ਕੇ ਲੇਖਕ (ਜਦੋਂ ਉਹ ਇਕ ਵੱਡੇ ਕਾਲਜ ਦਾ ਪ੍ਰਿੰਸੀਪਲ ਸੀ) ਅਪਾਰ ਖੁਸ਼ੀ ਮਹਿਸੂਸ ਕਰਦਾ ਹੈ। ਅਹਿਸਾਨ ਨਾ ਭੁੱਲਣ ਵਾਲੀਆਂ ਉਹ ਲੜਕੀਆਂ ਜਦੋਂ ਲੇਖਕ ਦੀ ਰੀਟਾਇਰਮੈਂਟ ਵਾਲੇ ਦਿਨ,ਆਪਣੀ ਜਾਣ-ਪਛਾਣ ਕਰਾਉਂਦਿਆਂ,ਉਸਨੂੰ ਇਕ ਸੌਗਾਤ ਭੇਂਟ ਕਰਦੀਆਂ ਹਨ ਤਾਂ ਉਹ ਹੈਰਾਨੀ ਭਰੀ ਖੁਸ਼ੀ ਮਹਿਸੂਸ ਕਰਦਾ ਹੈ। ਉਹ ਲਿਖਦਾ ਹੈ- "ਚਮਕੀਲੇ ਕਾਗਜ਼ ਵਿੱਚ ਲਿਪਟਿਆ ਹੋਇਆ 'ਸੈਲੋ ਜੈਲ ਪੈਨ' ਦੇਖ ਕੇ ਮੈਂ ਫੁੱਲਿਆ ਨਹੀਂ ਸਮਾਇਆ। ਇਹ ਸੀ ਮੇਰਾ ਤੋਹਫ਼ਾ, ਕਿਸੇ ਜਵਾਹਰ ਨਾਲੋਂ ਜ਼ਿਆਦਾ ਕੀਮਤੀ। ਇਸ ਤੋਹਫੇ ਨੇ ਇਕ ਪਲ ਲਈ ਮੇਰਾ ਗੱਚ ਭਰ ਦਿੱਤਾ। "( ਪੰਨਾ 20)। ਉਹ ਭਾਵੁਕ ਪਲ ਲੇਖਕ ਲਈ ਬਹੁਤ ਅਮੋਲਵੇ ਸਨ।




ਭਾਰਤ ਵਿੱਚ ਅਨੇਕ ਧਰਮਾਂ ਨੂੰ ਮੰਨਣ ਵਾਲੇ ਲੋਕ ਹਨ। ਇਥੇ ਲੱਖਾਂ ਮੰਦਰ,ਮਸਜਿਦਾਂ,ਹਜ਼ਾਰਾਂ ਗੁਰਦੁਆਰੇ ਤੇ ਗਿਰਜਾ ਘਰ ਹਨ। ਲੋਕਾਂ ਦੀ ਇਨ੍ਹਾਂ ਵਿੱਚ ਗਹਿਰੀ ਆਸਥਾ ਹੈ। ਕਈ ਥਾਈਂ ਪੈਸੇ ਦੇ ਕੇ(ਰੇਟ ਵੱਖ ਵੱਖ ਹਨ) ਵਿਸ਼ੇਸ਼ ਵਿਅਕਤੀਆਂ ਵਜੋਂ ਦਰਸ਼ਨ ਕਰਾਉਣ ਦੀ ਵਿਵਸਥਾ ਵੀ ਹੈ। ਲੇਖਕ ਦੇ ਮਨ ਵਿੱਚ ਸਵਾਲ ਉੱਠ ਰਿਹਾ ਹੈ ਕਿ ਅਸਲ ਵਿੱਚ ਰੱਬ ਹੈ ਕਿਥੇ ? 'ਰੱਬੀ ਯੋਜਨਾ ਤੇ ਮਨੁੱਖੀ ਆਬਾਦੀ' ਵਿੱਚ ਲੇਖਕ ਮਨੁੱਖ ਦੇ ਨਸਲੀ ਹੰਕਾਰ ਦੀ ਨਿਖੇਧੀ ਕਰਦਾ ਹੈ। ਬ੍ਰਹਿਮੰਡ ਦਾ ਚਲਨ ਮਨੁੱਖੀ ਸਮਝ ਤੋਂ ਪਰੇ ਦੀ ਗੱਲ ਹੈ। ਅਚੰਭਿਤ ਦੇਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਸਕੂਲਾਂ,ਕਾਲਜਾਂ ਤੇ ਵਿਦਿਅਕ ਸੰਸਥਾਵਾਂ ਦੀ ਗਿਣਤੀ ਨਾਲੋਂ ਧਾਰਮਿਕ ਅਸਥਾਨਾਂ ਦੀ ਗਿਣਤੀ ਵਧੇਰੇ ਹੈ। ਧਰਮ ਵਰਗੇ ਸੰਵੇਦਨਸ਼ੀਲ ਤੇ ਨਾਜ਼ੁਕ ਵਿਸ਼ੇ ਉਪਰ ਲੇਖਕ ਬੇਬਾਕੀ ਨਾਲ ਵਿਚਾਰ ਪ੍ਰਸਤੁਤ ਕਰਦਾ ਹੈ ਤੇ ਵਿਗਿਆਨਕ ਨਜ਼ਰੀਏ ਤੋਂ ਨਿੱਠ ਕੇ ਗੱਲ ਕਰਦਾ ਹੈ।

ਧਰਤੀ ਉਪਰ ਵਾਪਰਨ ਵਾਲੀਆਂ ਕੁਦਰਤੀ ਕਰੋਪੀਆਂ ਬਾਰੇ ਗਹੁ ਨਾਲ ਵਿਚਾਰ ਕੀਤੀ ਜਾਵੇ ਤਾਂ ਇਕ ਗੱਲ ਜ਼ਰੂਰ ਉਭਰ ਕੇ ਸਾਹਮਣੇ ਆਵੇਗੀ ਕਿ ਮਨੁੱਖ ਕੁਦਰਤ ਦੇ ਰਹਿਮ 'ਤੇ ਰਹਿੰਦਾ ਹੈ। ਬੱਚਾ ਕਿਸ ਮਾਂ-ਬਾਪ ਦੇ ਘਰ ਜਨਮ ਲੈਂਦਾ ਹੈ,ਉਹ ਅਮੀਰ ਹੈ ਜਾਂ ਗਰੀਬ ਇਸ ਗੱਲ ਨੂੰ ਵੀ ਕੁਦਰਤ ਹੀ ਨਿਸਚਿਤ ਕਰਦੀ ਹੈ।

ਸਾਡੇ ਦੇਸ਼ ਦੇ ਅੰਨਦਾਤਾ ਦੀ ਹਾਲਤ ਬਹੁਤੀ ਚੰਗੀ ਨਹੀਂ। ਅੰਨਦਾਤਾ ਤੇ ਉਸਦੇ ਪੈਦਾ ਕੀਤੇ ਉਤਪਾਦਾਂ ਦਾ ਉਪਭੋਗਤਾਵਾਂ ਨਾਲ ਗਹਿਰਾ ਰਿਸ਼ਤਾ ਹੁੰਦਾ ਹੈ। ਲੇਖਕ ਨੇ ਇਸਨੂੰ 'ਸਾਂਝ ਦਾ ਸੰਕੇਤਕ ਰਿਸ਼ਤਾ' ਕਿਹਾ ਹੈ। ਅੰਨਦਾਤਾ ਨੂੰ ਇੱਜ਼ਤਦਾਰ ਜੀਵਨ ਦੇਣ ਲਈ ਜੇ ਅਸੀਂ ਕੋਈ ਯੋਗਦਾਨ ਪਾ ਸਕੀਏ,ਤਾਂ ਅਸੀਂ ਆਪਣੇ ਫ਼ਰਜ਼ ਦਾ ਕੁਝ ਹਿੱਸਾ ਅਦਾ ਕਰ ਰਹੇ ਹੋਵਾਂਗੇ।

ਬੱਚਾ ਫਰਿਸ਼ਤੇ ਵਾਂਗ ਹੁੰਦਾ ਹੈ। ਰੱਬ ਦਾ ਰੂਪ ! ਕੋਈ ਵਲ਼-ਛਲ਼,ਕੂੜ-ਕਪਟ ਨਹੀਂ ਹੁੰਦਾ ਉਸ ਅੰਦਰ ! ਬੱਚੇ ਪ੍ਰਤੀ ਸੰਵੇਦਨਸ਼ੀਲਤਾ ਪ੍ਰਗਟ ਕਰਦਿਆਂ ਦੇਸ਼ ਬੀਰ ਭਾਵੁਕ ਹੋ ਜਾਂਦਾ ਹੈ। ਬਾਤਾਂ ਸੁਣਨ ਤੇ ਉਨ੍ਹਾਂ ਨੂੰ ਮਾਨਣ ਵਿੱਚ ਬੱਚੇ ਦੀ ਸੁਭਾਵਿਕ ਦਿਲਚਸਪੀ ਦਾ ਉਲੇਖ ਕਰਦਿਆਂ ਲੇਖਕ ਬੱਚੇ ਦੀ ਉਤਸੁਕਤਾ ਦੀ ਗੱਲ ਕਰਦਾ ਹੈ। ਜ਼ਿੰਦਗੀ ਭਰ ਦੇ ਅਨੁਭਵ ਉਪਰੰਤ ਲੇਖਕ ਇਸ ਨਿਰਣੇ 'ਤੇ ਪਹੁੰਚਦਾ ਹੈ ਕਿ ਨਵੇਂ ਰਾਹਾਂ ਦੀ ਤਲਾਸ਼ ਕਰਨ ਦੀ ਚਾਹਤ ਕਦੇ ਤਿਆਗਣੀ ਨਹੀਂ ਚਾਹੀਦੀ। ਮਿਥੇ ਹੋਏ ਆਦਰਸ਼ ਤੱਕ ਪਹੁੰਚਣ ਲਈ ਜੇ ਜੋਖ਼ਮ ਵੀ ਉਠਾਉਣਾ ਪਵੇ ਤਾਂ ਉਠਾ ਲੈਣਾ ਚਾਹੀਦਾ ਹੈ। ਕਈ ਵਾਰ ਖੜੋਤ ਤੋਂ ਇਨਕਾਰੀ ਹੋਣ ਨਾਲ ਨਵੇਂ ਰਸਤੇ ਖੁੱਲ੍ਹਦੇ ਨਜ਼ਰ ਆਉਂਦੇ ਹਨ।

ਮਨਮੋਹਕ ਕੁਦਰਤੀ ਨਜ਼ਾਰਿਆਂ ਨੂੰ ਫੋਟੋਆਂ ਵਿੱਚ ਸੰਭਾਲ ਕੇ ਰੱਖ ਲੈਣ ਦੀ ਮਨੁੱਖੀ ਖਾਹਿਸ਼ ਸੁਭਾਵਿਕ ਹੈ। ਫੋਟੋ ਲੈਣ ਵਕਤ ਮਦਦਗਾਰ ਬਣ ਕੇ ਪ੍ਰਗਟ ਹੋਣ ਵਾਲੇ ਬੱਚਿਆਂ ਦੇ ਵਿਵਹਾਰ ਦਾ ਚਿਰ-ਸਥਾਈ ਪ੍ਰਭਾਵ ਲੇਖਕ ਨੂੰ ਚੰਗਾ ਲੱਗਦਾ ਹੈ। ਮਨੁੱਖੀ ਵਿਵਹਾਰ, ਸੰਵੇਦਨਾ ਤੇ ਵਿਵੇਕ ਬਾਰੇ ਕਿਸੇ ਨਾ ਕਿਸੇ ਪ੍ਰਸੰਗ ਵਿੱਚ ਕੀਤੀ ਗਈ ਗੱਲ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ।

ਪਤਨੀ, ਗ੍ਰਹਿਣੀ ਜਾਂ ਮਾਂ ਜਦੋਂ 'ਖਾਣੇ ਵਿੱਚ ਕੀ ਬਣਾਵੇ' ਦਾ ਸਵਾਲ ਆਪਣੇ ਪਤੀ ਜਾਂ ਪੁੱਤਰ ਨੂੰ ਪੁੱਛਦੀ ਹੈ ਤਾਂ ਇਸ ਪਿੱਛੇ ਔਰਤ ਦੀ ਮੌਲਿਕਤਾ ਜਾਂ ਕਾਰਜਸ਼ੀਲਤਾ ਕੰਮ ਕਰ ਰਹੀ ਹੁੰਦੀ ਹੈ। ਸਮਾਜ ਵਿੱਚ ਪੁਰਸ਼ ਦੀ ਪ੍ਰਧਾਨਤਾ ਕਾਰਨ ਵੀ ਅਜਿਹਾ ਸਵਾਲ ਪੁੱਛਿਆ ਜਾ ਰਿਹਾ ਹੋ ਸਕਦਾ ਹੈ। ਲੇਖਕ ਸਵਾਲ ਉਠਾਉਂਦਾ ਹੈ ਕਿ ਖਾਣਾ ਸਿਰਫ ਔਰਤ ਹੀ ਕਿਉਂ ਬਣਾਵੇ ? ਹੁਣ ਦੀ ਪੀੜ੍ਹੀ ਰਾਤ ਵੇਲੇ ਲੇਟ ਸੌਣ ਤੇ ਸਵੇਰੇ ਲੇਟ ਉੱਠਣ ਦੀ ਆਦੀ ਹੋ ਗਈ ਹੈ। ਇਹ ਅਜੋਕੇ ਸਮੇਂ ਦਾ ਸੰਕਟ ਹੈ। ਮਨੁੱਖ ਅਤੇ ਸਮਾਜ ਦੀ ਸਿਹਤ ਵਾਸਤੇ ਅਜਿਹੇ ਨਾਕਾਰਾਤਮਕ ਪਹੁੰਚ ਵਾਲੇ ਚਲਨ ਦੀ ਲੇਖਕ ਪੁਰਜ਼ੋਰ ਨਿਖੇਧੀ ਕਰਦਾ ਹੈ। ਅਜੋਕਾ ਮਨੁੱਖ ਬਹੁਤ ਜਾਣਕਾਰਾਂ ਦੇ ਸੰਪਰਕ ਵਿੱਚ ਹੋਣ ਦੇ ਬਾਵਜੂਦ ਵੀ ਇਕੱਲਾ ਮਹਿਸੂਸ ਕਰਦਾ ਹੈ। ਉਸਨੂੰ ਸਮੇਂ ਤੇ ਸਥਾਨ ਦੇ ਬਦਲਣ ਦੇ ਹਾਲਾਤ ਵਸ ਆਪਣੀ ਪਛਾਣ ਖੋਹੀ ਜਾ ਰਹੀ ਹੋਣ ਦਾ ਸੰਕਟ ਤੇ ਅਜਨਬੀਅਤ ਦਾ ਸੰਕਟ ਪਰੇਸ਼ਾਨ ਕਰ ਰਿਹਾ ਹੈ। ਆਪਣੇ ਆਪ ਨੂੰ ਖੁਸ਼ਹਾਲ ਵਿਖਾਉਣ ਲਈ ਤੇ ਆਪਣੇ ਸਮਾਜਕ/ਆਰਥਕ ਰੁਤਬੇ ਦਾ ਵਿਖਾਵਾ ਕਰਨ ਲਈ ਵੱਡੇ ਪੱਧਰ 'ਤੇ ਰੀਸੈਪਸ਼ਨ ਕਰਨ ਨੂੰ ਫੋਕੇ ਵਿਖਾਵੇ ਤੋਂ ਵੱਧ ਕੁਝ ਨਹੀਂ ਸਮਝਿਆ ਜਾਣਾ ਚਾਹੀਦਾ। ਇਸ ਸਮਾਜਕ ਅਹੁਰ ਵੱਲ ਸੰਕੇਤ ਕਰਨ ਵਿੱਚੋਂ ਵੀ ਲੇਖਕ ਦੀ ਸਮਾਜ ਪ੍ਰਤੀ ਫਿਕਰਮੰਦੀ ਪ੍ਰਗਟ ਹੁੰਦੀ ਹੈ।

ਸਵਾਮੀ ਵਿਵੇਕਾਨੰਦ ਦੇ ਹਵਾਲੇ ਨਾਲ ਲੇਖਕ ਕਹਿੰਦਾ ਹੈ ਕਿ ਜਦੋਂ ਤੱਕ ਮੰਜ਼ਿਲ ਨਾ ਮਿਲ ਜਾਵੇ, ਰੁਕਣਾ ਨਹੀਂ ਚਾਹੀਦਾ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਲੇਖਕ ਵਿਸ਼ਵ ਪ੍ਰਸਿੱਧ ਲੇਖਕਾਂ,ਚਿੰਤਕਾਂ, ਵਿਗਿਆਨੀਆਂ ਆਦਿ ਦੀਆਂ ਲਿਖਤਾਂ/ਖੋਜਾਂ ਵਿੱਚੋਂ ਹਵਾਲੇ/ਉਦਾਹਰਣਾਂ ਦਿੰਦਾ ਹੈ। ਲੇਖਕ ਸਮਝਦਾ ਹੈ ਕਿ ਆਨੰਦ ਕੁਮਾਰ ਕੋਲ ਮਕਸਦ ਹੈ। ਉਹ ਟੀਚਾ ਮਿਥ ਕੇ ਚੱਲ ਰਿਹਾ ਹੈ ਤੇ ਸੁਪਰ 30 ਲਈ ਉਹ ਸਿਰ ਤੋੜ ਮਿਹਨਤ ਕਰ ਰਿਹਾ ਹੈ। ਇਹ ਜ਼ਿੰਦਗੀ ਨੂੰ ਜਨੂੰਨ ਦੀ ਹੱਦ ਤੱਕ ਜੀਉਣ ਦਾ ਨਾਮ ਹੈ। ਉਪਕਾਰ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ।

ਬਾਕੀ ਹਿਸਾ ਸਫਾ 50 ਤੇ ਪੜ੍ਹੋ

49 ਸਫ਼ੇ ਦੀ ਬਾਕੀ

'ਹਾਲ ਆਫ਼ ਕਾਈਂਡਨੈੱਸ' ਹੁਸ਼ਿਆਰਪੁਰ ਦੀ ਗੱਲ ਕਰਦਿਆਂ ਇਸ ਖੇਤਰ ਵਿੱਚ ਕਾਰਜਸ਼ੀਲ ਲੋਕਾਂ ਨੂੰ ਲੇਖਕ ਸਲਾਮ ਕਰਦਾ ਹੈ। ਕਰੋਨਾ ਕਾਲ ਦੌਰਾਨ ਲੌਕ ਡਾਊਨ ਦਾ ਸਮਾਂ ਭੁੱਲ ਜਾਣ ਵਾਲਾ ਨਹੀਂ। ਲੇਖਕ ਉਸ ਸਮੇਂ ਦੇ ਸਾਕਾਰਾਤਮਕ ਪੱਖਾਂ ਨੂੰ ਉਜਾਗਰ ਕਰਦਾ ਹੈ ਤੇ ਉਸ ਸਮੇਂ ਨੂੰ ਆਤਮਕ ਜਾਗ੍ਰਿਤੀ ਦਾ ਸਮਾਂ ਕਹਿੰਦਾ ਹੈ।

ਦੇਸ਼ ਬੀਰ ਨੂੰ ਮੈਂ 1971-72 ਤੋਂ ਜਾਣਦਾ ਹਾਂ। ਬਾਲ-ਅਵਸਥਾ ਦੇ ਦੇਸ਼ ਬੀਰ ਨੂੰ ਮੈਂ ਇਸ ਪੁਸਤਕ ਰਾਹੀਂ ਵੇਖ ਰਿਹਾ ਹਾਂ। ਇਸ ਪੁਸਤਕ ਵਿੱਚੋਂ ਉਸਦੀ ਹੁਣਵੀਂ ਅਵਸਥਾ ਤੱਕ ਦੀਆਂ ਪ੍ਰਾਪਤੀਆਂ, ਉਸਦੀ ਵਿਚਾਰਸ਼ੀਲਤਾ, ਦਾਰਸ਼ਨਿਕਤਾ, ਸੁਹਿਰਦਤਾ, ਉਦਾਰਤਾ, ਲਗਨ, ਕੰਮ ਕਰਨ ਦੀ ਲਗਾਤਾਰਤਾ ਆਦਿ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਪੁਸਤਕ ਦੇ ਅੰਤਰੀਵ ਵਿੱਚ ਪਿਆ ਆਤਮਕਥਾ ਵਰਗਾ ਬਿਰਤਾਂਤ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ।

'ਜਵਾਬ ਅਜੇ ਬਾਕੀ ਹੈ...' ਵਿੱਚ ਦੇਸ਼ ਬੀਰ ਦੀ ਸ਼ਖ਼ਸੀਅਤ ਦੇ ਸਮਤੁਲ/ਸਮਰੂਪ ਉਸਰਦੇ ਉਸਦੇ ਜੀਵਨ ਬਿਰਤਾਂਤ ਦੇ ਵੇਰਵੇ ਬੜੇ ਸੁਭਾਵਿਕ, ਸਪਸ਼ਟ,ਸਹਿਜ ਤੇ ਸਰਲ ਰੂਪ ਧਾਰਨ ਕਰਕੇ ਪ੍ਰਗਟ ਹੁੰਦੇ ਹਨ। ਲੇਖਕ ਜਦੋਂ ਆਪਣੇ ਜੀਵਨ ਦੇ ਦ੍ਰਿਸ਼ਟਮਾਨ ਯਥਾਰਥ ਨੂੰ ਸਾਹਿਤ ਦੇ ਯਥਾਰਥ ਵਿੱਚ ਰੂਪਾਂਤਰਿਤ ਕਰਦਾ ਹੈ ਤਾਂ ਇਸ ਅਮਲ ਵਿੱਚ ਉਹ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ।

ਦੇਸ਼ ਬੀਰ ਬਿਨਾਂ ਕਿਸੇ ਸ਼ੋਰ ਤੋਂ ਕੰਮ ਕਰਨ ਵਿੱਚ ਯਕੀਨ ਰੱਖਦਾ ਹੈ ਤੇ ਲੋਕ ਉਸਦੀ ਕਦਰ ਵੀ ਕਰਦੇ ਹਨ। ਇਹ ਪੁਸਤਕ ਉਸਦੀ ਬਹੁ ਪੱਖੀ ਸ਼ਖ਼ਸੀਅਤ ਦੇ ਸਮੁੱਚ ਨੂੰ ਬਿਆਨ ਕਰਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਦੇਸ਼ ਬੀਰ ਜਦ ਲਿਖਦਾ ਹੈ ਤਾਂ ਉਹ ਅੰਤਰ-ਸੰਵਾਦ ਰਚਾਉਣ ਦੀ ਸਥਿਤੀ ਵਿੱਚ ਹੁੰਦਾ ਹੈ। ਇਸ ਪੁਸਤਕ ਵਿੱਚੋਂ ਉਸਦੀਆਂ ਮਿਹਨਤ ਕਰਨ ਦੀਆਂ ਰਮਜ਼ਾਂ,ਉਸਦੇ ਭਾਵਾਂ,ਉਸਦੇ ਉਦਗਾਰਾਂ, ਉਸਦੇ ਦ੍ਰਿੜ੍ਹ ਨਿਹਚੇ, ਉਸਦੇ ਜਜ਼ਬੇ ਆਦਿ ਦੀ ਟੋਹ ਮਹਿਸੂਸ ਕੀਤੀ ਜਾ ਸਕਦੀ ਹੈ। ਜ਼ਿੰਦਗੀ ਦੀ ਸ਼ਾਲੀਨਤਾ, ਸੁਹਜਾਤਮਿਕਤਾ, ਨੇਮਬੱਧਤਾ, ਸੰਜਮਤਾ ਭਰਪੂਰ ਖਾਣ-ਪੀਣ, ਪਹਿਰਾਵੇ, ਬੋਲ-ਚਾਲ,ਚਾਲ-ਢਾਲ, ਕਾਰ-ਵਿਹਾਰ, ਚੱਜ-ਆਚਾਰ ਆਦਿ ਉਸਦੀ ਜ਼ਿੰਦਗੀ ਦੀ ਖੂਬਸੂਰਤੀ ਵਿੱਚ ਵਾਧਾ ਕਰਨ ਵਾਲੇ ਪਹਿਲੂ ਹਨ।


ਪੁਸਤਕ ਵਿਚਲੀਆਂ ਜਾਣਕਾਰੀਆਂ ਮੁੱਲਵਾਨ ਹਨ। ਕਿਧਰੇ ਕਿਧਰੇ ਦਿੱਤੀ ਜਾ ਰਹੀ ਕਿਸੇ ਜਾਣਕਾਰੀ ਨੂੰ ਲੇਖਕ ਕਿਸੇ ਪ੍ਰਸੰਗ ਸੂਤਰ ਨਾਲ ਜੋੜ ਕੇ ਪੇਸ਼ ਕਰਦਾ ਹੈ। ਵਰ੍ਹਿਆਂ ਬੱਧੀ ਲਗਾਤਾਰ ਸਖ਼ਤ ਮਿਹਨਤ ਕਰਦੇ ਰਹਿਣ ਦੇ ਅਮਲ ਨੂੰ ਉਹ ਬੜੀ ਸ਼ਿੱਦਤ ਤੇ ਨਿਸੰਗਤਾ ਨਾਲ ਪ੍ਰਗਟ ਕਰਦਾ ਹੈ। ਇਕ ਗੱਲ ਨਿਸਚਿਤ ਹੈ ਕਿ ਮਨੁੱਖ ਦੀ ਜ਼ਿੰਦਗੀ ਬਹੁਤ ਅਮੋਲਵੀਂ ਹੈ। ਪੁਸਤਕ ਵਿੱਚੋਂ ਇਕ ਸਵੈ ਸਿਰਜਕ,ਮਨੁੱਖੀ ਕਦਰਾਂ ਕੀਮਤਾਂ ਨਾਲ ਪ੍ਰਣਾਏ ਤੇ ਕਾਮਯਾਬ ਮਨੁੱਖ ਦੀ ਛਵੀ ਵੇਖੀ ਜਾ ਸਕਦੀ ਹੈ। ਲੇਖਕ ਅੰਦਰ ਵਿਚਾਰਾਂ ਦਾ ਅਨੰਤ ਤੇ ਅਸੀਮ ਸੋਮਾ ਹੈ। ਉਹ ਆਤਮਸਾਤ ਕਰਦਾ ਹੈ ਤੇ ਇਕਾਗਰਤਾ ਤੇ ਬਾਰੀਕ ਨੀਝ ਨਾਲ ਲਿਖਦਾ ਜਾਂਦਾ ਹੈ। ਜ਼ਿੰਦਗੀ ਨੂੰ ਨਵੇਂ ਪਾਸਾਰ ਪ੍ਰਦਾਨ ਕਰਦਾ ਹੈ। ਉਸਦੀ ਲਿਖਤ ਪਾਠਕ ਨੂੰ ਆਪਣੇ ਵਿਚਾਰ ਪ੍ਰਵਾਹ ਨਾਲ ਵਹਾਉਂਦੀ ਚਲੀ ਜਾਂਦੀ ਹੈ। ਰਵਾਂ-ਰਵੀਂ ਉਪਜਦੇ ਉਸਦੇ ਵਿਚਾਰ ਗਿਆਨ ਦਾ ਉਤਪਾਦਨ ਕਰਦੇ ਚਲੇ ਜਾਂਦੇ ਹਨ। ਆਪਣੇ ਵਿਚਾਰ ਉਹ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਉਹ ਨਵੀਂ ਘਾੜਤ ਘੜਦਾ ਜਾਂਦਾ ਹੈ ਤੇ ਨਵੇਂ ਨਵੇਲੇ ਅਰਥ ਸਿਰਜਦਾ ਜਾਂਦਾ ਹੈ। ਇਹ ਪੁਸਤਕ ਦੇਸ਼ ਬੀਰ ਦੇ ਚਿੰਤਨ ਤੇ ਉਸਦੀ ਰਚਨਾ ਦ੍ਰਿਸ਼ਟੀ ਬਾਰੇ ਬੱਝਵਾਂ ਪ੍ਰਭਾਵ ਸਿਰਜਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਨੂੰ ਪੜ੍ਹ ਕੇ ਪਾਠਕ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਧੇਰੇ ਸਿਖਿਅਤ ਤੇ ਵਧੇਰੇ ਅਨੁਭਵੀ ਮਹਿਸੂਸ ਕਰੇਗਾ। ਇਹ ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੋਵੇਗੀ। ਇਹ ਪੁਸਤਕ ਮਨੁੱਖ ਕੋਲੋਂ, ਸਮਾਜ ਕੋਲੋਂ, ਸਿਸਟਮ ਕੋਲੋਂ ਅਨੇਕ ਸਵਾਲ ਪੁੱਛਦੀ ਹੈ। ਫਿਰ ਵੀ ਕਈ ਸਵਾਲ ਅਜੇ ਬਾਕੀ ਹਨ। ਸੰਵਾਦ ਰਚਾਉਂਦੀ ਇਹ ਨਿਬੰਧਕਾਰੀ ਦੇਸ਼ ਬੀਰ ਦੀ ਰਚਨਾ ਦੀ ਅੰਤਰੀਵ ਸੁਰ ਬਣ ਕੇ ਪ੍ਰਗਟ ਹੋਣ ਵਾਲੇ ਸਹਿਜ ਤੇ ਸੁਹਜ ਦਾ ਅਹਿਸਾਸ ਵੀ ਕਰਾਉਂਦੀ ਹੈ। ਸੰਵਾਦ ਦੌਰਾਨ ਸਵਾਲਾਂ ਦੇ ਜਵਾਬ ਮਿਲਣ ਦੀ ਉਡੀਕ ਦੀ ਉਮਰ ਕਿੰਨੀ ਕੁ ਲੰਮੀ ਹੋਵੇਗੀ,ਕੁਝ ਕਿਹਾ ਨਹੀਂ ਜਾ ਸਕਦਾ।

ਇਸ ਪੁਸਤਕ ਦੀ ਭਾਸ਼ਾ ਸਰਲ ਹੋਣ ਦੇ ਨਾਲ-ਨਾਲ ਆਪਣਾ ਸਾਹਿਤਕ ਮੁਹਾਵਰਾ ਬਣਾਈ ਰੱਖਦੀ ਹੈ। ਆਤਮਕਥਾਤਮਿਕ ਸ਼ੈਲੀ ਵਿੱਚ ਲਿਖੇ 'ਕੁਝ ਨਿੱਜੀ ਪੰਨੇ' ਲੇਖਕ ਦੇ ਸਹਿਜ ਪ੍ਰਵਚਨ ਬਣ ਕੇ ਪ੍ਰਗਟ ਹੋਣ ਵਾਲੇ ਸੰਸਮਰਣ ਹਨ, ਜੋ ਸੁਹਜਾਤਮਿਕ ਰੂਪ ਅਖਤਿਆਰ ਕਰ ਕੇ ਪੇਸ਼ ਹੁੰਦੇ ਹਨ। ਲਿਖਤ ਦੇ ਮਜ਼ਮੂਨ ਅਨੁਸਾਰ ਲੇਖਕ ਲੋੜੀਂਦਾ ਵਾਤਾਵਰਨ ਸਿਰਜ ਲੈਂਦਾ ਹੈ ਤੇ ਲੋੜੀਂਦਾ ਪ੍ਰਭਾਵ ਸਿਰਜਣ ਵਿੱਚ ਵੀ ਕਾਮਯਾਬ ਹੁੰਦਾ ਹੈ। ਲੇਖਕ ਦੀ ਆਲੋਚਨਾਤਮਿਕ ਦ੍ਰਿਸ਼ਟੀ, ਸੰਵੇਦਨਸ਼ੀਲਤਾ, ਸੁਹਜਬੋਧ ਤੇ ਸੰਰਚਨਾਤਮਿਕ ਸੰਗਠਨ ਇਸ ਪੁਸਤਕ ਨੂੰ ਕਲਾਤਮਿਕ ਰੰਗਾਂ ਨਾਲ ਸ਼ਿੰਗਾਰਨ ਵਿੱਚ ਸਹਾਈ ਹੁੰਦੇ ਹਨ। ਵਿਚਾਰਾਂ ਦੀ ਕਲਾਤਮਿਕ ਅਭਿਵਿਅਕਤੀ ਇਸ ਪੁਸਤਕ ਦਾ ਵੱਡਾ ਹਾਸਲ ਬਣਦੀ ਹੈ। ਇਹ ਪੁਸਤਕ, ਲੇਖਕ ਦਾ ਪਾਠਕ ਨਾਲ ਸੂਝ ਤੇ ਸਮਝ ਦਾ ਰਿਸ਼ਤਾ ਸਥਾਪਤ ਕਰਦੀ ਹੈ। ਜੀਵਨ ਵਿੱਚ ਉਮੰਗਾਂ ਦੇ ਰੰਗ ਭਰਨ ਦਾ ਸੁਨੇਹਾ ਦਿੰਦੀ ਹੈ। ਸਿਧਾਂਤਾਂ ਵਿੱਚ ਬੱਝੀ ਜ਼ਿੰਦਗੀ ਮਨੁੱਖ ਦੇ ਸਵੈ ਵਿਸ਼ਵਾਸ ਵਿੱਚ ਵਾਧਾ ਕਰਦੀ ਹੈ ਤੇ ਉਸਨੂੰ ਤਾਕਤ ਪ੍ਰਦਾਨ ਕਰਦੀ ਹੈ। ਲੇਖਕ ਦੀ ਸਿਧਾਂਤਕ ਪਕਿਆਈ,ਅਧਿਐਨ ਕਾਰਜ,ਪ੍ਰਾਧਿਆਪਕ ਵਜੋਂ ਨਾਮਣਾ ਖੱਟਣ ਤੇ ਫਿਰ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਕੁਸ਼ਲਤਾ ਪੂਰਵਕ ਅੰਜਾਮ ਦੇਣ ਦੀ ਜੁਗਤੀ ਉਸਦੀਆਂ ਵਿਸ਼ੇਸ਼ ਪ੍ਰਾਪਤੀਆਂ ਹਨ। ਜੀਵਨ ਜਾਚ ਦੇ ਕੁਝ ਪਹਿਲੂ ਜਿਨ੍ਹਾਂ ਨੂੰ ਦੇਸ਼ ਬੀਰ ਨੇ ਵਰ੍ਹਿਆਂ ਦੀ ਮਿਹਨਤ ਬਾਅਦ ਅਪਣਾਇਆ ਹੈ,ਇਸ ਪੁਸਤਕ ਵਿੱਚ ਦਰਜ ਹਨ। ਮੈਂ ਅਪਾਰ ਖੁਸ਼ੀ ਮਹਿਸੂਸ ਹਰ ਰਿਹਾ ਹਾਂ ਕਿ ਦੇਸ਼ ਬੀਰ ਇਸ ਪੁਸਤਕ ਦੇ ਰੂਪ ਵਿੱਚ ਪੰਜਾਬੀ ਸਾਹਿਤ ਨੂੰ ਇਕ ਮੁੱਲਵਾਨ ਸੌਗਾਤ ਭੇਂਟ ਕਰ ਰਿਹਾ ਹੈ। ਇਸ ਪੁਸਤਕ ਦੀ ਆਮਦ 'ਤੇ ਮੈਂ ਇਸਦਾ ਨਿੱਘਾ ਸਵਾਗਤ ਕਰਦਾ ਹਾਂ ਤੇ ਲੇਖਕ ਨੂੰ ਇਸ ਸ਼ਾਨਦਾਰ ਰਚਨਾਕਾਰੀ ਲਈ ਹਾਰਦਿਕ ਮੁਬਾਰਕਬਾਦ ਭੇਂਟ ਕਰਦਾ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਦੀ ਰਚਨਾ ਕਰਨ ਨਾਲ ਦੇਸ਼ ਬੀਰ ਦੀ ਸਿਰਜਣਾਤਮਿਕ ਸਮਰੱਥਾ ਨੂੰ ਹੋਰ ਰਚਨਾਤਮਿਕ ਉਛਾਲ ਮਿਲੇਗਾ। ਮੈਂ ਇਹ ਵੀ ਕਹਿ ਸਕਦਾ ਹਾਂ ਕਿ ਇਸ ਪੁਸਤਕ ਦੀ ਵਰਣਾਤਮਿਕ ਅਭਿਵਿਅਕਤੀ ਨੂੰ ਪਾਠਕ ਹੁੱਬ ਕੇ ਪੜ੍ਹਨਗੇ। ਬਾਰੀਕ ਪਾਠਗਤ ਅਧਿਐਨ ਕਰਨ ਵਾਲੇ ਪਾਠਕ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਣਗੇ ਕਿ ਉਨ੍ਹਾਂ ਨੂੰ ਅਜਿਹੀ ਬਹੁਮੁੱਲੀ ਪੁਸਤਕ ਨੂੰ ਪੜ੍ਹਨ ਦਾ ਅਵਸਰ ਪ੍ਰਾਪਤ ਹੋ ਸਕਿਆ ਹੈ।

# ਸਾਡੇ ਖੂਹ ਤੇ ਵੱਸਦਾ ਰੱਬ ਨੀਂ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਖੂਹ ਜ਼ਮੀਨ ਦੀ ਖੁਦਾਈ ਪਟਾਈ ਕਰਕੇ ਪਾਣੀ ਕੱਢਣ ਤੱਕ ਦਾ ਢਾਂਚਾ ਹੁੰਦਾ ਹੈ। ਇਹ ਪਾਣੀ ਪੀਣ ਲਈ ਅਤੇ ਸਿੰਜਾਈ ਲਈ ਵਰਤਿਆ ਜਾਂਦਾ ਹੈ। ਉਸ ਸਮੇਂ ਵਾਕਿਆ ਹੀ ਖੂਹਾਂ ਉੱਤੇ ਰੱਬ ਵਸਦਾ ਸੀ। ਆਜ਼ਾਦੀ ਤੋਂ ਪਹਿਲਾਂ ਅਤੇ ਹਰੀ ਕ੍ਰਾਂਤੀ ਦਾ ਖੂਹਾਂ ਦੀ ਸਰਦਾਰੀ ਰਹੀ। ਖੂਹ ਪੁੱਟਣ ਤੋਂ ਪਹਿਲਾਂ ਕੁਝ ਧਾਰਮਿਕ ਰਸਮਾਂ ਵੀ ਹੁੰਦੀਆਂ ਹਨ। ਇਹ ਵੀ ਦੰਦ ਕਥਾ ਆਉਂਦੀ ਹੈ ਕਿ ਖੂਹ ਲਾਉਣ ਵਾਲੀ ਜਗ੍ਹਾ ਬਾਰੇ ਪੰਡਤ ਜੀ ਪੁੱਛਿਆ ਜਾਂਦਾ ਸੀ ਕਿ ਧਰਤੀ ਸੁੱਤੀ ਹੈ ਕਿ ਜਾਗਦੀ। ਖੂਹ ਤੇ ਦੋ-ਸਾਂਗੜੀ ਲੱਕੜ ਗੱਡ ਕੇ ਉਸ ਵਿੱਚ ਭੌਣੀ ਫਿੱਟ ਕਰਕੇ ਲੱਜ ਨੂੰ ਬਾਲਟੀ ਪਾ ਕੇ ਭੌਣੀ ਰਾਹੀਂ ਬਾਲਟੀ ਖੂਹ ਵਿੱਚ ਭੇਜੀ ਜਾਂਦੀ ਸੀ। ਫਿਰ ਝਬਕੀ ਲਗਾ ਕੇ ਪਾਣੀ ਦੀ ਬਾਲਟੀ ਉੱਤੇ ਖਿੱਚ ਕੇ ਪਾਣੀ ਕੱਢਿਆ ਜਾਂਦਾ ਸੀ।

ਇਸ ਪ੍ਰਕਿਰਿਆ ਦੀ ਇੱਕ ਖੂਬੀ ਇਹ ਵੀ ਰਹੀ ਹੈ ਕਿ ਜੋ ਖੂਹ ਪਾਣੀ ਚੋਂ ਕੱਢਦਾ ਸੀ ਉਸ ਦੀ ਵਰਜਿਸ਼ ਵੀ ਹੁੰਦੀ ਰਹਿੰਦੀ ਸੀ। ਵੱਖ-ਵੱਖ ਖਿੱਤਿਆਂ ਵਿੱਚ ਖੂਹ ਦਾ ਪਾਣੀ ਵੱਖ ਵੱਖ ਲੈਵਲਾਂ ਤੇ ਹੁੰਦਾ ਸੀ। ਸੰਸਕ੍ਰਿਤੀ ਵਿੱਚ ਲੋਕ ਦਰਿਆਵਾਂ ਕੰਢੇ ਪਾਣੀ ਕਰਕੇ ਹੀ ਵਸਦੇ ਹਨ। ਫਿਰ ਸੋਚ ਆਜ਼ਾਦ ਹੋਣ ਨਾਲ ਖੂਹ ਬਣਾਏ ਜਾਣ ਲੱਗ ਪਏ।

ਖੂਹ ਉੱਤੇ ਹਲਟ ਲਗਾ ਕੇ ਪਾਣੀ ਬਲਦਾਂ ਨਾਲ ਕੱਢਿਆ ਜਾਂਦਾ ਸੀ। ਹਲਟ ਗਿੜਦੇ ਜਾਂਦੇ ਸਨ ਪਾਣੀ ਨਿਕਲ ਕੇ ਖੇਤਾਂ ਦੀ ਸਿੰਚਾਈ ਕਰਦਾ ਰਹਿੰਦਾ ਸੀ। ਇਸ ਲਈ ਖੂਹ ਸਿੰਜਾਈ,ਪੀਣ ਵਾਲੇ ਪਾਣੀ ਅਤੇ ਅੰਨ ਦਾ ਪੁਰਾਤਨ ਸਮੇਂ ਸਾਧਨ ਰਹੇ। ਫਿਰ ਖੂਹ ਵਿੱਚ ਪਾਈਪ ਪਾ ਕੇ ਨਲਕੇ ਅਤੇ ਟਿਊਬਵੈੱਲ ਰਾਂਹੀ ਪਾਣੀ ਦੇ ਸਾਧਨ ਲੱਭੇ ਗਏ। ਇਹ ਸਾਧਨ ਵੀ ਸਮੇਂ ਦੇ ਹਾਣੀ ਰਹੇ। ਪਹਿਲੇ ਸਾਂਝੇ ਖੂਹ ਲਗਵਾਏ ਜਾਂਦੇ ਸਨ। ਫਿਰ ਖੂਹ ਕੁਝ ਰੱਜੇ ਪੁੱਜੇ ਘਰਾਂ ਨੇ ਆਪਣਾ ਲਗਵਾਇਆ। ਇਹਨਾਂ ਘਰਾਂ ਨੂੰ ''ਖੂਹ ਵਾਲੇ'' ਦਾ ਤਖੱਲਸ ਦਿੱਤਾ ਜਾਂਦਾ ਸੀ। ਫਿਰ ਸਮਾਂ ਆਇਆ ਹਰ ਘਰ ਵਿੱਚ ਆਪਣਾ ਖੂਹ ਹੁੰਦਾ ਸੀ। ਖੂਹ ਕਿਸੇ ਸਮੇਂ ਖੇਤੀ ਅਤੇ ਮਨੁੱਖਤਾ ਲਈ ਪ੍ਰਧਾਨ ਰਹੇ। ਪਰ ਅੱਜ ਅਲੋਪ ਹੋਣ ਵੱਲ ਹਨ। ਟਾਵਾਂ ਟਿੱਲਾ ਖੂਹ ਹੀ ਰਹਿ ਗਿਆ ਹੈ।

ਖੂਹ ਤੇ ਬਹੁਤ ਕਿਸਮ ਦਾ ਸੱਭਿਆਚਾਰ ਵੀ ਸਿਰਜਿਆ ਗਿਆ ਹੈ। ਖੂਹਾਂ ਉੱਤੇ ਪਾਣੀ ਭਰਨ ਵੇਲੇ ਦਾ ਦ੍ਰਿਸ਼ ਬਹੁਤ ਹੀ ਮਨਮੋਹਕ ਲੱਗਦਾ ਸੀ। ਕਿੱਸਾ ਕਾਵਿ ਵਿੱਚ ਕੀਮਾ ਮਲਕੀ ਨੂੰ ਖੂਹ ਉੱਤੇ ਮਿਲਣ ਜਾਂਦਾ ਸੀ। ਮੁਹੰਮਦ ਸਦੀਕ ਤੇ ਰਣਜੀਤ ਕੌਰ ਜੀ ਨੇ ਇਸ ਪ੍ਰਤੀ ਕਾਫੀ ਪ੍ਰਚਲਿਤ ਗਾਣਾ ਗਾਇਆ:

"ਮਲਕੀ ਭਰਦੀ ਸੀ ਉਹ ਖੂਹ ਦੇ ਉੱਤੇ ਪਾਣੀ,
ਕੀਮਾ ਕੋਲ ਜਾ ਕੇ ਬੇਨਤੀ ਗੁਜਾਰੇ,
ਲੰਮਾ ਪੈਂਡ ਰਾਹੀ, ਮਰ ਗਏ ਨੀ ਪਿਆਸੇ,
ਛੰਨਾ ਪਾਣੀ ਦਾ ਤੂੰ ਪਿਲਾ ਦੇ ਇੱਕ ਮੁਟਿਆਰੇ"

ਧੀਆਂ ਦੀ ਬਾਬਲ ਅੱਗੇ ਅਰਜ਼ੋਈ
ਵੀ ਰਹੀ ਕਿ ਖੂਹ ਵਾਲੇ ਘਰ ਦਈਂ,
ਦੇਈ ਵੇ ਬਾਬਲਾ ਉਸ ਘਰੇ,
ਜਿੱਥੇ ਵਗਣ ਦਵਾਣੇ ਖੂਹ,
ਠੰਡਾ ਮਿੱਠਾ ਜਲ ਭਰਾਂ,
ਮੇਰੀ ਭਿੱਜੀ ਰਹੇ ਸਦਾ ਰੂਹ,
ਬੇ ਬਾਬਲ ਤੇਰਾ ਪੁੰਨ ਹੋਵੇ"

ਸਿਆਣਿਆਂ ਨੇ ਕਿਹਾ ਗਿਆ ਹੈ ਕਿ "ਖੂਹ ਗਿੜਦਿਆਂ ਦੇ ਅੰਗ-ਸਾਕ ਮਿਲਦਿਆਂ ਦੇ" ਖੂਹਾਂ ਉੱਤੇ ਪਾਣੀ ਭਰਦੀਆਂ ਮੁਟਿਆਰਾਂ ਦੀ ਸੱਭਿਆਚਾਰਕ ਵੰਨਗੀ ਇਹ ਵੀ ਹੈ,

"ਖੂਹ ਤੇ ਪਾਣੀ ਭਰਦੀਏ ਮੁਟਿਆਰੇ ਨੀਂ,
ਪਾਣੀ ਦੀ ਘੁੱਟ ਪਿਲਾ ਦੇ ਬਾਂਕੀਏ ਨਾਰੇ ਨੀ"

ਪੰਜਾਬ ਦੇ ਮਸ਼ਹੂਰ ਲੇਖਕ ਸੋਹਣ ਸਿੰਘ ਸੀਤਲ ਦਾ ਨਾਵਲ ਤੂਤਾਂ ਵਾਲਾ ਖੂਹ ਵੀ ਮਸ਼ਹੂਰ ਹੈ। 13 ਅਪ੍ਰੈਲ 1919 ਨੂੰ ਖੂਹ ਖੂਨੀ ਵੀ ਬਣਿਆ ਸੀ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ 1654 ਵਿੱਚ 6 ਹਰਟਾਂ ਵਾਲਾ ਖੂਹ ਲਗਾਇਆ ਸੀ। ਇਸ ਜਗ੍ਹਾ ਨੂੰ ਅੱਜ ਕੱਲ ਛੇਹਰਟਾ ਕਿਹਾ ਜਾਂਦਾ ਹੈ। ਸਾਡੇ ਸ਼ਾਨਾਮਤੀ ਵਿਰਸੇ ਦੀਆਂ ਬਹੁਤੀਆਂ ਸੁਗਾਤਾਂ ਹੁਣ ਬੀਤੇ ਦੀ ਕਹਾਣੀ ਬਣ ਗਈਆਂ ਹਨ। ਇਹਨਾਂ ਵਿੱਚੋਂ ਅੱਜ ਖੂਹ ਅੱਜ ਰਾਹਾਂ ਤੱਕ ਰਹੇ ਹਨ। ਬਚੇ ਖੁਚੇ ਖੂਹਾਂ ਨੂੰ ਸਰਕਾਰ ਵਲੋਂ ਵਿਰਾਸਤੀ ਘੇਮੇ ਵਿੱਚ ਲਿਆ ਕੇ ਇਹਨਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਇੱਕ ਵਾਰ ਫਿਰ ਤੋਂ "ਸਾਡੇ ਖੂਹ ਤੇ ਵਸਦਾ ਰੱਬ ਨੀਂ" ਦਾ ਸੰਕਲਪ ਲੈਣਾ ਚਾਹੀਦਾ ਹੈ।

******



# ਪੰਜਾਬ ਯੂਨੀਵਰਸਿਟੀ - ਸਿੱਖਿਆ ਦਾ ਮੰਦਰ ਜਾਂ ਰਾਜਨੀਤੀ ਦਾ ਅਖਾੜਾ... ?



**ਸੰਦੀਪ ਕੁਮਾਰ**
7009807121



ਪੰਜਾਬ ਯੂਨੀਵਰਸਿਟੀ ਅੱਜ ਆਪਣੀ ਸਭ ਤੋਂ ਗੰਭੀਰ ਵਿਪਤਾ ਵਿੱਚੋਂ ਲੰਘ ਰਹੀ ਹੈ। ਇੱਕ ਪਾਸੇ ਲੰਮੇ ਵਿਦਿਆਰਥੀ ਅੰਦੋਲਨ ਤੋਂ ਬਾਅਦ ਸੈਨੇਟ ਚੋਣਾਂ ਦੇ ਐਲਾਨ ਹੋਣ ਨਾਲ ਕੈਂਪਸ ਵਿੱਚ ਥੋੜ੍ਹੀ ਜਿਹੀ ਸ਼ਾਂਤੀ ਵਾਪਸ ਆਈ ਹੈ, ਪਰ ਦੂਜੇ ਪਾਸੇ ਕੁਝ ਜਥੇਬੰਦੀਆਂ ਅਤੇ ਬਾਹਰੀ ਤੱਤ ਅਜੇ ਵੀ ਬੇਲੋੜੇ ਜੋਸ਼ ਵਿੱਚ ਡੁੱਬੇ ਹੋਏ ਹਨ। ਅਸਲ ਵਿੱਚ ਪਿਛਲੀਆਂ ਵਿਦਿਆਰਥੀ ਚੋਣਾਂ ਵਿੱਚ ਹਾਰੀਆਂ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਆਪਣੇ ਰਾਜਨੀਤਿਕ ਕਰੀਅਰ ਦੀ ਪੌੜੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਕਿਤੇ ਨਾ ਕਿਤੇ ਕਾਮਯਾਬ ਵੀ ਰਹੀਆਂ। ਪਰ ਇਸ ਪੂਰੇ ਤਮਾਸ਼ੇ ਵਿੱਚ ਯੂਨੀਵਰਸਿਟੀ ਦੀ ਸਭ ਤੋਂ ਵੱਡੀ ਤੇ ਅਸਲ ਸਮੱਸਿਆ ,ਭਿਆਨਕ ਵਿੱਤੀ ਸੰਕਟ, ਪੂਰੀ ਤਰ੍ਹਾਂ ਅਣਛੂਹਿਆ ਰਹਿ ਗਿਆ।

ਸਾਲ 1882 ਵਿੱਚ ਲਾਹੌਰ ਵਿੱਚ ਸਥਾਪਿਤ ਹੋਈ ਪੰਜਾਬ ਯੂਨੀਵਰਸਿਟੀ ਉੱਤਰ-ਪੱਛਮੀ ਭਾਰਤ ਦਾ ਸਭ ਤੋਂ ਵੱਡਾ ਸਿੱਖਿਆ ਕੇਂਦਰ ਸੀ। ਸਾਲ 1947 ਦੀ ਵੰਡ ਨੇ ਇਸ ਨੂੰ ਲਾਹੌਰ ਤੋਂ ਖੋਹ ਲਿਆ। ਭਾਰਤ ਸਰਕਾਰ ਨੇ ਇਸ ਨੂੰ ਪਹਿਲਾਂ ਹੋਸ਼ਿਆਰਪੁਰ, ਸੋਲਨ, ਅੰਬਾਲਾ ਤੇ ਦਿੱਲੀ ਵਿੱਚ ਵੰਡ ਕੇ ਚਲਾਇਆ ਤੇ ਫਿਰ 1956 ਵਿੱਚ ਚੰਡੀਗੜ੍ਹ ਵਿੱਚ ਸਥਾਈ ਰੂਪ ਦਿੱਤਾ। ਲੇ ਕਾਰਬੂਜ਼ੀਏ ਦੇ ਡਿਜ਼ਾਈਨ ਕੀਤੇ ਸੁੰਦਰ ਕੈਂਪਸ ਨੂੰ ਵੇਖ ਕੇ ਲੱਗਦਾ ਸੀ ਕਿ ਇਹ ਸਦਾ ਲਈ ਸਿੱਖਿਆ ਦਾ ਮੰਦਰ ਬਣ ਕੇ ਰਹੇਗਾ। ਪਰ ਅੱਜ ਇਹ ਮੰਦਰ ਰਾਜਨੀਤੀ ਦੇ ਅਖਾੜੇ ਵਿੱਚ ਬਦਲ ਚੁੱਕਿਆ ਹੈ। ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਦੀਆਂ ਗ੍ਰਾਂਟਾਂ ਰਾਹੀਂ ਚਲਾਇਆ ਜਾ ਰਿਹਾ ਹੈ। ਸਾਲ 1966 ਵਿੱਚ ਪੰਜਾਬ ਦੀ ਵੰਡ ਤੋਂ ਬਾਅਦ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਦੋਹਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਐਲਾਨਿਆ ਗਿਆ। ਉਸ ਸਮੇਂ ਤੈਅ ਹੋਇਆ ਸੀ ਕਿ ਯੂਨੀਵਰਸਿਟੀ ਦੀ ਵਿੱਤੀ ਜ਼ਿੰਮੇਵਾਰੀ ਕੇਂਦਰ ਅਤੇ ਦੋਹਾਂ ਰਾਜ ਸਰਕਾਰਾਂ ਮਿਲ ਕੇ ਚੁੱਕਣਗੀਆਂ। ਪਰ ਸੱਤ ਦਹਾਕੇ ਬਾਅਦ ਵੀ ਇਹ ਯੂਨੀਵਰਸਿਟੀ, ਜਿਸ ਦਾ 87% ਤੋਂ ਵੱਧ ਖਰਚਾ_ਘਛ ਰਾਹੀਂ ਕੇਂਦਰ ਸਰਕਾਰ ਚੁੱਕਦੀ ਹੈ। ਸਾਲ 2024-25 ਵਿੱਚ ਕੇਂਦਰ ਨੇ 366.83 ਕਰੋੜ ਰੁਪਏ ਦਿੱਤੇ ਜਦਕਿ ਪੰਜਾਬ ਸਰਕਾਰ ਨੇ ਸਿਰਫ਼ 90.49 ਕਰੋੜ ਰੁਪਏ। ਪੰਜਾਬ ਸਰਕਾਰ ਦਾ 250 ਕਰੋੜ ਤੋਂ ਵੱਧ ਬਕਾਇਆ ਪਿਛਲੇ 20-22 ਸਾਲਾਂ ਤੋਂ ਲਗਾਤਾਰ ਵਧਦਾ ਜਾ ਰਿਹਾ ਹੈ। ਹਰਿਆਣਾ ਸਰਕਾਰ ਪੰਜਾਬ ਯੂਨੀਵਰਸਿਟੀ ਦੀ ਮਾਨਤਾ ਦੇ ਬਦਲ ਵਜੋਂ ,ਆਪਣੀਆਂ ਨਿਜੀ ਸਟੇਟ ਯੂਨੀਵਰਸਿਟੀਆਂ ਰਾਹੀ ਆਪਣੇ ਮਾਨਤਾ ਪ੍ਰਾਪਤ ਕਾਲਜ ਚਲਾਉਣ ਲੱਗ ਪਈ ਹੈ, ਜਿਸ ਕਰਕੇ ਹਰਿਆਣਾ ਸਰਕਾਰ ਦਾ ਹਿੱਸਾ ਤਾਂ ਨਾਂ-ਮਾਤਰ ਦਾ ਵੀ ਨਹੀਂ ਰਹਿ ਗਿਆ।

ਹਰ ਕੋਈ ਯੂਨੀਵਰਸਿਟੀ ਨੂੰ ਸੂਬਾਈ ਅਧਿਕਾਰ ਖੇਤਰ ਵਿੱਚ ਲਿਆਉਣ ਦੀ ਗੱਲ ਕਰਦਾ ਹੈ ਪਰ ਪਹਿਲਿਆਂ ਜਾਂ ਮੌਜੂਦਾ ਪੰਜਾਬ ਸਰਕਾਰ ਇਸ ਵਿੱਤੀ ਬੋਝ ਨੂੰ ਚੁੱਕਣ ਲਈ ਬਿਲਕੁਲ ਤਿਆਰ ਨਹੀਂ। ਨਤੀਜਾ ਇਹ ਹੈ ਕਿ ਅੱਜ ਯੂਨੀਵਰਸਿਟੀ ਲਗਭਗ ਪੂਰੀ ਤਰ੍ਹਾਂ ਕੇਂਦਰ ਦੀਆਂ ਗ੍ਰਾਂਟਾਂ 'ਤੇ ਨਿਰਭਰ ਹੈ। ਜਦੋਂ ਤੱਕ ਕੇਂਦਰ ਦੀ ਮਿਹਰਬਾਨੀ ਰਹੇਗੀ, ਯੂਨੀਵਰਸਿਟੀ ਚੱਲਦੀ ਰਹੇਗੀ, ਜੇ ਕਦੇ ਇਹ ਗ੍ਰਾਂਟਾਂ ਘਟਾਅ ਦਿੱਤੀਆਂ ਗਈਆਂ ਤਾਂ ਪੂਰਾ ਸਿਸਟਮ ਢਹਿ ਜਾਵੇਗਾ। ਅਫ਼ਸੋਸ ਦੀ ਗੱਲ ਇਹ ਹੈ ਕਿ ਸਾਰਾ ਸੰਘਰਸ਼ ਸਿਰਫ਼ ਸੈਨੇਟ ਚੋਣਾਂ ਕਰਵਾਉਣ ਲਈ ਕੀਤਾ ਗਿਆ ਜਦਕਿ ਅਸਲ ਸੰਘਰਸ਼ ਯੂਨੀਵਰਸਿਟੀ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਬਣਾਉਣ ਲਈ ਹੋਣਾ ਚਾਹੀਦਾ ਸੀ। ਅੱਜ ਵੀ ਸਮਾਂ ਹੈ ਕਿ ਵਿਦਿਆਰਥੀ ਆਗੂ, ਸਿਆਸਤਦਾਨ ਤੇ ਪੰਜਾਬ ਸਰਕਾਰ ਮਿਲ ਕੇ ਕੋਈ ਠੋਸ ਤੇ ਲੰਮੇ ਸਮੇਂ ਦਾ ਵਿੱਤੀ ਮਾਡਲ ਤਿਆਰ ਕਰਨ। ਨਹੀਂ ਤਾਂ ਜਿਵੇਂ ਹਰ ਸਾਲ ਫੰਡਾਂ ਦੀ ਘਾਟ ਕਾਰਨ ਤਨਖ਼ਾਹਾਂ ਰੁਕਦੀਆਂ ਹਨ, ਵਿਕਾਸ ਕਾਰਜ ਠੱਪ ਹੋ ਜਾਂਦੇ ਹਨ, ਇਹ ਸਿਲਸਿਲਾ ਜਾਰੀ ਰਹੇਗਾ ਤੇ ਇੱਕ ਦਿਨ ਇਹ ਮਹਾਨ ਸੰਸਥਾ ਸੱਚਮੁੱਚ ਤਰਸਯੋਗ ਹਾਲਤ ਵਿੱਚ ਪਹੁੰਚ ਜਾਵੇਗੀ। ਜਿਸ ਤੇ ਸ਼ਾਇਦ ਫਿਰ ਕਦੀ ਰਾਜਨੀਤੀ ਵੀ ਨਾ ਕੀਤੀ ਜਾ ਸਕੇਗੀ।

ਪਰ ਮੌਜੂਦਾ ਰਾਜਨੀਤਿਕ ਸੰਘਰਸ਼ ਇਸ ਦੌਰ ਵਿੱਚ ਕਿਉਂ ਤੇ ਕਿਵੇਂ ਪੁੱਜ ਗਿਆ? ਵਿੱਤੀ ਸੰਕਟ ਤਾਂ ਸਿਰਫ਼ ਇੱਕ ਹਿੱਸਾ ਹੈ। ਅਸਲ ਸਮੱਸਿਆ ਇਹ ਹੈ ਕਿ ਸਿੱਖਿਆ ਦਾ ਮੰਦਰ ਰਾਜਨੀਤੀ ਦੇ ਮੰਚ ਵਿੱਚ ਬਦਲ ਚੁੱਕਿਆ ਹੈ। ਵਿਦਿਆਰਥੀ ਰਾਜਨੀਤੀ ਸਿੱਖਣਾ ਚੰਗੀ ਗੱਲ ਹੈ ਪਰ ਜਦੋਂ ਸਾਰਾ ਜ਼ੋਰ ਹੀ ਰਾਜਨੀਤੀ 'ਤੇ ਲੱਗ ਜਾਵੇ ਤਾਂ ਸਿੱਖਿਆ ਪਿਛਾਂਹ ਰਹਿ ਜਾਂਦੀ ਹੈ। ਅੱਜ ਕੈਂਪਸ ਵਿੱਚ ਜੋ ਮਾਹੌਲ ਹੈ, ਉਹ ਸਿੱਖਿਆ ਦਾ ਨਹੀਂ, ਤਮਾਸ਼ੇ ਦਾ ਹੈ। ਵੱਖਰੇ ਮੁਲਕ ਦੀ ਮੰਗ ਵਾਲੇ ਨਾਅਰੇ, ਹਿੰਦੂ-ਵਿਰੋਧੀ ਟਿੱਪਣੀਆਂ, ਵੱਖਰੇ ਦੇਸ਼ ਦੇ ਨਾਅਰੇ, ਪੰਜਾਬ ਨੂੰ ਵੱਖ-ਵਾਦੀਆਂ ਵੱਲੋਂ ਗੁਲਾਮ ਦੱਸਣ ਦੀ ਤੰਗ ਸਿਆਸਤ, ਇਹ ਸਭ ਮੇਨ ਗੇਟ ਤੋਂ ਲੈ ਕੇ ਵਿਭਾਗਾਂ ਤੱਕ ਆਮ ਹੋ ਚੁੱਕਿਆ ਹੈ। ਕਿਸਾਨ ਅੰਦੋਲਨ ਦੇ “ਕੈਨਨ ਬੁਆਏ” ਨਵਦੀਪ ਜਲਵੇੜਾ ਵਰਗੇ ਲੋਕਾਂ ਨੂੰ ਵਿਦਿਆਰਥੀ ਸਟੇਜ 'ਤੇ ਸੱਦਿਆ ਜਾਂਦਾ ਹੈ। ਸਾਲ 2024 ਵਿੱਚ ਐਮ.ਏ ਇਤਿਹਾਸ ਭਾਗ ਦੂਜੇ ਦੀ ਵਿਦਿਆਰਥਣ ਸਾਰਾ ਨੇ ਖੁੱਲ੍ਹੇ ਤੌਰ 'ਤੇ ਹਿੰਦੂ-ਵਿਰੋਧੀ ਟਿੱਪਣੀਆਂ ਕੀਤੀਆਂ। ਵਿਰੋਧ ਦੌਰਾਨ ਖਾਲੀ ਖਾਖੀ ਨਿੱਕਰ ਟੰਗ ਕੇ ਪ੍ਰਚਾਰ ਕੀਤਾ ਗਿਆ ਅਤੇ ਰਾਜਨੀਤਿਕ ਤੌਰ ਤੇ ਸਿਰਫ ਇਹੀ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਫੈਸਲਾ ਆਰਐਸਐਸ ਦੇ ਇਸ਼ਾਰੇ 'ਤੇ ਬੀਜੇਪੀ ਨੇ ਕਰਵਾਇਆ। ਪੰਜਾਬ ਵਿੱਚ 40-45% ਹਿੰਦੂ ਆਬਾਦੀ ਹੈ। ਇਹ ਸਾਰੇ ਖਾਖੀ ਨਿੱਕਰ ਵਾਲੇ ਜਾਂ ਆਰਐਸਐਸ ਮੈਂਬਰ ਨਹੀਂ ਹਨ। ਪਰ ਉਨ੍ਹਾਂ ਨੂੰ ਵਾਰ-ਵਾਰ ਨਿਸ਼ਾਨਾ ਬਣਾਉਣ ਨਾਲ ਉਹ ਦਿਨ ਦੂਰ ਨਹੀਂ ਜਦੋਂ ਮਜਬੂਰਨ ਲੋਕ ਆਪਣੀ ਰੱਖਿਆ ਲਈ ਉਸੇ ਸੰਗਠਨ ਨਾਲ ਜੁੜਨ ਲਈ ਮਜਬੂਰ ਹੋਣਗੇ ਜਿਸ ਨੂੰ ਅੱਜ ਗਾਲ੍ਹਾਂ ਕੱਢੀਆਂ ਜਾ ਰਹੀਆਂ ਹਨ। ਇਹ ਵੱਖਰੇਵੇਂ ਦੀ ਅੱਗ ਨੂੰ ਹਵਾ ਦੇਣ ਵਰਗਾ ਹੈ।

ਹਾਲ ਹੀ ਵਿੱਚ ਏਬੀਵੀਪੀ (ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ) ਦੇ ਗੌਰਵ ਵੀਰ ਸਿੰਘ ਸੋਹਲ ਨੇ ਪੰਜਾਬ ਯੂਨੀਵਰਸਿਟੀ ਦੀ ਪ੍ਰਧਾਨਗੀ ਜਿੱਤੀ, ਜੋ ਕਈਆਂ ਦੀਆਂ ਅੱਖਾਂ ਵਿੱਚ ਖਟਕ ਰਿਹਾ ਹੈ। ਜੇਕਰ ਸਾਰੀਆਂ ਜਥੇਬੰਦੀਆਂ ਇਕੱਠੀਆਂ ਹੋ ਕੇ ਫੀਸ ਵਾਧੇ, ਬਕਾਇਆ ਗ੍ਰਾਂਟਾਂ ਤੇ ਵਿੱਤੀ ਸੰਕਟ ਦੇ ਹੱਲ ਲਈ ਲੜਦੀਆਂ ਤਾਂ ਸਕਾਰਾਤਮਕ ਨਤੀਜੇ ਨਿਕਲ ਸਕਦੇ ਸਨ। ਪਰ ਚੌਧਰ ਦੀ ਭੁੱਖ ਵਿੱਚ ਆਗੂ ਵਿਦਿਆਰਥੀਆਂ ਦੇ ਮੋਢੇ ਵਰਤ ਕੇ ਨਿੱਜੀ ਮਨਸੂਬੇ ਪੂਰੇ ਕਰ ਰਹੇ ਹਨ। ਸੈਨੇਟ ਦੇ ਚੁਣੇ ਮੈਂਬਰ ਵੀ ਸਿਰਫ਼ ਆਪਣੇ ਲਾਭ ਲੈਂਦੇ ਹਨ, ਸੰਸਥਾ ਦੀ ਤਰੱਕੀ ਲਈ ਕੁਝ ਨਹੀਂ ਕਰਦੇ। ਕੇਂਦਰ ਨੇ 31 ਮੈਂਬਰੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਸੀ, ਜਿਸ ਵਿੱਚ ਸੈਨੇਟ ਮੈਂਬਰਾਂ ਨੂੰ ਵੀ ਸ਼ਾਮਲ ਕਰਕੇ ਸਕਾਰਾਤਮਕ ਹੱਲ ਕੱਢਿਆ ਜਾ ਸਕਦਾ ਸੀ। ਪਰ ਇਸ ਨੂੰ ਵੀ ਰਾਜਨੀਤੀ ਦਾ ਰੰਗ ਦੇ ਕੇ ਰੱਦ ਕਰ ਦਿੱਤਾ ਗਿਆ। ਜਦੋਂ ਕਿ 87% ਖਰਚਾ ਕੇਂਦਰ ਚੁੱਕ ਰਿਹਾ ਹੈ ਤੇ ਪੰਜਾਬ ਸਰਕਾਰ 20-22 ਸਾਲਾਂ ਤੋਂ ਆਪਣਾ ਹਿੱਸਾ ਨਹੀਂ ਦੇ ਰਹੀ, ਫਿਰ ਵੀ ਕੇਂਦਰ ਨੂੰ ਹੀ ਵਿਰੋਧੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਪਿਛਲੇ 10-15 ਸਾਲਾਂ ਵਿੱਚ ਪੰਜਾਬ ਯੂਨੀਵਰਸਿਟੀ ਨੇ ਕੋਈ ਵੱਡਾ ਸਾਇੰਟਿਸਟ, ਆਈਏਐਸ, ਆਈਪੀਐਸ ਜਾਂ ਮਿਸਾਲੀ ਅਫ਼ਸਰ ਨਹੀਂ ਦਿੱਤਾ। ਯੂਨੀਵਰਸਿਟੀ ਸਿਰਫ਼ ਰਾਜਨੀਤੀ ਦਾ ਅਖਾੜਾ ਬਣ ਕੇ ਰਹਿ ਗਈ। ਇਸ ਪੂਰੇ ਘਟਨਾ-ਕ੍ਰਮ ਵਿੱਚ ਕੁੱਝ ਪ੍ਰਸ਼ਨ ਉਭਰ ਕੇ ਆਉਂਦੇ ਹਨ, ਜਿਵੇਂ ਕਿ ਲੱਗ-ਭਗ 87% ਖਰਚਾ ਕੇਂਦਰ ਸਰਕਾਰ ਚੱਕ ਰਹੀ ਹੈ ਤਾਂ ਵੀ ਸੂਬੇ ਦੀ ਜਗ੍ਹਾ ਕੇਂਦਰ ਸਰਕਾਰ ਕਿਵੇਂ ਕਸੂਰਵਾਰ ਹੈ? ਦੂਜਾ ਜਦੋਂ ਦੀ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਸੀ ਉਸ ਸਮੇਂ ਤੋਂ ਪੰਜਾਬ ਸੂਬੇ ਦੀ ਕਿਸੇ ਵੀ ਸਰਕਾਰ ਵੱਲੋਂ ਯੂਨੀਵਰਸਿਟੀ ਉਪਰ ਅਧਿਕਾਰ ਨੂੰ ਲੈਕੇ ਕੋਈ ਖਾਸ ਉਪਰਾਲਾ ਨਹੀਂ ਕੀਤਾ ਗਿਆ, ਉਪਰਾਲਾ ਤਾਂ ਕੀ ਕਰਨਾ ਸੀ ਆਪਣੇ ਲਿਖਤੀ 40 ਪ੍ਰਤੀਸ਼ਤ ਹਿੱਸੇ ਵਿਚੋਂ ਵੀ 10-12 ਪ੍ਰਤੀਸ਼ਤ ਵਿੱਤੀ ਖਰਚ ਹੀ ਅਦਾ ਕੀਤਾ ਜਾ ਰਿਹਾ ਹੈ। ਜਿਸ ਨਾਲ ਸਾਫ ਤੌਰ ਤੇ ਸਪਸ਼ਟ ਹੁੰਦਾ ਹੈ ਕਿ ਸੂਬੇ ਵਿੱਚ ਕੋਈ ਵੀ ਸਰਕਾਰ ਵਿਦਿਆਰਥੀਆਂ ਦੀ ਪੜਾਈ ਅਤੇ ਭਵਿੱਖ ਨੂੰ ਲੈਕੇ ਸੰਜੀਦਾ ਨਹੀਂ ਰਹੀ ਹੈ। ਪਰ ਸੂਬੇ ਦੀਆਂ ਸਰਕਾਰਾਂ ਅਤੇ ਵੱਖਵਾਦੀ ਸੋਚ ਨਾਲ ਲਿਪਤ ਲੋਕਾਂ ਵੱਲੋਂ ਰਾਜਨੀਤੀ ਕਰਦੇ ਹੋਏ ਕੇਂਦਰ ਸਰਕਾਰ ਨੂੰ ਵਿਰੋਧੀ ਚਿਹਰਾ ਬਣਾਕੇ ਪੇਸ਼ ਕਰਨ ਦੀ ਰਵਾਇਤ ਜ਼ੁਰਰ ਜਾਰੀ ਰੱਖੀ ਹੋਈ ਹੈ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਸਮੱਸਿਆ ਦਾ ਹੱਲ ਲੜਾਈ-ਝਗੜੇ ਨਾਲ ਨਹੀਂ, ਗੱਲਬਾਤ ਨਾਲ ਹੁੰਦਾ ਹੈ। ਜਿਵੇਂ ਕਿਸਾਨ ਅੰਦੋਲਨ ਵਿੱਚ ਕੇਂਦਰ ਸਰਕਾਰ ਨਾਲ ਟੇਬਲ ਟਾਕ ਕਰਕੇ ਹੱਲ ਕੱਢਿਆ ਗਿਆ ਸੀ, ਠੀਕ ਉਸੇ ਤਰ੍ਹਾਂ ਇੱਥੇ ਵੀ ਜਿਸ ਸਰਕਾਰ ਨਾਲ ਸਮੱਸਿਆ ਹੈ, ਉਸੇ ਨਾਲ ਬੈਠ ਕੇ ਹੱਲ ਲੱਭਿਆ ਜਾ ਸਕਦਾ ਹੈ। ਬਾਈਕਾਟ ਤੇ ਵੱਖਰੇਵੇਂ ਦੀਆਂ ਗੱਲਾਂ ਮਾਹੌਲ ਖ਼ਰਾਬ ਕਰਦੀਆਂ ਹਨ, ਹੱਲ ਨਹੀਂ ਦਿੰਦੀਆਂ।

ਅੰਤ ਵਿੱਚ, ਪੰਜਾਬ ਯੂਨੀਵਰਸਿਟੀ ਨੂੰ ਬਚਾਉਣਾ ਹੈ ਤਾਂ ਵਿਦਿਆਰਥੀ ਜਥੇਬੰਦੀਆਂ, ਪੰਜਾਬ-ਹਰਿਆਣਾ ਸਰਕਾਰਾਂ ਤੇ ਕੇਂਦਰ ਸਰਕਾਰ ਨੂੰ ਇੱਕ ਮੰਚ 'ਤੇ ਆ ਕੇ ਸਿੱਖਿਆ ਨੂੰ ਮੁੱਖ ਰੱਖ ਕੇ ਫੈਸਲੇ ਲੈਣੇ ਪੈਣਗੇ, ਨਹੀਂ ਤਾਂ ਇਹ ਸਦੀਆਂ ਪੁਰਾਣਾ ਸਿੱਖਿਆ ਦਾ ਮੰਦਰ ਰਾਜਨੀਤੀ ਦੀ ਭੇਟ ਚੜ੍ਹ ਜਾਵੇਗਾ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# • ਪੰਜਾਬੀ ਫ਼ਿਲਮ ਦਰਪਣ •

## ਫ਼ਿਲਮੀ ਨੰਦ ਨਗਰੀ ਦਾ ਘਣਈਆ ਚਿੱਤ ਚੋਰ ਬਾਲਕ੍ਰਿਸ਼ਨ ਕੋਚਰ



ਨਟਖਟ ਚੰਚਲ ਤੇ ਬਹੁਤ ਹੀ ਪਿਆਰੇ ਸੁਭਾਅ ਦੇ ਮਾਲਿਕ ਬਾਲਕ੍ਰਿਸ਼ਨ ਕੋਚਰ ਕਲ ਵੀ ਹੀਰੋ ਤੇ ਅੱਜ ਵੀ ਹੀਰੋ ਹਨ ਹੱਸਦੇ ਰਹਿਣਾ ਓਹਨਾਂ ਦੀ ਸ਼ਕਤੀ ਹੈ ਤੇ ਓਹ ਇਸ ਸਦਕਾ ਨੈਸ਼ਨਲ ਟੀਵੀ ਚੈਨਲਾਂ ਤੇ ਸੀਰੀਅਲ ਕਰਦੇ ਹਨ ਤੇ ਪਾਲੀਵੁੱਡ ਦੀਆਂ ਫ਼ਿਲਮਾਂ ਵੀ ਤੇ ਵੀਡੀਓ ਗੀਤ ਹੁਣੇ ਹੀ "ਚਾਂਦੀ ਦਾ ਛੱਲਾ" ਕੀਤਾ ਹੈ। ਬਾਲਕ੍ਰਿਸ਼ਨ ਕੋਚਰ ਰੋਮਾਂਟਿਕ ਦਿੱਖ ਵਾਲੇ ਨੇ ਆਪ ਮੁਹਾਰੀ ਕਸ਼ਿਸ਼ ਨਾਲ ਓਹ ਹਰੇਕ ਨੂੰ ਆਕਰਸ਼ਤ ਕਰ ਲੈਂਦੇ ਹਨ। ਅਕਸਰ ਓਹਨਾਂ ਨਾਲ ਮਾਡਲਿੰਗ ਕਰਦੀ ਅਲਕਾ ਨੰਦਾ ਆਖਦੇ ਨੇ ਕਿ ਸਾਡੀ ਫ਼ਿਲਮ ਨਗਰੀ ਦੇ ਕਾਹਨਾ ਨੇ ਕ੍ਰਿਸ਼ਨ ਘਣਈਆ ਨੇ ਤੇ ਬਾਲਕ੍ਰਿਸ਼ਨ ਕੋਚਰ ਜਵਾਬ ਦਿੰਦੇ ਹਨ ਕਿ ਸ਼ੇਰ, ਮਰਦ ਸਦਾ ਜਵਾਨ, ਜਾਨ ਤੇ ਜਹਾਨ ਹੱਸਦੇ ਖੇਡਦੇ ਕੰਮ ਕਰਦੇ ਰਹੋ ਜ਼ਿੰਦਗੀ ਇਸੇ ਦਾ ਨਾਮ ਸੁ। ਬਾਲਕ੍ਰਿਸ਼ਨ ਕੋਚਰ ਬਾਬਤ ਮੁੰਬਈ ਵਿਖੇ ਟੀਨਾ ਘਈ ਨੇ ਕਿਹਾ ਸੀ ਕਿ ਸਾਡੇ ਇਹ ਦੇਵਾਨੰਦ ਹਨ ਤੇ ਬਾਲ ਕ੍ਰਿਸ਼ਨ ਕੋਚਰ ਹਾਸਿਆਂ ਦੀ ਖੁਰਾਕ ਦਿੰਦੇ ਫ਼ਿਲਮ ਨਗਰ ਦੇ ਦਿਲਕਸ਼ ਇਨਸਾਨ ਹਨ।

## ਪਰੀਆਂ ਤੋਂ ਸੋਹਣੀ ਰਮਨ ਗਿੱਲ ਹੋਰ ਕਿਸੇ ਤੋਂ ਕੀ ਲੈਣਾ



ਪਹਿਲੇ ਸੁਰ ਸਿਰ ਤੇ ਸਰਦਾਰੀ ਗਾਇਕੀ ਵਿੱਚ ਮਿਲਣੀ ਤੇ ਅੱਜ ਗਾਣਾ ਵੀਡੀਓ ਨਾਲ ਦੇਖੇ ਜਾਣ ਵਾਲੀ ਚੀਜ਼ ਤੇ ਸਟੇਜ ਤੇ ਫੱਬਦੀ ਕਲਾਕਾਰ ਨੂੰ ਲੋਕ ਜ਼ਿਆਦਾ ਤਵੱਜੋਂ ਦੇ ਰਹੇ ਹਨ। ਰਮਨ ਗਿੱਲ ਗੱਲ ਸੁਰ ਦੀ ਤਾਂ ਪੂਰੇ ਤਾਲ ਵਿੱਚ ਆਵਾਜ਼ ਕਸ਼ਿਸ਼ ਭਰੀ ਤੇ ਦਿੱਖ ਲੋਹੜਾ ਹੁਸਨ ਦਾ ਤੇ ਪੰਜਾਬ ਤੋਂ ਕਨੇਡਾ ਜਾ ਕਿ ਸਟੇਜਾਂ ਤੇ ਹਿੱਟ ਹੈ। ਪੰਦਰਾਂ ਵੀਹ ਟਰੈਕ ਆ ਕਿ ਰਮਨ ਗਿੱਲ ਦੇ ਹਿੱਟ ਰਹੇ ਨੇ ਜਿਹਨਾਂ ਵਿੱਚ "ਫੁਕਰੇ ਬ੍ਰਾਂਡੇਡ ਜੱਟੀ" ਸ਼ਾਮਿਲ ਹਨ। ਰਮਨ ਗਿੱਲ ਨੂੰ ਦੇਖ ਨਿਮਰਤ ਖੈਹਰਾ, ਸੁਨੰਦਾ ਸ਼ਰਮਾ, ਕੌਰ ਬੀ ਤੇ ਥੋੜਾ ਪਿੱਛੇ ਤਾਂ ਅਮਰ ਨੂਰੀ, ਕਮਲਜੀਤ ਨੀਰੂ, ਪਰਮਿੰਦਰ ਸੰਧੂ ਲੱਗਦੀ ਹੈ ਓਹ ਆਵਾਜ਼ ਤੇ ਅੰਦਾਜ਼ ਤੋਂ। ਰਮਨ ਗਿੱਲ ਸੰਗੀਤ ਗਿਆਨ ਦੀ ਫਸਟ ਕਲਾਸ ਗਾਇਕਾ ਤੇ ਅੱਖਾਂ ਮ੍ਰਿਗ ਨੈਣ, ਕੁੱਝ ਕਹਿਣ ਤੇ ਰੰਗ ਚਿੱਟਾ ਚਿੱਟਾ ਦੁੱਧ ਵਰਗਾ ਤੇ ਰਮਨ ਗਿੱਲ ਫਿਲਮੀ ਨਾਇਕਾ ਬਣ ਸਕਦੀ ਹੈ। ਨਵੇਂ ਸਾਲ ਰਮਨ ਗਿੱਲ ਕਿਹੜੀਆਂ ਨਵੀਆਂ ਨੀਤੀਆਂ ਨਾਲ ਆ ਕਿ ਆਪਣੇ ਗਾਇਕੀ ਕੈਰੀਅਰ ਨੂੰ ਲੈਂਦੀ ਹੈ ਤੇ ਫ਼ਿਲਮਜ਼ ਬਾਬਤ ਓਸ ਦੀ ਨੀਤੀ ਸਭ ਨਵੇਂ ਸਾਲ ਪਤਾ ਚਲੇਗਾ। ਫਿਲਹਾਲ ਛਾਈ ਪਈ ਹੈ ਰਮਨ ਗਿੱਲ।

## ਅਣਖੀਲਾ ਪਰਿਵਾਰ ਸੰਗੀਤ ਨਾਲ ਬਹਾਰ ਸੰਗੀਤ ਅਣਖੀਲਾ ਲੱਕੀ ਤੇ ਬਲਕਾਰ/ਮਨਜਿੰਦਰ ਗੁਲਸ਼ਨ



ਮਨ ਦੇ ਜ਼ਿੰਦਰੇ ਆਪਣੀ ਸੁਰਮਈ ਆਵਾਜ਼ ਨਾਲ ਖੋਹਲਣੀ ਮਨਜਿੰਦਰ ਗੁਲਸ਼ਨ ਦਾ ਲੋਕਾਂ ਨੂੰ ਸੁਰ ਤੋਹਫ਼ਾ ਤੇ ਮਨਜਿੰਦਰ ਗੁਲਸ਼ਨ ਦੇ ਪਤੀ ਪਰਮੇਸ਼ਰ ਬਲਕਾਰ ਅਣਖੀਲਾ ਆਵਾਜ਼ ਤੇ ਸਾਜ ਦੇ ਧਨੀ ਪੂਰਾ ਨਾਮ ਮਹਿਸੂਸ ਕਰਦੇ ਨੇ ਸਰੋਤੇ ਤੇ ਦਰਸ਼ਕ ਸੰਗੀਤ ਦੁਨੀਆਂ ਵਿੱਚ ਤੇ ਇਹ ਜੋੜੀ ਵਿਰਾਸਤ ਦੀ ਗਾਇਕੀ ਦਾ ਪ੍ਰਤੀਕ ਬਣੀ ਹੈ। ਬਲਕਾਰ ਅਣਖੀਲਾ ਦਾ ਜਿਗਰ ਟੁਕੜਾ ਸੰਗੀਤ ਅਣਖੀਲਾ ਸੁਰੀਲਾ ਗਾ ਰਹੀ ਹੈ ਤੇ "ਨੱਚਦੀ" ਓਸ ਦਾ ਗੀਤ ਅੱਜ ਕਲ ਹਿੱਟ ਹੈ। ਸੰਗੀਤ ਕੋਲ ਸੰਗੀਤ ਦਾ ਖਜ਼ਾਨਾ ਹੈ। ਮਨਜਿੰਦਰ ਗੁਲਸ਼ਨ ਦੇ ਜਿਗਰ ਦਾ ਟੁਕੜਾ ਲੱਕੀ ਅਣਖੀਲਾ ਸੰਗੀਤ ਦਾ ਜਾਣਕਾਰ ਸੰਗੀਤਕਾਰ ਤੇ ਗਾਇਕ ਤੇ ਇਸ ਤਰਾਂ ਅਣਖੀਲਾ ਪਰਿਵਾਰ ਤੇ ਰੱਬ ਨੇ ਫ਼ਤਹਿ ਇਬਾਰਤ ਲਿਖੀ ਹੈ। ਮਸ਼ਹੂਰ ਸੰਗੀਤਕਾਰ ਸਚਿਨ ਅਹੂਜਾ ਆਖਦੇ ਨੇ ਕਿ ਸੰਗੀਤ ਤੇ ਲੱਕੀ ਇਸ ਅਣਖੀਲਾ ਸੁਰ ਫੁਲਵਾੜੀ ਦੇ ਮਹਿਕਦੇ ਫੁੱਲ ਹਨ। ਬਲਕਾਰ ਅਣਖੀਲਾ ਅੱਜ ਹਿੱਟ ਦੋਗਾਣਾ ਗਾਇਕ ਹਨ ਤੇ ਮਨਜਿੰਦਰ ਗੁਲਸ਼ਨ ਸਟਾਰ ਗਾਇਕਾ ਤੇ ਇਸ ਅਣਖੀਲਾ ਪਰਿਵਾਰ ਦੀ ਸੁੱਖ ਖ਼ੈਰ ਲਈ ਦੁਆਵਾਂ। ਸੰਗੀਤ ਇਸ ਤਰਾਂ ਹੀ ਮਿਹਨਤ ਕਰ ਆਪਣੀ ਮਾਂ ਮਨਜਿੰਦਰ ਗੁਲਸ਼ਨ ਦਾ ਨਾਮ ਰੌਸ਼ਨ ਕਰੇਗੀ ਪੂਰੀ ਉਮੀਦ ਹੈ ਤੇ ਲੱਕੀ ਵੀ ਨੰਬਰ ਇੱਕ ਸੰਗੀਤਕਾਰ ਤੇ ਗਾਇਕ ਬਣੇਗਾ ਇਹ ਅਸਾਰ ਨਜ਼ਰ ਆ ਰਹੇ ਹਨ।

## ਸੁਰੀਲੀ ਕਿਰਨ ਰੰਧਾਵਾ ਤੇ ਸੁਨੱਖਾ ਸ਼ੰਮੀ ਖਾਨ ਦੋਵਾਂ ਦੀ ਬਣੂੰ ਫ਼ਿਲਮੀ ਪਹਿਚਾਨ



ਰੱਬ ਨੇ ਉੱਚੀ ਲੰਬੀ ਹੇਕ ਗਾਇਕ ਸ਼ੰਮੀ ਖਾਨ ਨੂੰ ਦਿੱਤੀ ਹੈ ਤੇ "ਜਿਉਣਾ ਮੌੜ" ਬੋਲਦਾ ਓਹ ਸੁਰਿੰਦਰ ਛਿੰਦਾ ਦਾ ਭੁਲੇਖਾ ਪਾਏ ਤੇ ਸਾਥ ਵਾਲੀ ਗਾਇਕਾ ਕਿਰਨ ਰੰਧਾਵਾ ਨੂੰ ਸਾਹਿਬ ਨੇ ਸੋਹਣੇ ਰੂਪ ਤੇ ਮਿੱਠੀ ਆਵਾਜ਼ ਨਾਲ ਧਰਤੀ ਤੇ ਭੇਜਿਆ ਹੈ। ਅੱਜ ਇਹ ਗਾਇਕ ਜੋੜੀ ਨੰਬਰ ਇੱਕ ਬਣੀ ਹੋਈ ਹੈ। ਸ਼ੰਮੀ ਖਾਨ ਨੇ ਅਸ਼ੋਕ ਪੁਰੀ ਦੀ ਦੇਸ਼ ਭਗਤੀ ਵਾਲੀ ਫ਼ਿਲਮ ਲਈ ਗਾਇਆ ਤੇ ਲਲੀਵੁਡ ਕਲਾਕਾਰ ਸਰਦਾਰ ਜਸਪਾਲ ਸੂਸ ਨਾਲ "ਸਟਾਰ ਪੰਜਾਬ ਦੇ" ਲਈ ਜੱਜ ਦੀ ਭੂਮਿਕਾ ਨਿਭਾਈ। ਸ਼ੰਮੀ ਖਾਨ ਨੇ ਕਿਹਾ ਕਿ ਲਲਿਤ ਮਹਿਤਾ ਨੇ ਓਸ ਤੋਂ ਫਿਲਮ ਲਈ ਪਲੇ ਬੈਕ ਲੈਣ ਦੀ ਗੱਲ ਕੀਤੀ ਹੈ ਤੇ ਕਿਰਨ ਰੰਧਾਵਾ ਹੋ ਸਕਦਾ ਹੈ ਕਿ ਲਲਿਤ ਮਹਿਤਾ ਦੀ ਕਿਸੇ ਫ਼ਿਲਮ ਵਿੱਚ ਰੋਲ ਕਰੇ ਦੋਗਾਣੇ ਹਿੱਟ ਜਾਂਦੇ ਹਨ ਤੇ ਇੱਕਲਾ ਵੀ ਸ਼ੰਮੀ ਖਾਨ ਬੱਲੇ ਬੱਲੇ ਕਰਵਾ ਰਿਹਾ ਹੈ। ਆਸਟ੍ਰੇਲੀਆ ਤੇ ਯੂ ਕੇ ਦੇ ਸ਼ੋ ਲਾਏ ਹਨ। ਸ਼ੰਮੀ ਖਾਨ ਨੇ ਕਿਹਾ ਕਿ ਅਸੀਂ ਵੈੱਬ ਫ਼ਿਲਮਾਂ ਤੇ ਸੀਰੀਜ਼ ਵਿੱਚ ਐਕਟਿੰਗ ਕਰ ਕਿ ਪਲੇ ਬੈਕ ਦੇ ਕਿ ਸ਼ੁਰੂਆਤ ਕਰਾਂਗੇ ਤੇ ਫ਼ਿਰ ਵੱਡੀਆਂ ਵੱਡੀਆਂ ਫ਼ਿਲਮਾਂ ਵੱਲ ਜਾਣ ਦੀ ਚਾਹਤ ਹੈ। ਇਸ ਵਾਰ ਸ਼ੰਮੀ ਖਾਨ ਨੇ ਸੱਭਿਆਚਾਰਕ ਮੇਲਿਆਂ ਵਿੱਚ ਆਪਣੀ ਝੰਡੀ ਉੱਚੀ ਰੱਖ ਕਿ ਦਰਸਾ ਦਿੱਤਾ ਕਿ ਤਿੰਨ ਘੰਟੇ ਓਹ ਸਟੇਜ ਬਾਖੂਬ ਕਰ ਸਕਦਾ ਹੈ। ਕਿਰਨ ਰੰਧਾਵਾ ਨੇ ਕਿਹਾ ਕਿ ਇੱਛਾ ਪੰਜਾਬੀ ਫ਼ਿਲਮਾਂ ਨਾਲ ਪਰਦੇ ਤੇ ਆ ਕਿ ਆਪਣੀ ਗਾਇਕੀ ਤੇ ਨਾਇਕੀ ਦਾ ਰੁਤਬਾ ਬਣਾਉਣ ਦੀ ਹੈ। ਸ਼ੰਮੀ ਖਾਨ ਦਾ ਕਿਰਨ ਰੰਧਾਵਾ ਨਾਲ "ਸੜਕ ਸਰਕਾਰੀ" ਤੇ "ਨਰਸ" ਹਿੱਟ ਦੋਗਾਣੇ ਨੇ ਜਦ ਕਿ ਓਸ ਇੱਕਲੇ ਨੇ "ਧੀਆਂ" ਤੇ "ਪਰਦੇਸੀਆਂ" ਤੇ ਵੀ ਗੀਤ ਗਾਏ ਹਨ।

## ਡੌਲਿਸ਼ਾ ਨੂੰ ਬਾਲੀਵੁੱਡ ਸਟਾਈਲ ਨਾਲ ਲਾਂਚ ਕਰਨਗੇ ਮਿਊਜ਼ਿਕ ਬ੍ਰਾਂਡ ਪ੍ਰਮੋਟਰ ਬੰਨੀ ਸ਼ਰਮਾ



ਬੰਨੀ ਸ਼ਰਮਾ ਨਾਮ ਤੇ ਸੁਨਾ ਹੋਗਾ, ਓਹ ਨਾਮ ਜਿਸ ਦੀ ਪੰਜਾਬ ਵੀ ਓਨੀ ਹੀ ਗੱਲ ਜਿੰਨੀ ਅੱਜ ਕਨੇਡਾ ਹੈ। ਓਹ ਬੰਨੀ ਸ਼ਰਮਾ ਜਿਸ ਨੇ ਟੀਵੀ ਚੈਨਲਾਂ ਤੇ ਬਾਦਸ਼ਾਹੀ ਕੀਤੀ ਤੇ ਅੱਜ ਵੀ ਟੀਵੀ ਚੈਨਲਾਂ ਵੱਲੋਂ ਸ਼ੋ ਲਈ ਓਹਨਾਂ ਨੂੰ ਕਿਹਾ ਜਾਂਦਾ ਹੈ। ਓਹ ਬੰਨੀ ਸ਼ਰਮਾ ਜਿਸ ਦੇ ਇੱਕ ਬੋਲ ਨਾਲ "ਗੀਤਕਾਰ ਸੈਮੀਨਾਰ" ਲਈ ਪ੍ਰਾਯੋਜਕ ਲੋਕਾਂ ਦੀ ਲਾਈਨ ਲੱਗ ਗਈ ਸੀ। ਇਹੀ ਬੰਨੀ ਸ਼ਰਮਾ ਨੇ ਹੁਣ ਮਾਖੇ ਜਿਹੀ ਮਿਠਾਸ ਭਰੀ ਆਵਾਜ਼ ਡੋਲਿਸ਼ਾ ਸ਼ਾਹ ਨੂੰ ਇੱਕ ਵੱਖਰੀ ਤੇ ਤਕੜੀ ਯੋਜਨਾ ਨਾਲ ਮਿਊਜ਼ਿਕ ਇੰਡਸਟਰੀ ਵਿੱਚ ਲਾਂਚ ਕਰਨ ਲਈ ਆਪਣੀ ਟੀਮ ਨੂੰ ਨਿਰਦੇਸ਼ ਦਿੱਤੇ ਹਨ। "ਮਾਣ ਪੰਜਾਬ ਦੇ" ਵਾਲਾ ਬੰਨੀ ਸ਼ਰਮਾ ਹੁਣ ਡੌਲੀਸ਼ਾ ਨੂੰ ਮਾਣ ਪੰਜਾਬੀ ਮਿਊਜ਼ਿਕ ਦਾ ਬਣਾ ਦਿਖਾ ਦੇਣ ਵਾਲਾ ਹੈ। ਬੰਨੀ ਸ਼ਰਮਾ ਆਖ ਰਹੇ ਨੇ ਕਿ ਮਧਾਰ ਕਰਤਾਰਪੁਰੀ ਦੀ ਇੱਛਾ ਨੂੰ ਮੁੱਖ ਰੱਖ ਓਹ ਡੌਲੀਸ਼ਾ ਲਈ ਉਪਯੁਕਤ ਗੀਤ ਚੁਣ ਰਹੇ ਹਨ ਤੇ ਤਰਜ਼ਾਂ ਲਈ ਮਹਾਨ ਤਰਜ਼ ਘਾੜੇ ਬੰਨੀ ਸ਼ਰਮਾ ਨੂੰ ਪੂਰਾ ਮਾਦਾ ਮੁਹਈਆ ਕਰਵਾਉਣ ਵਾਲੇ ਹਨ। ਇੱਕ ਜ਼ਬਰਦਸਤ ਮਿਊਜ਼ਿਕ, ਤਕਨੀਕੀ ਕੰਮ ਤੇ ਫ਼ਿਰ ਆਖਰੀ ਮਾਸਟਰ ਤੇ ਗੀਤ ਨੂੰ ਵੱਡੇ ਪੱਧਰ ਤੇ ਫਿਲਮਾਉਣਾ ਸਭ ਯੋਜਨਾ ਬੰਨੀ ਸ਼ਰਮਾ ਕੋਲ ਹੈ। ਬਸ ਦੇਖਦੇ ਜਾਓ, ਥੋੜਾ ਜਿਹਾ ਇੰਤਜ਼ਾਰ ਵਾਅਦੇ ਰਹੇ ਬੰਨੀ ਸ਼ਰਮਾ ਦੇ ਕਿ ਆਲੀਸ਼ਾਨ ਤਰੀਕੇ ਨਾਲ ਆ ਰਹੀ ਹੈ ਗਾਇਕਾ ਡੌਲੀਸ਼ਾ ਸ਼ਾਹ।

## ਘੱਟ ਕਰ ਕਿ ਨਾ ਜਾਣੀ ਕੁੜੀ ਆ ਮੈਂ ਨਾਭੇ ਸ਼ਹਿਰ ਦੀ ਅਮਨਦੀਪ ਕੌਰ



ਸ਼ਹਿਰ ਨਾਭਾ ਤੇ ਹੁਣ ਫ਼ਿਲਮ ਅਭਿਨੇਤਰੀ ਵੀ ਅਮਨਦੀਪ ਕੌਰ ਸੈਲੀਬ੍ਰਿਟੀ ਹੈ ਵਾਲੀਵਾਲ ਖੇਤਰ ਦੀ ਤੇ ਨੈਸ਼ਨਲ ਪਲੇਅਰ ਦੇਸ਼ ਪੰਜਾਬ, ਇੰਡੀਆ ਦਾ ਉੱਚਾ ਨਾਮ ਕਰਨ ਵਾਲੀ ਅਮਨਦੀਪ ਕੌਰ ਨੇ ਹੁਣ ਤੱਕ ਦਰਜ਼ਨਾਂ ਵੈੱਬ ਸ਼ੋਰਟ ਫ਼ਿਲਮਾਂ ਕੀਤੀਆਂ ਹਨ। ਕੱਦ ਕੁੜੀ ਦਾ ਸਰੂ ਜਿਹਾ ਉੱਚਾ ਲੰਬਾ ਤੇ ਨੈਣ ਕਾਮਯਾਬੀਆਂ ਦੀ ਕਹਾਣੀ ਕਹਿਣ ਤੇ ਅਮਨਦੀਪ ਕੌਰ ਸਹੀ ਅਰਥਾਂ ਵਿੱਚ ਪੰਜਾਬ ਸਰਕਾਰ ਦੇ ਰਾਜ ਪੱਧਰ ਐਵਾਰਡ ਦੀ ਹੱਕਦਾਰ ਹੈ। ਜਿਸ ਅਮਨ ਨੇ ਕਾਮਨਵੈਲਥ ਤੱਕ ਆਪਣੀ ਸਿੱਖਿਅਤ ਕੀਤੀ ਹਰਜਿੰਦਰ ਕੌਰ ਭੇਜੀ ਅਗਲੀ ਨੇ ਸਿਲਵਰ ਮੈਡਲ ਲਿਆ ਓਸ ਅਮਨਦੀਪ ਕੌਰ ਨੂੰ ਪੰਜਾਬ ਸਰਕਾਰ ਬੈਸਟ ਅਧਿਆਪਕਾ ਟ੍ਰੇਨਰ ਦਾ ਐਵਾਰਡ ਦੇਵੇ ਤੇ ਇਹ ਪਟਿਆਲਾ ਪ੍ਰਸ਼ਾਸਨ, ਡੀ ਪੀ ਆਰ ਓ ਸਿੱਖਿਆ ਵਿਭਾਗ ਪਤਾ ਨਹੀਂ ਕਿਹੜੇ ਰੰਗਾਂ ਵਿੱਚ ਮਸ਼ਕੂਲ ਹੈ। ਸ਼ੇਰ ਅਮਨਦੀਪ ਕੌਰ ਅਥਲੀਟ, ਅਮਨ ਕੌਡੀ ਵੀ ਸੋਹਣੀ ਪਾਏ ਤੇ ਅਮਨ ਵਾਲੀਵਾਲ ਵਿੱਚ ਚੱਕ ਦੇ ਚੱਕ ਦੇ ਕਰਵਾਏ ਓਸ ਨੂੰ ਨਾਭੇ ਦੇ ਲੋਕ ਸਨਮਾਨ ਦੇਣ ਪਰ ਪ੍ਰਸਾਸ਼ਨ ਅੱਖ ਪ੍ਰੋਖ ਕਿਉਂ। ਖੈਰ ਵੱਡਾ ਜਿਗਰਾ ਏ ਅਮਨਦੀਪ ਕੌਰ ਦਾ ਤੇ ਓਸ ਨੇ ਇਸ ਸਦਕਾ ਆਪਣੇ ਖਿਡਾਰੀ ਦੇਸ਼ ਲਈ ਤਿਆਰ ਕਰਨੇ ਜ਼ਾਰੀ ਰੱਖੇ ਨੇ ਤੇ ਅਮਨਦੀਪ ਕੌਰ ਅਮਨ ਪੁਨੀਆ ਦੇ ਨਾਮ ਤੇ ਹਰਬੀਰ ਢੀਂਡਸਾ ਦੀਆਂ ਫ਼ਿਲਮਾਂ ਦਾ ਸ਼ਿੰਗਾਰ ਹੈ ਤੇ ਉਮੀਦ ਹੈ ਕਿ ਓਹ ਟੋਪ ਦੀਆਂ ਫ਼ਿਲਮਜ਼ ਕਰ ਕਿ ਇੱਕ ਰੋਜ਼ ਨਾਮਵਰ ਕਲਾਕਾਰ ਵੀ ਬਣੇਗੀ। ਸੂਰਤ ਪਿਆਰੀ, ਸੀਰਤ ਨਿਆਰੀ ਐਕਟਿੰਗ ਦੀ ਦੁਲਾਰੀ ਅਮਨਦੀਪ ਕੌਰ ਦੇ ਸੋਨ ਰੰਗੇ ਭਵਿੱਖ ਲਈ ਸ਼ੁੱਭ ਕਾਮਨਾਵਾਂ।

-ਅੰਮ੍ਰਿਤ ਪਵਾਰ

# ਮਰਦਾਂ ਦੀਆਂ ਖੁਦਕੁਸ਼ੀਆਂ ਖਿਲਾਫ ਜਾਗਰੂਕਤਾ ਲਈ ਮਹੀਨੇ 'ਚ 710 ਕਿਲੋਮੀਟਰ ਤੁਰਿਆ ਗੁਰਮੀਤ ਸਿੰਘ ਸਿੱਧੂ

## ✪ ਗ੍ਰੇਵਜੈਂਡ ਸ਼ਹਿਰ ਦਾ ਵਸਨੀਕ ਗੁਰਮੀਤ ਸਿੰਘ ਸਿੱਧੂ ਪੇਸ਼ੇ ਵਜੋਂ ਹੈ ਅਧਿਆਪਕ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-ਬਰਤਾਨੀਆ ਦੀ ਧਰਤੀ 'ਤੇ ਨਵੰਬਰ ਮਹੀਨੇ ਨੂੰ ਮੋਵੈਂਬਰ ਜਾਣੀ ਕਿ ਮੁੱਛਾਂ ਰੱਖਣ ਜਾਂ ਵਧਾਉਣ ਕਰਕੇ ਵੀ ਜਾਣਿਆ ਜਾਂਦਾ ਹੈ। ਪਰ ਬਹੁਤ ਥੋੜ੍ਹੇ ਲੋਕ ਜਾਣਦੇ ਹੋਣਗੇ ਕਿ ਇਸ ਪਿੱਛੇ ਮਰਦਾਂ ਦੀ ਮਾਨਸਿਕ ਸਿਹਤ ਦਾ ਨਰੋਆਪਣ ਦੇਖਣ ਦੀ ਚਾਹਤ ਵੀ ਛੁਪੀ ਹੋਈ ਹੈ। ਜਿਕਰਯੋਗ ਹੈ ਕਿ ਮਰਦ ਤੇ ਔਰਤ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਮੰਨੇ ਜਾਂਦੇ ਹਨ।

ਮਰਦ ਆਪਣਾ ਪਰਿਵਾਰ ਪਾਲਣ, ਚਲਾਉਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਦਾ ਹੈ। ਪਰ ਬਹੁਤ ਵਾਰ ਚੁੱਪ ਰਹਿੰਦਾ ਹੈ। ਚੁੱਪ ਰਹਿ ਕੇ ਆਪਣੇ ਦੁੱਖ, ਤਕਲੀਫਾਂ ਨੂੰ ਅੰਦਰੋਂ ਅੰਦਰ ਪੀਂਦੇ ਰਹਿਣਾ ਬਹੁਤ ਸਾਰੀਆਂ ਮਾਨਸਿਕ ਸਮੱਸਿਆਵਾਂ ਦਾ ਕਾਰਨ ਬਣ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਮਰਦਾਂ ਦੀ ਆਤਮ ਹੱਤਿਆ ਕਰਨ ਦੀ ਦਰ ਦਿਨੋ ਦਿਨ ਵੱਧਦੀ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ ਹਰ ਘੰਟੇ ਵਿੱਚ 60 ਮਰਦ ਖੁਦਕੁਸ਼ੀ ਕਰਦੇ ਹਨ। ਆਪਣਾ ਦੁੱਖ ਦੂਜੇ ਨਾਲ ਸਾਂਝਾ ਕਰੋ, ਮੁਸ਼ਕਿਲਾਂ ਕੋਲੋਂ ਹਾਰ ਕੇ ਜ਼ਿੰਦਗੀ ਨੂੰ ਅਲਵਿਦਾ ਨਾ ਕਹੋ ਦਾ ਸੁਨੇਹਾ ਦੇਣ ਲਈ ਗਰੇਵਜੈਂਡ ਦੇ ਗੁਰਮੀਤ ਸਿੰਘ ਸਿੱਧੂ ਨੇ 600 ਕਿਲੋਮੀਟਰ ਪੈਦਲ ਤੁਰਨ ਦਾ ਟੀਚਾ ਮਿਥਿਆ ਸੀ। ਪਰ ਉਹਨਾਂ ਨੇ 710 ਕਿਲੋਮੀਟਰ ਤੁਰਨ ਉਪਰੰਤ ਸਮਾਪਤੀ ਕੀਤੀ। ਪੇਸ਼ੇ ਵਜੋਂ ਅਧਿਆਪਕ ਗੁਰਮੀਤ ਸਿੰਘ ਸਿੱਧੂ ਨੇ ਆਪਣੇ ਸਕੂਲ ਜਾਣ ਤੋਂ ਪਹਿਲਾਂ ਜਾਂ ਸਕੂਲੋਂ ਵਾਪਸ ਆ ਕੇ ਆਪਣਾ ਸੁਖ ਆਰਾਮ ਤਿਆਗ ਕੇ ਇਸ ਨਿਵੇਕਲੇ ਕਾਰਜ ਲੇਖੇ ਸਮਾਂ ਲਾਇਆ। ਉਹਨਾਂ ਦਾ ਕਹਿਣਾ ਹੈ ਕਿ ਉਹ ਉਹਨਾਂ ਮਰਦਾਂ ਦੀ ਆਵਾਜ਼ ਬਣਨਾ ਲੋਚਦੇ ਹਨ ਜੋ ਇਹ ਸਮਝਦੇ ਹਨ ਕਿ ਉਹ ਬੋਲ ਨਹੀਂ ਸਕਦੇ। ਮਰਦਾਂ ਦੀ ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ ਲਿਆਉਣੀ ਉਹਨਾਂ ਦਾ ਮੁੱਖ ਮੰਤਵ ਹੈ। ਉਹਨਾਂ ਇਸ ਕਾਰਜ ਵਿੱਚ ਸ਼ਾਮਿਲ ਹੋਏ ਵਿਦਿਆਰਥੀਆਂ, ਸਹਿਕਰਮੀਆਂ ਤੇ ਭਾਈਚਾਰੇ ਦੇ ਲੋਕਾਂ ਦਾ ਹਾਰਦਿਕ ਧੰਨਵਾਦ ਕੀਤਾ।

# ਬੇ ਏਰੀਆ ਦੇ ਪੰਜਾਬੀ ਭਾਈਚਾਰੇ ਨੇ 350 ਵਾਂ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ






ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬੇ ਏਰੀਆ ਪੰਜਾਬੀ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਵਾਂ ਸ਼ਹੀਦੀ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਗੁਰੂ ਸਾਹਿਬ ਵੱਲੋਂ ਧਰਮ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤੀ ਗਈ ਕੁਰਬਾਨੀ ਨੂੰ ਯਾਦ ਕੀਤਾ ਗਿਆ।

ਸ਼ਹੀਦੀ ਸਮਾਗਮ ਦੀ ਸ਼ੁਰੂਆਤ ਡਾ ਚਰਨ ਕੰਵਲ ਸਿੰਘ ਤੇ ਰੇਸ਼ਮਾ ਸਿੰਘ ਵੱਲੋਂ ਸ਼ਬਦ ਕੀਰਤਨ ਨਾਲ ਹੋਈ। ਭਾਰੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਇੰਡੋ-ਅਮੈਰੀਕਨ ਕਮਿਊਨਿਟੀ ਫੈਡਰੇਸ਼ਨ ਦੇ ਸੰਸਥਾਪਕ ਜੀਵਨ ਜ਼ੁਤਸ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਉਨਾਂ ਨੇ ਇਸਲਾਮ ਕਬੂਲਣ ਦੀ ਬਜਾਏ ਧਰਮ ਦੀ ਖਾਤਰ ਆਪਾ ਵਾਰਨ ਨੂੰ ਤਰਜੀਹ ਦਿੱਤੀ। ਗੁਰੂ ਸਹਿਬ ਨੇ ਇਹ ਕੁਰਬਾਨੀ ਸਮੁੱਚੀ ਮਨੁੱਖਤਾ ਦੇ ਭਲੇ ਤੇ ਧਾਰਮਿੱਕ ਅਧਿਕਾਰਾਂ ਦੀ ਰਾਖੀ ਕਰਦਿਆਂ ਦਿੱਤੀ। ਉਨਾਂ ਦੀ ਇਸ ਕੁਰਬਾਨੀ ਨੂੰ ਰਹਿੰਦੀ ਦੁਨੀਆ ਤੱਕ ਯਾਦ ਰਖਿਆ ਜਾਵੇਗਾ। ਹੋਰ ਸਥਾਨਕ ਆਗੂਆਂ ਤੋਂ ਇਲਾਵਾ ਯੂਨੀਅਨ ਸਿਟੀ ਦੇ ਮੇਅਰ ਗੈਰੀ ਸਿੰਘ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਉਨਾਂ ਨੇ ਗੁਰੂ ਸਾਹਿਬ ਦੇ ਇਤਿਹਾਸ ਵਿੱਚ ਯੋਗਦਾਨ ਉਪਰ ਰੋਸ਼ਨੀ ਪਾਉਂਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਸਾਨੂੰ ਵੱਖ ਵੱਖ ਭਾਈਚਾਰਿਆਂ ਵਿੱਚ ਏਕਤਾ ਤੇ ਇਕਜੁਟਤਾ ਦਾ ਸੁਨੇਹਾ ਦਿੰਦੀ ਹੈ। ਕੈਲੀਫੋਰਨੀਆ ਦੇ ਅਸੰਬਲੀ ਮੈਂਬਰ ਅਲੈਕਸ ਲੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਅੱਗੇ ਸਿਰ ਝੁਕਾਉਂਦਿਆਂ ਸਮਾਗਮ ਕਰਵਾਉਣ ਲਈ ਇੰਡੋ-ਅਮੈਰੀਕਨ ਕਮਿਊਨਿਟੀ ਫੈਡਰੇਸ਼ਨ ਦੀ ਸ਼ਲਾਘਾ ਕੀਤੀ। ਮਿਲਪਿਟਸ ਦੇ ਮੇਅਰ ਕਾਰਮਲ ਮੋਨਟਾਨੋ ਨੇ ਵੀ ਗੁਰੂ ਸਾਹਿਬ ਅੱਗੇ ਸਿਰ ਝੁਕਾਇਆ। ਜੈਸੀ ਕੌਰ ਨੇ ਆਪਣੇ ਜਜਬਾਤੀ ਸੰਬੋਧਨ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਦਸਿਆ ਤੇ ਕਿਹਾ ਕਿ ਮੁਗਲ ਰਾਜਾ ਔਰੰਗਜੇਬ ਵੇਲੇ ਜਦੋਂ ਅਤਿਆਚਾਰ ਸਿਖਰ 'ਤੇ ਸੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੇ ਹਿੰਦੂ ਭਾਈਚਾਰੇ ਵਿੱਚ ਨਵੀਂ ਰੂਹ ਫੂਕੀ ਤੇ ਜੁਲਮ ਖਿਲਾਫ ਇਕਜੁੱਟ ਹੋਣ ਲਈ ਪ੍ਰੇਰਤ ਕੀਤਾ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

# ਸੜਕ ਹਾਦਸੇ ਵਿੱਚ ਨਵ ਵਿਆਹੇ ਜੋੜੇ ਦੀ ਮੌਤ, ਪੰਜਾਬੀ ਡਰਾਇਵਰ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਓਰੇਗੋਨ ਵਿੱਚ ਸੜਕ ਹਾਦਸੇ ਵਿਚ ਇਕ ਨਵ ਵਿਆਹੇ ਜੋੜੇ ਦੀ ਮੌਤ ਹੋ ਜਾਣ ਦੀ ਖਬਰ ਹੈ ਜਿਸ ਉਪਰੰਤ ਫਰਿਜਨੋ ਵਾਸੀ ਸੈਮੀ ਟਰੱਕ ਦੇ ਡਰਾਈਵਰ ਰਜਿੰਦਰ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਯੂ ਐਸ ਡਿਪਾਰਟਮੈਂਟ ਹੋਮਲੈਂਡ ਸਕਿਉਰਿਟੀ (ਡੀ ਐਚ ਐਸ) ਤੇ ਓਰੇਗੋਨ ਸਟੇਟ ਪੁਲਿਸ ਨੇ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਪੁਲਿਸ ਅਨੁਸਾਰ ਸੈਮੀ ਟਰੱਕ ਇਕ ਕਾਰ ਨਾਲ ਜਾ ਟਕਰਾਇਆ ਜਿਸ ਵਿੱਚ ਸਵਾਰ 25 ਸਾਲਾ ਵਿਲੀਅਮ ਮੀਕਾਹ ਕਾਰਟਰ ਤੇ 24 ਸਾਲਾ ਜੈਨੀਫਰ ਲਿਨ ਲੋਅਰ ਦੀ ਮੌਤ ਹੋ ਗਈ। ਇਹ ਦੋਨੋਂ ਮੌਕੇ ਉਪਰ ਹੀ ਦਮ ਤੋੜ ਗਿਆ। ਇਨਾਂ ਦਾ ਹਾਲ ਹੀ ਵਿੱਚ ਵਿਆਹ ਹੋਇਆ ਸੀ। ਜਾਂਚਕਾਰਾਂ ਅਨੁਸਾਰ ਇਹ ਹਾਦਸਾ ਹਨੇਰੇ ਕਾਰਨ ਐਮਰਜੈਂਸੀ ਚਿਤਾਵਨੀ ਯੰਤਰ ਦੀ ਅਣਹੋਂਦ ਕਾਰਨ ਵਾਪਰਿਆ। ਕੁਮਾਰ ਵਿਰੁੱਧ ਅਪਰਾਧਕ ਲਾਪਰਵਾਹੀ ਸਮੇਤ ਹੱਤਿਆਵਾਂ ਦੇ ਦੋਸ਼ ਲਾਏ ਗਏ ਹਨ। ਉਸ ਨੂੰ ਡੇਸ਼ੂਟਸ ਕਾਊਂਟੀ ਜੇਲ ਵਿੱਚ ਰਖਿਆ ਗਿਆ ਹੈ। ਡੀ ਐਚ ਐਸ ਨੇ ਕਿਹਾ ਹੈ ਕਿ ਕੁਮਾਰ ਗੈਰ ਕਾਨੂੰਨੀ ਢੰਗ ਤਰੀਕੇ ਨਾਲ 28 ਨਵੰਬਰ 2022 ਨੂੰ ਲਿਊਕਵਿਲੇ, ਐਰੀਜ਼ੋਨਾ ਰਾਹੀਂ ਅਮਰੀਕਾ ਵਿੱਚ ਦਾਖਲ ਹੋਇਆ ਸੀ। ਬਾਅਦ ਵਿੱਚ ਕੈਲੀਫੋਰਨੀਆ ਵਿੱਚ ਉਸ ਨੂੰ ਕਮਰਸ਼ੀਅਲ ਡਰਾਇਵਿੰਗ ਲਾਇਸੰਸ ਜਾਰੀ ਕੀਤਾ ਗਿਆ ਸੀ। 2023 ਵਿੱਚ ਉਸ ਨੂੰ ਕੰਮ ਕਰਨ ਦੀ ਇਜਾਜਤ ਦਿੱਤੀ ਗਈ ਸੀ। ਡੀ ਐਚ ਐਸ ਅਨੁਸਾਰ ਰਿਹਾਈ ਉਪਰੰਤ ਉਸ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਸਪੁਰਦ ਕਰ ਦੇਣ ਦੀ ਸੰਭਾਵਨਾ ਹੈ।

# ਪਰਵਾਸ: ਮਨੁੱਖੀ ਜੀਵਨ ਦਾ ਬਦਲਦਾ ਹੋਇਆ ਰੁਝਾਨ- ਦਸ਼ਾ ਤੇ ਦਿਸ਼ਾ

## ਅੰਤਰਰਾਸ਼ਟਰੀ ਦਿਵਸ 'ਤੇ ਵਿਸ਼ੇਸ਼


**ਜਸਵਿੰਦਰ ਸਿੰਘ ਰੁਪਾਲ**

9814715796




ਸ਼ੁਰੂ ਤੋਂ ਹੀ ਪਰਵਾਸ ਮਨੁੱਖੀ ਇਤਿਹਾਸ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਸਧਾਰਨ ਸ਼ਬਦਾਂ ਵਿੱਚ, ਰੋਜ਼ੀ-ਰੋਟੀ, ਚੰਗੇ ਭਵਿੱਖ ਜਾਂ ਸੁਰੱਖਿਆ ਦੀ ਭਾਲ ਵਿੱਚ ਆਪਣੀ ਜਨਮ ਭੂਮੀ ਨੂੰ ਛੱਡ ਕੇ ਕਿਸੇ ਦੂਜੇ ਦੇਸ਼ ਜਾਂ ਪ੍ਰਦੇਸ਼ ਵਿੱਚ ਜਾ ਕੇ ਵਸਣ ਨੂੰ 'ਪਰਵਾਸ' ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਲੋਕ ਭੋਜਨ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਸਨ, ਪਰ ਅਜੋਕੇ ਸਮੇਂ ਵਿੱਚ ਪਰਵਾਸ ਦੇ ਅਰਥ ਅਤੇ ਕਾਰਨ ਬਦਲ ਗਏ ਹਨ। ਅੱਜ ਇਹ ਕੇਵਲ ਜ਼ਰੂਰਤ ਨਹੀਂ, ਸਗੋਂ ਇੱਕ ਰੁਝਾਨ ਵੀ ਬਣ ਚੁੱਕਿਆ ਹੈ।

ਪਰਵਾਸ ਦੇ ਮੁੱਖ ਕਾਰਨ :- ਬੇਰੁਜ਼ਗਾਰੀ ਅਤੇ ਘੱਟ ਆਮਦਨ ਪਰਵਾਸ ਦਾ ਸਭ ਤੋਂ ਵੱਡਾ ਕਾਰਨ ਹੈ। ਚੰਗੀ ਕਮਾਈ ਅਤੇ ਆਰਥਿਕ ਖੁਸ਼ਹਾਲੀ ਲਈ ਲੋਕ ਵਿਕਸਤ ਦੇਸ਼ਾਂ (ਜਿਵੇਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ) ਵੱਲ ਰੁਖ ਕਰਦੇ ਹਨ। ਵਿਦਿਆਰਥੀ ਵਧੀਆ ਪੜ੍ਹਾਈ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਜਾਂਦੇ ਹਨ। ਵਿਦੇਸ਼ਾਂ ਵਿੱਚ ਮਿਲਣ ਵਾਲੀਆਂ ਬਿਹਤਰ ਸਿਹਤ ਸਹੂਲਤਾਂ, ਸਾਫ਼ ਵਾਤਾਵਰਣ ਅਤੇ ਕਾਨੂੰਨ ਵਿਵਸਥਾ ਵੀ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ। ਕਈ ਵਾਰ ਦੇਸ਼ ਦੇ ਅੰਦਰੂਨੀ ਹਾਲਾਤ ਜਾਂ ਅਸੁਰੱਖਿਆ ਦੀ ਭਾਵਨਾ ਵੀ ਲੋਕਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੰਦੀ ਹੈ।

ਪੰਜਾਬ ਅਤੇ ਪਰਵਾਸ - ਪੰਜਾਬੀਆਂ ਦਾ ਪਰਵਾਸ ਨਾਲ ਗੂੜ੍ਹਾ ਰਿਸ਼ਤਾ ਹੈ। ਪੰਜਾਬੀ ਸੁਭਾਅ ਤੋਂ ਹੀ ਉੱਦਮੀ ਅਤੇ ਜੋਖਮ ਲੈਣ ਵਾਲੇ ਹੁੰਦੇ ਹਨ। ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਵਿੱਚ ਪਰਵਾਸ ਇੱਕ ਹੜ੍ਹ ਵਾਂਗ ਆਇਆ ਹੈ। ਹਰ ਸਾਲ ਲੱਖਾਂ ਨੌਜਵਾਨ 'ਸਟੱਡੀ ਵੀਜ਼ਾ' ਦੇ ਰਾਹੀਂ ਵਿਦੇਸ਼ ਜਾ ਰਹੇ ਹਨ। ਇਸਨੂੰ 'ਬ੍ਰੇਨ ਡਰੇਨ' ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ ਕਿ ਸਾਡੀ ਬੁੱਧੀਜੀਵੀ ਅਤੇ ਮਿਹਨਤੀ ਨੌਜਵਾਨ ਪੀੜ੍ਹੀ ਆਪਣਾ ਹੁਨਰ ਦੂਜੇ ਦੇਸ਼ਾਂ ਨੂੰ ਦੇ ਰਹੀ ਹੈ। ਖਾਸ ਤੌਰ ਤੇ ਜਦੋਂ ਪੰਜਾਬ ਦੀ ਗੱਲ ਆਉਂਦੀ ਹੈ ਤਾਂ ਉਪਰੋਕਤ ਕਾਰਨਾਂ ਦੇ ਨਾਲ ਨਾਲ ਕੁਝ ਹੋਰ ਕਾਰਨ ਵੀ ਹਨ, ਭਾਵੇਂ ਇਹ ਗੌਣ ਹੋਣ, ਭਾਵੇਂ ਛੋਟੇ, ਪਰ ਇਹਨਾਂ ਦਾ ਕੁਝ ਮਹੱਤਵ ਜਰੂਰ ਹੈ -

* ਸਟੇਟਸ ਸਿੰਬਲ ਪਿਛਲੇ ਕੁਝ ਦਹਾਕਿਆਂ ਤੋਂ ਵਿਦੇਸ਼ ਜਾਣਾ ਇੱਕ ਸਟੇਟਸ ਵੀ ਬਣ ਗਿਆ। ਕੁਝ ਆਰਥਿਕ ਤੌਰ ਤੇ ਚੰਗੇ ਪਰਿਵਾਰਾਂ ਦੇ ਨੌਜਵਾਨ ਲੜਕੇ ਲੜਕੀਆਂ ਸਿਰਫ "ਬਾਹਰ ਵਾਲੇ" ਅਖਵਾਉਣ ਲਈ ਵੀ ਵਿਦੇਸ਼ਾਂ ਦਾ ਰੁਖ਼ ਕਰਦੇ ਹਨ । ਜਿਵੇਂ ਅੰਗਰੇਜ਼ੀ ਨਿੱਜੀ ਸਕੂਲਾਂ ਵਿਚ ਬੱਚੇ ਨੂੰ ਪੜ੍ਹਨ ਲਾਉਣਾ ਅਤੇ ਮਹਿੰਗੀਆਂ ਅਕੈਡਮੀਆਂ ਤੋਂ ਕੋਚਿੰਗ ਦਿਵਾਉਣੀ ਸਟੇਟਸ ਸਿੰਬਲ ਹੈ, ਬਿਲਕੁਲ ਇਸੇ ਤਰਾਂ ਬਾਹਰਲੇ ਦੇਸ਼ ਵਿਚ ਮੁੰਡਾ ਜਾਂ ਕੁੜੀ ਦਾ ਹੋਣਾ ਇੱਕ ਸਟੈਂਡਰਡ ਬਣ ਗਿਆ ਹੈ।

* ਕੰਮ ਦੇ ਸਤਿਕਾਰ ਦਾ ਪ੍ਰਭਾਵ- ਪੰਜਾਬ ਦੇ ਨੌਜਵਾਨ ਜਦੋਂ ਪੜ੍ਹ ਲਿਖ ਜਾਂਦੇ ਹਨ ਤਾਂ ਉਹ ਸਿਰਫ ਵਧੀਆ ਨੌਕਰੀ ਹੀ ਕਰਨੀ ਚਾਹੁੰਦੇ ਹਨ ਅਤੇ ਉਹ ਵੀ ਵਧੀਆ ਤਨਖਾਹ ਅਤੇ ਸਤਿਕਾਰ ਵਾਲੀ। ਪੰਜਾਬ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਦੋਹਾਂ ਦਾ ਬੁਰਾ ਹਾਲ ਹੈ। ਸਰਕਾਰੀ ਨੌਕਰੀਆਂ ਨਿਕਲਦੀਆਂ ਹੀ ਨਹੀਂ, ਜੇ ਕਦੀ ਨਿਕਲਣ ਵੀ ਤਾਂ ਉੱਥੇ ਰਿਸ਼ਵਤ ਅਤੇ ਸਿਫਾਰਸ਼ ਅਸਲੀ ਹੱਕਦਾਰ ਨੂੰ ਪਿੱਛੇ ਧੱਕ ਦਿੰਦੀਆਂ ਹਨ। ਨਿੱਜੀ ਖੇਤਰ ਵਿੱਚ ਕੰਮ ਜਿਆਦਾ ਕਰਵਾਉਂਦੇ ਹਨ । ਹੱਥੀਂ ਕਿਰਤ ਤੋਂ ਹੁਣ ਪੰਜਾਬੀ ਕਿਨਾਰਾ ਕਰਨ ਲੱਗੇ ਹਨ। ਉਹਨਾਂ ਵਿਚ ਹੁਕਮ ਚਲਾਉਣ ਦੀ ਬਿਰਤੀ ਹੁਕਮ ਮੰਨਣ ਨਾਲੋਂ ਕਿਤੇ ਭਾਰੀ ਹੈ। ਇਹ ਜਾਣਦਿਆਂ ਹੋਇਆਂ ਕਿ ਬਾਹਰਲੇ ਦੇਸ਼ਾਂ ਵਿੱਚ ਕਿਰਤ ਦੀ ਕਿਸਮ ਵਿਅਕਤੀ ਦਾ ਸਟੇਟਸ ਨਹੀਂ ਬਣਾਉਂਦੀ। ਅਤੇ ਸਾਰੇ ਕਾਮੇ ਵਧੀਆ ਤਨਖਾਹ ਅਤੇ ਵਧੀਆ ਸਨਮਾਨ ਪ੍ਰਾਪਤ ਕਰਦੇ ਹਨ, ਪੰਜਾਬੀ ਨੌਜਵਾਨ ਵਿਦੇਸ਼ਾਂ ਵਿੱਚ ਹਰ ਉਹ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਹੜਾ ਉਹ ਭਾਰਤ ਵਿੱਚ ਕਦੇ ਵੀ ਕਰਨ ਨੂੰ ਸਹਿਮਤ ਨਹੀਂ ਸਨ।

* ਨਸ਼ਿਆਂ ਤੋਂ ਬਚਾਅ :-ਇਹ ਗੱਲ ਓਪਰੀ ਲੱਗ ਸਕਦੀ ਹੈ, ਹੋ ਸਕਦਾ ਹੈ ,ਬਹੁਤੇ ਇਸ ਨਾਲ ਸਹਿਮਤ ਵੀ ਨਾ ਹੋਣ। ਪਰ ਇਸ ਵਿੱਚ ਕੁਝ ਹੱਦ ਤੱਕ ਸਚਾਈ ਹੈ। ਸਾਡੇ ਇੱਕ ਬੇਟੇ ਦੇ ਦੋਸਤ ਦੇ ਵਾਕਫਕਾਰ ਕੁਝ ਸਮਾਨ ਫੜਾਉਣ ਸਾਡੇ ਘਰ ਪੁੱਜੇ। ਇਹ ਜੱਟਾਂ ਦੇ ਪਰਿਵਾਰ ਵਿਚੋਂ ਸਨ, ਜਿਹਨਾਂ ਕੋਲ ਕਾਫੀ ਜਮੀਨ ਵੀ ਹੈ। ਬੜੀ ਵੱਡੀ ਗੱਡੀ ਤੇ ਆਏ ਸਨ। ਮੇਰੀ ਸ੍ਰੀ ਮਤੀ ਜੀਂ ਨੇ ਸਹਿਜ ਸੁਭਾਅ ਹੀ ਪੁੱਛ ਲਿਆ, "ਅੰਕਲ, ਤੁਸੀਂ ਆਪਣੇ ਬੇਟੇ ਨੂੰ ਬਾਹਰ ਕਿਉਂ ਭੇਜਿਆ। ਇੱਥੇ ਸਭ ਕੁਝ ਤਾਂ ਹੈ ਘਰ !!!" ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਬੋਲੇ, "ਪੁੱਤ ਉੱਥੇ ਕੰਮ ਕਰਨਗੇ ਤਾਂ ਘੱਟੋ ਘੱਟ ਨਸ਼ਿਆਂ ਤੋਂ ਤਾਂ ਬਚੇ ਰਹਿਣਗੇ। ਇੱਥੇ ਕੋਈ ਭਰੋਸਾ ਨਹੀਂ।" ਸੋ ਭਾਵੇ ਇਹ ਹਰ ਘਰ ਦਾ ਕਿੱਸਾ ਨਹੀਂ, ਪਰ ਕੁਝ ਹੱਦ ਤੱਕ ਇਹ ਵੀ ਇਕ ਕਾਰਨ ਹੈ ਕਿਉਂਕਿ ਮਾਪੇ ਜਾਣਦੇ ਹਨ ਕਿ ਵਿਦੇਸ਼ ਵਿਚ ਕੰਮ ਕਰਨ ਬਿਨਾਂ ਸਰਦਾ ਨਹੀਂ ਅਤੇ ਕੰਮ ਚ ਡੁੱਬੇ ਨਸ਼ੇ ਵੱਲ ਨਹੀਂ ਆ ਸਕਦੇ।

* ਚੰਗੇ ਰਿਸ਼ਤੇ ਦੀ ਤਾਂਘ ):-ਪੰਜਾਬ ਵਿੱਚ ਨੌਜਵਾਨ ਮੁੰਡੇ ਕੁੜੀਆਂ ਲਈ ਚੰਗਾ ਰਿਸ਼ਤਾ ਮਿਲਣਾ ਬੜਾ ਔਖਾ ਹੋ ਚੱਲਿਆ ਏ। ਜ਼ਮੀਨਾਂ ਘੱਟ ਨੇ। ਨੌਕਰੀ ਵਿੱਚ ਤਨਖਾਹ ਜਿਆਦਾ ਨਹੀਂ ਅਤੇ ਆਪਣਾ ਬਿਜਨੈਸ ਕਰਨ ਦੀ ਹਿੰਮਤ ਨਹੀਂ। ਪਰ ਜੇ ਮੁੰਡਾ ਬਾਹਰ ਗਿਆ ਹੋਇਆ ਹੋਵੇ, ਇਹ ਇੱਕ "ਵੱਡੀ ਡਿਗਰੀ"ਸਾਬਤ ਹੁੰਦੀ ਹੈ ਅਤੇ ਘੱਟ ਪੜ੍ਹੇ ਲਿਖੇ, ਰੰਗ ਰੂਪ ਵਿਚ ਔਸਤ ਹੀ ,ਵੱਧ ਉਮਰਾਂ ਵਾਲੇ ਵੀ ਇਸ ਡਿਗਰੀ ਨਾਲ ਸੋਹਣੀਆਂ ਅਤੇ ਪੜ੍ਹੀਆਂ ਲਿਖੀਆਂ ਕੁੜੀਆਂ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ। ਦੂਸਰੇ ਪਾਸੇ ਜੇ ਲੜਕੀ ਬਾਹਰ ਗਈ ਹੋਈ ਹੈ, ਫੇਰ ਉਸ ਲਈ ਸੋਹਣਾ ਵਰ ਲੱਭਣਾ ਸੌਖਾ ਹੋ ਜਾਂਦਾ ਹੈ ਵਰਨਾ ਲੜਕੀ ਵਾਲਿਆਂ ਨੂੰ ਵੱਧ ਦਾਜ ਦਾ ਡਰ ਚਿੰਬੜਿਆ ਰਹਿੰਦਾ ਹੈ। ਔਸਤ ਘਰਾਂ ਦੀਆਂ ਲੜਕੀਆਂ ਆਈਲਟਸ ਪਾਸ ਕਰਕੇ ਵਧੀਆ ਬੈਂਡ ਲੈ ਕੇ ਮੁੰਡੇ ਵਾਲਿਆਂ ਦੇ ਖਰਚੇ ਤੇ ਬਾਹਰ ਸਟੱਡੀ ਵੀਜ਼ੇ ਤੇ ਜਾਂਦੀਆਂ ਹਨ। ਮੁੰਡਿਆਂ ਤੋਂ ਲੋੜ ਜਿੰਨੇ ਬੈਂਡ ਹੀ ਨਹੀਂ ਬਣਦੇ, ਦੋਹਾਂ ਧਿਰਾਂ ਦੀ ਲੋੜ ਇੱਕ ਦੂਜੇ ਤੋਂ ਪੂਰੀ ਹੋ ਜਾਂਦੀ ਹੈ। ਲੜਕੀ ਵਾਲੇ ਖਰਚ ਤੋਂ ਬਚ ਜਾਂਦੇ ਹਨ, ਅਗਲਿਆਂ ਦਾ ਮੁੰਡਾ ਬਾਹਰ ਨਿਕਲ ਜਾਂਦਾ ਹੈ।

ਪਰਵਾਸ ਦੇ ਸਕਾਰਾਤਮਕ ਪੱਖ :-: ਪਰਵਾਸੀਆਂ ਵੱਲੋਂ ਭੇਜਿਆ ਗਿਆ ਪੈਸਾ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਦੀ ਹਾਲਤ ਸੁਧਾਰਦਾ ਹੈ, ਸਗੋਂ ਦੇਸ਼ ਦੀ ਆਰਥਿਕਤਾ ਵਿੱਚ ਵੀ ਯੋਗਦਾਨ ਪਾਉਂਦਾ ਹੈ। ਜਦੋਂ ਲੋਕ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ, ਤਾਂ ਉਹ ਆਪਣਾ ਸੱਭਿਆਚਾਰ, ਖਾਣਾ ਅਤੇ ਭਾਸ਼ਾ ਵੀ ਨਾਲ ਲੈ ਕੇ ਜਾਂਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਦਾ ਵਿਸ਼ਵ ਪੱਧਰ 'ਤੇ ਪਸਾਰ ਹੋਇਆ ਹੈ। ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਲੋਕ ਆਪਣੇ ਨਾਲ ਨਵੀਂ ਸੋਚ ਅਤੇ ਤਕਨੀਕ ਲੈ ਕੇ ਆਉਂਦੇ ਹਨ। - ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬਾਹਰਲੇ ਦੇਸ਼ ਚ ਕੁਝ ਸਮਾਂ ਰਹਿਣ ਤੋਂ ਬਾਅਦ ਧਾਰਮਿਕ ਕੱਟੜਤਾ, ਜਾਤੀ ਵਾਦ ਆਦਿ ਵਰਗੀਆਂ ਸੌੜੀਆਂ ਬਿਰਤੀਆਂ ਤੋਂ ਕੁਝ ਛੁਟਕਾਰਾ ਮਿਲਦਾ ਹੈ। ਵੱਖ ਵੱਖ ਨਸਲਾਂ ਦੇ ਸਭਿਆਚਾਰਾਂ ਦੇ ਲੋਕਾਂ ਵਿੱਚ ਵਿਚਰਨ ਨਾਲ ਧਰਮ ਨਿਰਪੱਖਤਾ ਆਉਂਦੀ ਹੈ। ਇਨਸਾਨੀਅਤ ਦਾ ਭਾਵ ਵੀ ਵਧਦਾ ਹੈ। ਇਹ ਬਹੁਤ ਵਧੀਆ ਤਬਦੀਲੀ ਹੈ।

ਪਰਵਾਸ ਦੇ ਨਕਾਰਾਤਮਕ ਪੱਖ ਸਿਰਫ ਵਿਛੋੜਾ ਹੀ ਇੱਕਲਾ ਦਰਦ ਨਹੀਂ ਹੈ। ਜਿਉ ਜਿਉ ਪਰਵਾਸ ਦਾ ਸਮਾਂ ਵਧਦਾ ਜਾਂਦਾ ਹੈ, ਰਿਸ਼ਤਿਆਂ ਵਿੱਚ ਦੂਰੀ ਵਧਣ ਲੱਗਦੀ ਹੈ। ਪਰਵਾਸ ਕਾਰਨ ਪਰਿਵਾਰ ਟੁੱਟ ਰਹੇ ਹਨ। ਮਾਪੇ ਪਿੱਛੇ ਇਕੱਲੇ ਰਹਿ ਜਾਂਦੇ ਹਨ ਅਤੇ ਆਪਣੀ ਔਲਾਦ ਦੀ ਉਡੀਕ ਵਿੱਚ ਬਿਰਧ ਹੋ ਜਾਂਦੇ ਹਨ। ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਦੇ ਹਨ ॥ ਦੂਜੀ ਜਾਂ ਤੀਜੀ ਪੀੜ੍ਹੀ ਜੋ ਵਿਦੇਸ਼ਾਂ ਵਿੱਚ ਜੰਮਦੀ ਹੈ ,ਉਹ ਆਪਣੀ ਮਾਂ ਬੋਲੀ ਅਤੇ ਵਿਰਸੇ ਤੋਂ ਟੁੱਟ ਜਾਂਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਆਸਾਨ ਨਹੀਂ ਹੈ। ਉੱਥੇ ਭਾਰੀ ਕੰਮ, ਮੌਸਮ ਦੀ ਤਬਦੀਲੀ, ਇਕੱਲਤਾ ਨੌਜਵਾਨਾਂ ਵਿੱਚ ਡਿਪਰੈਸ਼ਨ ਦਾ ਕਾਰਨ ਬਣਦੀ ਹੈ। ਪੜ੍ਹਾਈ ਦੇ ਨਾਮ ਤੇ ਅਰਬਾਂ ਰੁਪਏ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ ਜਿਸ ਨਾਲ ਸੂਬੇ ਦੀ ਆਰਥਿਕਤਾ ਕਮਜ਼ੋਰ ਪੈ ਰਹੀ ਹੈ।

1. ਪੰਜਾਬ ਬਨਾਮ ਵਿਦੇਸ਼:-ਇਹ ਰੁਝਾਨ ਮੁੱਖ ਤੌਰ 'ਤੇ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਹੈ ਜੋ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਅਤੇ ਵੱਖ-ਵੱਖ ਸਰਵੇਖਣਾਂ ਦੇ ਅਨੁਮਾਨਾਂ ਅਨੁਸਾਰ, 2016 ਤੋਂ 2021 ਦਰਮਿਆਨ ਪੰਜਾਬ ਅਤੇ ਚੰਡੀਗੜ੍ਹ ਤੋਂ ਲਗਭਗ 9.84 ਲੱਖ ਲੋਕ ਵਿਦੇਸ਼ ਗਏ। ਇਹਨਾਂ ਵਿੱਚੋਂ ਲਗਭਗ 3.79 ਲੱਖ ਵਿਦਿਆਰਥੀ ਸਨ ਅਤੇ 6 ਲੱਖ ਵਰਕਰ ਸਨ। ਪੰਜਾਬੀਆਂ ਦੀ ਪਹਿਲੀ ਪਸੰਦ ਕੈਨੇਡਾ ਰਹੀ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ, ਯੂ.ਕੇ. ਅਮਰੀਕਾ ਅਤੇ ਦੁਬਈਵੀ ਮੁੱਖ ਟਿਕਾਣੇ ਹਨ। ਇੱਕ ਰਿਪੋਰਟ ਮੁਤਾਬਕ, ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਵੱਡਾ ਹਿੱਸਾ ਪੰਜਾਬ ਤੋਂ ਹੁੰਦਾ ਹੈ। 2022 ਵਿੱਚ ਸਿਰਫ਼ ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 1.36 ਲੱਖ ਦੇ ਕਰੀਬ ਦੱਸੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਫਘੂ) ਦੇ ਇੱਕ ਅਧਿਐਨ ਮੁਤਾਬਕ, ਪੰਜਾਬ ਦੇ ਪਿੰਡਾਂ ਵਿੱਚੋਂ ਹਰ ਸਾਲ ਹਜ਼ਾਰਾਂ ਨੌਜਵਾਨ ਵਿਦੇਸ਼ ਜਾ ਰਹੇ ਹਨ। ਅੰਦਾਜ਼ਨ 13-15% ਪੇਂਡੂ ਘਰਾਂ ਵਿੱਚੋਂ ਘੱਟੋ-ਘੱਟ ਇੱਕ ਜੀਅ ਵਿਦੇਸ਼ ਵਿੱਚ ਹੈ।

2. ਪੰਜਾਬ ਬਨਾਮ ਦੂਜੇ ਸੂਬੇ:-ਇਸ ਨੂੰ "ਉਲਟਾ ਪਰਵਾਸ"ਵੀ ਕਿਹਾ ਜਾਂਦਾ ਹੈ। ਜਿੱਥੇ ਪੰਜਾਬੀ ਨੌਜਵਾਨ ਬਾਹਰ ਜਾ ਰਹੇ ਹਨ, ਉੱਥੇ ਹੀ ਦੂਜੇ ਸੂਬਿਆਂ ਦੇ ਮਜ਼ਦੂਰ ਪੰਜਾਬ ਆ ਰਹੇ ਹਨ। ਪੁਰਾਣੇ ਅੰਕੜਿਆਂ (2011 ਦੀ ਮਰਦਮਸ਼ੁਮਾਰੀ) ਅਤੇ ਹਾਲੀਆ ਅਨੁਮਾਨਾਂ ਮੁਤਾਬਕ, ਪੰਜਾਬ ਵਿੱਚ ਦੂਜੇ ਸੂਬਿਆਂ ਤੋਂ ਆਏ ਪ੍ਰਵਾਸੀਆਂ ਦੀ ਗਿਣਤੀ 25 ਲੱਖ (2.5 ਮਿਲੀਅਨ) ਤੋਂ ਵੱਧ ਹੋਣ ਦਾ ਅਨੁਮਾਨ ਹੈ। ਇਹ ਪਰਵਾਸੀ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼ , ਝਾਰਖੰਡ ਅਤੇ ਪੱਛਮੀ ਬੰਗਾਲ ਤੋਂ ਆਉਂਦੇ ਹਨ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਪ੍ਰਵਾਸੀ ਆਬਾਦੀ ਬਹੁਤ ਜ਼ਿਆਦਾ ਹੈ। ਕਈ ਰਿਪੋਰਟਾਂ ਅਨੁਸਾਰ, ਲੁਧਿਆਣਾ ਦੀ ਕੁੱਲ ਵਰਕਫੋਰਸ ਦਾ 50% ਤੋਂ 70% ਹਿੱਸਾ ਪ੍ਰਵਾਸੀ ਮਜ਼ਦੂਰਾਂ ਦਾ ਹੈ। ਪੰਜਾਬ ਦੀ ਖੇਤੀ (ਝੋਨਾ ਲਵਾਈ) ਅਤੇ ਉਸਾਰੀ ਦਾ ਕੰਮ ਲਗਭਗ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਚੁੱਕਾ ਹੈ।

1. ਪਰਵਾਸ ਦਾ ਪੰਜਾਬ ਉੱਤੇ ਪ੍ਰਭਾਵ ਪੰਜਾਬੀਆਂ ਦਾ ਵਿਦੇਸ਼ਾਂ (ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂ.ਕੇ. ਆਦਿ) ਵੱਲ ਜਾਣ ਦਾ ਰੁਝਾਨ ਬਹੁਤ ਪੁਰਾਣਾ ਹੈ, ਪਰ ਪਿਛਲੇ ਕੁਝ ਦਹਾਕਿਆਂ ਵਿੱਚ ਇਸ ਨੇ ਇੱਕ "ਹੜ੍ਹ" ਦਾ ਰੂਪ ਧਾਰਨ ਕਰ ਲਿਆ ਹੈ।

ਚੰਗੇ ਪ੍ਰਭਾਵ :- ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਆਪਣੀ ਕਮਾਈ ਦਾ ਵੱਡਾ ਹਿੱਸਾ ਪੰਜਾਬ ਭੇਜਦੇ ਹਨ। ਇਸ ਨਾਲ ਬਹੁਤ ਸਾਰੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਅਤੇ ਗਰੀਬੀ ਘਟੀ ਹੈ॥ ਐਨ.ਆਰ.ਆਈ. ਭਰਾਵਾਂ ਨੇ ਪੰਜਾਬ ਦੇ ਪਿੰਡਾਂ ਵਿੱਚ ਖੇਡ ਸਟੇਡੀਅਮ, ਸਕੂਲ, ਹਸਪਤਾਲ, ਗੇਟ ਅਤੇ ਧਾਰਮਿਕ ਸਥਾਨ ਬਣਵਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ।ਪੰਜਾਬੀ ਸੱਭਿਆਚਾਰ, ਖਾਣਾ ਅਤੇ ਸੰਗੀਤ ਅੱਜ ਪੂਰੀ ਦੁਨੀਆ ਵਿੱਚ ਮਸ਼ਹੂਰ ਹੋ ਗਿਆ ਹੈ। ਪਰਵਾਸ ਕਾਰਨ ਪੰਜਾਬੀਆਂ ਨੇ ਅੰਤਰਰਾਸ਼ਟਰੀ ਰਾਜਨੀਤੀ ਅਤੇ ਵਪਾਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਮਾੜੇ ਪ੍ਰਭਾਵ-ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ "ਬੌਧਿਕ ਹਿਜਰਤ" ਹੈ। ਪੜ੍ਹੇ-ਲਿਖੇ, ਹੁਸ਼ਿਆਰ ਅਤੇ ਕਾਬਲ ਨੌਜਵਾਨ ਵਿਦੇਸ਼ ਜਾ ਰਹੇ ਹਨ, ਜਿਸ ਕਾਰਨ ਪੰਜਾਬ ਵਿੱਚ ਯੋਗ ਲੀਡਰਸ਼ਿਪ ਅਤੇ ਹੁਨਰ ਦੀ ਕਮੀ ਹੋ ਰਹੀ ਹੈ। ਪਹਿਲਾਂ ਲੋਕ ਪੈਸਾ ਕਮਾਉਣ ਜਾਂਦੇ ਸਨ, ਪਰ ਹੁਣ "ਸਟੱਡੀ ਵੀਜ਼ਾ" ਦੇ ਨਾਮ 'ਤੇ ਅਰਬਾਂ ਰੁਪਏ ਫੀਸਾਂ ਦੇ ਰੂਪ ਵਿੱਚ ਪੰਜਾਬ ਤੋਂ ਬਾਹਰ ਜਾ ਰਹੇ ਹਨ। ਮਾਪੇ ਜ਼ਮੀਨਾਂ ਵੇਚ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ।

**ਬਾਕੀ ਹਿਸਾ ਸਫਾ 55 ਤੇ ਪੜ੍ਹੋ**

54 ਸਫ਼ੇ ਦੀ ਬਾਕੀ

ਜਦੋਂ ਕਾਰੋਬਾਰੀ ਅਤੇ ਉੱਦਮੀ ਵਿਅਕਤੀ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜ ਦਿੰਦੇ ਹਨ, ਤਾਂ ਪਿੱਛੇ ਉਹਨਾਂ ਦੇ ਉੱਦਮ ਨੂੰ ਵੱਡਾ ਝਟਕਾ ਲੱਗਦਾ ਹੈ। ਉਸਦੇ ਘਾਟੇ ਵਿਚ ਜਾਣ ਅਤੇ ਹੌਲੀ ਹੌਲੀ ਖਤਮ ਹੋਣ ਦੇ ਚਾਂਸ ਵੱਧ ਜਾਂਦੇ ਹਨ। ਪਿੱਛੇ ਰਹਿ ਗਏ ਬਜ਼ੁਰਗ ਮਾਪੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ। ਪਿੰਡਾਂ ਵਿੱਚ ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਸਾਂਭ-ਸੰਭਾਲ ਕਰਨ ਵਾਲਾ ਕੋਈ ਨਹੀਂ ਹਨ। ਪਤੀ ਪਤਨੀ ਵਿਚੋਂ ਇੱਕ ਵਿਦੇਸ਼ ਗਿਆ ਹੋਵੇ ਤਾਂ ਆਪਸੀ ਤਣਾਅ ਵੱਧ ਜਾਂਦਾ ਹੈ। ਕਈ ਵਾਰੀ ਸ਼ੱਕ ਕਈ ਵਾਰੀ ਸੱਚ ਇਹਨਾਂ ਰਿਸ਼ਤਿਆਂ ਵਿਚ ਦਰਾਰ ਪੈਦਾ ਕਰਦੇ ਹਨ। ਭਾਸ਼ਾ, ਧਰਮ ਅਤੇ ਸਭਿਆਚਾਰ ਦੇ ਹੋ ਰਹੇ ਨੁਕਸਾਨ ਨੂੰ ਅਸੀਂ ਸਭ ਤੋਂ ਵੱਡਾ ਨੁਕਸਾਨ ਆਖ ਸਕਦੇ ਹਾਂ। ਪੰਜਾਬੀ ਭਾਸ਼ਾ ਸਿੱਖੀ ਅਤੇ ਪੰਜਾਬੀ ਸਭਿਆਚਾਰ ਪੱਖੋਂ ਅਸੀਂ ਬਹੁਤ ਜਿਆਦਾ ਪਿੱਛੇ ਜਾ ਰਹੇ ਹਾਂ। ਵਿਦੇਸ਼ਾਂ ਵਿੱਚ ਬੇਸ਼ੱਕ ਬਹੁਤ ਕੋਸ਼ਿਸ਼ਾਂ ਹੋ ਰਹੀਆਂ ਹਨ ਪੰਜਾਬੀ ਭਾਸ਼ਾ ਅਤੇ ਆਪਣੇ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ। ਸਿੱਖੀ ਨੂੰ ਸੰਭਾਲਣ ਲਈ ਗੁਰਦੁਆਰੇ ਵੀ ਆਪਣਾ ਯਤਨ ਕਰ ਰਹੇ ਹਨ। ਬੇਸ਼ੱਕ ਇਹ ਸਭ ਸੰਗਠਿਤ ਨਹੀਂ ਹੈ, ਨਾ ਹੀ ਇਹ ਲੋੜ ਪੂਰੀਆਂ ਕਰਨ ਵਾਲੇ ਹਨ। ਮਾਹਿਰਾਂ ਦਾ ਅੰਦਾਜਾ ਹੈ ਕਿ ਤੀਸਰੀ ਪੀੜ੍ਹੀ ਤੇ ਪੁੱਜਦੇ ਹੋਏ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਕਿਤਾਬਾਂ ਅਤੇ ਸਾਈਟਾਂ ਤੇ ਹੀ ਰਹਿ ਜਾਣਗੇ। ਗੁਰਦੁਆਰਿਆਂ ਨਾਲ ਸਾਡੇ ਸੰਸਕਾਰ ਜੁੜੇ ਹੋਏ ਹਨ, ਇਸਲਈ ਰਸਮਾਂ ਪੂਰੀਆਂ ਕਰਨ ਕਾਰਨ ਇਹ ਚੱਲਦੇ ਰਹਿਣਗੇ। ਪਰ ਬਾਣੀ ਦੇ ਅਰਥ ਅਤੇ ਗੁਰਮਤਿ ਸਿਧਾਂਤ ਉਸ ਪੀੜ੍ਹੀ ਨੂੰ ਕਿਵੇਂ ਆ ਸਕਣਗੇ ?

2. ਉਲਟ ਪਰਵਾਸ ਦਾ ਪ੍ਰਭਾਵ:- ਉਲਟ ਪਰਵਾਸ ਦੇ ਦੋ ਪਹਿਲੂ ਹਨ: ਪਹਿਲਾ, ਵਿਦੇਸ਼ ਗਏ ਪੰਜਾਬੀਆਂ ਦਾ ਵਾਪਸ ਆਉਣਾ ਅਤੇ ਦੂਜਾ, ਦੂਜੇ ਰਾਜਾਂ ਤੋਂ ਮਜ਼ਦੂਰਾਂ ਦਾ ਪੰਜਾਬ ਆਉਣਾ (ਜੋ ਕਿ ਪੰਜਾਬੀਆਂ ਦੇ ਬਾਹਰ ਜਾਣ ਕਾਰਨ ਪੈਦਾ ਹੋਏ ਖਾਲੀਪਨ ਨੂੰ ਭਰ ਰਿਹਾ ਹੈ)।

ਪ੍ਰਵਾਸੀ ਪੰਜਾਬੀਆਂ ਦੀ ਵਾਪਸੀ :- ਕੁਝ ਪੰਜਾਬੀ ਵਿਦੇਸ਼ੀ ਪੂੰਜੀ ਅਤੇ ਤਕਨੀਕ ਲੈ ਕੇ ਵਾਪਸ ਆ ਰਹੇ ਹਨ। ਉਹ ਇੱਥੇ ਖੇਤੀਬਾੜੀ ਫਾਰਮ, ਹਸਪਤਾਲ ਜਾਂ ਇੰਡਸਟਰੀ ਲਗਾ ਰਹੇ ਹਨ, ਜਿਸ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ। ਪਰ ਨਾਲ ਹੀ , ਬਹੁਤੇ ਵਾਪਸ ਆਉਣ ਵਾਲੇ ਲੋਕ ਇੱਥੋਂ ਦੇ ਭ੍ਰਿਸ਼ਟਾਚਾਰ, ਪ੍ਰਦੂਸ਼ਣ ਅਤੇ ਸਿਸਟਮ ਤੋਂ ਤੰਗ ਆ ਕੇ ਦੁਬਾਰਾ ਵਾਪਸ ਵਿਦੇਸ਼ ਚਲੇ ਜਾਂਦੇ ਹਨ। ਪੱਕੇ ਤੌਰ ’ਤੇ ਵਾਪਸੀ ਦਾ ਰੁਝਾਨ ਬਹੁਤ ਘੱਟ ਹੈ।

ਦੂਜੇ ਰਾਜਾਂ ਤੋਂ ਆਗਮਨ :- ਕਿਉਂਕਿ ਪੰਜਾਬੀ ਨੌਜਵਾਨ ਖੇਤੀ ਅਤੇ ਮਜ਼ਦੂਰੀ ਦੇ ਕੰਮ ਛੱਡ ਕੇ ਵਿਦੇਸ਼ ਜਾ ਰਹੇ ਹਨ, ਇਸ ਲਈ ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਪੰਜਾਬ ਆ ਰਹੇ ਹਨ। ਇਹ ਪਰਵਾਸੀ ਮਜ਼ਦੂਰ ਪੰਜਾਬ ਦੀ ਖੇਤੀਬਾੜੀ ਅਤੇ ਇੰਡਸਟਰੀ ਲਈ ਰੀੜ੍ਹ ਦੀ ਹੱਡੀ ਬਣ ਗਏ ਹਨ। ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣਾ ਮੁਸ਼ਕਲ ਹੈ। ਇਸ ਨਾਲ ਪੰਜਾਬ ਦੀ ਡੈਮੋਗ੍ਰਾਫੀ (ਵਸੋਂ ਦਾ ਢਾਂਚਾ) ਬਦਲ ਰਹੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਉੱਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਵੱਧ ਰਿਹਾ ਹੈ। ਲੁਧਿਆਣਾ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਇਹ ਬਦਲਾਅ ਸਾਫ਼ ਦੇਖਣ ਨੂੰ ਮਿਲਦਾ ਹੈ। ਇਹ ਨੁਕਸਾਨ ਬਹੁਤ ਵੱਡਾ ਹੈ। ਪਰਵਾਸੀ ਕਿਰਤੀਆਂ ਦੀ ਵੱਡੀ ਗਿਣਤੀ ਕਾਰਨ ਕਈ ਖੇਤਰਾਂ ਵਿੱਚ ਸਮਾਜਿਕ ਤਣਾਅ ਵਧਦਾ ਹੈ। ਕੁਝ ਰਿਪੋਰਟਾਂ ਅਨੁਸਾਰ ਇਸ ਨਾਲ ਨਸ਼ਿਆਂ ਦੀ ਸਮੱਸਿਆ ਅਤੇ ਅਪਰਾਧ ਵੀ ਵਧੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵੱਸਣ ਵਾਲੇ ਇਹਨਾਂ ਕਿਰਤੀਆਂ ਲਈ ਸਿਹਤ ਅਤੇ ਸਫਾਈ ਦੀਆਂ ਮੁਢਲੀਆਂ ਸਹੂਲਤਾਂ ਦੀ ਕਮੀ ਕਾਰਨ ਚਣੌਤੀਆ ਪੈਦਾ ਹੁੰਦੀਆ ਹਾਲਾਂਕਿ ਖੇਤੀ ਵਿੱਚ ਸਥਾਨਕ ਮਜ਼ਦੂਰਾਂ ਦੀ ਕਮੀ ਹੈ ਪਰ ਕੁਝ ਖੇਤਰਾਂ ਵਿਚ ਘੱਟ ਉਜਰਤਾਂ ਤੇ ਕੰਮ ਕਰਨ ਦੀ ਪ੍ਰਵਿਰਤੀ ਸਥਾਨਕ ਮਜ਼ਦੂਰਾਂ ਲਈ ਮੁਕਾਬਲਾ ਪੈਦਾ ਕਰਦੀ ਹੈ। ਵੱਧਦੀ ਆਬਾਦੀ ਕਾਰਨ ਪਾਣੀ, ਬਿਜਲੀ ਅਤੇ ਰਿਹਾਇਸ਼ ਵਰਗੇ ਸਰੋਤਾਂ ਤੇ ਦਬਾਅ ਵੱਧਦਾ ਹੈ।

ਪੰਜਾਬ ਦੇ ਪਰਵਾਸ ਕਾਰਨ ਹੋ ਰਹੇ ਨੁਕਸਾਨ ਨੂੰ ਘੱਟ ਕਰਨ ਦੇ ਉਪਾਅ :-

ਰੁਜਗਾਰ ਦੇ ਮੌਕੇ ਪੈਦਾ ਕਰਨਾ:-ਹੁਨਰ ਦੇ ਵਿਕਾਸ ਅਤੇ ਉੱਦਮਤਾ ਵਿੱਚ ਨੌਜਵਾਨਾਂ ਨੂੰ ਵਧੇਰੇ ਪ੍ਰੇਰਿਤ ਕੀਤਾ ਜਾਵੇ ਤਾਂ ਕਿ ਉਹ ਸਿਰਫ ਨੌਕਰੀਆਂ ਤੇ ਹੀ ਨਾ ਰਹਿਣ। ਉਹਨਾਂ ਨੂੰ ਅਤਿ-ਆਧੁਨਿਕ ਤਕਨੀਕਾਂ ਜਿਵੇ ਆਈ ਟੀ ਅਤੇ ਏ ਆਈ ਅਤੇ ਸਨਅਤ ਲਈ ਢੁਕਵੇਂ ਹੁਨਰ ਸਿਖਾਉਣਾ। ਨਵੇਂ ਉਦਯੋਗ ਸਥਾਪਤ ਕਰਨ ਲਈ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਾ ਅਤੇ ਪੰਜਾਬ ਵਿਚ ਵਧੀਆ ਸਨਅਤੀ ਮਾਹੌਲ ਬਣਾਉਣਾ। -ਨੌਜਵਾਨਾਂ ਨੂੰ ਖੇਤੀ ਵਿੱਚ ਲਿਆਉਣ ਲਈ ਇਸ ਨੂੰ ਮੁਨਾਫੇ ਵਾਲਾ ਧੰਦਾ ਬਣਾਉਣਾ ਜਿਵੇਂ ਕਿ ਪ੍ਰੋਸੈਸਿੰਗ ਯੂਨਿਟ, ਆਰਗੈਨਿਕ ਫਾਰਮਿੰਗ ਅਤੇ ਖੇਤੀ ਆਧਾਰਿਤ ਸਟਾਰਟ ਅਪਸ ਨੂੰ ਉਤਸ਼ਾਹਿਤ ਕਰਨਾ। ਨੌਜਵਾਨਾਂ ਦੇ ਬਾਹਰ ਜਾਣ ਦੇ ਮੁੱਖ ਕਾਰਨਾਂ ਵਿਚੋਂ ਇੱਕ ਮਾੜਾ ਸਿਸਟਮ ਅਤੇ ਭ੍ਰਿਸ਼ਟਾਚਾਰ ਹੈ। ਇਸ ਨੂੰ ਦੂਰ ਕਰਨ ਲਈ ਪਾਰਦਰਸ਼ੀ ਅਤੇ ਜਿੰਮੇਵਾਰ ਪ੍ਰਸ਼ਾਸ਼ਨ ਲਾਗੂ ਕਰਨਾ। ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਕਾਨੂੰਨ ਵਿਵਸਥਾ ਨੂੰ ਮਜਬੂਤ ਕਰਨਾ।

ਪਰਵਾਸੀ ਕਿਰਤੀ ਪ੍ਰਬੰਧਨ:-ਦੂਜੇ ਸੂਬਿਆਂ ਤੋਂ ਆਉਣ ਵਾਲੇ ਮਜ਼ਦੂਰਾਂ ਦਾ ਪੂਰਾ ਰਿਕਾਰਡ ਰੱਖਣਾ ਅਤੇ ਉਨਾਂ ਦੇ ਪਿਛੋਕੜ ਦੀ ਜਾਂਚ ਕਰਨਾ ਤਾਂ ਕਿ ਅਪਰਾਧਾਂ ਨੂੰ ਰੋਕਿਆ ਜਾ ਸਕੇ। ਸਥਾਨਕ ਲੋਕਾਂ ਅਤੇ ਕਿਰਤੀਆਂ ਵਿਚਕਾਰ ਸਮਾਜਿਕ ਸਾਂਝ ਨੂੰ ਵਧਾਉਣ ਲਈ ਪ੍ਰੋਗਰਾਮ ਚਲਾਉਣਾ ਸਿੱਖਿਆ ਪ੍ਰਣਾਲੀ ਨੂੰ ਪੂਰਨ ਤੌਰ ਤੇ ਰੁਜ਼ਗਾਰ ਮੁਖੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਾ ਕਰਨ ਯੋਗ ਬਣਾਉਣਾ। ਵਿਦੇਸ਼ਾਂ ਵਿੱਚ ਵੱਸੇ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਪ੍ਰੋਜੈਕਟਾਂ ਜਿਵੇਂ ਕਿ ਸਕੂਲ, ਹਸਪਤਾਲ, ਸਟਾਰਟ ਅਪਸ ਆਦਿ ਵਿੱਚ ਪੂੰਜੀ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨਾ। ਇਹਨਾਂ ਸੁਝਾਵਾਂ ਤੇ ਅਮਲ ਕਰਕੇ ਪੰਜਾਬ ਨਾ ਸਿਰਫ ਆਪਣੇ ਕੀਮਤੀ ਮਨੁੱਖੀ ਸਰੋਤ ਨੂੰ ਬਚਾ ਸਕਦਾ ਹੈ ਸਗੋਂ ਆਪਣੇ ਵਿਕਾਸ ਦੀ ਨੀਂਹ ਵੀ ਮਜਬੂਤ ਕਰ ਸਕਦਾ ਹੈ।

ਅੰਤਰਰਾਸ਼ਟਰੀ ਪਰਵਾਸ ਦਿਵਸ -18 ਦਸੰਬਰ:-ਅੰਤਰਰਾਸ਼ਟਰੀ ਪਰਵਾਸ ਦਿਵਸ ਸਾਨੂੰ ਸੰਸਾਰ ਵਿੱਚ ਲੱਖਾਂ ਪਰਵਾਸੀਆਂ ਦੇ ਅਣਮੁੱਲੇ ਯੋਗਦਾਨ ਬਾਰੇ ਚਾਨਣਾ ਪਾਉਂਦਾ ਹੈ। ਇਸ ਦਿਵਸ ਬਾਰੇ ਜਾਨਣ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਮਾਈਗ੍ਰੇਸ਼ਨ ਏਜੰਸੀ ਦੀ ਪਰਵਾਸੀ ਦੀ ਪਰਿਭਾਸ਼ਾ ਦੇਖ ਲਈਏ। ਇਸ ਪਰਿਭਾਸ਼ਾ ਅਨੁਸਾਰ ਪਰਵਾਸੀ ਇੱਕ ਅਜਿਹਾ ਵਿਅਕਤੀ ਹੈ ਜਿਹੜਾ ਆਪਣੀ ਰਿਹਾਇਸ਼ ਛੱਡ ਕੇ ਅੰਤਰਰਾਸ਼ਟਰੀ ਬਾਰਡਰ ਪਾਰ ਕਰ ਕੇ ਜਾਂ ਆਪਣੇ ਦੇਸ਼ ਵਿੱਚ ਹੀ ਕਿਸੇ ਦੂਸਰੇ ਸੂਬੇ ਵਿੱਚ ਜਾਂਦਾ ਹੈ -- ੧. ਉਸਦੀ ਕਾਨੂੰਨੀ ਸਥਿਤੀ ਕੋਈ ਵੀ ਹੋਵੇ ੨. ਭਾਵੇ ਉਸਦਾ ਪਰਵਾਸ ਇੱਛਤ ਹੋਵੇ ਜਾਂ ਅਣਇੱਛਤ ੩. ਪਰਵਾਸ ਦੇ ਕਾਰਨ ਕੁਝ ਵੀ ਹੋਣ ੪ ਉਸਦੀ ਠਹਿਰ ਜਿੰਨੇ ਮਰਜ਼ੀ ਸਮੇਂ ਦੀ ਹੋਵੇ।

ਅੰਤਰਰਾਸ਼ਟਰੀ ਪਰਵਾਸ ਦਿਵਸ ਵੱਧ ਰਹੇ ਗੁੰਝਲਦਾਰ ਢਾਂਚੇ ਬਾਰੇ ਵਿਚਾਰ ਕਰਨ ਦਾ ਦਿਨ ਵੀ ਹੈ ਜਿਸ ਦਾ ਅਸਰ ਪਰਵਾਸ ਵਿੱਚ ਨਿਕਲਦਾ ਹੈ। ਵਿਵਾਦ, ਵਾਤਾਵਰਣ ਨਾਲ ਸੰਬੰਧਿਤ ਸੰਕਟ, ਆਰਥਿਕ ਦਬਾਅ ਲੱਖਾਂ ਲੋਕਾਂ ਨੂੰ ਚੰਗੇ ਮੌਕਿਆਂ ਦੀ ਭਾਲ ਵਿਚ ਅਤੇ ਸੁਰੱਖਿਆ ਲਈ ਪਰਵਾਸੀ ਬਣਾਉਂਦਾ ਹੈ। ਪਿਛਲੇ ਸਾਲਾਂ ਵਿੱਚ ਅਸੀਂ ਰਿਕਾਰਡ ਤੋੜ ਪਰਵਾਸ ਦੇਖਿਆ ਹੈ ਅਤੇ ਬਹੁਤ ਸਾਰੇ ਯਾਤਰੀਆਂ ਦੀ ਪਰਵਾਸ ਦੌਰਾਨ ਮੌਤ ਵੀ ਹੋਈ ਹੈ। ਇਹਨਾਂ ਸੰਕਟਾਂ ਦੇ ਬਾਵਜੂਦ ਸ਼ਾਂਤੀ, ਤਰੱਕੀ ਅਤੇ ਚੰਗੀ ਉਮੀਦ ਦੀਆਂ ਕਹਾਣੀਆਂ ਵੀ ਹਨ। ਸੁਰੱਖਿਅਤ ਅਤੇ ਵਧੀਆ ਪ੍ਰਬੰਧਿਤ ਪਰਵਾਸ ਅਸਧਾਰਨ ਯੋਗਤਾ ਮੰਗਦਾ ਹੈ। ਇਹ ਪਰਵਾਸੀ ਮਜਦੂਰ ਮੰਡੀਆਂ ਵਿੱਚ, ਹੁਨਰਮੰਦ ਕਾਮਿਆਂ ਦੀ ਖਾਲੀ ਥਾਂ ਭਰਨ ਵਿੱਚ, ਨਵੀਆਂ ਖੋਜਾਂ ਵਿਚ ਅਤੇ ਉਦੱਮਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਰੱਖਦੇ ਹਨ। ਇਹ ਆਪਣੇ ਪਰਿਵਾਰਾਂ ਅਤੇ ਆਪਣੇ ਸਮੁਦਾਇ ਦੇ ਆਰਥਿਕ ਵਿਕਾਸ ਵਿੱਚ ਸਹਾਈ ਹੁੰਦੇ ਹਨ। ਸਾਂਝੇ ਯਤਨਾਂ ਨਾਲ ਇੱਕ ਦਿਨ ਅਸੀਂ ਅਜਿਹਾ ਸੰਸਾਰ ਬਣਾਉਣ ਵਿੱਚ ਕਾਮਯਾਬ ਹੋ ਸਕਦੇ ਹਾਂ ਜਿੱਥੇ ਪਰਵਾਸ ਸੁਰੱਖਿਅਤ ਅਤੇ ਲਾਭਦਾਇਕ ਹੋਵੇਗਾ ਅਤੇ ਪਰਵਾਸੀਆਂ ਦੇ ਸਾਰੇ ਹੱਕਾਂ ਦੀ ਰਾਖੀ ਵੀ ਹੋ ਸਕੇਗੀ। ਅੰਤਰਰਾਸ਼ਟਰੀ ਪਰਵਾਸ ਦਿਵਸ ਹਰ ਸਾਲ 18 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਹਮੇਸ਼ਾ ਪਰਵਾਸੀਆਂ ਦੇ ਯੋਗਦਾਨ ਨੂੰ ਉਜਾਗਰ ਕਰਨ, ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਸੁਰੱਖਿਅਤ ਵਿਵਸਥਿਤ ਅਤੇ ਨਿਯਮਤ ਪਰਵਾਸ ਨੂੰ ਉਤਸ਼ਾਹਿਤ ਕਰਨ ਤੇ ਕੇਂਦਰਿਤ ਹੁੰਦਾ ਹੈ।

ਇਸ ਦਿਵਸ ਦਾ ਇਤਿਹਾਸ :-18 ਦਸੰਬਰ 1990 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਸਾਰੇ ਪਰਵਾਸੀ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਬਾਰੇ ਅੰਤਰਰਾਸ਼ਟਰੀ ਕਨਵੈਨਸ਼ਨ ਨੂੰ ਅਪਣਾਇਆ ਸੀ। ਇਹ ਇੱਕ ਬਹੁਤ ਹੀ ਮਹੱਤਵਪੂਰਨ ਮੀਲ ਪੱਥਰ ਸੀ। ਦੁਨੀਆਂ ਵਿੱਚ ਪਰਵਾਸੀਆਂ ਦੀ ਵੱਧ ਰਹੀ ਗਿਣਤੀ ਅਤੇ ਉਹਨਾਂ ਦੇ ਮਹੱਤਵ ਨੂੰ ਦੇਖਦੇ ਹੋਏ ਸੰਯੁਕਤ ਰਾਸ਼ਟਰ ਮਹਾਂ ਸਭ ਨੇ 4 ਦਸੰਬਰ 2000 ਦੇ ਮਤੇ ਰਾਹੀਂ ਹਰ ਸਾਲ 18 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਪਰਵਾਸ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ।

ਮਹੱਤਵ : ਪਰਵਾਸੀਆਂ ਦੇ ਯੋਗਦਾਨ ਨੂੰ ਮਾਨਤਾ:-ਇਹ ਦਿਨ ਦੁਨੀਆਂ ਭਰ ਦੇ ਪਰਵਾਸੀਆਂ ਦੁਆਰਾ ਮੇਜ਼ਬਾਨ ਅਤੇ ਆਪਣੇ ਮੂਲ ਦੇਸ਼ਾਂ ਦੀ ਆਰਥਿਕਤਾ, ਸੱਭਿਆਚਾਰ ਅਤੇ ਸਮਾਜ ਵਿੱਚ ਪਾਏ ਗਏ ਅਨਮੋਲ ਯੋਗਦਾਨ ਨੂੰ ਉਜਾਗਰ ਕਰਦਾ ਹੈ।

ਅਧਿਕਾਰਾਂ ਦੀ ਸੁਰੱਖਿਆ :- ਇਸ ਦਾ ਮੁੱਖ ਮਕਸਦ ਪਰਵਾਸੀਆਂ ਖਾਸ ਕਰਕੇ ਪਰਵਾਸੀ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜਾਦੀਆਂ ਦੀ ਰੱਖਿਆ ਤੇ ਜੋਰ ਦੇਣਾ ਹੈ ਜਿਹਨਾਂ ਨੂੰ ਅਕਸਰ ਵਿਤਕਰੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਜਾਗਰੂਕਤਾ :- ਇਹ ਪਰਵਾਸ ਨਾਲ ਜੁੜੇ ਚੁਣੌਤੀਆਂ ਅਤੇ ਮੌਕਿਆਂ ਬਾਰੇ ਜਾਗਰੂਕਤਾ ਵਧਾਉਂਦਾ ਹੈ ਜਿਵੇਂ ਕਿ ਅਸੁਰੱਖਿਅਤ ਯਾਤਰਾ, ਮਨੁੱਖੀ ਤਸਕਰੀ ਅਤੇ ਏਕੀਕਰਨ ਦੇ ਮੁੱਦੇ ।

ਸਹਿਯੋਗ ਨੂੰ ਉਤਸ਼ਾਹਿਤ ਕਰਨਾ:- ਇਹ ਰਾਸ਼ਟਰਾਂ ਦਰਮਿਆਨ ਸੁਰੱਖਿਅਤ, ਵਿਵਸਥਿਤ ਅਤੇ ਨਿਯਮਤ ਪਰਵਾਸ ਲਈ ਆਪਸੀ ਸਹਿਯੋਗ ਅਤੇ ਨੀਤੀਆਂ ਬਣਾਉਣ ਦੀ ਲੋੜ ਤੇ ਜੋਰ ਦਿੰਦਾ ਹੈ।

ਅੰਤਰਰਾਸ਼ਟਰੀ ਪਰਵਾਸ ਦਿਵਸ 2025 ਦਾ ਥੀਮ :- ਸੰਯੁਕਤ ਰਾਸ਼ਟਰ ਹਰ ਸਾਲ ਇੱਕ ਥੀਮ ਦਿੰਦਾ ਹੈ। ਸਾਰੀਆਂ ਗਤੀਵਿਧੀਆਂ ਇਸ ਥੀਮ ਤੇ ਕੇਂਦਰਿਤ ਹੋ ਕੇ ਚੱਲਦੀਆਂ ਹਨ। 2025 ਦਾ ਇਸ ਦਿਵਸ ਦਾ ਥੀਮ ਹੈ - ”ਪਰਵਾਸੀਆਂ ਦੇ ਯੋਗਦਾਨ ਦਾ ਅਤੇ ਉਹਨਾਂ ਦੇ ਅਧਿਕਾਰਾਂ ਦਾ ਸਨਮਾਨ”:-ਇਸ ਵਿਸ਼ੇ ਅੰਦਰ ਸ਼ਮੂਲੀਅਤ, ਹਮਦਰਦੀ, ਅਤੇ ਪਰਵਾਸੀ ਅਨੁਭਵਾਂ ਦੀ ਸਮਝ ਵਰਗੇ ਉੱਪ ਵਿਸ਼ੇ ਸ਼ਾਮਿਲ ਹਨ। ਇਸ ਦਾ ਉਦੇਸ਼ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਪਰਵਾਸੀਆਂ ਖਿਲਾਫ ਭੇਦਭਾਵ ਦਾ ਵਿਰੋਧ ਕਰਨਾ ਹੈ। ਕੇਂਦਰੀ ਧਿਆਨ ਇਸ ਗੱਲ ਉੱਤੇ ਵੀ ਹੈ ਕਿ ਪਰਵਾਸੀਆਂ ਦੇ ਸਮਾਜ ਤੇ ਪਾਏ ਗਏ ਸਕਾਰਾਤਮਕ ਪ੍ਰਭਾਵਾਂ ਨੂੰ ਉਜਾਗਰ ਕੀਤਾ ਜਾਵੇ ਅਤੇ ਨਾਲ ਹੀ ਉਹਨਾਂ ਦੇ ਅਧਿਕਾਰਾਂ ਅਤੇ ਚੁਣੌਤੀਆਂ ਜਿਵੇਂ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੀ ਵੀ ਚਰਚਾ ਕੀਤੀ ਜਾਵੇ।

ਅੰਤਰਰਾਸ਼ਟਰੀ ਪਰਵਾਸ ਦਿਵਸ ਮਨਾਏ ਜਾਣ ਦੇ ਤਰੀਕੇ :-

ਸਰਕਾਰੀ ਪ੍ਰੋਗਰਾਮ :- ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਪਰਵਾਸ ਸੰਗਠਨ ਸਮੇਤ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਸੈਮੀਨਾਰ, ਕਾਨਫਰੰਸਾਂ ਅਤੇ ਪੈਨਲ ਚਰਚਾਵਾਂ ਆਯੋਜਿਤ ਕਰਦਿਆਂ ਹਨ। ਇਸ ਦਿਨ ਪਰਵਾਸੀਆਂ ਦੇ ਹੱਕਾਂ ਦੀ ਰੱਖਿਆ ਲਈ ਨਵੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਂਦਾ ਹੈ।

ਜਾਗਰੂਕਤਾ ਮੁਹਿੰਮਾਂ :- ਸੋਸ਼ਲ ਮੀਡੀਆ, ਮੀਡੀਆ ਅਤੇ ਵਿਦਿਅਕ ਸੰਸਥਾਵਾਂ ਰਾਹੀਂ ਪਰਵਾਸੀਆਂ ਦੀਆਂ ਕਹਾਣੀਆਂ, ਸਭਿਆਚਾਰਕ ਯੋਗਦਾਨਾਂ ਅਤੇ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ।

ਸੱਭਿਆਚਾਰਕ ਸਮਾਗਮ :- ਪਰਵਾਸੀ ਭਾਈਚਾਰਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ, ਕਲਾ ਪ੍ਰਦਰਸ਼ਨੀਆਂ, ਭੋਜਨ ਮੇਲੇ ਅਤੇ ਸੰਗੀਤ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ ਜੋ ਵੱਖ ਵੱਖ ਸਭਿਆਚਾਰਾਂ ਦੇ ਮੇਲ-ਜੋਲ ਨੂੰ ਦਰਸਾਉਂਦੇ ਹਨ। ਪਰਵਾਸੀਆਂ ਦੇ ਤਜਰਬਿਆਂ ਤੇ ਆਧਾਰਿਤ ਫ਼ਿਲਮਾਂ ਜਾਂ ਦਸਤਾਵੇਜ਼ੀ ਫ਼ਿਲਮਾਂ ਦੀ ਸਕਰੀਨਿੰਗ ਕੀਤੀ ਜਾਂਦੀ ਹੈ।

ਸਥਾਨਕ ਕਮਿਊਨਿਟੀ ਦੀ ਸ਼ਮੂਲੀਅਤ :- ਸਕੂਲਾਂ ਕਾਲਜਾਂ ਵਿੱਚ ਪਰਵਾਸੀਆਂ ਦੀ ਸਹਾਇਤਾ ਨਾਲ ਸੰਬੰਧਿਤ ਵਿਸ਼ਿਆਂ ਤੇ ਮੁਕਾਬਲੇ ਜਾਂ ਭਾਸ਼ਨ ਕਰਵਾਏ ਜਾਂਦੇ ਹਨ। ਸਥਾਨਕ ਸਵੈ ਸੇਵੀ ਸੰਸਥਾਵਾਂ ਪਰਵਾਸੀਆਂ ਦੀ ਸਹਾਇਤਾ ਲਈ ਫੰਡ ਇਕੱਠਾ ਕਰਨ ਜਾਂ ਹੋਰ ਗਤੀਵਿਧੀਆਂ ਦਾ ਆਯੋਜਨ ਕਰਦੀਆਂ ਹਨ। ਸੰਖੇਪ ਵਿੱਚ ਇਹ ਦਿਨ ਪਰਵਾਸੀਆਂ ਦੀ ਲਚਕਤਾ ਹਿੰਮਤ ਅਤੇ ਉਹਨਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਸਵੀਕਾਰ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਦੀ ਹਮਾਇਤ ਕਰਨ ਲਈ ਇਕ ਵਿਸ਼ਵਵਿਆਪੀ ਮੌਕਾ ਪ੍ਰਦਾਨ ਕਰਦਾ ਹੈ।

# ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਰਾਖੀ ਵਾਸਤੇ ਹੋਂਦ ਵਿੱਚ ਆਈ ਯੂਨਾਇਟਿਡ ਨੇਸ਼ਨ ਸੰਸਥਾ ਭਾਰਤ ਅੰਦਰ ਸਿੱਖਾਂ ਸਮੇਤ ਘੱਟ ਗਿਣਤੀਆਂ ਦੇ ਕੁਚਲੇ ਜਾ ਰਹੇ ਮਨਾਵੀਂ ਹੱਕਾਂ ਲਈ ਕਦੋਂ ਉਠਾਵੇਗੀ ਅਵਾਜ :- ਗੁਰਚਰਨ ਸਿੰਘ ਗੁਰਾਇਆ

ਜਰਮਨੀ :- ਦੂਸਰੇ ਸੰਸਾਰ ਯੁੱਧ ਦੀ ਸਮਾਪਤੀ ਤੋਂ ਬਾਅਦ 10 ਦਸਬੰਰ 1948 ਨੂੰ ਹੋਂਦ ਵਿੱਚ ਆਈ ਯੂ. ਐਨ. ਓ. ਸੰਸਥਾ ਵਲੋਂ ਮਨੁੱਖੀ ਹੱਕਾਂ ਵਾਸਤੇ ਬਣਾਏ ਚਾਰਟਰ ਕਰਕੇ ਉਦੋਂ ਤੋਂ ਹੀ 10 ਦਸੰਬਰ ਨੂੰ ਮਨੁੱਖੀ ਹੱਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਦੂਸਰੇ ਸੰਸਾਰ ਯੁੱਧ ਦੀ ਭਿਆਨਕ ਤਬਾਹੀ ਦੇ ਕਾਰਨਾਂ ਨੂੰ ਦੇਖਦਿਆ ਦੁਨੀਆਂ ਦੇ ਅੱਡ-ਅੱਡ ਦੇਸ਼ਾਂ ਦੇ ਨੁਮਾਇੰਦਿਆਂ ਨੇ ਇਹ ਸਿੱਟਾ ਕੱਢਿਆ ਸੀ ਕਿ ਸੰਸਾਰ ਵਿੱਚ ਅਮਨ ਦੀ ਸਥਾਪਤੀ ਉਦੋਂ ਤੱਕ ਨਹੀਂ ਹੋ ਸਕਦੀ ਜਦੋਂ ਤੱਕ ਇਸ ਦੁਨੀਆਂ ਦੇ ਹਰ ਬਾਸ਼ਿੰਦੇ ਦੀ ਮੁੱਢਲੀ ਆਜ਼ਾਦੀ ਦੇ ਹੱਕ ਨੂੰ ਤਸਲੀਮ ਨਹੀਂ ਕੀਤਾ ਜਾਂਦਾ ਤੇ ਇਸ ਹੱਕ ਨੂੰ ਖੋਹਣ ਵਾਲਿਆਂ ਨੂੰ ਦੁਨੀਆਂ ਦੀ ਕਚਹਿਰੀ ਵਿੱਚ ਜਵਾਬਦੇਹ ਨਹੀਂ ਬਣਾਇਆ ਜਾਂਦਾ। ਇਸ ਮਨੁੱਖੀ ਹੱਕਾਂ ਦੇ ਚਾਰਟਰ ਦੀ ਮੁੱਢਲੀ ਭੂਮਿਕਾ ਵਿੱਚ, ਬੜੇ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਹੋਇਆ ਹੈ ਕਿ ''ਕੋਈ ਵੀ ਮਨੁੱਖ ਆਪਣੇ ਅਖੀਰਲੇ ਹਥਿਆਰ-ਬਗਾਵਤ ਦੇ ਰਸਤੇ 'ਤੇ ਜਾਣ ਲਈ ਮਜਬੂਰ ਹੋਵੇਗਾ, ਜੇ ਕਾਨੂੰਨ ਦਾ ਰਾਜ ਉਸ ਦੇ ਮਨੁੱਖੀ ਹੱਕਾਂ ਨੂੰ ਸੁਰੱਖਿਅਤ ਨਹੀਂ ਕਰ ਸਕੇਗਾ।' ਇਸ ਦੇ ਨਾਲ ਹੀ ਜਾਤ, ਰੰਗ, ਨਸਲ, ਧਰਮ, ਲਿੰਗ ਆਦਿ ਦੇ ਵਿਤਕਰਿਆਂ ਨੂੰ ਨਿੰਦਿਆ ਗਿਆ ਹੈ ਤੇ ਬੋਲਣ ਦੀ ਆਜ਼ਾਦੀ, ਕਿਤੇ ਵੀ ਆ ਜਾ ਸਕਣ ਦੀ ਆਜ਼ਾਦੀ, ਜੀਅ ਸਕਣ ਦੀ ਆਜ਼ਾਦੀ ਆਦਿ ਵਰਗੇ ਅਧਿਕਾਰਾਂ ਨੂੰ ਮਾਨਤਾ ਦਿੱਤੀ ਗਈ ਹੈ। ਜਨੇਵਾ ਕਨਵੈਨਸ਼ਨਾਂ ਨੇ ਕਈ ਹੋਰ ਮੁੱਦਿਆਂ ਨੂੰ ਇਸ ਮਨੁੱਖੀ ਹੱਕਾਂ ਦੇ ਚਾਰਟਰ ਵਿੱਚ ਸ਼ਾਮਲ ਕਰਦਿਆਂ ਮਨੁੱਖੀ ਹੱਕਾਂ ਦੀ ਗੱਲ ਨੂੰ ਹੋਰ ਵੀ ਅਸਰਦਾਰ ਬਣਾਇਆ। ਅੱਜ ਵੀ ਮਨੁੱਖੀ ਹੱਕਾਂ ਨਾਲ ਸਬੰਧਿਤ ਮਸਲਿਆਂ ਨਾਲ ਨਿੱਬੜਨ ਲਈ ਯੂ. ਐਨ. ਦਾ ਜਨੇਵਾ ਵਿੱਚ ਵਿਸ਼ੇਸ਼ ਹਾਈ ਕਮਿਸ਼ਨਰ ਹੈ। ਯੂ. ਐਨ. ਚਾਰਟਰ ਤੇ ਜਨੇਵਾ ਕਨਵੈਨਸ਼ਨਾਂ ਦੇ ਫੈਸਲਿਆਂ ਦਾ ਇੱਕ ਬੜਾ ਅਹਿਮ ਪੱਖ ਇਹ ਹੈ ਕਿ ਅੱਡ-ਅੱਡ ਕੌਮਾਂ, ਦੇਸ਼ਾਂ, ਲੋਕਾਂ ਦੇ -ਆਤਮ ਨਿਰਣੇ ਦੇ ਹੱਕ ((ਰਿਗਟ ਟੋ ਸ਼ੲਲਡ - 4ੲਟੲਰਮਿਨੳਟਿਨ) ਨੂੰ ਪ੍ਰਵਾਨ ਕੀਤਾ ਗਿਆ ਹੈ, ਤਾਂ ਕਿ ਕੋਈ ਵੀ ਸ਼ਕਤੀਸ਼ਾਲੀ ਦੇਸ਼ ਜਾਂ ਸਮਾਜਿਕ ਢਾਂਚਾ ਕਮਜ਼ੋਰ ਜਾਂ ਘੱਟਗਿਣਤੀ ਕੌਮਾਂ, ਲੋਕਾਂ 'ਤੇ ਗਲਬਾ ਨਾ ਪਾ ਸਕੇ।



ਪਰ ਇਸ ਮਨੁੱਖੀ ਅਧਿਕਾਰਾਂ ਦੇ ਚਾਰਟਰ ਤੇ ਦਸਖਤ ਕਰਨ ਵਾਲਾ ਭਾਰਤ ਦੇਸ਼ ਮਨੁੱਖੀ ਅਧਿਕਾਰਾਂ ਦੇ ਹੱਕਾਂ ਦੇ ਨਾਂ ਤੇ ਕਲੰਕ ਹੈ । ਇਹ ਪਿੱਛਲੇ 76 ਸਾਲਾਂ ਤੋਂ ਬ੍ਰਾਹਮਣਵਾਦੀ ਹਾਕਮਾਂ ਨੇ ਇਸ ਚਾਰਟਰ ਦੇ ਇੱਕ ਤੋਂ ਬਾਅਦ ਇੱਕ ਆਰਟੀਕਲ ਦੀਆਂ ਧੱਜੀਆਂ ਉਡਾਈਆਂ ਹਨ। ਪੰਜਾਬ, ਕਸ਼ਮੀਰ, ਨਾਗਾਲੈਂਡ, ਆਸਾਮ, ਮਣੀਪੁਰ ਆਦਿ ਭਾਰਤੀ ਕਬਜ਼ੇ ਹੇਠਲੇ ਸੂਬਿਆਂ ਵਿੱਚ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ। ਕੋਈ ਅਪੀਲ-ਵਕੀਲ-ਦਲੀਲ ਨਹੀਂ ਸੁਣੀਂ ਜਾਂਦੀ। ਦਲਿਤਾਂ ਉਪਰ ਵੀ ਜ਼ੁਲਮ ਬੇਰੋਕ-ਟੋਕ ਜਾਰੀ ਹੈ। ਇਹ ਹਕੂਮਤ ਫਾਸ਼ੀਵਾਦ ਅਤੇ ਨਾਜ਼ੀਵਾਦ ਦੇ ਰਸਤੇ 'ਤੇ ਬੜੀ ਮਜ਼ਬੂਤੀ ਨਾਲ ਚੱਲ ਰਹੀ ਹੈ। ਅਫਸੋਸ ਕਿ ਯੂ. ਐਨ. ਵਰਗੀ ਸੰਸਥਾ ਇਹਨਾਂ ਹਾਲਤਾਂ ਵਿੱਚ ਇੱਕ ਬੇਜਾਨ, ਰੀੜ੍ਹ ਦੀ ਹੱਡੀ ਰਹਿਤ ਸੰਸਥਾ ਬਣਕੇ ਮੂਕ ਦਰਸ਼ਕ ਦਾ ਰੋਲ ਅਦਾ ਕਰ ਰਹੀ ਹੈ।

ਭਾਰਤ ਵਿੱਚ ਸ. ਜਸਵੰਤ ਸਿੰਘ ਖਾਲੜੇ ਵਰਗੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਮਾਰ-ਮੁਕਾ ਦਿੱਤੇ ਗਏ ਹਨ ਪਰ ਯੂ. ਐਨ. ਜਾਂ ਕਿਸੇ ਅੰਤਰਰਾਸ਼ਟਰੀ ਸੰਸਥਾ ਨੇ ਭਾਰਤ ਨੂੰ ਨੱਥ ਨਹੀਂ ਪਾਈ। ਭਾਰਤ ਕਿਸ ਬਿਨ੍ਹਾ 'ਤੇ ਆਪਣੇ ਆਪ ਨੂੰ ਲੋਕਤੰਤਰੀ ਦੇਸ਼ ਕਹਾ ਸਕਦਾ ਹੈ?

ਪੰਜਾਬ ਅਤੇ ਕਸ਼ਮੀਰ 'ਚ ਭਾਰਤੀ ਫੋਰਸ ਦਹਾਕਿਆਂ ਤੋਂ ਲੋਕਾਂ 'ਤੇ ਜ਼ੁਲਮ ਕਰ ਰਹੀਆਂ ਹਨ। ਪੰਜਾਬ ਦੀ ਮੌਜੂਦਾ ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਨੈਸ਼ਨਲ ਸਕਿਉਰਟੀ , ਯੁਆਪਾ ਵਰਗੇ ਕਾਲੇ ਕਾਨੂੰਨਾਂ ਤਹਿਤ ਗਿਰਫਤਾਰ ਕਰਕੇ ਦੂਰ ਦਰਾਡੇ ਜੇਲਾਂ ਵਿੱਚ ਬੰਦ ਹੀ ਨਹੀ ਕੀਤਾ ਸਗੋ ਵਿਦੇਸ਼ਾਂ ਵਿੱਚ ਆਪਣੇ ਹੱਕਾਂ ਹਿੱਤਾਂ ਤੇ ਅਜਾਦੀ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਆਪਣੀਆਂ ਏਜੰਸੀਆਂ ਦੁਆਰਾ ਭਾਈ ਪਰਮਜੀਤ ਸਿੰਘ ਪੰਜਵੜ , ਭਾਈ ਹਰਦੀਪ ਸਿੰਘ ਨਿੱਜਰ ਕਨੇਡਾ, ਭਾਈ ਅਵਤਾਰ ਸਿੰਘ ਖੰਡਾ ਇੰਗਲੈਂਡ ਨੂੰ ਨਿਸ਼ਾਨਾ ਬਣਾ ਕੇ ਸ਼ਹੀਦ ਕੀਤਾ ਗਿਆ ਤੇ ਅਜ਼ਾਦ ਸਿੱਖ ਰਾਜ ਦੀ ਗੱਲ ਕਰਨ ਵਾਲੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕਾ ਵਿੱਚ ਟਾਰਗਿਟ ਕੀਤਾ ਜਾਣਾ ਸੀ ਉਹ ਅਮਰੀਕਨ ਏਜੰਸੀਆਂ ਨੇ ਪਲਾਨ ਫੇਲ ਕਰ ਦਿੱਤਾ । ਜਿਸ ਦਾ ਖੁਲਾਸਾ ਤਾਂ ਕਨੇਡਾ ਅਮਰੀਕਾ ਤੇ ਇਹਨਾਂ ਦੇ ਭਾਈਵਾਲ ਦੇਸ਼ਾਂ ਨੇ ਵੀ ਕੀਤਾ ਹੈ ਇਸ ਲਈ ਭਾਰਤ ਨੂੰ ਕਟਿਹਰੇ ਵਿੱਚ ਖੜਾ ਕਰਕੇ ਸਿੱਖਾਂ ਵੱਲੋ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੀ ਹੋ ਰਹਿ ਉਲੰਘਣਾ ਦੇ ਖਿਲਾਫ ਉਠਾਈ ਜਾਦੀ ਅਵਾਜ ਤੇ ਮੋਹਰ ਲਗਾਈ ਹੈ ।

ਅੱਜ 10 ਦਸਬੰਰ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਨੁੱਖੀ ਅਧਿਕਾਰ ਦਿਵਸ ਮਨਾ ਰਿਹੀ 193 ਦੇਸ਼ਾਂ ਵਾਲੀ ਯੂ. ਐਨ. ਓ. ਭਾਰਤ ਵਰਗੇ ਦੇਸ਼ਾਂ ਵਿੱਚ ਹੋ ਰਹੇ ਨਸਲਘਾਤ ਨੂੰ ਰੋਕਣ ਵੱਲ ਵੀ ਜਾਵੇਗਾ । ਮਨੁੱਖੀ ਹੱਕਾਂ ਦੇ ਘਾਣ ਵਿੱਚ ਸ਼ਾਮਲ ਦੇਸ਼ਾਂ ਨੂੰ ਨੰਗਿਆਂ ਕਰਨ ਅਤੇ ਸਜ਼ਾ-ਯਾਫਤਾ ਕਰਨ ਵਿੱਚ ਜੇਕਰ ਕੋਈ ਅਸਰਦਾਰ ਭੂਮਿਕਾ ਨਹੀਂ ਨਿਭਾਉਂਦੀ ਤਾਂ ਇਸਦਾ 10 ਦਸੰਬਰ, 1948 ਦਾ 'ਮਨੁੱਖੀ ਹੱਕਾਂ ਦਾ ਚਾਰਟਰ' ਇੱਕ ਲਿਖਤੀ ਦਸਤਵੇਜ ਤੋਂ ਵੱਧ ਕੋਈ ਅਹਿਮੀਅਤ ਨਹੀਂ ਰੱਖਦਾ। ਕੀ ਯੂਨਾਈਟਿਡ ਨੇਸ਼ਨਜ਼ ਸੰਸਥਾ ਇਸ ਦਸਤਾਵੇਜ਼ ਨੂੰ ਅਮਲੀ ਰੂਪ ਵਿੱਚ ਵੀ ਲਿਆਵੇਗੀ ਇਸ ਤੋਂ ਬਿਨਾ ਇਹ ਮਨੁੱਖੀ ਅਧਿਕਾਰ ਦਿਵਸ ਜ਼ੁਲਮੀ ਹਕੂਮਤਾਂ ਵੱਲੋ ਪੀੜਤ ਲੋਕਾਂ ਨਾਲ ਅਨਿਆ ਹੈ।

# ✶ ਮਿੰਨੀ ਕਹਾਣੀਆਂ ✶

## ਰੱਬ ਦੇ ਰੰਗ

ਅੱਜ ਗਗਨ ਦੇ ਘਰ ਜਦੋ ਚੌਥੀ ਬੇਟੀ ਨੇ ਜਨਮ ਲਿਆ ਤਾਂ ਉਸਨੂੰ ਸਾਰਾ ਪ੍ਰੀਵਾਰ ਇੰਜ ਘੂਰ-ਘੂਰ ਵੇਖ ਰਿਹਾ ਸੀ ਜਿਵੇਂ ਉਸ ਤੋਂ ਕੋਈ ਐਸਾ ਗੁਨਾਹ ਹੋ ਗਿਆ ਹੋਵੇ ਜਿਸਦੀ ਮੁਆਫੀ ਦੇਣੀ ਅਸ਼ੰਭਵ ਅਤੇ ਸਜਾ ਪੱਕੀ ਹੋਵੇ। ਪਰ ਗਗਨ ਨੂੰ ਆਪਣੀ ਬੱਚੀ ਦਾ ਬੇਅਥਾਹ ਪਿਆਰ ਆ ਰਿਹਾ ਸੀ। ਇੱਕ ਡਰ ਗਗਨ ਨੂੰ ਵਾਰ-ਵਾਰ ਸਤਾ ਰਿਹਾ ਸੀ ਕਿ ਉਸਦੇ ਘਰ ਦੇ ਬਾਕੀ ਮੈਂਬਰ (ਸੱਸ, ਸੁਹਰਾ, ਪਤੀ) ਮੇਰੀ ਬੇਟੀ ਨੂੰ ਕਿਤੇ ਮਾਰ ਮੁਕਾ ਹੀ ਨਾ ਦੇਣ। ਸੱਸ ਵੱਲੋਂ ਕਹੇ ਸਬਦ ਗਗਨ ਦੇ ਵਾਰ ਵਾਰ ਦਿਮਾਗ ਵਿੱਚ ਘੁੰਮ ਰਹੇ ਸਨ ਕਿ ਜੇਕਰ ਇਸ ਦੀ ਕੁੱਖੋ ਐਤਕੀ ਵੀ ਪੱਥਰ ਜੰਮਿਆ ਤਾਂ ਘਰੇ ਨਹੀ ਲਿਆਉਣਾ।

ਵੇਖੋ ਜੀ ਰੱਬ ਦੇ ਰੰਗ ! ਗਗਨ ਦੀ ਸੱਸ ਕੁੜੀ ਤੇ ਗਗਨ ਨੂੰ ਕਮਰੇ ਵਿੱਚ ਛੱਡ ਬਾਹਰ ਆਈ ਤੇ ਵੇਖਿਆ ਇੱਕ ਅਧੱਖੜ ਜਿਹਾ ਜੋੜਾ ਡਾਕਟਰ ਦੇ ਅੱਗੇ ਹੱਥ ਜੋੜ ਤਰਲੇ ਪਾ ਰਿਹਾ ਸੀ ਕਿ ਸਾਨੂੰ ਹਰ ਪਾਸਿਓ ਨਾਹ ਹੀ ਹੋ ਰਹੀਂ ਹੈ ਕਿ ਤੁਹਾਡੇ ਬੱਚਾ ਨਹੀਂ ਹੋ ਸਕਦਾ। ਸਾਡੀ ਆਸ ਦੀ ਆਖਰੀ ਕਿਰਨ ਤੁਸੀਂ ਹੋ। ਪਰ ਜਦੋ ਡਾਕਟਰ ਨੇ ਸਭ ਰਿਪੋਟਾ ਦੇਖਣ ਤੋ ਬਾਅਦ ਕਿਹਾ ਕਿ ਤੁਹਾਡੇ ਬੱਚਾ ਨਹੀ ਹੋ ਸਕਦਾ ਤਾਂ ਉਹ ਬੇਔਲਾਦ ਜੋੜਾ ਰੱਬ ਨੂੰ ਤਾਹਨੇ ਮਾਰ ਰਿਹਾ ਸੀ ਕਿ ਰੱਬਾ ਤੇਰੇ ਘਰ ਘਾਟਾ ਹੈ ਕਿਸੇ ਚੀਜ ਦਾ ਜੇਕਰ ਸਾਨੂੰ ਪੁੱਤ ਨਹੀਂ ਧੀ ਹੀ ਦੇਦੇ। ਇਹ ਸ਼ਬਦ ਜਿਵੇਂ ਹੀ ਕੋਲ ਬੈਠੀ ਗਗਨ ਦੀ ਸੱਸ ਦੇ ਕੰਨੀ ਪਏ ਤਾਂ ਉਸਨੇ ਝੱਟ ਹੀ ਉਸ ਬੇਔਲਾਦ ਜੋੜੇ ਨੂੰ ਕਿਹਾ, "ਭੈਣੇ ! ਇੰਜ ਨਾ ਕਹਿ। ਇਹ ਤਾਂ ਪੱਥਰ ਆ, ਜਿਸਦੇ ਮਗਰ ਪੈ ਜਾਣ ਫਿਰ ਇੰਨਾ ਤੋਂ ਖਹਿੜਾ ਨਹੀਂ ਛੁੱਟਦਾ। ਆਹ ਚੌਥਾ ਪੱਥਰ ਹੈ ਸਾਡੇ। ਕਿਵੇਂ ਘਰ ਲੈ ਕੇ ਜਾਵਾ ਇੰਨਾ ਮਾਵਾਂ ਧੀਆਂ ਨੂੰ ਸਾਡਾ ਤਾਂ ਘਰ ਭਰਤਾ ਇਸ ਚੰਦਰੀ ਨੇ ਪੱਥਰਾ ਨਾਲ।" ਪਰ ਜਿਸਨੂੰ ਬੱਚੇ ਦੀ ਭੁੱਖ ਹੋਵੇ ਉਹਨੂੰ ਤਾਂ ਇੰਜ ਲੱਗਦਾ ਕਿ ਕਿਸੇ ਵੀ ਕੀਮਤ ਤੇ ਬੱਚਾ ਗੋਦ ਵਿੱਚ ਹੋਵੇ। ਉਸ ਜੋੜੇ ਨੇ ਮਾਤਾ ਦੀ ਸਾਰੀ ਗੱਲਬਾਤ ਭਾਂਪ ਲਈ ਤੇ ਕੁੜੀ ਗੋਦ ਲੈਣ ਦੀ ਗੱਲ ਡਾਕਟਰ ਨਾਲ ਕੀਤੀ। ਜਦੋਂ ਹੀ ਡਾਕਟਰ ਨੇ ਗਗਨ ਦੇ ਪ੍ਰੀਵਾਰ ਨਾਲ ਗੱਲ ਕੀਤੀ ਤੇ ਸਭਨਾ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਦੌੜ ਉੱਠੀ।

ਹੁਣ ਗਗਨ ਨੇ ਵੀ ਦਿਲ ਤੇ ਪੱਥਰ ਰੱਖ ਸਾਰੇ ਪ੍ਰੀਵਾਰ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ ਤੇ ਹੰਝੂ ਕੇਰਦੀ ਹੋਈ ਦਿਲ ਹੀ ਦਿਲ ਵਿੱਚ ਸੋਚੇ ਕਿ ਚਲ ਮੇਰੀ ਬੱਚੀ ਜਿੰਦਾ ਤਾਂ ਰਹੇਗੀ ਭਾਵੇ ਮੇਰੀ ਨਜਰ ਤੋਂ ਦੂਰ ਹੀ ਰਹੇਗੀ। ਵੇਖੋ ! ਰੱਬ ਦੇ ਰੰਗ। ਜਿਹੜੀ ਬੱਚੀ ਇੱਕ ਦਿਨ ਪਹਿਲਾ ਕਿਸੇ ਦੀਆਂ ਨਜਰਾ ਵਿੱਚ ਪੱਥਰ ਸੀ। ਅੱਜ ਉਹੀ ਬੱਚੀ ਨੂੰ ਜਦੋ ਇੱਕ ਬੇਔਲਾਦ ਜੋੜਾ ਆਪਣੇ ਘਰ ਲੈ ਗਿਆ ਤਾਂ ਉਸੇ ਬੱਚੀ ਦੇ ਆਉਣ ਦੀ ਖੁਸ਼ੀ ਵਿੱਚ ਜਸ਼ਨ ਮਨਾਏ ਜਾ ਰਹੇ ਸਨ। ਵਧਾਈਆ ਮਿਲ ਰਹੀਆ ਸਨ, ਰੱਬ ਦਾ ਸ਼ੁਕਰਾਨਾ ਉਸ ਜੋੜੇ ਵੱਲੋਂ ਵਾਰ-ਵਾਰ ਕੀਤਾ ਜਾ ਰਿਹਾ ਸੀ ਤੇ ਬੱਚੀ ਨੂੰ ਰਾਜਕੁਮਾਰੀਆ ਦੀ ਤੁਰਾ ਪਾਲਿਆ ਪੋਸਿਆ ਜਾ ਰਿਹਾ ਸੀ। ਇਹ ਸਭ ਰੱਬ ਦੇ ਹੀ ਰੰਗ ਨੇ। ਜਿਸਨੇ ਸਮੇਂ ਅਨੁਸਾਰ ਸਭਨਾ ਨੂੰ ਖੁਸ਼ੀਆ ਦੇ ਨਿਹਾਲ ਕਰ ਹੀ ਦੇਣਾ ਹੁੰਦਾ ਹੈ।

- ਪਰਮਜੀਤ ਕੌਰ ਸੋਢੀ

## ਭਲਾ ਕਿ ਬੁਰਾ ?

ਨਵਾਂ-ਨਵਾਂ ਉਸ ਪਲਾਟ ਖਰੀਦਿਆ ਸੀ ਤੇ ਪਲਾਟ ਵਿੱਚ ਫਲ਼ਦਾਰ ਬੂਟੇ ਲਾ ਦਿੱਤੇ। ਕੁਝ ਡੇਕਾਂ ਦੇ ਬੂਟੇ, ਬਿਨਾਂ ਬੀਜਿਆਂ ਹੀ ਪਲਾਟ ਵਿੱਚ ਉੱਗ ਖਲੋਤੇ ਕਿਉਂਜੋ ਇਹਦੇ ਪਲਾਟ ਖਰੀਦਣ ਤੋਂ ਪਹਿਲਾਂ ਉਥੇ ਡੇਕਾਂ ਦੇ ਰੁੱਖ ਹੁੰਦੇ ਸਨ। ਪਲਾਟ ਦੇ ਪਹਿਲੇ ਮਾਲਕ ਨੇ ਪਲਾਟ ਵੇਚਣ ਤੋਂ ਪਹਿਲਾਂ ਡੇਕਾਂ ਦੇ ਉਹ ਰੁੱਖ ਵਢਵਾਅ ਲਏ ਸਨ। ਇਸ ਨੇ ਵਿਰਲੇ-ਵਿਰਲੇ ਡੇਕਾਂ ਦੇ ਤਿੰਨ ਬੂਟੇ ਰੱਖ ਕੇ ਬਾਕੀ ਬੂਟੇ ਛੋਟੇ-ਛੋਟੇ ਹੀ ਪੁੱਟ ਦਿੱਤੇ।

ਫਲ਼ਦਾਰ ਬੂਟਿਆਂ ਨੇ ਤਾਂ ਹੌਲੀ-ਹੌਲੀ ਵਧਣਾ-ਫੈਲਣਾ ਸੀ ਪਰ ਡੇਕਾਂ ਕੁਝ ਮਹੀਨਿਆਂ ਅੰਦਰ ਹੀ ਉੱਚੀਆਂ ਹੋ ਗਈਆਂ। ਤਿੰਨ-ਚਾਰ ਕੁ ਸਾਲਾਂ ਵਿੱਚ ਏਨੀਆਂ ਕੁਚੀਆਂ ਤੇ ਭਾਰੀਆਂ ਕਿ ਸਾਰੇ ਫਲ਼ਦਾਰ ਬੂਟੇ ਇਨ੍ਹਾਂ ਢਕ ਲਏ। ਫਲ਼ਦਾਰ ਬੂਟਿਆਂ ਦਾ ਵਧਣਾ-ਫੁੱਲਣਾ ਧੁੱਪ ਦੀ ਘਾਟ ਕਾਰਨ ਬੜਾ ਘਟ ਗਿਆ। ਕੋਈ ਫਲ਼ ਵੀ ਅਜੇ ਲੱਗਣਾ ਸ਼ੁਰੂ ਨਾ ਹੋਇਆ। ਸਭ ਕੁਝ ਵਿਚਾਰਦਿਆਂ ਇਸ ਨੇ ਕੁਝ ਦਿਨ ਲਾ ਕੇ ਤਿੰਨੋਂ ਡੇਕਾਂ ਮੁੱਢਾਂ ਦੇ ਉੱਪਰੋਂ ਵੱਢ ਦਿੱਤੀਆਂ। ਪਰ ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਵਾਰ-ਵਾਰ ਫੁੱਟ ਪੈਂਦੇ। ਇਹ ਉਨ੍ਹਾਂ ਨੂੰ ਛੋਟੇ ਹੁੰਦਿਆਂ ਹੀ ਝਾੜ ਦਿੰਦਾ ਮਤਾ ਵੱਡੇ ਹੋ ਕੇ ਫਿਰ ਫਲ਼ਦਾਰ ਬੂਟਿਆਂ ਲਈ ਔਕੜ ਬਣਨ। ਡੇਕਾਂ ਦੇ ਮੁੱਢ ਝੁਰਦੇ। ਪੁੰਗਾਰੇ ਵੀ ਥੋੜ੍ਹੀ ਉਮਰ ਵਿੱਚ ਮੁੱਕਣ ਵੇਲੇ ਅਤਿਅੰਤ ਸੋਗੀ ਹੁੰਦੇ। ਇਨ੍ਹੀਂ ਦਿਨੀਂ ਹੀ ਇਸ ਨੇ ਇਹ ਪਲਾਟ ਵੇਚ ਦਿੱਤਾ। ਬੂਟੇ ਉਵੇਂ ਹੀ। ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਫੇਰ ਫੁੱਟੇ। ਪਲਾਟ ਦਾ ਨਵਾਂ ਮਾਲਕ ਸਭ ਕੁਝ ਵੇਖ ਰਿਹਾ ਸੀ ਪਰ ਉਸ ਨੇ ਕਿਸੇ ਪੁੰਗਾਰੇ ਨੂੰ ਟੇਢੀ ਨਜ਼ਰੇ ਨਾ ਤੱਕਿਆ। ਮੁੱਢ ਬੜੇ ਖ਼ੁਸ਼ ਸਨ ਕਿ ਉਨ੍ਹਾਂ ਵਿੱਚੋਂ ਫੁੱਟੇ ਪੁੰਗਾਰੇ ਹੁਣ ਦੁਨੀਆ ਵੇਖ ਸਕੇ ਸਨ। ਚਾਰ ਕੁ ਮਹੀਨਿਆਂ ਵਿੱਚ ਹੀ ਇਹ ਪੁੰਗਾਰੇ ਪਲਾਟ ਦੇ ਮਾਲਕ, ਜੋ ਪੌਣੇ ਕੁ ਛੇ ਫੁੱਟ ਉੱਚਾ ਸੀ, ਤੋਂ ਵੀ ਚਾਰ ਕੁ ਫੁੱਟ ਉੱਚੇ ਹੋ ਗਏ ਸਨ। ਤਣੇ ਇਨ੍ਹਾਂ ਦੇ ਹੁਣ ਕੁਝ ਮੋਟੀਆਂ ਸੋਟੀਆਂ ਜਿਹੇ ਹੋ ਚੱਲੇ ਸਨ। ਆਪਣੇ-ਆਪ ਵਿੱਚ ਸਭੋ ਪੁੰਗਾਰੇ ਬੜੇ ਖ਼ੁਸ਼ ਕਿ ਇਨ੍ਹਾਂ ਨਵੇਂ ਪਲਾਟ ਮਾਲਕ ਪਾਸੋਂ ਜੀਵਨ-ਦਾਨ ਪਾਇਆ ਸੀ।

ਹੁਣ ਇੱਕ ਦਿਨ ਆਪਣੀ ਪਤਨੀ ਸਮੇਤ ਪਲਾਟ ਦਾ ਮਾਲਕ, ਪਲਾਟ ਵਿੱਚ ਆਇਆ। ਹੱਥ ਵਿੱਚ ਉਸਦੇ ਦਾਤਰ ਸੀ। ਡੇਕਾਂ ਦੇ ਪੁੰਗਾਰੇ ਪਹਿਲਾਂ ਵਾਂਗ ਹੀ ਸੰਤੁਸ਼ਟ ਸਨ ਜਿਵੇਂ ਆਪਣੇ ਪ੍ਰਤਿ ਉਨ੍ਹਾਂ ਨੂੰ ਪਲਾਟ ਦੇ ਮਾਲਕ 'ਤੇ ਪੂਰਾ ਯਕੀਨ ਹੋਵੇ। ਏਨੇ ਨੂੰ ਪਲਾਟ ਦਾ ਮਾਲਕ ਇੱਕ ਮੁੱਢ ਦੇ ਪੰਜ-ਸੱਤ ਪੁੰਗਾਰਿਆਂ ਦੇ ਤਣਿਆਂ ਨੂੰ ਇਕੱਠੇ ਜਿਹੇ ਕਰਕੇ, ਖੱਬੇ ਹੱਥ ਨਾਲ ਦੱਬ ਕੇ, ਜ਼ੋਰ ਨਾਲ ਉਨ੍ਹਾਂ ਦੇ ਪੈਰਾਂ ਵਿੱਚ ਦਾਤਰ ਦਾ ਟੱਕ ਲਾਉਂਦਿਆਂ ਹੋਇਆਂ ਆਪਣੀ ਪਤਨੀ ਨੂੰ ਸੰਬੋਧਿਤ ਹੋਇਆ, "ਇਹ ਸੁੱਕ ਜਾਣਗੇ ਤਾਂ ਚੁੱਲ੍ਹੇ 'ਚ ਬਾਲ਼ ਲਵੀਂ।"

-ਡਾ. ਬਲਵੀਰ ਮੰਨਣ